ਜਗਦੀਸ਼ ਪ੍ਰਸਾਦ ਦੀਖਸ਼ਿਤ

ਮੁਰਦਾ ਘਰ



ਭਾਸ਼ਾ ਵਿਭਾਗ, ਪੰਜਾਬ

ਜੀਵਨ ਸਿੰਘ 25 Nov/98

ਮੁਰਦਾ-ਘਰ

ਮੁਰਦਾ-ਘਰ

ਜਗਦੰਬਾ ਪ੍ਰਸ਼ਾਦ ਦੀਕਸ਼ਿਤ

ਭਾਸ਼ਾ ਵਿਭਾਗ, ਪੰਜਾਬ

Murda Ghar *(Novel)*
Written by : Jagdamba Parshad Dikshat

Translated from Hindi in to Punjabi
by : Dr. Kulbir Singh Kang

ਪ੍ਰਕਾਸ਼ਕ	ਪਰਤਾਪ ਸਿੰਘ ਕੈਂਤਲ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ।
ਮੁੱਲ	: 6 ਰੁਪਏ 40 ਪੈਸੇ
ਪਹਿਲੀ ਵਾਰ	: 2000 ਕਾਪੀਆਂ
ਛਾਪਕ	: ਬਰਜਿੰਦਰਾ ਪ੍ਰਿੰਟਰਜ਼, E. K. 204 ਫਗਵਾੜਾ ਗੇਟ, ਜਲੰਧਰ ਸ਼ਹਿਰ
ਰਾਹੀਂ	: ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ

ਦੋ ਸ਼ਬਦ

ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਦੇ ਸਾਹਿਤ ਭੰਡਾਰ ਨੂੰ ਹੋਰ ਭਰਪੂਰ ਕਰਨ ਲਈ ਰਾਸ਼ਟਰ ਭਾਸ਼ਾ ਹਿੰਦੀ ਦੀਆਂ ਸਰਵੋਤਮ ਪੁਸਤਕਾਂ ਦਾ ਪੰਜਾਬੀ ਵਿਚ ਅਤੇ ਇਸੇ ਤਰ੍ਹਾਂ ਪੰਜਾਬੀ ਸਾਹਿਤ ਦੇ ਵਿਕਾਸ ਤੇ ਪ੍ਰਸਾਰ ਹਿਤ ਪੰਜਾਬੀ ਦੀਆਂ ਮਿਆਰੀ ਪੁਸਤਕਾਂ ਦਾ ਹਿੰਦੀ ਵਿਚ ਅਨੁਵਾਦ ਕਰਨ ਦੀ ਵਿਸ਼ੇਸ਼ ਸਕੀਮ ਅਧੀਨ ਵਿਭਾਗ ਹੁਣ ਤਕ ਕਈ ਦਰਜਨ ਪੁਸਤਕਾਂ ਪ੍ਰਕਾਸ਼ਿਤ ਕਰ ਚੁੱਕਾ ਹੈ। ਇਸ ਨਾਲ ਜਿਥੇ ਸਾਹਿਤ ਵਿਚ ਵਾਧਾ ਹੁੰਦਾ ਹੈ— ਉਥੇ ਦੋਹਾਂ ਭਾਸ਼ਾਵਾਂ ਦੇ ਬੋਲਣ ਵਾਲਿਆਂ ਵਿਚ ਭਾਵਨਾਤਮਕ ਏਕਤਾ ਵੀ ਵਧਦੀ ਹੈ। ਪੁਸਤਕ 'ਮੁਰਦਾ-ਘਰ' ਦਾ ਅਨੁਵਾਦ ਵੀ ਇਸੇ ਲੜੀ ਦੀ ਇਕ ਕੜੀ ਹੈ।

ਜਗਦੰਬਾ ਪ੍ਰਸ਼ਾਦ ਦੀਕਸ਼ਿਤ ਹਿੰਦੀ ਸਾਹਿਤ ਜਗਤ ਦੇ ਸੁਪ੍ਰਸਿਧ ਲੇਖਕ ਹਨ। ਇਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਜਨ-ਜੀਵਨ ਦੀਆਂ ਸਮਾਜਿਕ, ਆਰਥਿਕ ਤੇ ਨੈਤਿਕ ਸਮੱਸਿਆਵਾਂ ਨੂੰ ਮਾਨਵੀ ਧਰਾਤਲ ਤੇ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਚਿਤਰਿਆ ਹੈ।

"ਮੁਰਦਾ-ਘਰ" ਸਮੁੰਦਰ ਦੇ ਕੰਢੇ ਉੱਚੀਆਂ ਉੱਚੀਆਂ ਇਮਾਰਤਾਂ ਦੇ ਕੋਲ ਝੁੱਗੀਆਂ ਝੌਂਪੜੀਆਂ ਵਿਚ ਵਸਣ ਵਾਲੀਆਂ ਉਹਨਾਂ ਬੇ-ਸਹਾਰਾ ਤੇ ਮੰਦੇ ਹਾਲ ਔਰਤਾਂ ਦੀ ਕਹਾਣੀ ਹੈ, ਜਿਹਨਾਂ ਨੂੰ ਹਾਲਾਤ ਤੋਂ ਮਜਬੂਰ ਹੋ ਕੇ ਵੇਸਵਾਵਾਂ ਦਾ ਜੀਵਨ ਬਤੀਤ ਕਰਨਾ ਪੈਂਦਾ ਹੈ। ਸਮਾਜ ਦੇ ਕੁਚਕ ਦੀ ਸ਼ਿਕਾਰ, ਇਨ੍ਹਾਂ ਮਜ਼ਲੂਮਾਂ ਨੂੰ ਪੁਲਿਸ ਦੇ ਤਸੀਹੇ ਵੀ ਸਹਿਣੇ ਪੈਂਦੇ ਹਨ। ਇਸ ਬਸਤੀ ਵਿਚ ਰਹਿਣ ਵਾਲੇ ਬੱਚੇ, ਬੁੱਢੇ ਤੇ ਜਵਾਨ ਸਭ ਹੀ ਭੁੱਖ, ਬੀਮਾਰੀ ਤੇ ਕੰਗਾਲੀ ਦਾ ਸ਼ਿਕਾਰ ਹਨ। ਮੈਨਾ, ਪੋਪਟ, ਜੱਬਾਰ, ਰੋਜ਼ੀ, ਚੰਦੂ, ਹਸੀਨਾ, ਜਮੀਲਾ, ਮਰਿਅਮ, ਨਵੀਂ ਛੋਕਰੀ ਆਦਿ ਸਭ ਹੀ ਆਰਥਿਕਤਾ ਦੀ ਚੱਕੀ ਵਿਚ ਪਿਸ ਰਹੇ ਹਨ। ਇਹ ਸਾਰੇ ਪਾਤਰ ਦਿਲੋਂ ਚਾਹੁੰਦੇ ਹਨ ਕਿ ਹੋਰਾਂ ਲੋਕਾਂ ਦੀ ਤਰ੍ਹਾਂ ਉਹ ਵੀ ਇੱਜ਼ਤ ਤੇ ਸੁੱਖ ਆਰਾਮ ਭਰੀ ਜ਼ਿੰਦਗੀ ਬਤੀਤ ਕਰਨ। ਪਰ ਇਨ੍ਹਾਂ ਦੀ ਇਹ ਹਸਰਤ ਕਦੇ ਪੂਰੀ ਨਹੀਂ ਹੁੰਦੀ। ਸੀਮਿੰਟ ਦੇ ਪਾਈਪ ਵਿਚ ਵੇਸਵਾ ਦਾ ਬੱਚੇ ਨੂੰ ਜਨਮ ਦੇਣਾ, ਪੋਪਟ ਦਾ ਗੱਡੀ ਹੇਠ ਕੁਚਲੇ ਜਾਣਾ, ਮੈਨਾ ਦਾ ਮੁਰਦਾ-ਘਰ ਜਾ ਕੇ ਲਾਸ਼ ਨੂੰ ਢੂੰਡਣਾ, ਪਾਗਲ ਦਾ ਗੰਦ ਫਰੋਲਣਾ ਤੇ ਗਾਲ੍ਹਾਂ ਕਢਣੀਆਂ ਆਦਿ ਬੜੇ ਹੀ ਦਿਲ-ਹਿਲਾਊ ਦ੍ਰਿਸ਼ ਹਨ ਜੋ ਇਨ੍ਹਾਂ ਬੇਸਹਾਰਾ ਤੇ ਮਜ਼ਲੂਮਾਂ ਦੀ ਜ਼ਿੰਦਗੀ ਦੀ ਹੂ ਬ ਹੂ ਤਸਵੀਰ ਪੇਸ਼ ਕਰਦੇ ਹਨ।

ਮੁਰਦਾ-ਘਰ ਦੀ ਭਾਸ਼ਾ ਤੇ ਸ਼ੈਲੀ ਬੜੀ ਸਾਰਥਕ ਹੈ। ਇਹ ਪਾਤਰ ਵਾਤਾਵਰਣ ਤੇ ਦ੍ਰਿਸ਼ਾਂ ਨੂੰ ਸਹੀ ਰੂਪ ਵਿਚ ਪੇਸ਼ ਕਰਨ ਵਿਚ ਸਮਰੱਥ ਹੈ। ਪਾਤਰ ਉਸਾਰੀ ਵਿਚ ਵੀ ਲੇਖਕ ਨੇ ਇਸ ਤੋਂ ਪੂਰੀ ਪੂਰੀ ਸਹਾਇਤਾ ਲਈ ਹੈ। ਬੰਬਈ ਦੀ ਰੰਗਤ ਵਿਚ ਰੰਗੀ ਅਤੇ ਵੇਸਵਾਵਾਂ ਦੀ ਸ਼ਬਦਾਵਲੀ ਨਾਲ ਸ਼ਿੰਗਾਰੀ ਆਪਣੀ ਵਿਸ਼ੇਸ਼ ਸ਼ੈਲੀ ਰਾਹੀਂ ਲੇਖਕ ਨੇ ਬਸਤੀ, ਝੁੱਗੀ-ਝੌਂਪੜੀ ਦੀ ਕੋੜ੍ਹ, ਪਰ ਸੱਚੀ ਤਸਵੀਰ ਪੇਸ਼ ਕੀਤੀ ਹੈ।

ਇਸ ਪੁਸਤਕ ਦਾ ਅਨੁਵਾਦ ਡਾ: ਕੁਲਜੀਤ ਸਿੰਘ ਕੰਗ ਨੇ ਕੀਤਾ ਹੈ ਤੇ ਸੰਪਾਦਨ ਡਾ: ਪ੍ਰੇਮ ਪ੍ਰਕਾਸ਼, ਸਹਾਇਕ ਡਾਇਰੈਕਟਰ, ਵਿਕਾਸ ਦੀ ਨਿਗਰਾਨੀ ਹੇਠ, ਸ੍ਰੀਮਤੀ ਤਾਰਨ ਕੌਰ, ਖੋਜ ਸਹਾਇਕ ਨੇ ਕੀਤੀ ਹੈ। ਮੈਨੂੰ ਪੂਰਨ ਆਸ ਹੈ ਕਿ ਪੰਜਾਬੀ ਪਾਠਕ ਇਸ ਦਾ ਨਿੱਘਾ ਸੁਆਗਤ ਕਰਨਗੇ।

ਪਰਤਾਪ ਸਿੰਘ ਕੈਂਤਲ
ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

ਮਿਤੀ ਅਕਤੂਬਰ 1982

1

ਕੂੜੇ ਦਾ ਪੁਰਾਣਾ ਢੇਰ ਅਤੇ ਇਕ ਪਾਗਲ ਆਦਮੀ......ਘੁੰਮ ਘੁੰਮ ਕੇ ਲੱਭਦਾ ਰਹਿੰਦਾ ਹੈ ਕੁਝ..... ਕੁਝ ਨਹੀਂ ਮਿਲਦਾ।

ਢਲਦੀ ਹੋਈ ਸ਼ਾਮ ਦੂਰ ਨਿਕਲ ਗਈ ਹੈ। ਕਤਾਰ......ਭਾਂਡਿਆਂ ਦੀ.....ਬਹੁਤ ਲੰਮੀ। ਨਲਕਾ......ਭੀੜ ਵਿਚ ਗੁਆਚੇ ਬੱਚੇ ਵਾਂਗ ਰੋਂਦਾ ਹੋਇਆ.....।

ਤੇਜ਼ ਹਵਾ ਦਾ ਬੁੱਲਾ.....ਤਿੱਖੀ ਬੋ। ਕੋਹੜੀ......ਗਲੀਆਂ ਉਂਗਲੀਆਂ ਵਾਲਾ...... ਦੋਹਾਂ ਹਥੇਲੀਆਂ ਵਿਚ ਦਬਾ ਕੇ ਕੁਝ ਖਾਣ ਦੀ ਕੋਸ਼ਿਸ਼ ਕਰਦਾ ਹੈ। ਇਕ ਲੰਗੜੀ ਕੁੱਤੀ ਚੱਟਦੀ ਜਾਂਦੀ ਏ ਖੁਰਕ ਖਾਧੀ ਚਮੜੀ ਨੂੰ। ਨਿਕਲ ਜਾਂਦੇ ਹਨ ਸਾਹਿਮਣਿਉਂ ਸੂਰਾਂ ਦੇ ਬੱਚੇ। ਕੂੜੇ ਦੇ ਢੇਰ ਉਤੇ... ਸੜੀਆਂ ਹੋਈਆਂ ਸਿਗਰਟਾਂ......ਜੂਠ......ਅਵਾਰਾ ਮੁੰਡੇ। ਲੱਭਦਾ ਜਾਂਦਾ ਏ ਪਾਗਲ ਆਦਮੀ.....ਕੁਝ ਨਹੀਂ ਮਿਲਦਾ।

ਦੁਖਦਾ ਏ ਇਕ ਜ਼ਖ਼ਮ ਅਤੇ ਰਿਸਦਾ ਜਾਂਦਾ ਹੈ। ਫਿਰ ਕੱਟਿਆ ਗਿਆ ਏ ਕੋਈ ਰੇਲ ਦੀਆਂ ਪੱਟੜੀਆਂ ਵਿਚ। ਆਦਮੀ ਜਾਂ ਜਾਨਵਰ.....ਕੋਈ ਫਰਕ ਨਹੀਂ। ਮੰਡਲਾ ਰਹੇ ਨੇ ਕਾਂ......ਕੁੱਤੇ। ਗਟਰ ਕੋਲ.... ਇਕ ਪਾਗਲ ਔਰਤ ਅਤੇ ਇਕ ਪਾਗਲ ਦੁਨੀਆਂ.... ਚੀਕ ਰਹੇ ਨੇ ਦੋਵੇਂ। ਮੈਨਾਬਾਈ ... ਖੰਘ ਤੋਂ ਬਾਅਦ ਸੜਕ ਉਤੇ ਸੁੱਟੀ ਗਈ ਬਲਗੱਮ। ਬੀਮਾਰ ਔਰਤ .. ਰੰਡੀ। ਕੱਢਦੀ ਜਾਂਦੀ ਏ ਗਾਲ੍ਹਾਂ......ਮਰਦ ਨੂੰ .... ਬੱਚੇ ਨੂੰ......ਸਾਰੀ ਦੁਨੀਆਂ ਨੂੰ। ਫੈਲੀ ਜਾਂਦਾ ਏ ਹਨੇਰਾ।

ਪਤਾ ਨਹੀਂ ਕਿੱਥੇ.....ਕਿਸ ਜਗ੍ਹਾ......ਢਾਹ ਦਿਤੀਆਂ ਗਈਆਂ ਨੇ ਝੌਂਪੜੀਆਂ। ਪਤਾ ਏ ਸਿਰਫ ਇੰਨਾ ਕਿ ਇਕ ਪੀਲੀ ਸਵੇਰ......ਜਦ ਸੌਣ ਵਾਲਿਆਂ ਨੇ ਅੱਖਾਂ ਖੋਲ੍ਹੀਆਂ......ਗੰਦੀ ਬਸਤੀ ਨੂੰ ਘੇਰ ਲਿਆ ਨੀਲੀਆਂ ਵਰਦੀਆਂ ਨੇ......ਚਾਰੇ ਪਾਸਿਉਂ। ਲੰਮੇ ਬੈਂਤ ਅਤੇ ਡੰਡੇ। ਨੀਲੀਆਂ ਗੱਡੀਆਂ, ਖ਼ਾਕੀ ਵਰਦੀਆਂ ਅਤੇ ਅਫਸਰ। ਸੁਣਾ ਦਿੱਤਾ ਗਿਆ ਹੈ ਹੁਕਮ। ਢਾਹ ਦਿੱਤੀਆਂ ਗਈਆਂ ਨੇ ਝੌਂਪੜੀਆਂ। ਪੀਲੀ ਰੌਸ਼ਨੀ ਵਿਚ ਨੰਗੀ ਹੋ ਗਈ ਹੈ ਇਕ ਦੁਨੀਆਂ, ਕਾਲਖ਼ ਭਰੇ ਭਾਂਡੇ......ਮੈਲੀਆਂ ਪਤੀਲੀਆਂ......ਗੁਦੜੀਆਂ.....ਰੋਂਦੇ ਹੋਏ ਬੱਚੇ......।

ਝੌਂਪੜੀਆਂ ਵਾਲੇ ਉਥੋਂ ਆ ਗਏ ਨੇ ਏਥੇ। ਆ ਗਈਆਂ ਰੰਡੀਆਂ ਵੀ। ਉਸਰ ਗਈਆਂ

ਝੌਂਪੜੀਆਂ......ਇਕ ਤੋਂ ਬਾਅਦ ਦੂਜੀ......ਇਸ ਪਾਸੇ। ਚੌੜੀ ਸੜਕ......ਦੂਜੇ ਪਾਸੇ...... ਉੱਚੀਆਂ ਇਮਾਰਤਾਂ ਦੀ ਲੰਮੀ ਕਤਾਰ। ਤਰਦੀਆਂ ਨੇ ਸਫੇਦ ਰੋਸ਼ਨੀਆਂ ਹਰ ਵੇਲੇ। ਉਸ ਉਜਲੀ ਦੁਨੀਆਂ ਕੋਲ ਪੈਦਾ ਹੋ ਗਈ ਘਿਨਾਉਣੀ ਦੁਨੀਆਂ......।

ਬੱਸ ਸਟਾਪ ਉਤੇ ਖੜੋਤੇ ਖੜੋਤੇ ਥੱਕ ਗਈ ਮੈਨਾਬਾਈ। ਕੋਈ ਲੰਘਿਆ ਨਹੀਂ। ਸ਼ਾਮ ਨੂੰ ਪੰਜੀ ਪੈਸੇ ਸਨ ਕੋਲ। ਇਕ ਗਜਰਾ ਖਰੀਦਿਆ .... ਟੁੰਗ ਲਿਆ ਵਾਲਾਂ ਵਿਚ। ਹੱਡੀਆਂ ਦੇ ਕਾਲੇ ਪਿੰਜਰ ਉਤੇ ਕਲੀਆਂ ਦੇ ਫੁੱਲਾਂ ਦਾ ਗਜਰਾ......ਕਾਲੀ ਚਮੜੀ ਉਤੇ ਸਫੇਦ ਕੋਹੜ। ਖੜੋਤੀ ਰਹੀ ਬੜੀ ਦੇਰ......ਸੜਕ ਦੇ ਕਿਨਾਰੇ......ਸਟੇਸ਼ਨ ਦੇ ਸਾਹਮਣੇ......ਬੱਸ ਸਟਾਪ ਉੱਤੇ। ਨਹੀਂ ਲੰਘਿਆ ਕੋਈ। ਗਜਰਾ ਕਲੀਆਂ ਦਾ......ਮੁਰਝਾ ਗਿਆ।

ਮੈਨਾਬਾਈ ਤੁਰਦੀ ਏ ਹੌਲੀ ਹੌਲੀ। ਤੁਰਦੀ ਜਾਂਦੀ ਏ। ਮੋਟੇ ਪਾਈਪ ਦੇ ਪਿਛੇ ਚਲ ਰਿਹਾ ਏ ਦਾਰੂ ਦਾ ਦੌਰ।

ਕ੍ਰਿਸਤੱਈਆ ਖੜਾ ਏ ਕੱਚ ਦਾ ਗੰਦਾ ਗਲਾਸ ਫੜੀ। ......ਪੈਸੇ ਇਕ ਹੱਥ ਦਿਉ...... ਦੂਜੇ ਹੱਥ ਗਲਾਸ......ਉਥੇ ਈ ਖਾਲ੍ਹੀ। ਪਹਿਲਾ ਆਦਮੀ ਵਾਪਸ......ਚਲੋ ਦੂਜਾ। ਮਿੱਟੀ ਦੇ ਤੇਲ ਦੇ ਦੀਵੇ ਸਾਹਮਣੇ ਤਲੀ ਮੱਛੀ......ਭੁਜਿਆ ਕਬਾਬ......ਪਕੌੜਿਆਂ ਵਿਚੋਂ ਵਗਦਾ ਤੇਲ। ......ਚਲੋ ਦੂਜਾ......।

ਰਾਤ ਹੋਰ ਵੀ ਜ਼ਿਆਦਾ ਕਾਲੀ। ਨਾ ਸੌਣਾ ਠੀਕ, ਨਾ ਜਾਗਣਾ। ਬੈਠੀਆਂ ਨੇ ਬਣ-ਠਣ ਕੇ ਰੰਡੀਆਂ, ਸਿਰ ਉਤੇ ਹੱਥ ਰੱਖੀ। ਹੁਣ ਕੋਈ ਨਹੀਂ ਲੰਘਦਾ ਇਨ੍ਹਾਂ ਰਾਹਾਂ ਤੋਂ। ਆ ਜਾਂਦੀ ਹੈ ਦੂਜੀ ਸਵੇਰ......ਰਾਤ ਤੋਂ ਬਾਅਦ। ਹਰ ਸਵੇਰ......ਹਰ ਸ਼ਾਮ......ਇਕ ਹੀ ਸੁਆਲ......ਕਿੰਜ ਬਲੇ ਚੁਲ੍ਹਾਂ? ਉੱਚੀਆਂ ਇਮਾਰਤਾਂ ਦੀਆਂ ਸਾਫ਼ ਸੜਕਾਂ ਦੂਜੇ ਪਾਸੇ......ਸਫੇਦ ਰੋਸ਼ਨੀ ਭਰੀਆਂ ਖਿੜਕੀਆਂ......ਹਵਾਵਾਂ ਵਿਚ ਤਰਦੇ ਗੀਤ......ਠਹਿਕਦੇ ਹਾਸੇ......।

ਉਨ੍ਹਾਂ ਸਫੇਦ ਰੰਗੀਨ ਕੰਧਾਂ ਦੇ ਥਲੇ ਖੜੇ ਹੋਣ 'ਤੇ ਫਸ ਜਾਂਦਾ ਏ ਕੋਈ ਨਾ ਕੋਈ......ਕਾਰ ਦਾ ਡਰਾਈਵਰ......ਭੱਜਿਆ ਹੋਇਆ ਨੌਕਰ......ਘਰੋਂ ਦੂਰ ਰਹਿਣ ਵਾਲਾ ਰਸੋਈਆ। ਏਧਰ......ਚਾਰੇ ਪਾਸੇ ਖਾਰੇ ਪਾਣੀ ਦਾ ਚਿੱਕੜ......ਬੋ......ਮਜ਼ਦੂਰ......ਕੁਝ ਨਹੀਂ ਮਿਲਦਾ।

ਪਰੇਸ਼ਾਨ ਹੋ ਗਏ ਹਨ ਸਫੇਦ ਰੋਸ਼ਨੀਆਂ ਵਾਲੇ। ......ਇਹ ਅਵਾਰਾ ਔਰਤਾਂ ਬੋ ਅਤੇ ਹਨੇਰਾ ਲੈ ਆਉਂਦੀਆਂ ਨੇ ਦੂਜੇ ਪਾਸਿਉਂ। ਰੋਕੋ ਇਨ੍ਹਾਂ ਨੂੰ। ਸਰਕਾਰ......ਪੁਲਿਸ......ਕੀ ਕਰਦੇ ਨੇ ਸਾਰੇ। ਰਹਿਣਾ ਮੁਸ਼ਕਲ ਸ਼ਰੀਫ ਲੋਕਾਂ ਦਾ।

ਝਿੜਕ ਉਪਰੋਂ ਹੇਠਾਂ ਵਲ ਖਿਸਕਦੀ ਗਈ। ਟਿਕ ਗਈ ਸਭ ਤੋਂ ਛੋਟੇ ਅਫਸਰ ਉਤੇ। ਝੁੰਜਲਾ ਗਿਆ......ਬੋਖਲਾ ਗਿਆ। ......ਮਾਰੋ ਡੰਡੇ ਇਨ੍ਹਾਂ ਛਨਾਰ ਰੰਨਾਂ ਨੂੰ......ਤੋੜ ਦਿਉ ਲੱਤਾਂ ਸਾਲੀਆਂ ਦੀਆਂ......ਖਬਰਦਾਰ ਜੇ ਪੈਰ ਧਰਿਆ ਇਸ ਪਾਸੇ......।

ਵਰ੍ਹਦੇ ਨੇ ਡੰਡੇ ਹਵਾਲਦਾਰਾਂ ਦੇ। ਨੱਠਦੀਆਂ ਨੇ ਰੰਡੀਆਂ......ਲੱਥ ਪੱਥ। ਪੁਰਾਣੀਆਂ

ਧੋਤੀਆਂ ਪਾਟ ਪਾਟ ਜਾਂਦੀਆਂ ਨੇ ਪੈਰਾਂ ਵਿਚ ਅੜ ਕੇ। ਰੁਕਣਾ ਪੈਂਦਾ ਹੈ......ਨੱਠਣਾ ਪੈਂਦਾ ਹੈ......ਦਮ ਤੋੜ ਕੇ। ਸਿਰਫ ਮੁੜ੍ਹਕਾ ਅਤੇ ਜ਼ੋਰ ਜ਼ੋਰ ਨਾਲ ਹੌਂਕਦੇ ਸਾਹ। ਪਿੱਛੇ ਰਹਿ ਜਾਂਦੀ ਹੈ ਬਸ਼ੀਰਨ। ਢਲਦੀ ਉਮਰ......ਥੱਕਿਆ ਜਿਸਮ। ਹੱਥ ਫੜ ਲੈਂਦਾ ਹੈ ਸਿਪਾਹੀ। ਤਾੜ-ਤਾੜ। ਡਿੱਗ ਪੈਂਦੀ ਹੈ ਜ਼ਮੀਨ ਉਤੇ। ਫੜ ਲੈਂਦੀ ਏ ਪੈਰ। ......ਨਹੀਂ, ਨਹੀਂ! ਕਦੀ ਨਹੀਂ। ਫਿਰ ਨਹੀਂ ਆਏਗੀ ਏਧਰ। ਮਾਫ਼ ਕਰ ਦਿਉ। ਤੇਰੇ ਬੱਚਿਆਂ ਦੀ ਖੈਰ! ਅੱਲ੍ਹਾ ਨੂੰ ਦੁਆ ਕਰਾਂਗੀ। ਰਹਿਮ......!

ਪਰ ਰਹਿਮ ਨਹੀਂ ਕਰਦਾ ਸਿਪਾਹੀ। ਘਸੀਟਦਾ ਹੈ......ਲੈ ਜਾਂਦਾ ਹੈ ਹਵਾਲਦਾਰ ਕੋਲ। ਕਿੱਥੇ ਗਈਆਂ ਬਾਕੀ ਰੰਡੀਆਂ......ਪਤਾ ਨਹੀਂ। ਰੇਲ ਦੀ ਹੱਦ ਤਕ ਦੌੜ ਕੇ ਵਾਪਸ ਮੁੜ ਆਏ ਸਿਪਾਹੀ। ਖੜੀ ਹੈ ਬਸ਼ੀਰਨ ਅਤੇ ਰੋ ਰਹੀ ਹੈ। ਚੀਕਦਾ ਹੈ ਹਵਾਲਦਾਰ......ਹਿਚਯਾ ਆਇਲਾ ......ਨਯਾਂ ਸਾਹਿਬਾਂ ਸਮੋਰ।[1] ਅਤੇ ਸਿਗਰਟ ਅਤੇ ਚਾਹ......ਦਾਰੂ-ਭੱਠੀ ਵਾਲਿਆਂ ਦਾ......।

ਪਰ ਛੱਡ ਦਿੱਤੀ ਜਾਂਦੀ ਏ ਬਸ਼ੀਰਨ। ਉਮਰ ਜ਼ਿਆਦਾ ਹੋਣ ਦਾ ਫਾਇਦਾ......।

ਹਨੇਰਾ ਹੋ ਗਿਐ......ਫਿਰ ਵੀ ਢੂੰਡਦਾ ਜਾਂਦਾ ਹੈ ਪਾਗਲ ਆਦਮੀ। ਹੁਣ ਸਭ ਕੁਝ ਬਦਲ ਗਿਆ ਹੈ। ਬੋ ਅਤੇ ਮੁੜ੍ਹਕੇ ਭਰੀਆਂ ਰੰਡੀਆਂ......ਹਨੇਰੇ ਵਿਚ ਡੁੱਬੀ ਕਾਲੀ ਚਮੜੀ ਉਪਰ ਢੇਰ ਸਾਰਾ ਪਾਉਡਰ ਥੱਪਦੀਆਂ ਹਨ। ਬੁਲ੍ਹਾਂ ਉਤੇ ਲਾਲ ਰੰਗ। ਪਰ ਮੁਰਝਾ ਜਾਂਦੇ ਨੇ ਗਜਰੇ। ਦੂਜਾ ਕਿਨਾਰਾ......ਬਹੁਤ ਦੂਰ। ਕੁਝ ਬਾਕੀ ਨਹੀਂ ਰਿਹਾ ਹੁਣ। ਇਸ ਪਾਸੇ ਭਟਕੋ। ਥੱਕ ਜਾਉ। ਬੈਠ ਜਾਉ ਹਨੇਰੀਆਂ ਨੁੱਕਰਾਂ ਵਿਚ। ਦੇਖੋ ਉਸ ਕਿਨਾਰੇ ਦੀਆਂ ਰੌਸ਼ਨੀਆਂ ਨੂੰ ਜੋ ਬਹੁਤ ਸਫੇਦ ਪਰ ਬਹੁਤ ਦੂਰ। ਬੇਵੱਸ ਹੋਈਆਂ ਰੰਡੀਆਂ ਦੇਖਦੀਆਂ ਹਨ ਉਨ੍ਹਾਂ ਰੋਸ਼ਨੀਆਂ ਵਲ। ਕੱਢਦੀਆਂ ਨੇ ਗਾਲ੍ਹਾਂ ਇਕ ਦੂਜੀ ਨੂੰ। ਨੂਰਨ......ਬਸ਼ੀਰਨ......ਹੀਰਾ ਬਾਈ......ਮੈਨਾਬਾਈ......ਸ਼ਾਂਤੀ ......ਪਾਰਬਤੀ......ਸਭ ਕੱਢ ਰਹੀਆਂ ਨੇ ਗਾਲ੍ਹਾਂ......ਇਕ ਦੂਜੀ ਨੂੰ। ......?

ਧੰਦੇ ਲਈ ਨਹੀਂ ਮਜ਼ੇ ਵਾਸਤੇ ਦੂਜੇ ਦਾ ਧੰਦਾ ਮਾਰਨਾ......ਇਨ੍ਹਾਂ ਦਾ ਨਡੋਆ ਨਿਕਲੇ......!

ਮੋਟੇ ਪਾਈਪ ਦੀ ਆੜ ਵਿਚ ਖੜੀ ਮੈਨਾਬਾਈ......ਗਲਾਸ ਉਪਰ ਗਲਾਸ...... ਕਿਸਤੱਈਆ ਦੀ ਦਾਰੂ। ਦੋਵੇਂ ਜੇਬਾਂ ਭਰ ਗਈਆਂ ਨੇ ਪੈਸਿਆਂ ਨਾਲ। ਮੈਨਾ ਬਹੁਤ ਬੇਚੈਨ। ......ਦੇ ਵੇ! ਇਕ ਨੌਟਾਂਕ[2] ਹੋਰ ਦੇ ਦੇ। ਸੱਚ ਕਹਿੰਦੀ ਆਂ......ਕਲ੍ਹ ਤੇਰੇ ਸਾਰੇ ਪੈਸੇ ਚੁਕਾ ਦਿਆਂਗੀ। ਇੰਨਾ ਭਰੋਸਾ ਵੀ ਨਹੀਂ ਮੇਰੇ 'ਤੇ?

ਭਰੋਸਾ ਨਹੀਂ ਹੈ ਕਿਸਤੱਈਆ ਨੂੰ। ਚੀਕਦਾ ਹੈ......ਤੂੰ ਭੱਜਦੀ ਏਂ ਕਿ ਨਹੀਂ ਏਥੋਂ? ਕਿੰਨੀ ਵਾਰੀ ਕਿਹੈ..... ਧੰਦੇ ਦੇ ਟਾਇਮ ਏਧਰ ਨਾ ਆਇਆ ਕਰ। ਹੁਣ ਕੀ ਚਾਹੁੰਨੀ ਏਂ? ਇਕ ਨੌਟਾਕ ਦਿੱਤਾ ਨਹੀਂ! ਨਹੀਂ......ਦੂਜਾ ਨਹੀਂ ਦਿਆਂਗਾ ਮੈਂ। ਉਧਾਰ ਦਾ ਧੰਦਾ ਨਹੀਂ ਪੁੱਗਦਾ

1. ਇਹਦੀ ਮਾਂ ਦੀ...ਲੈ ਜਾਓ ਸਾਹਬ ਦੇ ਸਾਹਮਣੇ।
2. ਸ਼ਰਾਬ ਦਾ ਇਕ ਮਾਪ. ਪੈੱਗ ਜਾਂ ਹਾੜਾ

ਮੈਨੂੰ । ਪਿਛਲੇ ਪੈਸੇ ਲੈ ਕੇ ਆ……ਤਾਂ ਗੱਲ ਕਰੀਂ ਮੇਰੇ ਨਾਲ…… ।

ਚਾਰੇ ਪਾਸੇ ਕਾਲੀ ਰੇਤ ਢੋਣ ਵਾਲੇ ਕੁਲੀਆਂ ਦੀ ਭੀੜ । ਦੁਬਾਰਾ ਗਿੜਗਿੜਾਉਂਦੀ ਹੈ ਮੈਨਾ । ……ਹਾਏ, ਕੋਈ ਸਮਝਾਏ ਇਹਨੂੰ……ਇਕ ਨੌਟਾਕ ਹੋਰ ਦੇ ਦੇਵੇ……ਬੜੀ ਤੋਟ ਮਹਿਸੂਸ ਹੋ ਰਹੀ ਏ ਮੈਨੂੰ…… ।

ਕਿਸਤੱਈਆ ਪਰੇਸ਼ਾਨ । ਦੂਜੀ ਕਤਾਰ ਮੁੱਕ ਗਈ ਹੈ ਕੁਲੀਆਂ ਦੀ । ਧੰਦੇ ਦਾ ਵੇਲਾ ! ਹੁਣ ਨਹੀਂ ਕਮਾਇਗਾ ਤਾਂ ਫਿਰ ਕਦੋਂ ? ਫਿਰ ਚੀਕਦਾ ਏ……ਮਾਂ…… ! ਤੈਨੂੰ ਕੀਹਨੇ ਕਿਹਾ ਏ ਏਧਰ ਆਉਣ ਨੂੰ ! ਹੁਣ ਇਕ ਨੌਟਾਕ ਹੋਰ ਦੇ ਦੇਂਦਾ ਆਂ, ਪਰ ਦੁਬਾਰਾ ਏਧਰ ਦਿੱਸੀਂ ਨਾ । ਦਿੱਸੀ ਤਾਂ ਚੁੱਕ ਕੇ ਦਰਿਆ ਵਿਚ ਸੁੱਟ ਦਊਂ……ਸੱਚ ਕਹਿਣਾ ਆ……।

ਗਲਾਸ ਝਟਪਟ ਫੜ ਲੈਂਦੀ ਹੈ ਮੈਨਾ……ਗਟਾ ਗਟ ਪੀਂਦੀ ਅਤੇ ਫਿਰ ਰੁੱਕਦੀ ਹੈ…… ਅਤੇ ਫਿਰ ਇਕੋ ਸਾਹੇ ਪੀ ਜਾਂਦੀ ਹੈ । ਇਕ ਸੜਦੀ ਹੋਈ ਸੁਲਾਖ ਉਪਰੋਂ ਹੇਠਾਂ ਵਲ ਜਾਂਦੀ ਹੈ । ਅੱਖਾਂ ਸਾਹਮਣੇ ਇਕ ਝਿਲਮਿਲਾਉਂਦੀ ਦੁਨੀਆਂ……ਲੰਘ ਜਾਂਦੀ ਹੈ ਏਧਰੋਂ ਓਧਰ । ਕਾਲੀ ਰੇਤ ਦੇ ਹੱਸਦੇ ਹੋਏ ਮਜ਼ਦੂਰ……ਪਹੁੰਚ ਜਾਂਦੇ ਨੇ ਕਿਤੇ ਦੂਰ । ਆਵਾਜ਼ਾਂ ਜੋ……ਨੇੜੇ ਸਨ । ਅਚਾਨਕ ਬੁਲਾਉਂਦੀਆਂ ਨੇ ਦੂਰੋਂ……ਤੁਰਦੀ ਹੈ ਮੈਨਾ……ਅਤੇ ਲੜਖੜਾ ਜਾਂਦੀ ਹੈ । ਸਵੇਰੇ ਖਾਧੀ ਸੀ ਪਾਵ (ਡਬਲ ਰੋਟੀ ਦਾ ਬੰਦ), ਪੀ ਲਈ ਕਾਲੀ ਚਾਹ । ਉਸ ਤੋਂ ਬਾਅਦ ਕੁਝ ਨਹੀਂ ਮਿਲਿਆ । ਸਭ ਖਤਮ ਹੋ ਗਿਆ । ਟੁਟ ਰਿਹਾ ਹੈ ਸਰੀਰ । ਉਬਾਸੀਆਂ ਹੀ ਉਬਾਸੀਆਂ । ਜੋੜਾਂ ਅਤੇ ਗੋਡਿਆਂ ਵਿਚ ਦਰਦ । ਹੁਣ ਨਹੀਂ ਨਸਾਂ ਵਿਚੋਂ ਫੁੱਟਣ ਲਗੀਆਂ ਚਿੰਗਾੜੀਆਂ । ਗਾਉਂਦੀ ਹੈ ਉੱਚੀ ਆਵਾਜ਼ ਵਿਚ । ਗਜਰਾ……

''ਕਹਾਂ ਗਯਾ,……ਟੂਟਾ ਟੂਟਾ ਗਜਰਾ……ਆਧੀ ਰਾਤ ਕੇ…ਟੈਮ" ਹੱਥ ਵਿਚ ਲੈ ਲੈਂਦੀ ਹੈ ਅਤੇ ਹੱਸਦੀ ਹੈ।……''ਹੋ ਗਈ ਆਧੀ ਰਾਤ ਅਬ ਘਰ ਜਾਨੇ ਦੋ……।

ਅੱਧੀ ਰਾਤ ਵੇਲੇ……ਸਾਹਮਣੇ ਬੈਠੀਆਂ ਨੇ ਰੰਡੀਆਂ……ਖਾਮੋਸ਼ । ਬੱਸ ਸਟਾਪ ਤੇ ਜਿਵੇਂ ਸੌਂ ਜਾਂਦੀਆਂ ਨੇ ਬੱਸਾਂ । ਮੈਨਾ ਦੇ ਦਿਮਾਗ 'ਚ ਭੜਕ ਉਠਦੀ ਹੈ ਅੱਗ ਜਿਹੀ । ਨਸ਼ਾ ਕੋਈ ਵੀ ਹੋਵੇ……ਜੋ ਮਰਜ਼ੀ ਏ ਸਮਝ ਲਓ । ਨਫਰਤ……ਹਰ ਰੰਡੀ ਨੂੰ ਹਰ ਰੰਡੀ ਨਾਲ……ਕਿਉਂਕਿ ਆਪਣੇ ਆਪ ਤੋਂ ।

—ਬਸ਼ੀਰਨ ਦੀ ਬੱਚੀ……ਛਨਾਰ । ਕਿੰਨੇ ਖਾ ਗਈ ਅਤੇ ਹੋਰ ਕਿੰਨੇ ਖਾਏਗੀ । ਇਹੋ ਈ ਏ ਰੰਡੀ……ਸਾਰਾ ਕਾਰੋਬਾਰ ਚੋਪਟ ਕਰ ਦਿਤਾ । ਅੱਗੇ ਅੱਗੇ ਨੱਚਦੀ ਏ ਹਮੇਸ਼ਾਂ । ਅੱਗ ਲਗੇ ਇਹਦੇ ਝਾਟੇ ਨੂੰ……ਕਿਉਂ ਨੀਂ ਛਨਾਰੇ……ਅਜੇ ਨਹੀਂ ਹੋਈ ਤੇਰੀ ਅੱਗ ਠੰਡੀ ? ਹੋਰ ਫੜ ਲੋਕਾਂ ਨੂੰ ਭੱਜ ਭੱਜ ਕੇ । ਸਭ ਦਾ ਚੁਲ੍ਹਾ ਬੰਦ ਕਰ ਦਿੱਤਾ ਏ ਸਾਲੀ ਨੇ । ਮੋਈ……ਰੰਡੀ !

ਪਰ ਚੁੱਪ ਰਹਿੰਦਾ ਏ ਬਸ਼ੀਰਨ । ਕੁਝ ਬੋਲਦੀ ਜਾਂਦੀ ਹੈ ਨੂਰਨ । ਉਬਾਸੀਆਂ ਲੈਂਦੀ ਹੈ ਪਾਰਬਤੀ । ਮੈਨਾ ਨਹੀਂ ਹੁੰਦੀ ਚੁੱਪ । ਵਿਚਕਾਰ ਸੜਕ ਉਤੇ ਚੀਕੀ ਜਾਂਦੀ ਹੈ ਉੱਚੀ ਉੱਚੀ ।…… ਹਰਾਮਜ਼ਾਦੀ ! ਕਿਵੇਂ ਭੋਲੀ ਬਣ ਗਈ ਏ ਜਿਵੇਂ ਕੁਝ ਪਤਾ ਈ ਨਾ ਹੋਵੇ । ਸਿੱਝ ਲਵਾਂਗੀ ਤੈਨੂੰ ਇਕ ਦਿਨ । ਨਾ ਸਿੱਝਿਆ ਤਾਂ ਆਪਣੇ ਪਿਉ ਦੀ ਨਹੀਂ……।

ਮੁੱਛਾਂ ਨੂੰ ਤਾਅ ਦੇਂਦੀ ਏ ਮੈਨਾ । ਬੋਲਣਾ ਬੰਦ ਕਰ ਦੇਂਦੀ ਹੈ ਨੂਰਨ । ਬੋਲਦਾ ਹੈ ਬਸ਼ੀਰਨ । ……ਦੇਖ ਲੈ ਪਾਰਬਤੀ । ਸਮਝਾ ਦੇ ਇਹਨੂੰ । ਬਹੁਤ ਗੁੱਸਾ ਆ ਰਿਹਾ ਏ । ਠੀਕ ਨਹੀਂ ਹੋਵੇਗਾ । ਪਿਛੋਂ ਨਾ ਮੈਨੂੰ ਕਹੀਂ ।

ਹੁਣ ਵੱਧ ਜਾਂਦਾ ਹੈ ਮੈਨਾ ਦਾ ਗੁੱਸਾ । ਆ ਜਾਂਦੀ ਹੈ ਇਕ ਦਮ ਨੇੜੇ । ਗਾਂਡੂ ਦੀ ਔਲਾਦ । ਮੇਰੇ ਨਾਲ ਗੱਲ ਕਰ । ਉਹਨੂੰ ਕੀ ਕਹਿੰਨੀ ਏਂ ।

ਪਰ ਬਸ਼ੀਰਨ ਨਹੀਂ ਵੇਖਦੀ ਉਹਦੇ ਵਲ……ਸਿਰਫ ਵੇਖੀ ਜਾਂਦੀ ਹੈ ਨੂਰਨ ਵਲ । ਦੇਖ ਆਪਾ……ਕਹਿ ਦੇ ਇਹਨੂੰ । ਫਿਰ ਸ਼ਰਾਰਤ ਕਰੀ ਜਾਂਦੀ ਏ । ਗੁੱਸਾ ਆ ਗਿਆ ਮੈਨੂੰ ਤਾਂ ਬਹੁਤ ਬੁਰਾ ਹੋਊ ।

ਪਰ ਨਹੀਂ ਰੁਕੇਗੀ ਮੈਨਾਬਾਈ । ਬੂੰਦ ਬੂੰਦ ਇਕ ਜ਼ਹਿਰ ਜਮ੍ਹਾਂ ਹੁੰਦਾ ਰਹਿੰਦਾ ਏ ਸੁੱਕੀਆਂ ਰਗਾਂ ਵਿਚ । ਰਸਤਾ ਲੱਭਦਾ ਏ, ਨਹੀਂ ਲੱਭਦਾ । ਗਰਮ ਲੋਹੇ ਦੀਆਂ ਚਿੰਗਾੜੀਆਂ ਜਦ ਲੰਘ ਜਾਂਦੀਆਂ ਨੇ……ਅਚਾਨਕ ਖੁਲ੍ਹ ਜਾਂਦੇ ਨੇ ਰਸਤੇ । ਪਿਘਲ ਕੇ ਵਹਿਣ ਲਗਦਾ ਏ ਜ਼ਿੰਦਗੀ ਦਾ ਜ਼ਹਿਰ । ਨਹੀਂ ਰੁਕਦਾ । ਰਸਤੇ ਦਾ ਪੱਥਰ……ਘਰ ਦੀ ਦੀਵਾਰ……ਸੜਕ ਦਾ ਆਦਮੀ……ਦੌੜਦੀ ਮੋਟਰ……ਅਸਮਾਨ……ਆਪਣਾ ਬੱਚਾ……ਆਪਣਾ ਆਦਮੀ……ਸਭ ਕੁਝ ਸਾੜ ਕੇ ਖਤਮ ਕਰ ਦੇਣਾ ਚਾਹੁੰਦਾ ਹੈ ।

—ਬਸ਼ੀਰਨ ! ਸਾਲੀ ਕੁੱਤੀ ਦੀ ਔਲਾਦ ! ਆਪਾ-ਆਪਾ ਕੀ ਲਾਈ ਏ ! ਮੇਰੇ ਨਾਲ ਗੱਲ ਕਰ । ਨਹੀਂ ਜਾਂਦੀ ਸੈਂ ਤੂੰ ਭੱਜ ਭੱਜ ਕੇ ਓਧਰ ? ਬਾਬੂ ਡਰੈਵਰ ਮੇਰੇ ਕੋਲ ਆਉਂਦਾ ਸੀ ਤਾਂ ਤੂੰ ਕਿਉਂ ਮਰਨੀ ਸੈਂ ਵਿਚ ? ਹੁਣ ਬੋਲ ਛਨਾਰੇ ! ਕਿਉਂ ਆਉਂਦੀ ਸੈਂ ? ਕੀ ਮੈਂ ਕਦੇ ਆਈ ਆਂ ਤੇਰੇ ਵਿਚ ? ਜਦੋਂ ਸ਼ੇਰੂ ਮੈਨੂੰ ਪੰਜ ਰੁਪਏ ਦਿੰਦਾ ਸੀ……ਤੂੰ ਕਿਉਂ ਤਿਆਰ ਹੋਈ ਸੈਂ ਦੋ ਰੁਪਿਆਂ ਵਿਚ ? ਬੋਲ ਹੁਣ ! ਹੁਣ ਦੇ ਨਾ ਜੁਆਬ ! ਮਾਰਾਂ ਤੇਰੇ ਸਿਰ ਵਿਚ ਜੁੱਤੀ ? ਜੁੱਤੀ ਨਹੀਂ ਹੈ ਪੈਰ ਵਿਚ । ਨੰਗੇ ਪੈਰ ! ਹੁਣ ਬਸ਼ੀਰਨ ਦਾ ਗੁੱਸਾ ਵਧਦਾ ਹੈ । ਫਿਰ ਵੀ ਰੋਕ ਲੈਂਦੀ ਹੈ । ਵੱਧਦੀ ਉਮਰ ਨਾਲੋਂ ਵੀ ਵਧੇਰੇ ਥੱਕਾਨ ।

—ਜਾ ਨੀ ! ਵਡੀ ਆਈ ਜੁੱਤੀ ਮਾਰਨ ਵਾਲੀ ! ਸ਼ਕਲ ਤਾਂ ਦੇਖ ਆਪਣੀ । ਸਾਲੀ ਆਪ ਤਾਂ ਦੂਜਿਆ ਦਾ ਧੰਦਾ ਖੋਂਹਦੀ ਏ । ਹਜ਼ਾਰ ਵਾਰੀ ਕਿਹੈ ਤੈਨੂੰ……ਆਪਣੇ ਮੁੰਡੇ ਨੂੰ ਨਾ ਨਾਲ ਲਿਆਇਆ ਕਰ । ਕਿਉਂ ਲਿਆਉਣੀ ਏਂ ਫਿਰ ? ਮੁੰਡੇ ਨੂੰ ਨਾਲ ਲੈ ਕੇ ਧੰਦਾ ਕਰਨ ਨਿਕਲਦੀ ਏ…… ਫਿਰ ਦੂਜਿਆਂ ਤੇ ਦੋਸ਼ ਥੱਪਨੀ ਏ । ਸ਼ੇਰੂ ਪੰਜ ਰੁਪਏ ਦਿੰਦਾ ਸੀ ਤਾਂ ਬਾਬੂ ਨੂੰ ਕਿਉਂ ਫਸਾਇਆ ਸਾਈ ਇਕ ਰੁਪਏ ਵਿਚ ? ਬੋਲ ਵੀ ਹੁਣ ! ਵੱਡੀ ਆਈ ! ਇਹਨੂੰ ਪੰਜ ਰੁਪਏ ਦੇਂਦਾ ਸੀ ਸ਼ੇਰੂ ! ਝੂਠੀ ਕਿਤੋਂ ਦੀ…… ।

ਗੱਲ ਵੱਧ ਚੁਕੀ ਹੈ । ਨੀਂਦੋਂ ਜਾਗ ਕੇ ਆ ਰਹੇ ਨੇ ਫੁੱਟਪਾਥ ਉਪਰ ਸੌਣ ਵਾਲੇ । ਸਰਕਦੇ ਆ ਰਹੇ ਨੇ ਏਧਰ ਦਾਰੂ ਪੀਣ ਵਾਲੇ ਕੁਲੀ । ਚੀਕਦੀ ਹੈ ਮੈਨਾ……ਹੂੰ ! ਲਿਆਉਣੀ ਆਂ ਮੈਂ ਆਪਣੇ ਮੁੰਡੇ ਨੂੰ……ਹਜ਼ਾਰ ਵਾਰ ਲਿਆਵਾਂਗੀ । ਮਾਂ ਦਾ ਦੁੱਧ ਪੀਤਾ ਈ ਤਾਂ ਰੋਕ ਮੈਨੂੰ । ਜਦੋਂ

ਦੇਖੋ ਸਾਲੀ ਮੇਰਾ ਮੁੰਡਾ ਪੁੰਣਦੀ ਏ। ਤੇਰੀ ਮਾਂ ਦੀ……! ਨਹੀਂ ਨਹੀਂ……ਪਾਰਬਤੀ ਛੱਡ ਦੇ ਤੂੰ ਮੈਨੂੰ। ਅੱਜ ਸਵਾਰਦੀ ਆਂ ਇਹਦੀ ਭੁਗਤ। ਛੱਡ ਦੇ ਮੈਨੂੰ। ਸਾਲੀ……ਸੜੀਅਲ!

ਝਪਟ ਕੇ ਫੜ ਲੈਂਦੀ ਏ ਬਸ਼ੀਰਨ ਦੇ ਵਾਲ। ਰੋਕਦੀ ਏ ਨੂਰਨ……ਪਾਰਬਤੀ……ਸ਼ਾਂਤੀ, ਨਹੀਂ ਰੁਕਦੀ। ਕਰ ਲਵੇਗੀ ਅੱਜ ਸਾਰਾ ਫੈਸਲਾ। ਕੱਢ ਲਵੇਗੀ ਸਾਰੇ ਦਿਨਾਂ ਦੀ ਕਸਰ। ਖਿੱਚ ਕੇ ਮਾਰਦੀ ਏ ਇਕ ਥੱਪੜ……। ਦੋ ਤਿੰਨ। ਚੰਬੜ ਜਾਂਦੀ ਏ ਬਸ਼ੀਰਨ। ਦੋਵੇਂ ਜ਼ਮੀਨ ਉਪਰ। ……ਛਨਾਰੇ! ਇਹ ਨਾ ਸਮਝੀਂ ਕਿ ਡਰ ਜਾਵਾਂਗੀ ਤੇਰੇ ਕੋਲੋਂ। ਹਰਾਮਜ਼ਾਦੀ! ਤੇਰੀ ਮਾਂ ਦੀ……। ਅੱਗ ਲਾਵਾਂਗੀ ਤੇਰੇ ਝਾਟੇ ਨੂੰ। ਸਾਲੀ! ਔਹ ਲੈ……ਹੋਰ ਲੈ……ਔਹ ਲੈ!…… ਹੁਣ ਬੋਲੇਂਗੀ ਮੇਰੇ ਨਾਲ!?

ਛੁਡਾਉਣ ਦੀ ਕੋਸ਼ਿਸ਼ ਕਰਦੀ ਏ ਨੂਰਨ। ਮੈਨਾ ਆ ਗਈ ਉਪਰ। ……ਤੂੰ ਮੈਨੂੰ…… ਮਾਰੇਂਗੀ? ਔਹ ਲੈ……ਹੋਰ ਲੈ। ਹੋਰ ਮਾਰੇਂਗੀ? ਕਮੀਨੀ! ਚੂੜ੍ਹੇ ਦੀ ਔਲਾਦ! ਮਾਂ…… ਜਾਨ ਕੱਢ ਲਊਂ ਅੱਜ ਤੇਰੀ। ਫਾਂਸੀ ਹੋ ਜਾਊ ਮੈਨੂੰ……ਪਰਵਾਹ ਨਹੀਂ। ਛੱਡ ਦੇ……ਛੱਡ ਦੇ ਮੈਨੂੰ ਨੂਰਨ। ਮੈਂ ਕਹਿਨੀ ਆਂ ਛੱਡ ਦੇ……ਨਹੀਂ ਤਾਂ ਠੀਕ ਨਹੀਂ ਹੋਊ……।

ਵੱਧਦੀ ਜਾਂਦੀ ਹੈ ਭੀੜ। ਬੜਾ ਮਜ਼ਾ ਆ ਰਿਹੈ! ਕਦੀ ਬਸ਼ੀਰਨ ਉਪਰ……ਕਦੀ ਮੈਨਾ। ਸਾੜ੍ਹੀਆਂ ਹੋ ਗਈਆਂ ਏਧਰ ਓਧਰ। ਲੀਰਾਂ ਹੋ ਗਏ ਪਾਟੇ ਬਲਾਊਜ਼। ਜਾਰੀ ਹੈ ਗਾਲ੍ਹਾਂ ਦੀ ਬੁਛਾੜ। ਨਹੀਂ ਹੋਣਗੀਆਂ ਵੱਖ ਦੋਵੇਂ। ਸ਼ਾਂਤੀ……ਪਾਰਬਤੀ……ਨੂਰਨ……ਸਭ ਹਾਰ ਗਈਆਂ। ਹੁਣ ਕੱਢ ਰਹੀਆਂ ਨੇ ਗਾਲ੍ਹਾਂ ਇਕ ਦੂਜੀ ਨੂੰ। ਪਾਰਬਤੀ ਨੂੰ ਸ਼ਾਂਤੀ ਨਾਲ ਸ਼ਿਕਾਇਤ……ਨੂਰਨ ਨੂੰ ਪਾਰਬਤੀ ਨਾਲ। ……ਤੂੰ ਛੱਡ ਦੇ ਸ਼ਾਂਤੀ! ਤੂੰਹੀਓਂ ਇਹਦੇ ਕੰਨ ਭਰਨੀ ਏਂ……ਅੱਗ ਲਾ ਕੇ ਤਮਾਸ਼ਾ ਦੇਖਦੀ ਏਂ ਹੁਣ ਹੋ ਜਾ ਖੁਸ਼। ਸ਼ਾਮ ਦਾ ਇਕ ਪੈਸਾ ਨਹੀਂ ਲੱਭਾ……।

ਪਰ ਨੂਰਨ ਬਰਦਾਸ਼ਤ ਨਹੀਂ ਕਰ ਸਕਦੀ।……ਤੂੰ……ਤੂੰ ਉਹਨੂੰ ਕੀ ਕਹਿਨੀ ਏਂ। ਆਪਣੇ ਵੱਲ ਝਾਤੀ ਮਾਰ ਪਹਿਲਾਂ, ਸ਼ਾਂਤੀ ਦਾ ਨਾਂ ਲਾਉਣੀ ਏਂ……ਤਾਂ ਤੂੰ ਕਿਉਂ ਹਵਾਲਦਾਰ ਨਾਲ ਘੁਸਰ ਮੁਸਰ ਕਰਦੀ ਸੈਂ। ਮੈਂ ਤੈਨੂੰ ਪਹਿਲਾਂ ਹੀ ਕਿਹਾ ਸੀ ਕਿ ਇਹ ਹਵਾਲਦਾਰ ਠੀਕ ਨਹੀਂ। ਜਦੋਂ ਤੋਂ ਇਹ ਮੋਇਆ ਆਇਆ ਏ ਸਭ ਉਲਟ ਪੁਲਟ ਹੋ ਗਿਆ ਏ। ਪਰ ਤੂੰ ਮੰਨੀ ਨਹੀਂ ਮੇਰੀ ਗੱਲ! ਹੁਣ ਉਹਨੂੰ ਕਹਿਨੀਂ ਏਂ……!

ਕਿਸਤੱਈਆਂ ਪਰੇਸ਼ਾਨ। ਧੰਦੇ ਦਾ ਵੇਲਾ……ਸਾਰੇ ਕੁਲੀ ਦੇਖ ਰਹੇ ਨੇ ਤਮਾਸ਼ਾ। ਇਨ੍ਹਾਂ ਸਾਲੀਆਂ ਨੂੰ ਵੀ ਇਹੋ ਵੇਲਾ ਲੱਭਿਆ ਏ। ਭੀੜ ਨੂੰ ਚੀਰਦਾ ਪਹੁੰਚ ਜਾਂਦਾ ਹੈ। ਗੁੱਥਮਗੁੱਥਾ ਨੇ ਦੋਵੇਂ……ਬਸ਼ੀਰਨ ਉਪਰ……ਰੰਡੀ! ਹੁਣ ਜਾਵੇਂਗੀ ਬਾਬੂ ਕੋਲ? ਬੋਲ? ਬੋਲ ਛਨਾਰੇ! ਸਿਰ ਚੁੱਕ ਕੇ ਜ਼ਮੀਨ ਉਪਰ ਪਟਕਾਉਂਦੀ ਏ। ਬੋਲ ਨਾਂ ਹੁਣ! ਬੋਲਦੀ ਕਿਉਂ ਨਹੀਂ ਹੁਣ? ਬੋਲ……ਹੋਰ ਬੋਲ……।

ਦੋਵਾਂ ਨੂੰ ਦੋਹਾਂ ਹੱਥਾਂ ਨਾਲ ਉਠਾਉਂਦਾ ਹੈ ਕਿਸਤੱਈਆ। ……ਮਾਂ……! ਰੋਜ਼ ਏਧਰ ਆ ਕੇ ਲੜਦੀਆਂ ਨੇ। ਚਲੋ ਭਜੋ ਏਥੋਂ! ਤੇ ਤੂੰ! ਤੈਨੂੰ ਮੈਂ ਕਾਹਦੇ ਵਾਸਤੇ ਦਾਰੂ ਦਿਤਾ ਸੀ? ਏਥੇ

ਦਾਦਾਗਿਰੀ ਕਰਨ ਵਾਸਤੇ? ਤੇਰੀ ਭੈਣ ਦੀ……ਭੱਜ ਏਥੋਂ……।

ਧੱਕੇ ਦੇ ਰਿਹਾ ਹੈ। ਚੁੱਪ ਹੋ ਗਈ ਬਸ਼ੀਰਨ। ਪੂੰਝ ਰਹੀ ਹੈ ਧੋਤੀ ਦਾ ਚਿੱਕੜ। ਪਰ ਚੀਕ ਰਹੀ ਹੈ ਮੈਨਾ। …… ਸ਼ਾਂਤੀ! ……ਸ਼ਾਂ……ਤੀ! ਤੈਨੂੰ ਦੱਸ ਦਿਆਂ ਮੈਂ ਜੇ ਇਸ ਕਮੀਨੀ ਦਾ ਖ਼ੂਨ ਨਾ ਪੀਤਾ ਤਾਂ ਆਪਣੇ ਪਿਉ ਦੀ ਔਲਾਦ ਨਹੀਂ ਮੈਂ! ਦੇਖ ਲਈਂ ਸਾਲੀ ਛਨਾਰ! ਹਰਾਮਜ਼ਾਦੀ! ਡੁਕਰ ਦੀ ਔਲਾਦ……।[1]

ਹੁਣ ਕਿਧਰੋਂ ਆ ਨਿਕਲਿਆ ਹੈ ਇਕ ਹਵਾਲਦਾਰ! ……ਕੀ ਹੋਇਆ ਏ? ਫਿਰ ਦੰਗਾ ਕੀਤੈ ਤੁਸਾਂ ਲੋਕਾਂ ਏਥੇ? ……ਮੁੜਦਾ ਹੈ ਭੀੜ ਵੱਲ!……ਅਤੇ ਤੁਸੀਂ ਸਾਰੇ ਏਥੇ ਕਿਉਂ ਖੜੇ ਹੋ? ਤੁਹਾਡੇ ਪਿਉ ਦਾ ਵਿਆਹ ਏ? ਚਲੋ ਭਜੋ। ਭੱਜਦੇ ਹੋ ਕਿ ਨਹੀਂ?

ਖਿਲਰਨ ਲਗਦੀ ਹੈ ਭੀੜ। ਕਿਸਤੱਈਆ ਸਿਗਰਟ ਦੇਂਦਾ ਹੈ ਹਵਾਲਦਾਰ ਨੂੰ……।

ਤੇ ਰਾਤ ਗੁਜ਼ਰਦੀ ਜਾਂਦੀ ਏ। ਸਫੇਦ ਰੋਸ਼ਨੀ ਦੀ ਕਤਾਰ……ਸੜਕ ਅਤੇ ਕੰਧਾਂ ਤੋਂ ਪਰੇ ……ਖਾਮੋਸ਼ੀ ਤਰਦੀ ਜਾਂਦੀ ਏ। ਹੋ ਜਾਂਦੇ ਨੇ ਖ਼ਾਮੋਸ਼ ਗੂੰਜਦੇ ਹੋਏ ਠਹਾਕੇ। ਵਾਪਸ ਮੁੜਦੇ ਲੋਕ ……ਜਾਗਦੇ ਹੋਏ ਲੋਕ……ਸੌਣ ਦੀ ਕੋਸ਼ਿਸ਼ ਕਰਦੇ ਨੇ। ਇਸ ਸੁੰਞੀ ਝੌਂਪੜੀ ਵਿਚ ਇਕ ਸਾਂਵਲੀ ਹੁਸੀਨਾ……ਲਗਾਤਾਰ ਦੇਖਦੀ ਰਹਿੰਦੀ ਹੈ ਸੁੱਤੇ ਹੋਏ ਬੱਚੇ ਨੂੰ ਕੁਝ ਸੁਣਨ ਦੀ ਕੋਸ਼ਿਸ਼ ਕਰਦੀ ਏ……ਸੁਣ ਨਹੀਂ ਸਕੀ।

ਅਤੇ ਮੈਨਾਬਾਈ……ਖਾਮੋਸ਼ ਅਤੇ ਨਿਢਾਲ……ਚਲ ਨਹੀਂ ਸਕੇਗੀ……ਡਿਗ ਪਏਗੀ ਲੜਖੜਾ ਕੇ। ਗਰਮ ਸੁਲਾਖਾਂ ਦੀਆ ਚਿੰਗਾੜੀਆਂ ਬੁਝ ਗਈਆਂ ਆਪਣੀ ਹੀ ਅੱਗ ਵਿਚ ਸੜ ਕੇ। ਬਚ ਗਈ ਇਕ ਖੁਸਣ ਜੋ ਤੋੜ ਦੇਵੇਗੀ ਸਭ ਕੁਝ। ਉਥੇ ਬੈਠ ਜਾਂਦੀ ਹੈ ਚੁੱਪ ਚਾਪ……ਫੁੱਟਪਾਥ ਉਤੇ। ਅਚਾਨਕ ਥੱਕ ਜਾਂਦੀ ਹੈ ਇਕ ਦਮ। ਲੇਟ ਜਾਂਦੀ ਹੈ ਫੁੱਟਪਾਥ ਉਤੇ। ਕੀ ਹੋਇਆ ਏ? ਗਾਲ੍ਹਾਂ……ਹੌਲੀ ਹੌਲੀ……ਕਿਸ ਨੂੰ? ਨਹੀਂ ਪਤਾ। ……ਮਾਂ……ਭੈਣ…! ……ਤੇਰੀ ਮਾਂ ਦੀ……! ਤੇਰਾ ਕਦੀ ਭਲਾ ਨਹੀਂ ਹੋਊ! ……ਸਾਲਾ……ਹਰਾਮੀ……ਤੇਰਾ ਨਰੜਿਆ ਨਿਕਲੇਗਾ……।

ਗਲਾ ਭਰ ਜਾਂਦਾ ਏ। ਕਈ ਵਾਰ ਨਿਕਲ ਤੁਰੇ ਸਨ ਅੱਥਰੂ। ਹੁਣ ਵੀ ਉਹ ਨਿਕਲਣਗੇ। ਕੌਣ ਦੇਖੇਗਾ?

ਫੁੱਟਪਾਥ ਦੇ ਹਨੇਰੇ ਵਿਚ ਬੈਠਾ ਏ ਕੋਈ।……ਕੌਣ? ਰੋਜ਼ੀ?

—ਉਹ! ਕਿਸ ਨੂੰ ਗਾਲ੍ਹਾਂ ਕੱਢ ਰਹੀ ਏਂ ਮੈਨਾਬਾਈ?

ਕਿਸਤੱਈਆ ਨੂੰ?

ਉਠ ਕੇ ਬੈਠ ਜਾਂਦੀ ਹੈ ਮੈਨਾ!……ਨਹੀਂ। ਆਪਣੇ ਮਰਦ ਨੂੰ। ਉਸ ਦਾ ਕਦੀ ਭਲਾ ਨਹੀਂ ਹੋਵੇਗਾ। ਮਰੇਗਾ ਤਾਂ ਪਾਣੀ ਵੀ ਨਹੀਂ ਮਿਲੇਗਾ। ਅਜਿਹੇ ਮਰਦ ਨਾਲੋਂ ਬਿਨਾਂ ਮਰਦ ਦੇ ਠੀਕ……।

---

1 ਡੁੱਕਰ-ਸੂਰ।

ਰੋਜ਼ੀ ਖਾਮੋਸ਼ । ਸੀ ਕਦੀ ਉਸ ਦਾ ਵੀ ਮਰਦ । ਬਹੁਤ ਸਮਾਂ ਗੁਜ਼ਰ ਗਿਆ । ਪਹਿਲਾ ਛੱਡ ਕੇ ਚਲਾ ਗਿਆ……ਦੂਸਰਾ ਆਇਆ । ਸ਼ਾਦੀ ਨਹੀਂ ਕੀਤੀ । ਥੋੜ੍ਹੇ ਦਿਨਾਂ ਦਾ ਸਾਥ……ਕੱਢ ਦਿਤਾ ਰੋਜ਼ੀ ਨੂੰ ।……ਫਿਰ ਤੀਸਰਾ……ਫਿਰ ਚੌਥਾ । ਫਿਰ ਜਿਹਨੇ ਖਵਾ ਦਿਤੀ ਰੋਟੀ…… ਹੋ ਗਿਆ ਰੋਜ਼ੀ ਦਾ ਮਰਦ । ਹਰ ਹਫਤੇ ਦੇ ਬਾਅਦ ਹਰ ਰਾਤ……ਨਵਾਂ ਮਰਦ । ਪਰ ਹਾਰੀ ਨਹੀਂ ਰੋਜ਼ੀ । ਜਾਰੀ ਰਹੀ ਮਰਦ ਦੀ ਭਾਲ । ਕਿਸ ਦਸਿਆ ਸੀ ਢੰਗ ਮਰਦ ਨੂੰ ਫਸਾਈ ਰੱਖਣ ਦਾ ? ਇਕ ਵਾਰ ਫੋਟੋ ਖਿਚਵਾ ਲਵੋ……ਨਾਲ ਨਾਲ । ਬਸ ਜ਼ਿੰਦਗੀ ਭਰ ਮਿਲੇਗਾ ਗੁਜ਼ਾਰਾ । ……ਹਰ ਰੋਜ਼ ਹਰ ਵਾਰ, ਹਰ ਇਕ ਨੂੰ ਕਿਹਾ……ਚਲ ਨਾ ਉਧਰ……ਆਪਾਂ ਫੋਟੋ ਖਿਚਵਾਂਵਾਂਗੇ । ਚਲ ਵੀ…… ।

ਕਿੰਨੀਆਂ ਮਿੱਠੀਆਂ ਮਿੱਠੀਆਂ ਗੱਲਾਂ । ਨਹੀਂ ਖਿਚਵਾ ਸਕੀ ਫੋਟੋ । ਪਰ ਇਕ ਵਾਰ…… । ਕੀ ਹੋ ਗਿਆ ਏ ਮੈਨਾ ਨੂੰ ? ਕਿਉਂ ਕਢਦੀ ਏ ਮਰਦ ਨੂੰ ਗਾਲ੍ਹਾਂ ?……ਤੂੰ ਆਪਣੇ ਮਰਦ ਨੂੰ ਗਾਲ੍ਹਾਂ ਕਿਉਂ ਕੱਢਦੀ ਏਂ ਮੈਨਾਬਾਈ ?

ਫਿਰ ਲੰਮੀ ਪੈ ਜਾਂਦੀ ਹੈ ਮੈਨਾ । ……ਗਾਲ੍ਹਾਂ ਕਿਉਂ ਕੱਢਦੀ ਆਂ ? ਅਜਿਹੇ ਮਰਦ ਨੂੰ ਤਾਂ ਮਿਟੀ ਦਾ ਤੇਲ ਪਾ ਕੇ ਅੱਗ ਲਾ ਦੇਣ ਨੂੰ ਜੀਅ ਕਰਦੈ । ਸਾਲੇ ਨੂੰ ਮੇਰੀ……ਮੇਰੇ ਮੁੰਡੇ ਦੀ…… ਬਿਲਕੁਲ ਚਿੰਤਾ ਨਹੀਂ । ਧੰਦਾ ਕਰਕੇ ਲਿਆਓ……ਅਤੇ ਉਸ ਦੇ ਮੂੰਹ ਵਿਚ ਤੁੰਨੋ । ਨਹੀਂ… ਮੈਥੋਂ ਨਹੀਂ ਹੁੰਦਾ ਇਹ ਸਭ…… ।

ਬਹੁਤ ਪਹਿਲਾਂ ਹੋਇਆ ਸੀ ਇੰਜ । ਦੋ ਰੁਪਏ ਅੱਠ ਆਨੇ ਦਾ ਖਰਚ । ਚੀਕ ਚੀਕ ਕੇ ਬੋਲਦਾ ਏ ਮਰਦ……ਮੁਫਤ ਵਿਚ ਨਹੀਂ ਲਿਆਇਆ ਤੈਨੂੰ । ਪੂਰੇ ਢਾਈ ਰੁਪਏ ਖਰਚ ਕੇ ਵਿਆਹ ਕੀਤਾ ਏ…… ।

ਹੋਰ ਉੱਚੀ ਚੀਕਦੀ ਏ ਮੈਨਾ……ਆਪਣੀ ਜ਼ਿੰਦਗੀ ਦੇ ਦਿੱਤੀ ਏ ਤੈਨੂੰ ! ਤੂੰ ਢਾਈ ਰੁਪਿਆਂ ਦੀ ਗੱਲ ਕਰਦਾ ਏਂ ! ਸ਼ਰਮ ਨਹੀਂ ਆਉਂਦੀ ਤੈਨੂੰ…… ।

ਇਕ ਸਾਲ । ਕੁਝ ਹੋ ਗਿਆ ਏ ਰੋਜ਼ੀ ਨੂੰ । ਪਹਿਲਾਂ ਜ਼ਖ਼ਮ ਹੋਇਆ ਪੈਰ ਦੀ ਉਂਗਲੀ ਵਿਚ ਫਿਰ ਹੋਣ ਲਗੇ ਬਹੁਤ ਸਾਰੇ ਜ਼ਖਮ । ਫਿਰ ਹੁੰਦੇ ਈ ਗਏ……ਜ਼ਖ਼ਮ । ਫਿ । ਹੁੰਦੇ ਈ ਗਏ…… ਜ਼ਖ਼ਮ ਜਾਂ ਜ਼ਖ਼ਮਾਂ ਦੇ ਨਿਸ਼ਾਨ……ਜੋ ਫਿਰ ਕਦੀ ਨਹੀਂ ਭਰੇ । ਫਿਰ ਝੜ ਗਈ ਇਕ ਉਂਗਲੀ ……ਗਲਣ ਲਗੀਆਂ ਸਭ ਉਂਗਲੀਆਂ । ਆਉਣ ਲਗੀ ਹਲਕੀ ਹਲਕੀ ਬੋ । ਚੀਕਣ ਲਗੀਆਂ ਰੰਡੀਆਂ……ਏ ! ਏਥੇ ਨਹੀਂ ! ਓਧਰ……ਦੂਰ ਬੈਠ…… ।

ਖੁੱਸਣ ਲਗਾ ਸਭ ਕੁਝ ਹੌਲੀ ਹੌਲੀ ! ਝੌਂਪੜੀ ਖੁਸ ਗਈ……ਤੇ ਹੋਰ ਸਭ ਕੁਝ ਖੁਸ ਗਿਆ । ਰਹਿ ਗਈ ਇਕ ਉਮੀਦ……ਅਜੇ ਤਕ ਨਹੀਂ ਗਈ । ਫੁੱਟਪਾਥ ਦੀ ਹਨੇਰੀ ਨੁੱਕਰ ਵਿਚ ਮੈਲੀਆਂ ਗੁਦੜੀਆਂ ਵਿਚਕਾਰ ਪਿਆ ਹੈ ਇਕ ਮੈਲਾ ਡੱਬਾ । ਡੱਬੇ ਵਿਚ ਤਸਵੀਰ……ਜੋ ਅਖੀਰ ਖਿੱਚੀ ਹੀ ਗਈ ਸੀ……ਇਕ ਅਤੇ ਕੇਵਲ ਇਕ……ਦੋ ਰੁਪਿਆਂ ਵਿਚ । ਪਰ ਕਿਥੇ ਚਲਾ ਗਿਆ ਤਸਵੀਰ ਵਾਲਾ……ਕਿਉਂ ਨਹੀਂ ਮੁੜਿਆ ਅਜੇ ਤਕ ? ਭਾਲ ਜਾਰੀ……ਹਾਰ ਨਹੀਂ ਮੰਨੇਗੀ

ਰੋਜ਼ੀ । ਗਲੀਆਂ ਸੜੀਆਂ ਅਤੇ ਤ੍ਰੱਕੀਆਂ ਉਂਗਲੀਆਂ ਦੂਰ ਦਾ ਚੱਕਰ ਕੱਟ ਆਉਂਦੀਆਂ ਨੇ । ਬੈਠ ਜਾਂਦੀਆਂ ਨੇ ਥੱਕਣ ਤੋਂ ਬਾਅਦ……ਉਠ ਕੇ ਫਿਰ ਚਲਣਾ ਸ਼ੁਰੂ ਕਰ ਦਿੰਦੀ ਹੈ । ਪਾਣੀ ਵਿਚ ਖੜੇ ਜਹਾਜ਼[1] ਕਾਲੀ ਰੇਤ ਨਾਲ ਭਰੇ……ਉਗਲਦੇ ਜਾਂਦੇ ਨੇ ਮਿਸ਼ਾਲਾਂ ਦੀ ਰੌਸ਼ਨੀ ।…… ਨਹੀਂ ਮੁੜਿਆ । ਉਡੀਕ ਜਾਰੀ ਹੈ । ਹਾਰ ਨਹੀਂ ਮੰਨੇਗੀ ।……ਏ ਮੈਨਾਬਾਈ ! ਉਹ ਤੈਨੂੰ ਰੋਟੀ ਨਹੀਂ ਦੇਂਦਾ……ਸਗੋਂ ਤੂੰ ਉਸਨੂੰ ਖਵਾਉਣੀ ਏਂ……ਨਹੀਂ ਭਲਾ ? ਪਿਛੋਂ ਕੀ ਫਾਇਦਾ……?

ਕੀ ਫਾਇਦਾ ? ਛੱਡ ਕਿਉਂ ਨਹੀਂ ਦੇਂਦੀ ਐਸੇ ਮਰਦ ਨੂੰ ? ਅਜਿਹੇ ਮਰਦ ਨਾਲੋਂ ਬਿਨਾਂ ਮਰਦ ਚੰਗੀ । ਪਰ ਨਹੀਂ ਹੁੰਦਾ । ਕਦੋਂ ਹੋਇਆ ਸੀ ਇੰਜ ਕਿ ਬੱਦਲ ਘਿਰ ਗਏ ਸਨ ਅਸਮਾਨ ਵਿਚ । ਆਏ ਅਤੇ ਮੁੜ ਗਏ ਰੋਜ਼……ਘਿਰ ਘਿਰ ਕੇ । ਫਿਰ ਆਉਣਗੇ……ਜ਼ਰੂਰ ਵਰ੍ਹਣਗੇ ਫਿਰ । ਫੁੱਟਪਾਥ ਉਪਰ ਰਹਿਣ ਵਾਲਿਆਂ ਨੂੰ ਛਾਂ ਦੀ ਭਾਲ । ……ਛੇ ਮਹੀਨੇ ਦਾ ਢਿੱਡ…… ਭਟਕ ਰਹੀ ਏ ਮੈਨਾ । ਪੋਪਟ ਅੱਗੇ ਅੱਗੇ । ਨਹੀਂ ਮਿਲਦੀ ਛਾਂ……ਭੱਜੀ ਜਾਂਦੀ ਏ । ਮੂੰਹ ਪੀਲਾ……ਬੁਲ੍ਹ ਸੁੱਕੇ । ਇਕ ਡਬਲ ਰੋਟੀ……ਦੋ ਟੁਕੜੇ । ਖਾਂਦੇ ਹਨ ਦੋਵੇਂ……ਪੀਂਦੇ ਨੇ ਪਾਣੀ । ਇਕ ਚਾਲੂ ਚਾਹ……ਫਿਰ ਦੋ ਹਿੱਸੇ……ਕੱਪ ਵਿਚ ਅਤੇ ਪਲੇਟ ਵਿਚ । ਕਿਥੋਂ ਆਏ ਨੇ ਦੋ ਆਦਮੀ……ਪਤਾ ਨਹੀਂ । ਇਕ ਬਹੁਤ ਵੱਡਾ ਸ਼ਹਿਰ……ਭੀੜ ਭਰਿਆ ਫੁੱਟ-ਪਾਥ……ਫਿਰ ਆਏ ਬੱਦਲ । ਹੁਣ ਨਹੀਂ ਵਾਪਸ ਮੁੜਦੇ……ਵਰ੍ਹਣਗੇ ਵਾਰ ਵਾਰ । ਇਕ ਛਾਂ ਦੀ ਭਾਲ । ਇਕ ਵੱਡਾ ਢਿੱਡ ਲਈ, ਲਿਆ ਲਿਆ ਕੇ ਦੇਂਦੀ ਏ ਟੁਕੜੇ……ਲਕੜੀਆਂ ਦੇ । ਬਣ ਰਿਹਾ ਏ ਛੱਪਰ ਰੇਲ ਦੀਆਂ ਪਟੜੀਆਂ ਦੇ ਕੋਲ । ਘਰ……ਦੋ ਆਦਮੀਆਂ ਦਾ । ਰਿਮਝਿਮ ਪਾਣੀ ! ਚਿੱਕੜ । ਦੋ ਠੁਰਕਦੇ ਹੋਏ ਆਦਮੀ । ਰਾਤ । ਫਿਰ ਰਾਤ । ਫਿਰ ਉਹੀ ਪਾਣੀ…… ਰਿਮਝਿਮ, ਰਿਮਝਿਮ । ਤਿੱਖੀ ਦਰਦ……ਤੜਫਦੀ ਪਈ ਏ ਮੈਨਾ । ਵਰ੍ਹੀ ਜਾਂਦਾ ਹੈ ਮੀਂਹ । ਚੋਈ ਜਾਂਦਾ ਹੈ ਛੱਪਰ……ਹਰ ਪਾਸੇ……ਹਰ ਜਗ੍ਹਾ…… । ਬਰਸਾਤ ਖ਼ਤਮ ਹੋ ਗਈ…… ਜਾਂ ਨਹੀਂ ਹੋਈ । ਆ ਗਏ ਨੀਲੀ ਵਰਦੀ ਵਾਲੇ । ਹੱਥਾਂ ਵਿਚ ਡਾਂਗਾਂ……ਸਿਰਾਂ ਉਤੇ ਟੋਪੀਆਂ ……ਲੋਹੇ ਦੀਆਂ । ਢਾਹ ਦਿੱਤੇ ਗਏ ਹਨ ਛੱਪਰ……ਖਿੰਡ ਗਏ ਟੁਕੜੇ । ਸਾਮਾਨ ਦੀ ਗੰਢ…. ਦੋ ਮਹੀਨੇ ਦਾ ਬੱਚਾ । ਫਿਰ ਉਹੀ ਭਾਲ……ਏਧਰੋਂ ਓਧਰ……ਓਧਰੋਂ ਹਰ ਜਗ੍ਹਾ । ਰੇਲ ਦੀਆਂ ਪਟੜੀਆਂ ਦੇ ਕਿਨਾਰੇ……ਦੂਰ ਦੂਰ……ਸਾਗਰ ਦੀਆਂ ਕਾਲੀਆਂ ਚਟਾਨਾਂ ਉਤੇ…… ਵਾਰ ਵਾਰ ਮੁੜ ਜਾਣਾ । ਸਵੇਰ ਦਾ ਸਵਾਲ ਸ਼ਾਮ ਤਕ……ਅਤੇ ਦੂਜੀ ਸਵੇਰ ਤਕ…… ਅਗਲੀ ਸ਼ਾਮ ਤੱਕ……ਫਿਰ ਅਗਲੀ ਸਵੇਰ ਤਕ……ਹੱਲ ਨਹੀਂ ਹੁੰਦਾ । ਹੁਣ ਲੜਦੇ ਹਨ ਦੋਵੇਂ । ਗਾਲ੍ਹਾਂ ਅਤੇ ਮਾਰ ਕੁਟਾਈ । ਉਸਰਦੀਆਂ ਹਨ ਝੌਂਪੜੀਆਂ……ਟੁਟਦੀਆਂ ਜਾਂਦੀਆਂ ਹਨ । ਖਾਮੋਸ਼ ਰਹਿੰਦੀ ਹੈ ਮੈਨਾ……ਅਤੇ ਬੋਲਣ ਲਗਦੀ ਹੈ……ਆ ਰਿਹਾ ਏ ਸਾਲਾ ਏਧਰ ਈ…… ।

ਇਧਰ-ਉਧਰ ਦੇਖਦੀ ਹੈ ਰੋਜ਼ੀ ।……ਕੌਣ ਆ ਰਿਹਾ ਏ ਮੈਨਾਬਾਈ ?

1 ਜਹਾਜ਼-ਵੱਡੀਆਂ ਬੇੜੀਆਂ

—ਉਹੀ......ਹਰਾਮੀ ਦੀ ਔਲਾਦ। ਕਿੰਨਾ ਪਿੱਛਾ ਛੁੜਾਉਂਦੀ ਹਾਂ ਮੈਂ ਇਹਦੇ ਕੋਲੋਂ......ਪਰ ਇਹ ਸੂਰ ਨਹੀਂ ਛੱਡਦਾ ਮੇਰੀ ਜਾਨ। ਇਧਰੋਂ ਭੱਜ ਕੇ ਮੈਂ ਸ਼ਿਵੜੀ ਚਲੀ ਗਈ ......ਤਾਂ ਦੂਜੇ ਦਿਨ ਪਹੁੰਚ ਗਿਆ ਪਿਛੇ ਪਿਛੇ......।

ਹਨੇਰੇ ਵਲ ਦੇਖਦਾ ਹੋਇਆ ਆਵਾਜ਼ਾਂ ਮਾਰਦਾ ਹੈ ਪੋਪਟ......ਮੈਨਾ! ਓ ਮੈਨਾ! ਕਿੱਥੇ ਏਂ ਤੂੰ?

ਖਾਮੋਸ਼ ਰਹਿੰਦੀ ਹੈ ਹਨੇਰੇ ਵਿਚ ਹੋਰ ਦੁਬਕ ਜਾਂਦੀ ਹੈ। ਪੁਕਾਰਦਾ ਰਹਿੰਦਾ ਹੈ ਪੋਪਟ। ਬੋਲਦੀ ਜਾਂਦੀ ਹੈ ਹੌਲੀ ਹੌਲੀ।......ਪੈਰ ਫੜ ਲਏ ਮੇਰੇ। ਆਖੇ ਕਿ ਜੇ ਤੂੰ ਵਾਪਸ ਨਹੀਂ ਚਲੇਂਗੀ ਤਾਂ ਮੈਂ ਦਰਿਆ ਵਿਚ ਡੁੱਬ ਕੇ ਮਰ ਜਾਵਾਂਗਾ। ਕਿੰਨਾ ਮਸਕਾ ਲਾਇਆ ਸੀ ਮੈਨੂੰ। ਕਹੇ ਕਿ ਮੈਂ ਹੁਣ ਤੈਨੂੰ ਪੇਸ਼ਾ ਨਹੀਂ ਕਰਨ ਦਿਆਂਗਾ......ਤੂੰ ਇਕ ਵਾਰ ਵਾਪਸ ਚਲ......ਸਿਰਫ ਇਕ ਵਾਰ। ਸਾਲਾ ਝੂਠਾ......ਕਮੀਨਾ......।

ਹੁਣ ਆ ਗਿਆ ਹੈ ਕੋਲ।......ਤੂੰ ਏਥੇ ਬੈਠੀ ਏਂ......ਅਤੇ ਮੈਂ ਓਧਰ ਝਖ ਮਾਰਦਾ ਪਿਆ ਆਂ। ਚਲ......ਘਰ ਨੂੰ ਚਲ......।

ਰੇਤ ਦੇ ਜਹਾਜ਼ਾਂ ਉਪਰ ਫਿਰ ਹੋ ਗਈ ਹੈ ਰੌਸ਼ਨੀ। ਸ਼ੁਰੂ ਹੋ ਗਈ ਰਾਤ। ਦੌੜਣ ਲਗੇ ਹਨ ਮਜ਼ਦੂਰ। ਕਾਲੇ ਤਖ਼ਤਿਆਂ ਦੇ ਥੱਲੇ ਕੰਬਦਾ ਹੋਇਆ ਪਾਣੀ।

ਜਵਾਬ ਨਹੀਂ ਦੇਂਦੀ ਮੈਨਾ।

—ਚਲ ਵੀ ਨਾ ਘਰ ਨੂੰ......ਨਹੀਂ ਜਾਵੇਂਗੀ?

ਫੇਰ ਲੈਂਦੀ ਹੈ ਮੂੰਹ।......ਨਹੀਂ!

ਨਹੀਂ। ਕਿਉਂ ਨਹੀਂ ਜਾਣਾ?

ਨਹੀਂ ਜਾਣਾ ਏ ਮੈਂ......ਏਥੇ ਈ ਬੈਠਣਾ ਏਂ......।

ਏਥੇ ਈ ਬੈਠਣਾ ਈ......। ਅਤੇ ਨੇੜੇ ਆ ਜਾਂਦਾ ਹੈ।......ਕਿਉਂ? ਕਿਉਂ ਨਹੀਂ ਜਾਣਾ?

ਚੀਕਦੀ ਹੈ......ਦੇਖ! ਕਹਿ ਦੇਨੀ ਆਂ ਤੈਨੂੰ......ਸਿਰ ਨਾ ਖਾ ਮੇਰਾ। ਮੈਂ ਨਹੀਂ ਜਾਣਾ ਕਿਧਰੇ ਵੀ।

—ਪਰ ਦਸ ਤਾਂ ਸਹੀ ਕਿਉਂ ਨਹੀਂ ਜਾਣਾ......?

—ਕਹਿ ਦਿੱਤਾ ਹੈ ਨਹੀਂ ਜਾਣਾ......ਤਾਂ ਨਹੀਂ ਜਾਣਾ......।

—ਏਥੇ ਹੀ ਰਹੇਂਗੀ ਤੂੰ ਹੁਣ?

—ਆਹੋ।

—ਕਦੀ ਨਹੀਂ ਜਾਏਂਗੀ ਘਰ ਨੂੰ?

—ਕਦੀ ਨਹੀਂ।

—ਠੀਕ ਹੈ......ਤਾਂ ਮੈਂ ਵੀ ਏਥੇ ਹੀ ਬੈਠਾਂਗਾ। ਮੈਂ ਵੀ ਕਦੀ ਨਹੀਂ ਜਾਵਾਂਗਾ ਘਰ ਨੂੰ।

ਇਕਦਮ ਮੁੜ ਜਾਂਦੀ ਹੈ। ਦੇਖ ਬਈ! ਮੈਨੂੰ ਐਵੇਂ ਤੰਗ ਨਾ ਕਰ......ਮੈਂ ਕਹਿ ਦਿੱਤਾ......ਹਾਂ......ਠੀਕ ਨਹੀਂ ਹੋਊ......!

ਰੋਜ਼ੀ ਵਲ ਮੁੜਦਾ ਹੈ ਪੋਪਟ।......ਮੈਂ ਇਸ ਨੂੰ ਤੰਗ ਕੀਤਾ ਏ ਰੋਜ਼ੀ। ਤੂੰ ਸੱਚ ਦੱਸ। ਮੈਂ ਤਾਂ ਸਿਰਫ ਘਰ ਜਾਣ ਨੂੰ ਈ ਕਿਹਾ ਏ......ਹੋਰ ਕੁਛ ਨਹੀਂ।

—ਪਰ ਉਹ ਤਾਂ ਗੁੱਸੇ ਏ ਤੇਰੇ ਨਾਲ।

—ਗੁੱਸਾ। ਕਾਹਦਾ ਗੁੱਸਾ? ਕੀ ਕੀਤਾ ਏ ਮੈਂ? ਮੈਂ ਤਾਂ ਸਿਰਫ ਇਹੀ ਕਿਹਾ ਏ ਨਾ ਕਿ ਮੈਨੂੰ ਭਾਵੇਂ ਤੰਗੀ ਹੋਵੇ ਕੋਈ ਪਰਵਾਹ ਨਹੀਂ......ਇਹਨੂੰ ਤੰਗੀ ਦੇਣਾ ਨਹੀਂ ਚਾਹੁੰਦਾ।

ਅਚਾਨਕ ਚੀਕਣ ਲਗਦੀ ਹੈ ਮੈਨਾ।......ਸਾਲਾ......ਹਰਾਮੀ......ਕਮੀਨਾ ਮਾਂ...... ਝੂਠ ਬੋਲਦੈ। ਕੁਝ ਸ਼ਰਮ ਹੈ ਤੈਨੂੰ? ਮੈਨੂੰ ਦੁੱਖ ਦੇਣਾ ਨਹੀਂ ਚਾਹੁੰਦਾ। ਤੇਰਾ ਮੂੰਹ ਸੜ ਜਾਵੇ... ...ਨਡ਼ੋਇਆ ਨਿਕਲੇਗਾ ਤੇਰਾ।

ਦੇਖ ਤੂੰ ਐਵੇਂ ਵਾਧੂ ਨਾ ਬੋਲ। ਘਰ ਵਿਚ ਝਗੜਾ ਕਰਕੇ ਏਧਰ ਆ ਗਈ ਏਂ ਅਤੇ ਹੁਣ ਏਧਰ ਝਗੜਾ ਕਰੇਂਗੀ ਤਾਂ ਠੀਕ ਨਹੀਂ ਹੋਊ......ਹਾਂ।

ਉਠ ਕੇ ਖੜੀ ਹੋ ਜਾਂਦੀ ਹੈ ਮੈਨਾ। ਸਮਝਾਉਂਦੀ ਹੈ ਰੋਜ਼ੀ।......ਘਰ ਜਾਣ ਵਿਚ ਕੋਈ ਹਰਜ਼ ਨਹੀਂ ਮੈਨਾ ਬਾਈ। ਏਥੇ ਝਗੜਾ ਕਰਨ ਨਾਲ ਕੀ ਹੋਵੇਗਾ।

—ਏ, ਤੂੰ ਚੁਪ ਰਹਿ। ਅਕਲ ਨਾ ਸਿਖਾ ਮੈਨੂੰ। ਮੈਂ ਝਗੜਾ ਕਰਦੀ ਆਂ ਕਿ ਇਹ ਕਰਦਾ ਏ। ਨਹੀਂ ਜਾਂਦੀ ਮੈਂ......ਕੀ ਕਰ ਲਊ ਇਹ ਮੇਰਾ?

ਹੁਣ ਫਿਰ ਇਕੱਠੇ ਹੋਣ ਲਗੇ ਹਨ ਆਉਂਦੇ ਜਾਂਦੇ ਲੋਕ। ਫਿਰ ਸ਼ੁਰੂ ਹੋ ਰਿਹਾ ਹੈ ਤਮਾਸ਼ਾ। ਹੱਥ ਫੜਦਾ ਹੈ ਪੋਪਟ।......ਤੂੰ ਏਥੇ ਤਮਾਸ਼ਾ ਨਾ ਦਿਖਾ। ਕੀ ਕਿਹਾ ਏ ਮੈਂ......ਲੈ ਕੇ ਜਾਵਾਂਗਾ ਤੈਨੂੰ......।

—ਹੱਥ ਛੱਡ ਮੇਰਾ।......ਮੈਂ ਕਹਿੰਨੀ ਆਂ ਹੱਥ ਛੱਡ ਦੇ। ਨਹੀਂ ਛੱਡੇਂਗਾ?

—ਨਹੀਂ ਛੱਡਦਾ ਹੱਥ।......ਤੂੰ ਕੁਝ ਨਹੀਂ ਖਾਧਾ......ਮੈਂ ਵੀ ਕੁਝ ਨਹੀਂ ਖਾਧਾ। ਹੁਣੇ ਚਲ ਤੂੰ। ਲੈ ਕੇ ਜਾਵਾਂਗਾ ਮੈਂ ਤੈਨੂੰ......ਸੱਚ ਕਹਿੰਨਾ ਆਂ।

—ਸੱਚ ਦਾ ਪੁੱਤਰ। ਮੈਂ ਕਹਿੰਨੀ ਆਂ ਹੱਥ ਛੱਡ ਦੇ......ਛੱਡਦਾ ਏਂ ਕਿ ਨਹੀਂ?

ਫਿਰ ਵੀ ਨਹੀਂ ਛੱਡਦਾ ਹੱਥ। ਦੂਸਰੇ ਹੱਥ ਨਾਲ ਇਕ-ਦਮ ਮੁੱਕੇ ਮਾਰਨ ਲਗਦੀ ਹੈ ਮੈਨਾ।......ਛੱਡ ਮੇਰਾ ਹੱਥ। ਛੱਡ। ਮਾਂ......। ਕਮੀਨਾ। ਕੁੱਤਾ......ਨੀਚ......। ਤੇਰਾ ਨੜੋਇਆ ਨਿਕਲੇ। ਤੇਰੀ ਮੌਤ ਦੇਖਾਂ ਮੈਂ! ਛੱਡ......ਛੱਡ।

ਮਾਰ ਖਾਈ ਜਾਂਦਾ ਹੈ ਪੋਪਟ......ਹੱਥ ਨਹੀਂ ਛੱਡਦਾ।......ਤੂੰ ਮਾਰ ਲੈ ਜਿੰਨਾ ਮਾਰਨਾ ਹੈ! ਲੈ ਕੇ ਜਾਵਾਂਗਾ ਤੈਨੂੰ ਮੈਂ......।

ਹੁਣ ਫਿਰ ਇਕੱਠੀ ਹੋ ਗਈ ਹੈ ਭੀੜ। ਹੱਫ ਗਈ ਮੈਨਾ......ਫਿਰ ਵੀ ਮਾਰੀ ਜਾਂਦੀ ਹੈ। ਮਾਰਦੀ ਜਾਂਦੀ ਹੈ......ਰੋਂਦੀ ਜਾਂਦੀ ਹੈ। ਅੱਖਾਂ ਵਿਚੋਂ ਅੱਥਰੂਆਂ ਦੀ ਧਾਰ......ਅਤੇ ਮਾਰਦੀ

ਜਾਂਦੀ ਹੈ ਮੁੱਕੇ ।......ਕਮੀਨਿਆ । ਸੂਰ ਦੀ ਔਲਾਦ । ਮਾਂ...... । ਭੈਣ......। ਤੇਰਾ ਕਦੀ ਭਲਾ ਨਾ ਹੋਵੇ ਤੂੰ ਬਹੁਤ ਤੰਗ ਕੀਤਾ ਏ ਮੈਨੂੰ......ਬਹੁਤ ਰੁਲਾਇਆ ਏ ।......ਤੇਰਾ ਮੁਰਦਾ ! ਤੇਰੀ ਮੌਤ......।

ਹਟਾਉਂਦੀ ਹੈ ਰੋਜ਼ੀ ਬਾਰ ਬਾਰ ।......ਤੂੰ......ਤੂੰ ਪਾਗਲ ਹੋ ਗਈ ਏਂ ਮੈਨਾ ਬਾਈ । ਇੰਜ ਕਿਉਂ ਕਰਨੀ ਏਂ । ਬਸ......ਬਸ......ਹੁਣ ਬਸ ਕਰ......ਬੱਸ ਕਰ ਮੈਂ ਕਹਿੰਨੀ ਆਂ......।

ਸਿਰ ਫਿਰ ਗਿਆ ਮੈਨਾ ਦਾ । ਹਰ ਜਗ੍ਹਾ, ਹਰ ਕਿਸੇ ਨਾਲ ਝਗੜਾ । ਜਦ ਦੇਖੋ...... ਭੀੜ । ਕਿਹੋ ਜਿਹੀ ਔਰਤ ਏ । ਬੀੜੀ ਸੁੱਟ ਦੇਂਦਾ ਹੈ ਕਿਸਤੱਈਆ......ਆ ਕੇ ਖੜਾ ਹੋ ਜਾਂਦਾ ਹੈ ।......ਤੈਨੂੰ ਕੀ ਹੋ ਗਿਆ ਏ ਮੈਨਾ ? ਸਭਨਾਂ ਨਾਲ ਝਗੜਾ ਕਰਦੀ ਏਂ । ਬਸ......ਬਸ... ...ਬਈ ਬਸ ਵੀ ਕਰ......।

ਹੱਥ ਫੜ ਲੈਂਦਾ ਹੈ ਕਿਸਤੱਈਆ । ਚੀਕ ਰਹੀ ਹੈ ।......ਮੈਂ ਕਹਿੰਨੀ ਆਂ ਮੇਰਾ ਹੱਥ ਛੱਡ ਦੇ......ਛੱਡ ਦੇ । ਮੈਂ ਨਹੀਂ ਜਾਵਾਂਗੀ ਇਹਦੇ ਨਾਲ......ਕਦੀ ਨਹੀਂ । ਜੰਗਲੀ......। ਸਾਲਾ ਜਾਨਵਰ......ਸਾਲਾ ਹਰਾਮੀ......।

ਭੀੜ ਨੂੰ ਸਮਝਾ ਰਿਹਾ ਹੈ ਪੋਪਟ ।......ਬਹੁਤ ਗਰਮ ਮਿਜ਼ਾਜ ਏ ਇਹਦਾ । ਸ਼ਾਮ ਨੂੰ ਝਗੜਾ ਕੀਤਾ ਏ ਮੇਰੇ ਨਾਲ......ਫੇਰ ਏਧਰ ਆ ਗਈ ਏ । ਮੈਂ ਵੀ ਕੀ ਕਰਾਂ ? ਕਿੰਨਾ ਸਮਝਾਇਆ ਏ ਇਹਨੂੰ......ਸਮਝਦੀ ਈ ਨਹੀਂ । ਹੁਣ ਘਰ ਚਲਣ ਨੂੰ ਕਿਹਾ ਏ......ਤਾਂ ਮੈਨੂੰ ਮਾਰਨ ਲਗ ਪਈ ਏ......ਦੇਖੋ ਨਾ......।

ਹੁਣ ਉਥੇ ਹੀ ਜ਼ਮੀਨ 'ਤੇ ਬੈਠ ਗਈ ਹੈ । ਰੋਂਦੀ ਜਾਂਦੀ ਹੈ......ਗਾਲ੍ਹਾਂ ਕੱਢੀ ਜਾਂਦੀ ਹੈ । ਹੱਥ ਫੜ ਕੇ ਉਠਾਉਂਦਾ ਹੈ ਕਿਸਤੱਈਆ ।......ਹੁਣ ਉਠ ਵੀ......ਬਹੁਤ ਹੋ ਗਿਆ ਏ ਝਗੜਾ । ਜਾ ਘਰ ਨੂੰ । ਮੈਂ ਕਹਿੰਨਾ ਆਂ......ਜਾ ਘਰ ਨੂੰ । ਲੈ ਜਾ ਓਏ......ਲੈ ਜਾ ਇਹਨੂੰ । ਜਾਵੇਗੀ......ਜਾਵੇਗੀ ਤੇਰੇ ਨਾਲ । ਚਲ ਜਾ । ਭੀੜ ਨੂੰ ਡਾਂਟਦਾ ਹੈ......ਚਲੋ......ਚਲੋ ਏਧਰੋਂ । ਕੀ ਦੇਖਦੇ ਓ......ਇਥੇ ਰੰਡੀ ਦਾ ਨਾਚ ਹੋ ਰਿਹੈ ? ਸਾਲਾ ਰੋਜ਼ ਝਗੜਾ ਹੁੰਦਾ ਏ...... ਕਦੀ ਕੁਝ......ਕਦੀ ਕੁਝ । ਚਲੋ ਭਜੋ ਏਧਰੋਂ......।

ਕੁਝ ਚਲੇ ਗਏ......ਕੁਝ ਜਾ ਰਹੇ ਹਨ । ਗੋਡਿਆਂ ਉਤੇ ਸਿਰ ਰਖੀਂ ਹੌਲੀ ਹੌਲੀ ਸਿਸਕ ਰਹੀ ਹੈ ਮੈਨਾ । ਕੋਲ ਬੈਠ ਗਿਆ ਹੈ ਪੋਪਟ । ਕੁਝ ਪਲ ਗੁਜ਼ਰਦੇ ਹਨ......। ਰਾਤ ਦਾ ਸਮਾਂ......ਸੌਣਾ ਜਾਗਣਾ ਲਗਾ ਰਹਿੰਦਾ ਹੈ । ਉਸ ਪਾਰ......ਸਫੈਦ ਰੋਸ਼ਨੀਆਂ ਦੀ ਕਤਾਰ... ...ਡੁਬਦੀ ਜਾਂਦੀ ਹੈ ਹੌਲੀ ਹੌਲੀ । ਕਬਾਬ ਅਤੇ ਮੱਛੀਆਂ ਵਾਲੀਆਂ ਰੇੜ੍ਹੀਆਂ ਚਲੀਆਂ ਜਾਂਦੀਆਂ ਹਨ । ਸੜਕ ਸੁੰਨੀ......ਫੁਟਪਾਥ ਖਾਮੋਸ਼......ਪੁਲ ਦੀਆਂ ਪੌੜੀਆਂ ਕੋਲ ਭੀੜ ਦਾ ਜਮਘਟਾ... ਜੂਆ ਖੇਡਣ ਵਾਲਿਆਂ ਦਾ ।

ਫੁਟਪਾਥ ਉਪਰ ਹੁਣ ਵੀ ਬੈਠੇ ਹਨ ਦੋਵੇਂ......ਚੁਪ ਚਾਪ......ਥੱਕੇ ਹੋਏ । ਇਕ ਲੰਬੀ

ਉਬਾਸੀ......ਫਿਰ ਇਕ ਹੋਰ ਲੰਬੀ ਉਬਾਸੀ । ਰੋਣਾ ਖਤਮ ਹੋ ਗਿਆ ਹੈ......ਗਾਲ੍ਹਾਂ ਬਾਕੀ ਹਨ !......ਸਾਲਾ । ਤੂੰ ਫਸਾਇਆ......ਮੈਨੂੰ......ਧੋਖਾ ਦਿੱਤਾ......।

ਫਿਰ ਇਕ ਲੰਬੀ ਉਬਾਸੀ । ......ਨਾ ਮੈਂ ਤੈਨੂੰ ਫਸਾਇਆ ਏ......ਨਾ ਤੂੰ ਮੈਨੂੰ ਫਸਾਇਐ ......ਆਪਾਂ ਦੋਵਾਂ ਇਕ ਦੂਜੇ ਨੂੰ ਫਸਾਇਆ ਏ । ਮੈਨਾ......ਚਲ ਉਠ ਹੁਣ । ਮੈਂ ਤੇਰੇ ਵਾਸਤੇ ਖਾਣ ਲਈ ਕੁਝ ਲਿਆਇਆ ਹਾਂ ।

—ਚੁਲ੍ਹੇ ਵਿਚ ਪਾ ਉਹਨੂੰ । ਮੈਂ ਨਹੀਂ ਲੈਣਾ ਤੇਰਾ ਕੁਝ ਵੀ । ਕੀ ਕਹਿੰਨਾ ਸੈਂ ਤੂੰ... ...ਕੰਮ ਕਰੇਂਗਾ ਅਤੇ ਢਿੱਡ ਭਰੇਂਗਾ ਮੇਰਾ । ਹੁਣ ਧੰਦਾ ਕਰਦੀ ਆਂ ਮੈਂ ਅਤੇ ਢਿੱਡ ਭਰਦੀ ਆਂ ਤੇਰਾ......।

ਫਿਰ ਲੰਮੀਆਂ ਉਬਾਸੀਆਂ ।......ਮੈਂ ਕੀ ਕਿਹਾ ਸੀ ਤੈਨੂੰ । ਛੋਟਾ ਮੋਟਾ ਧੰਦਾ ਆਪਾਂ ਨਹੀਂ ਕਰਨਾ । ਇਕਦਮ ਵੱਡਾ ਧੰਦਾ ਕਰਾਂਗਾ......ਅਤੇ ਸਭ ਘਾਟੇ ਪੂਰੇ ਕਰਾਂਗਾ । ਹੁਣ ਉਠ ਵੀ ਨਾ ਤੂੰ......ਹੱਥ ਜੋੜਦਾ ਆਂ ਤੇਰੇ ਅੱਗੇ......ਪੈਰ ਫੜਦਾ ਹਾਂ...।

ਚੀਕਦੀ ਹੈ......ਕਦੋਂ ਹੋਊ ਤੇਰਾ ਉਹ ਵੱਡਾ ਧੰਦਾ ? ਮੇਰੀ ਮੌਤ ਤੋਂ ਪਿਛੋਂ ? ਸਵੇਰ ਤੋਂ ਚੁਲ੍ਹਾ ਨਹੀਂ ਬਲਿਆ । ਸ਼ਾਮ ਤੋਂ ਕੁੱਤੀ ਵਾਂਗ ਰੌਂਡ (ਚੱਕਰ) ਮਾਰਦੀ ਪਈ ਆਂ । ਇਕ ਗਾਹਕ ਵੀ ਨਹੀਂ ਮਿਲਿਆ । ਮਰ ਗਏ ਸਭ ਦੇ ਸਭ । ਰੋਜ਼ ਈ ਇੰਜ ਹੁੰਦਾ ਏ । ਮੈਂ ਕੀ ਜਾਨਵਰ ਆਂ......ਬੋਲ ਵੀ । ਕੀ ਕਿਹਾ ਸੀ ਤੂੰ ਚਾਲ੍ਹੀਆਂ ਵਿਚ ਇਕ ਖੋਲੀ ਲੈ ਕੇ ਦਿਆਂਗਾ......ਦੋ ਵੇਲਿਆਂ ਦੀ ਰੋਟੀ......ਸਾੜ੍ਹੀਆਂ ਬਲਾਊਜ਼......ਸਿਨਮਾ ਲੈ ਕੇ ਜਾਵਾਂਗਾ......ਇਹ ਕਰਾਂਗਾ ......ਉਹ ਕਰਾਂਗਾ । ਕਿਧਰ ਗਿਆ ਇਹ ਸਭ ਕੁਝ ? ਗਧੀ ਦੀ ਗਾਂਡ ਵਿਚ ਵੜ ਗਿਆ ਸਭ ਕੁਝ । ਸਾਲਾ ਝੂਠਾ । ਕੀ ਹਾਲ ਕਰ ਦਿੱਤਾ ਮੇਰਾ ? ਅੱਜ ਇਹਦੇ ਥੱਲੇ ਤਾਂ ਕਲ੍ਹ ਉਹਦੇ ਥੱਲੇ । ਫਿਰ ਵੀ ਭੁਖੀ ਮਰਦੀ ਆਂ । ਉਧਰ ਮੁੰਡਾ ਹੋਟਲ ਦੀ ਜੂਠ ਖਾਂਦਾ ਏ । ਕਾਹਦੇ ਲਈ ਸਭ ਝੂਠ ਮਾਰਿਆ ਸੀ ਤੂੰ ?

ਪਤਾ ਨਹੀਂ ਕਦੋਂ ਝੁਕ ਗਿਆ ਸੀ ਸਿਰ । ਉਠਾ ਲੈਂਦਾ ਹੈ ਹੌਲੀ ਹੌਲੀ......ਮੈਂ ਝੂਠੀ ਗੱਲ ਕਦੀ ਨਹੀਂ ਕੀਤੀ । ਸਭ ਕੁਝ ਕਰਾਂਗਾ ਮੈਂ......ਪਰ ਝੂਠੀ ਗੱਲ ਨਹੀਂ ਕਰਾਂਗਾ । ਪਹਿਲਾਂ ਵੀ ਕਿਹਾ ਸੀ......ਹੁਣ ਵੀ ਕਹਿੰਨਾ ਆਂ......ਮੇਰੀ ਜ਼ਿੰਦਗੀ ਦੀ ਇਕੋ ਇਕ ਰੀਝ ਹੈ...ਤੈਨੂੰ ਚਾਲ੍ਹੀਆ ਵਿਚ ਖੋਲੀ ਲੈ ਕੇ ਦੇਣਾ......ਤੈਨੂੰ ਚੰਗੇ ਕਪੜੇ ਲਿਆ ਕੇ ਦੇਣਾ......ਤੈਨੂੰ ਏਧਰੋਂ ਲੈ ਜਾਣਾ । ਅਤੇ ਮੈਂ ਤੈਨੂੰ ਕਹਿੰਨਾ ਆਂ ਮੈਨਾ ਯਾਦ ਰਖੀਂ......ਇਕ ਦਿਨ ਮੇਰਾ ਟੈਮ ਜ਼ਰੂਰ ਆਏਗਾ......ਜ਼ਰੂਰ ਆਏਗਾ । ਤਾਂ ਤੂੰ ਕਹੀਂ ਮੈਨੂੰ......।

ਬਹੁਤ ਭੈੜਾ ਮੂੰਹ ਬਣਾਉਂਦੀ ਹੈ ਹਨੇਰੇ ਵਿਚ । ......ਜਾ ਵੇ ਵੱਡਾ ਆਇਆ ਟੈਮ ਵਾਲਾ । ਮੈਂ ਮਰ ਜਾਵਾਂਗੀ ਤਾਂ ਪਿਛੋਂ ਆਏਗਾ ਤੇਰਾ ਟੈਮ । ਮੈਂ ਜਿੰਨਾ ਚਿਰ ਜੀਊਂਨੀ ਆਂ ਉਦੋਂ ਤਕ ਤਾਂ ਨਹੀਂ ਆਉਂਦਾ...... ।

ਠੀਕ ਹੈ । ......ਫਿਰ ਝੁਕਾ ਲੈਂਦਾ ਹੈ ਸਿਰ । ......ਨਹੀਂ ਆਏਗਾ ਤਾਂ ਨਾ ਸਹੀ । ਪਰ

ਮੈਂ ਤਾਂ ਉਸ ਟੈਮ ਦਾ ਰਸਤਾ ਦੇਖ ਰਿਹਾ ਹਾਂ। ਕਈਆਂ ਲੋਕਾਂ ਦੀ ਜ਼ਿੰਦਗੀ ਕਿਸੇ ਚੀਜ਼ ਵਾਸਤੇ······ਕਈਆਂ ਦੀ ਕਿਸੇ ਹੋਰ ਚੀਜ਼ ਵਾਸਤੇ······ਮੇਰੀ ਜ਼ਿੰਦਗੀ······ਉਸ ਟੈਮ ਵਾਸਤੇ। ਅਤੇ ਮੈਨੂੰ ਯਕੀਨ ਹੈ······ਮੇਰਾ ਉਹ ਟੈਮ ਜ਼ਰੂਰ ਆਏਗਾ······ਹੁਣ ਤੂੰ ਉਠੇਂਗੀ ਕਿ ਏਥੇ ਬੈਠੀ ਰਹੇਂਗੀ ਸਾਰੀ ਰਾਤ। ਚਲ ਉਠ !

ਹੱਥ ਫੜ ਕੇ ਉਠਾਉਂਦਾ ਹੈ ਮੈਨਾ ਨੂੰ······ਅਤੇ ਉਠ ਪੈਂਦੀ ਹੈ ਮੈਨਾ। ਰੋਜ਼ੀ ਦਿਖਾਈ ਨਹੀਂ ਦੇਂਦੀ। ਦਿਖਾਈ ਦੇਂਦਾ ਹੈ ਇਕ ਢੇਰ ਗੁਦੜੀਆਂ ਦਾ। ਜਾਗਦਾ ਹੈ ਜਾਂ ਸੁੱਤਾ......ਪਤਾ ਨਹੀਂ। ਲੰਘਦੇ ਜਾਂਦੇ ਹਨ ਪੰਭੇ..... ਇਕ ਤੋਂ ਬਾਅਦ ਇਕ। ਕਦਮ ਬਚਾਈ ਜਾਂਦੇ ਹਨ ਫੁਟਪਾਥ ਉਪਰ ਸੌਣ ਵਾਲਿਆਂ ਨੂੰ। ਪੁਲ ਦੀ ਤੇਜ਼ ਰੌਸ਼ਨੀ ਥੱਲੇ ਹਨੇਰਾ......ਤੇਜ਼ ਦੌੜਨ ਵਾਲੀਆਂ ਗੱਡੀਆਂ ਦੇ ਉਜਾਲੇ ਵਿਚ ਟੁੱਟ ਕੇ ਫਿਰ ਜੁੜ ਜਾਂਦਾ ਹੈ। ਇਕ ਚਮਕ......ਲੋਪ ਹੋ ਜਾਂਦੀ ਹੈ ਹੌਲੀ ਹੌਲੀ। ਸੁੱਤੇ ਹੋਏ ਲੋਕ......ਫਿਰ ਸੌਂ ਜਾਂਦੇ ਹਨ ਪਾਸਾ ਪਰਤ ਕੇ। ਭਿੰਨ ਭਿੰਨਾ ਕੇ ਜਾਗ ਪੈਂਦੀਆਂ ਹਨ ਮੱਖੀਆਂ......ਫਿਰ ਸੌਂ ਜਾਂਦੀਆਂ ਹਨ, ਇਕ ਹਨੇਰੀ ਨੁੱਕਰ ਵਿਚ ਜਾਗਦਾ ਹੋਇਆ ਇਕ ਸ਼ਰਾਬੀ......ਚੀਕ ਰਿਹਾ ਹੈ। ਕੱਢ ਰਿਹਾ ਹੈ ਗਾਲ੍ਹਾਂ······ਕਿਸੇ ਅਣਜਾਣ ਨੂੰ ਗਾਲ੍ਹਾਂ······ਅਤੇ ਗਾਲ੍ਹਾਂ......ਅਣਜਾਣ ਦੇ ਨਾਂ। ਅਣਜਾਣ······ਜਿਸ ਵਿਚ ਸਭ ਕੁਝ······ਇਕ ਆਦਮੀ······ਇਕ ਦੁਨੀਆਂ......ਇਕ ਧਰਤੀ......ਅਸਮਾਨ......ਇਨਸਾਨ······ਭਗਵਾਨ......ਥਿੜਕਦੀ ਹੋਈ ਜ਼ਬਾਨ······ਉਗਲਦੀ ,ਜਾ ਰਹੀ ਹੈ।......ਤੇਰੀ ਮਾਂ ਦੀ······ ! ਸਾਲਾ ਭੈਣ······। ਨ···ਨ...ਨਹੀਂ ਮਿਲੇਗਾ······ਮ···ਮ···ਮ···ਮਤ ਮਿਲ। ਹਾਂ······ਮ···ਮ···ਮੈਂ ਕਹਿਨਾ..... ਤ···ਤ···ਤ · ਤੇਰੀ ਮਾਂ ਦੀ······। ਹਾਪ। ਤ···ਤ···ਤੇਰੀ ਭੈਣ ਦੀ..... ਅਹ......। ਨ...ਨ...ਨ···ਨਹੀਂ ਆਉਂਦਾ ਨ···ਨ···ਨਾ ਆ। ਕ···ਕ···ਕੀ ਸਮਝਦਾ ਏ ਆਪਣੇ ਆਪ ਨੂੰ···ਮ...ਮ···ਮੈਂ ਕੀ ਸਮਝਨਾ ਆਂ ਤੈਨੂੰ......ਅਹ। ···ਤ···ਤ···ਤੇਰੀ ਮਾਂ ਦੀ···ਤ···ਤ···ਤੇਰੀ ਭੈਣ ਦੀ······।

ਅਤੇ ਸਭ ਤੋਂ ਅਖੀਰਲੀ ਝੌਂਪੜੀ ਵਿਚ ਘੁੱਪ ਹਨੇਰੇ ਵਿਚ ਜਾਗਦਾ ਹੋਇਆ ਪੋਪਟ......ਇਕ ਕਹਾਣੀ ਸੁਣਾ ਰਿਹਾ ਹੈ, ਊਂਘ ਰਹੀ ਮੈਨਾ ਨੂੰ······ਮਜ਼ਦੂਰੀ ਕਰਾਂਗਾ ਤਾਂ ਕੀ ਮਿਲੇਗਾ ······ਕੁਛ ਨਹੀਂ। ਸਾਰੀ ਜ਼ਿੰਦਗੀ ਇਥੇ ਈ ਸੜਨਾ ਪਵੇਗਾ। ਮਜੂਰੀ ਕਰ ਕੇ ਅੱਜ ਤਕ ਕਿਸ ਨੇ ਖੋਲੀ ਲਈ ਏ ਅਤੇ ਕਿਹਨੇ ਮਕਾਨ ਪਾਇਆ ਏ ! ਕਿਸੇ ਨੇ ਨਹੀਂ। ਫਿਰ ਮੈਂ ਕੀ ਕਰਾਂ······ਕਿਥੋਂ ਲਿਆਵਾਂ ਖੋਲੀ ਅਤੇ ਘਰ ! ਇਹ ਸਭ ਝੂਠੀ ਗੱਲ ਏ ਮੈਨਾ। ਤੂੰ ਐਸਾ ਸੋਚਦੀ ਏਂ ਤਾਂ ਇਹ ਭੁਲ ਏ ਤੇਰੀ। ਬਹੁਤ ਵੱਡੀ ਭੁਲ। ਸਮਝ ਗਈ ਏਂ ਨਾ ਤੂੰ ?

ਸਮਝ ਗਈ ਮੈਨਾ। ਸੌਂ ਰਹੀ ਜਾਂ ਜਾਗ ਰਹੀ······ਪਤਾ ਨਹੀਂ। ਪਰ ਸਮਝ ਜ਼ਰੂਰ ਗਈ ਹੈ। ਇਹ ਮੰਨ ਲੈਂਦਾ ਹੈ ਪੋਪਟ······ਫਿਰ ਸ਼ੁਰੂ ਕਰ ਦੇਂਦਾ ਹੈ ਬੋਲਣਾ······ਜੋ ਲੋਕ ਕਲ੍ਹ ਤਕ ਕੰਗਲੇ ਸਨ······ਅੱਜ ਲੱਖ ਪਤੀ ਹਨ। ਪੁਲਿਸ ਦਾ ਸਾਹਬ ਜੋ ਕਲ੍ਹ ਤਕ ਉਨ੍ਹਾਂ ਨੂੰ ਹਵਾਲਾਤ ਵਿਚ ਬੰਦ ਰਖਦਾ ਸੀ······ਅਜ ਉਹੀ ਉਨ੍ਹਾਂ ਨੂੰ ਸਲਾਮ ਕਰਦਾ ਹੈ......ਅੱਜ ਉਹੀ ਉਨ੍ਹਾਂ ਨਾਲ

ਬੈਠ ਕੇ ਮੁਰਗਾ ਖਾਂਦਾ ਹੈ..... ਦਾਰੂ ਪੀਂਦਾ ਹੈ। ਸਮਝੀ ਤੂੰ ? ਸਭ ਹੋ ਸਕਦਾ ਏ······ਪਰ ਕਰਨ ਵਾਲਾ ਹੋਣਾ ਚਾਹੀਦੈ। ਅਤੇ ਮੈਂ ਤੈਨੂੰ ਕਹਿਨਾਂ ਆਂ ਮੈਨਾ······ਮੈਂ ਵੀ ਕਰ ਕੇ ਦਿਖਾਵਾਂਗਾ......ਦੇਖ ਲਈਂ ਤੂੰ। ਉਸ ਹਾਜੀ ਉਮਰ ਨੂੰ ਜਾਣਦੀ ਏਂ ਤੂੰ ?......ਮੈਨਾ ! ਓ ਮੈਨਾ !

ਸੁੱਤੀ ਮੈਨਾ ਨੂੰ ਹਿਲਾਉਂਦਾ ਹੈ। ......ਸੌਂ ਗਈ ? ਹੁਣੇ ਹੀ ? ਉਠ ਉਠ। ······ਹਾਜੀ ਉਮਰ ਨੂੰ ਜਾਣਦੀ ਏਂ ਨਾ ? ਨਹੀਂ ਜਾਣਦੀ ? ਮੇਰੇ ਨਾਲ ਹਵਾਲਾਤ ਵਿਚ ਸੀ ਇਕ ਟੈਮ। ਪਹਿਲਾਂ ਦਾਰੂ ਦਾ ਧੰਦਾ ਕੀਤਾ। ਜਦੋਂ ਥੋੜ੍ਹਾ ਪੈਸਾ ਕਮਾਇਆ ···ਤਾਂ ਰੰਡੀ ਦਾ ਹੋਟਲ ਚਾਲੂ ਕਰ ਦਿੱਤਾ। ਥੋੜ੍ਹਾ ਹੋਰ ਪੈਸਾ ਕਮਾਇਆ। ਪਿਛੋਂ ਚੋਰ-ਬਾਜ਼ਾਰੀ ਦਾ ਕੰਮ ਸ਼ੁਰੂ ਕਰ ਦਿੱਤਾ······ਸਮਗਲਿੰਗ। ਪੰਜਾਂ ਸਾਲਾਂ ਅੰਦਰ ਬਣ ਗਿਆ ਲੱਖਪਤੀ। ਵੱਡੀਆਂ ਵੱਡੀਆਂ ਬਿਲਡਿੰਗਾਂ ਨੇ ਉਸ ਦੀਆਂ। ਪੁਲਿਸ ਦੇ ਸਭ ਵੱਡੇ ਸਾਹਬ ਲੋਕਾਂ ਨੂੰ ਪਾਰਟੀਆਂ ਦੇਂਦਾ ਏ......ਵੱਡੇ ਵੱਡੇ ਮਨਿਸਟਰ ਲੋਕ ਉਸ ਨੂੰ ਆਪਣੇ ਘਰ ਬੁਲਾਉਂਦੇ ਨੇ। ਸਮਝੀ ?

ਪਰ ਫਿਰ ਸੌਂ ਗਈ ਮੈਨਾ। ਫਿਰ ਜਗਾ ਦੇਂਦਾ ਹੈ ਪੋਪਟ। ······ਆਪਾਂ ਨੂੰ ਵੱਡੀਆਂ ਵੱਡੀਆਂ ਬਿਲਡਿੰਗਾਂ ਨਹੀਂ ਚਾਹੀਦੀਆਂ ਮੈਨਾ। ਸਿਰਫ ਇਕ ਖੋਲੀ ਅਤੇ ਥੋੜ੍ਹਾ ਜਿੰਨਾ ਰੁਪਿਆ ਚਾਹੀਦੈ। ਇਸ ਤੋਂ ਪਿਛੋਂ ਆਪਾਂ ਇਹ ਕੰਮ ਛੱਡ ਦੇਣਾ ਏ······।

ਪਾਸਾ ਪਰਤ ਕੇ ਫਿਰ ਸੌਂ ਗਈ ਮੈਨਾ। ਫਿਰ ਵੀ ਜਾਗਦਾ ਰਹਿੰਦਾ ਹੈ ਪੋਪਟ। ਹਨੇਰੇ ਵਿਚ ਖੁਲ੍ਹੀਆਂ ਅੱਖਾਂ..... ਦੇਖਦੀਆਂ ਜਾਂਦੀਆਂ ਹਨ ਤਸਵੀਰਾਂ..... ਸੁਣਦੀਆਂ ਜਾਂਦੀਆਂ ਹਨ ਆਵਾਜ਼ਾਂ। ਪਰ ਸਾਰੇ ਪਾਸੇ ਚੁੱਪ ਹੈ। ਚਾਰੇ ਪਾਸੇ······ਸਿਰਫ ਮੱਛਰਾਂ ਦੀ ਘੂੰ ਘੂੰ। ਇਕ ਝੌਂਪੜੀ ਵਿਚ ਅਜੇ ਤਕ ਜਾਗ ਰਹੀ ਹੈ ਸਾਂਵਲੀ ਹਸੀਨਾ······ਦੇਖਦੀ ਜਾਂਦੀ ਹੈ ਸੁੱਤੇ ਬੱਚੇ ਨੂੰ। ਹੁਣ ਨਹੀਂ ਆਏਗਾ ਕੋਈ..... ਹੁਣ ਨਹੀਂ ਹੋਵੇਗੀ ਕਿਸੇ ਦੀ ਉਡੀਕ।

ਹੋ ਜਾਂਦੀ ਹੈ ਸਵੇਰ। ਬਸ਼ੀਰਨ ਦੀ ਝੌਂਪੜੀ। ਸੁੱਤੀਆਂ ਹਨ ਤਿੰਨੇ......ਬਸ਼ੀਰਨ......ਨੂਰਨ······ਪਾਰਬਤੀ। ਲਹਿੰਗੇ ਅਤੇ ਚੋਲੀਆਂ ਪਾਈ ···ਉਲਟੀਆਂ ਸਿੱਧੀਆਂ......ਏਧਰੋਂ ਓਧਰ। ਰਾਤ ਦੇ ਖਾਧੇ ਪਾਵ (ਡਬਲ ਰੋਟੀ ਦੇ ਬੰਟ) ਦੇ ਟੁਕੜ ਦੇ ਦਾਣੇ···– ਕਾਗਜ਼......ਡੂਨੇ......ਖਿਲਰੇ ਪਏ ਹਨ। ਅੱਠ-ਨੌਂ-ਦਸ..... ਸਭ ਵਜਦੇ ਜਾਂਦੇ ਹਨ। ਪਾਸਾ ਪਰਤਦੀ ਹੈ ਨੂਰਨ। ਭਾਰੀ ਅਵਾਜ਼..... ਆਪਾ ! ਓ ਬਸ਼ੀਰਨ ਆਪਾ। ਬਹੁਤ ਟੈਮ ਹੋ ਗਿਆ ਏ......ਉਠੋਂ ਵੀ ਨਾ ! ......ਪਾਸਾ ਪਰਤ ਕੇ ਸੌਂ ਜਾਂਦੀ ਹੈ।

ਕੁਝ ਮਿੰਟਾਂ ਬਾਅਦ ਪਾਸਾ ਪਰਤਦੀ ਹੈ ਬਸ਼ਰੀਨ। ......ਨੂਰਨ ! ਉਠੋ ਵੀ ਨਾ ! ਬਹੁਤ ਦਿਨ ਚੜ੍ਹ ਰਿਹਾ ਏ। ......ਫਿਰ ਸੌਂ ਜਾਂਦੀ ਹੈ ਘੁੰਮ ਕੇ।

ਪਰ ਸੁੱਤਾ ਨਹੀਂ ਜਾਂਦਾ ਬਹੁਤੀ ਦੇਰ। ਤਿੰਨੇ ਹੌਲੀ ਹੌਲੀ ਖੋਲ੍ਹਣ ਲਗਦੀਆਂ ਹਨ ਅੱਖਾਂ। ਲੰਮੇ ਪਇਆਂ ਪਇਆਂ ਅੰਗੜਾਈ......ਬੋਲਦੀ ਹੈ ਪਾਰਬਤੀ ਬਸ਼ੀਰਨ ਆਪਾ ! ਅੰਗ ਬਹੁਤ ਟੁੱਟ ਰਹੇ ਨੇ। ਜੀ ਨਹੀਂ ਕਰਦਾ ਉਠਣ ਨੂੰ।

ਉਬਾਸੀਆਂ ਲੈਂਦੀ ਹੈ ਨੂਰਨ । ......ਇਹ ਮੋਇਆ ਕਿਸਤੱਈਆ......ਕਿਹੋ ਜਿਹਾ ਦਾਰੂ ਵੇਚਦਾ ਏ ! ਸਾਰਾ ਸਰੀਰ ਤੋੜ ਦੇਂਦਾ ਏ ।

ਆਵਾਜ਼ ਮਾਰਦੀ ਹੈ ਬਸ਼ੀਰਨ.. ...ਏ ਸ਼ਾਂਤੀ । ਚਾਹ ਵਾਲਾ ਚਲਾ ਗਿਆ ਏ ?

ਨਾਲ ਵਾਲੀ ਝੌਂਪੜੀ...... ਸੁੱਤੀਆਂ ਪਈਆਂ ਹਨ ਸਭ । ਕੋਈ ਜਵਾਬ ਨਹੀਂ ।

ਨੂਰਨ ਨੂੰ ਬਹੁਤ ਤਲਬ ਹੈ ਚਾਹ ਦੀ । ......ਪਾਰਬਤੀ । ਤੂੰ ਉਠ ਨਾ ਜ਼ਰਾ । ਆਵਾਜ਼ ਤਾਂ ਦੇ ਚਾਹ ਵਾਲੇ ਨੂੰ । ਜਿੰਨਾ ਚਿਰ ਇਕ ਕੱਪ ਚਾਹ ਨਹੀਂ ਪੀਆਂਗੀ ...ਤਦ ਤਕ ਜਾਨ ਨਹੀਂ ਆਏਗੀ ਸਰੀਰ ਵਿਚ ।

ਬਾਹਰ ਨਿਕਲ ਕੇ ਅਵਾਜ਼ ਦੇਂਦੀ ਹੈ ਪਾਰਬਤੀ......ਏ ਮਲਬਾਰੀ । ਏ ਚਾਹ ਵਾਲੇ । ਓ ਸੁਣ ਵੀ......ਸਿਰਫ ਇਕ ਮਿੰਟ...... ।

ਇਕ ਹੱਥ ਵਿਚ ਸਮਾਵਰ......ਦੂਜੇ ਹੱਥ ਬਾਲਟੀ । ਜਾ ਰਿਹਾ ਹੈ ਚਾਹ ਵਾਲਾ । ..... ਨਹੀਂ ਨਹੀਂ ਮੈਨੂੰ ਨਹੀਂ ਟੈਮ । ਅਜੇ ਨਹੀਂ ਆ ਸਕਦਾ । ਕੁਲੀਆਂ ਦੀ ਸ਼ਿਫਟ ਖਤਮ ਹੋ ਰਹੀ ਏ......ਓਧਰ ਜਾਵਾਂਗਾ ।

ਆਪਣੀ ਝੌਂਪੜੀ ਦਾ ਦਰਵਾਜ਼ਾ ਬੰਦ ਕਰਦਾ ਹੈ ਕਾਹਲੀ ਕਾਹਲੀ......ਅਤੇ ਨਿਕਲ ਜਾਣਾ ਚਾਹੁੰਦਾ ਹੈ । ਪਰ ਸਾਹਮਣੇ ਖੜੀ ਹੈ ਪਾਰਬਤੀ । ......''ਏਨਾ ਵੀ ਕੀ ਹੋਇਆ ? ਇਹੋ ਦੋਸਤੀ ਏ ਆਪਣੀ । ਇਕ ਮਿੰਟ ਵਾਸਤੇ ਤੁਰ ਵੀ......ਸਿਰਫ ਇਕ ਮਿੰਟ । ਬਹੁਤੀ ਗੱਲ ਏ ਤਾਂ ਪੈਸੇ ਪਹਿਲਾਂ ਲੈ ਲਈਂ ।

''ਰੋਜ਼ ਦੀ ਮੁਸੀਬਤ । ਨਹੀਂ ਜਾ ਸਕਦਾ ਹੁਣ । ਦੇਖ ਮੈਂ ਚਲਦਾ ਆਂ ਹੁਣ......ਪਰ ਦੂਜਿਆਂ ਨੂੰ ਨਾ ਪਤਾ ਲਗੇ । ਮੇਰੇ ਧੰਦੇ ਦਾ ਟੈਮ ਏ ।''

ਤੁਰ ਰਹੇ ਹਨ ਦੋਵੇਂ ..... ਅਗੇ ਪਾਰਬਤੀ ਪਿਛੇ ਮਲਬਾਰੀ । ਇਕ ਉਚਾ ਪੱਥਰ......ਰੱਖ ਦੇਂਦਾ ਹੈ ।......ਕਿੰਨੇ ਮੰਗਵਾਈ ਏ ਚਾਹ ? ਪੈਸੇ ਪਹਿਲਾਂ ਕੱਢ......।

ਨਿਕਲ ਆਉਂਦੀ ਹੈ ਨੂਰਨ ।......ਤੂੰ ਚਾਹ ਤਾਂ ਪਾ......ਪਿਛੋਂ ਦਿਆਂਗੀ ਪੈਸੇ ਤੈਨੂੰ ।

ਨਹੀਂ । ਪੈਸੇ ਪਹਿਲਾਂ ਕੱਢ ।

ਬਸ਼ੀਰਨ ਚੀਕਦੀ ਹੈ ਅੰਦਰੋਂ......ਤੇਰੇ ਪੈਸੇ ਭੱਜ ਤਾਂ ਨਹੀਂ ਜਾਂਦੇ । ਤੂੰ ਚਾਹ ਪਾ......ਮੈਂ ਦਿਆਂਗੀ ਪੈਸੇ ਤੇਰੇ ।

ਝੂੰਜਲਾ ਜਾਂਦਾ ਹੈ ਮਲਬਾਰੀ ।......ਦੇਖ......ਐਵੇਂ ਦਿਮਾਗ ਨਾ ਚੱਟੀ ਜਾ......ਪੈਸੇ ਹਨ ਤਾਂ ਕੱਢ......ਨਹੀਂ ਤਾਂ ਮੈਂ ਚਲਿਆ ਆਂ ਏਥੋਂ । ਮੇਰੇ ਧੰਦੇ ਦਾ ਟੈਮ.. ...।

ਫਿਰ ਸਮਝਾਉਂਦੀ ਹੈ ਪਾਰਬਤੀ ।..... ਦੀ ਆਪਣੀ ਦੋਸਤੀ ਨਹੀਂ । ਸਿਰਫ ਇਕ ਚਾ..... ।

ਚੁਲ੍ਹੇ 'ਚ ਪਾ ਦੋਸਤੀ ਨੂੰ !......ਜ਼ੋਰ ਨਾਲ ਚੀਕਦਾ ਹੈ ।

ਉਠ ਕੇ ਬੈਠ ਜਾਂਦੀ ਹੈ । ਸ਼ਾਂਤੀ......ਸਾਹਮਣੇ ਵਾਲੀ ਝੌਂਪੜੀ ਵਿਚ ।......ਮੰਗਲਾ-ਮੰਗਲਾ......ਓ ਮੰਗਲਾ । ਉਠ ਨਾ । ਚਾਹ ਵਾਲਾ ਆ ਗਿਐ......।

ਅਤੇ ਚਾਰ ਪੰਜ ਰੰਡੀਆਂ ਜਾਗ ਕੇ ਉਠ ਪੈਂਦੀਆਂ ਹਨ । ਝੁੰਜਲਾ ਰਿਹਾ ਹੈ ਮਲਬਾਰੀ...... ਖਿੱਝ ਰਿਹਾ ਹੈ......ਚੀਕ ਰਿਹਾ ਹੈ । ਹੋਰ ਕੁਝ ਨਹੀਂ ਚਾਹੀਦਾ ਸਾਰੀਆਂ ਨੂੰ......ਬਸ ਇਕ ਇਕ ਕੱਪ ਚਾਹ । ਨਹੀਂ ਹਟਦੀਆਂ । ਹੋਰ ਆਉਂਦੀਆਂ ਜਾਂਦੀਆਂ ਹਨ । ਸ਼ਾਂਤੀ ਵੀ......ਸਖੂ ਵੀ......ਮੰਗਲਾ ਵੀ .....ਜਮੀਲਾ ਵੀ । ਲਾਹ ਸੁੱਟੇ ਸਨ ਕਈਆਂ ਨੇ......ਅੰਗੀਆਂ ਅਤੇ ਲਹਿੰਗੇ । ਵਾਲ ਖਿੰਡਰੇ......ਅੱਖਾਂ ਚੜ੍ਹੀਆਂ ਹੋਈਆਂ । ਮੂੰਹ ਉਤੇ ਖੜੀਆ...... ਕਿਧਰੇ ਹੈ ... ਕਿਧਰੇ ਨਹੀਂ । ਕਾਲੇ ਬੁਲ੍ਹਾਂ ਉਪਰ ਲਾਲ ਰੰਗ...... ਫੈਲ ਗਿਆ ਹੈ ਦੰਦਾਂ ਅਤੇ ਜ਼ਬਾਨ ਉਪਰ ।......ਇਕ ਕੱਪ ਮੇਰੇ ਲਈ ਪਾ......ਇਕ ਮੇਰੇ ਲਈ......ਇਕ ਮੇਰੇ ਲਈ । ਏਧਰ ਵੀ ਪਾ ਵੇ... ਨੀ ਹਟ ਪਰੇ..... ਮੈਨੂੰ ਵੀ ਲੈਣ ਦੇ ਨਾ......।

ਚੀਕਦਾ ਹੈ ਮਲਬਾਰੀ......ਜਿਹਦੇ ਕੋਲ ਪੈਸੇ ਨੇ ਮੈਂ ਸਿਰਫ ਉਹਨੂੰ ਦਿਆਂਗਾ ਚਾਹ...... ਦੂਜੇ ਨੂੰ ਨਹੀਂ । ਪੈਸੇ ਕੱਢ ਕੇ ਰੱਖਣਾ......।

ਕਈਆਂ ਕੋਲ ਪੈਸੇ ਹਨ......ਕਈਆਂ ਕੋਲ ਨਹੀਂ ।..... ਦੇ ਵੀ ਨਾ......ਸਿਰਫ ਅੱਜ । ਸੱਚ ਕਹਿੰਨੀ ਆਂ ਤੇਰੇ ਪਿਛਲੇ ਅਤੇ ਹੁਣ ਵਾਲੇ ਸਾਰੇ ਪੈਸੇ ਦੇ ਦਿਆਂਗੀ ।......ਪਾ ਵੀ ਦੇ ਨਾ......ਏਨਾ ਵੀ ਕੀ ਹੋਇਆ ।

ਦੇਖ..... ਮੈਂ ਤੇਰਾ ਪੈਸਾ ਕਦੀ ਰਖਿਐ ? ਪਿਛਲੇ ਸਾਰੇ ਚੁਕਾ ਦਿੱਤੇ ਨੇ । ਹੁਣ ਸਿਰਫ ਅੱਜ ਇਕ ਚਾਹ ਉਧਾਰ ਦੇ ਦੇ । ਅੱਲਾ ਕਸਮ... . ਕੱਲ ਦੇ ਦਿਆਂਗੀ ਤੈਨੂੰ । ਦੇ ਵੀ ਨਾ ਹੁਣ......।

ਏ..... ਸੁਣਿਐ । ਤੂੰ ਮਲਬਾਰੀ .....ਮੈਂ ਮੈਂਗਲੋਰੀ । ਕੀ ਮੈਨੂੰ ਵੀ ਨਹੀਂ ਦੇਏਂਗਾ......?

—ਮੰਗਲਾ ! ਕਦੋਂ ਦਿੰਦੀ ਏ ਮੇਰੇ ਚਾਹ ਦੇ ਪੈਸੇ ? ਅੱਜ ਸਿਰਫ ਦੇ ਦੇ......ਕਲ ਦੇ ਦਿਆਂਗੀ ਤੈਨੂੰ ।

—ਵੇ ਪੈਸੇ ਤਾਂ ਲੈ ਲਏ..... ਮੈਨੂੰ ਚਾਹ ਤਾਂ ਪਾ ਦੇ......ਹਾਂ ਹਾਂ......ਪੈਸੇ ਦਿੱਤੇ ਨੇ ਤੈਨੂੰ...। ਕਿਉਂ ਨੀ ਸਖੂ ? ਪੁਛ ਲੈ ਇਹਨੂੰ......ਇਹਦੇ ਸਾਹਮਣੇ ਦਿੱਤੇ ਨੇ ਮੈਂ......।

ਸਾਲਿਆ ਕਦੋਂ ਦੀ ਕਹਿ ਰਹੀ ਆਂ......ਚਾਹ ਦੇ......ਚਾਹ ਦੇ......ਸੁਣਦਾ ਈ ਨਹੀਂ । ਤੂੰ ਕੀ ਕੰਗਾਲ ਹੋ ਜਾਏਂਗਾ ਇਕ ਕੱਪ ਨਾਲ । ਜਾ......ਨਾ ਦੇ......ਆਪਣੀ......ਵਿਚ ਪਾ ਲੈ ਉਹ ਚਾਹ ।......ਸਾਲਾ ਮਾਂ......।

ਬਸ਼ੀਰਨ ਦੇ ਹੱਥ......ਲਗ ਗਿਆ ਭਰਿਆ ਕੱਪ । ਬੁਲਾਉਂਦੀ ਹੈ ਨੂਰਨ ਨੂੰ ।...... ਆ......ਏਧਰ ਆ ਜਾ......ਅੱਧਾ ਅੱਧਾ ਪੀ ਲਵਾਂਗੀਆਂ ਆਪਾਂ ।......ਕੱਪ ਅਤੇ ਪਲੇਟ ਵਿਚ ਪਾ ਕੇ ਪੀਂਦੀਆਂ ਹਨ ਦੋਵੇਂ ।

ਓਧਰ ਦੀ ਝੌਂਪੜੀ......ਇਕ ਨਵੀਂ ਕੁੜੀ । ਸਭ ਦੇਖ ਰਹੀ ਹੈ ।

—ਕਿਉਂ ਨੀ......ਇਹ ਨਵੀਂ ਕੁੜੀ ਕੌਣ ਏ ?

—ਕੀ ਪਤਾ ।

—ਬੰਬਈ ਦੀ ਨਹੀਂ ਲਗਦੀ......ਬਾਹਰੋਂ ਪਿੰਡੋਂ ਆਈ ਏ ।

—ਲਿਆਇਆ ਕੌਣ ਏ ਏਹਨੂੰ ?

—ਕੀ ਪਤਾ !

—ਕਿਸ ਦੀ ਝੌਂਪੜੀ ਵਿਚ ਹੈ ਇਹ ?

—ਕੀ ਪਤਾ !

ਰਾਤ ਨੂੰ ਆਈ ਲਗਦੀ ਏ । ਵੇਖ ਕਿੰਜ ਬਾਰ੍ਹਾਂ ਵਜੇ ਨੇ ਮੂੰਹ ਤੇ !......ਕੋਲ ਆ ਜਾਂਦੀ ਹੈ ਕੁੜੀ ।

—ਕਿਉਂ ਬਈ......ਕੀ ਨਾਂ ਏ ਤੇਰਾ ? ਬੋਲ ਨਾ......ਕੀ ਨਾਂ ਏ ਤੇਰਾ ?

ਮੂੰਹ ਘੁੰਮਾ ਲੈਂਦੀ ਹੈ ਕੁੜੀ ।

—ਤੇ ਨਾਂ ਦੱਸਣ ਵਿਚ ਕੀ ਜਾਂਦਾ ਏ ਤੇਰਾ ?......ਕਿਧਰੋਂ ਆਈ ਏਂ ਤੂੰ ?

ਲੜਕੀ ਚਲੀ ਜਾਂਦੀ ਹੈ ਅੰਦਰ......ਝੌਂਪੜੀ ਵਿਚ ।

ਕਿਉਂ ਨੀ ਜਮੀਲਾ......ਕੌਣ ਕੁੜੀ ਏ ਇਹ ?

ਮੈਨੂੰ ਪਤਾ ਨਹੀਂ ਆਪਾ । ਰਾਤ ਨੂੰ ਅੱਬਾਸ ਡਰੈਵਰ ਛੱਡ ਗਿਆ ਏ ਝੌਂਪੜੀ ਵਿਚ । ਨਾ ਨਾਂ ਦਸਦੀ ਏ ਨਾ ਥਾਂ । ਰੋਂਦੀ ਏ ਤਾਂ ਬੱਸ ਰੋਈ ਜਾਂਦੀ ਏ ।

ਬਹੁਤ ਦੁੱਖ ਹੈ ਸਲਮਾ ਨੂੰ ।......ਬਹੁਤ ਸਿੱਧੀ ਏ ਵਿਚਾਰੀ ਕੁਝ ਵੀ ਨਹੀਂ ਖਾਧਾ । ਸਭ ਦੇ ਦਿੱਤਾ ਏ ਮੈਨੂੰ ।

ਹੋਰ ਵੀ ਹੈ ਕੋਈ......ਝੌਂਪੜੀ ਵਿਚ ਪਈ ਹੋਈ । ਮਰੀਅਮ...... ਨੌਵਾਂ ਮਹੀਨਾ...... ਵੱਡਾ......ਢਿੱਡ......ਫੁੱਟ ਗਈ ਤਕਦੀਰ । ਕਦੋਂ ਕਿਹਦਾ ਆਇਆ......ਪਤਾ ਨਹੀਂ ਲਗਾ ।......ਏ......ਏ । ਮੈਨੂੰ ਵੀ ਲਿਆ ਦੇ ਨਾ ਇਕ ਚਾਹ । ਰਾਤ ਨੂੰ ਵੀ ਕੁਝ ਨਹੀਂ ਖਾਧਾ......।

ਅਲਮੋਨੀਅਮ ਦੇ ਗਿਲਾਸ ਵਿਚ ਚਾਹ...... ਵਾਪਸ ਆਉਂਦੀ ਹੈ ਮੈਨਾ । ਪੱਪਟ...... ਇਹਦਾ ਮੁਟਦਾ ਨਿਕਲੇ......ਪਸਰਿਆ ਹੋਇਆ ਹੈ । ਸੌਂ ਰਿਹਾ ਹੈ । ਰਾਜੂ ।......ਨਿਕਲ ਗਿਆ ਬਾਹਰ ।...... ਹਰਾਮੀ । ਸਵੇਰੇ ਸਵੇਰੇ ਪਹੁੰਚ ਜਾਏਗਾ ਈਰਾਨੀ ਹੋਟਲ ਦੇ ਪਿਛਵਾੜੇ ।......ਉਠ ਵੇ । ਹਲੂਣਦੀ ਹੈ ਪੱਪਟ ਨੂੰ ।......ਸਾਰਾ ਦਿਨ ਸੌਵੇਂਗਾ ਸਾਲਾ ? ਉਠ ਨਾ । ਜਿੰਨਾ ਚਿਰ ਤਕ ਉਠਾਵਾਂਗੀ ਨਹੀਂ......ਸੁੱਤਾ ਈ ਰਹੇਗਾ ! ਓ ਉਠ ਨਾ ! ਕਦੋਂ ਦੀ ਸਿਰ ਖਪਾ ਰਹੀ ਆਂ ਮੈਂ !

ਪਾਸਾ ਬਦਲ ਕੇ ਫਿਰ ਸੌਂ ਜਾਣਾ ਚਾਹੁੰਦਾ ਹੈ......ਸੌਣ ਨਹੀਂ ਦੇਂਦੀ ਮੈਨਾ । ਇਕ ਲੰਮੀ ਉਬਾਸੀ । ਥੋੜ੍ਹਾ ਜਿੰਨਾ ਉਠਦਾ ਹੈ । ਬੀੜੀ ਲੱਭਦਾ ਹੈ ।

—ਇਕ ਚਾਹ ਲੈ ਕੇ ਆਈ ਆਂ । ਲੈ ਫੜ ਪੀ । ਮੈਨੂੰ ਵੀ ਅੱਧੀ ਦੇ ਦਈਂ । ਸੁਣਿਐ ਕੀ ਕਿਹਾ ਮੈਂ ? ਚਾਹ ਪੀ ਅਤੇ ਮੈਨੂੰ ਦੇ ਅੱਧੀ ।

ਕੋਈ ਜੁਆਬ ਨਹੀਂ । ਹੱਥ ਵਿਚ ਬੀੜੀ ਫੜੀ ਦੇਖ ਰਿਹਾ ਹੈ ਪੱਪਟ......ਸਾਹਮਣੇ......

ਇਕ ਟੱਕ । ਕੀ ਦੇਖ ਰਿਹਾ ਹੈ ? ਕੱਚੀ ਜ਼ਮੀਨ ? ਲੀਰਾਂ ਹੋਇਆ ਕਪੜਾ ? ਟੁੱਟਾ ਹੋਇਆ ਦਰਵਾਜ਼ਾ ?......ਨਹੀਂ । ਨੇੜੇ ਕੁਝ ਨਹੀਂ ਦੇਖ ਰਿਹਾ ਹੈ । ਦੇਖ ਰਿਹਾ ਹੈ......ਬਹੁਤ ਦੂਰ ।

ਕੀ ਕਿਹਾ ਏ ਮੈਂ ? ਹੁਣ ਬੈਠ ਕੇ ਵੀ ਸੌਂਈਂ ਜਾਣਾ ਏ ? ਇਹ ਲੈ ਚਾਹ ਫੜ ਅਤੇ ਅੱਧੀ ਛੱਡ ਦਈਂ ਮੇਰੇ ਵਾਸਤੇ ।

ਗਲਾਸ ਲੈ ਲੈਂਦਾ ਹੈ ।......ਮੈਨਾ । ਤੂੰ ਹੁਣ ਮੈਨੂੰ ਜਗਾਇਆ ਏ ਨਾ ?

—ਹਾਂ......ਜਗਾਇਆ ਏ ਮੈਂ ।

ਮੈਂ ਕੁਝ ਦੇਖਿਆ ਏ ਮੈਨਾ ।

ਕੀ ਦੇਖਿਐ ?

ਮੈਂ ਇਕ ਸੁਪਨਾ ਦੇਖਿਆ ਏ । ਮੈਂ ਦੇਖਿਆ ਕਿ...... ।

ਛੱਡ ਆਪਣਾ ਸੁਪਨਾ । ਮੈਂ ਨਹੀਂ ਸੁਣਨਾ ਤੇਰਾ ਸੁਪਨਾ । ਚਾਹ ਪੀ ਪਹਿਲਾਂ ।

ਨਹੀਂ......ਮੈਂ ਸੱਚ ਕਹਿੰਨਾ ਮੈਨਾ । ਅੱਜ ਮੇਰਾ ਸੁਪਨਾ ਝੂਠਾ ਨਹੀਂ ਹੋਵੇਗਾ । ਮੈਂ ਦੇਖਿਆ ਕਿ......ਉਹ ਆਪਣਾ ਹਾਜੀ ਸੇਠ ਏ ਨਾ......ਉਸ ਨੇ ਮੈਨੂੰ ਬੁਲਾਇਆ ਫਿਰ ਅਸੀਂ ਤਿੰਨੇ...... ਮੈਂ, ਤੂੰ ਅਤੇ ਰਾਜੂ......ਓਧਰ ਗਏ । ਫਿਰ ਇਕ ਬਹੁਤ ਵੱਡੀ ਗੱਡੀ ਵਿਚ ਹਾਜੀ ਸੇਠ ਖੁਦ ਆਇਆ ਅਤੇ ਸਾਨੂੰ ਗੱਡੀ ਵਿਚ ਬਿਠਾ ਕੇ ਆਪਣੀ ਕੋਠੀ ਵਿਚ ਲੈ ਗਿਆ । ਓਧਰ ਪੁਲੀਸ ਦਾ ਦਾ ਵੱਡਾ ਸਾਹਿਬ ਵੀ ਸੀ । ਉਸ ਨੇ ਮੇਰੇ ਨਾਲ ਹੱਥ ਮਿਲਾਇਆ । ਪਿਛੋਂ ਓਧਰੋਂ ਇਕ ਪਾਸਿਉਂ ਵੀਹ ਹਵਾਲਦਾਰ ਆਏ ਅਤੇ ਦੂਜੇ ਪਾਸਿਉਂ ਪੰਝੀ ਹਵਾਲਦਾਰ ਆਏ । ਮੈਂ ਸੱਚ ਕਹਿੰਨਾ ਆਂ ਮੈਨਾ... ਮੈਂ ਖੁਦ ਗਿਣੇ......ਵੀਹ ਅਤੇ ਪੰਝੀ । ਸਭ ਨੇ ਮੈਨੂੰ ਸਲਾਮ ਕੀਤਾ......ਵੀਹ ਅਤੇ ਪੰਝੀ । ਦੂਏ ਨਾਲ ਮੇਂਡੀ[1] ਦੂਏ ਨਾਲ ਪੰਜਾ । ਅੱਜ ਮੇਰਾ ਸੁਪਨਾ ਝੂਠਾ ਨਹੀਂ ਮੈਂ ਸੱਚ ਬੋਲਦਾ ਆਂ ।

ਮੂੰਹ ਘੁੰਮਾ ਲੈਂਦੀ ਹੈ ਮੈਨਾ ।......ਮੈਂ ਨਹੀਂ ਬੋਲਦੀ ਤੇਰੇ ਨਾਲ......ਸੁਪਨੇ ਵਾਲੀ ਗੱਲ ਮੇਰੇ ਨਾਲ ਨਾ ਕਰ......।

ਉਠ ਕੇ ਬੈਠ ਜਾਂਦਾ ਹੈ ।...... ਨਹੀਂ ਨਹੀਂ, ਇਹ ਸੁਪਨਾ ਝੂਠਾ ਨਹੀਂ ਹੋਵੇਗਾ......ਮੈਂ ਸੱਚ ਕਹਿੰਨਾ ਆਂ ਮੇਂਡੀ ਅਤੇ ਪੰਜਾ । ਮੈਨਾ ! ਮੇਰੇ ਸਭ ਸੁਪਨੇ ਝੂਠੇ ਪਏ......ਪਰ ਇਹ ਨਹੀਂ ਪੈਂਦਾ ।

ਬਹੁਤ ਗੁੱਸਾ ਆ ਜਾਂਦਾ ਹੈ ਮੈਨਾ ਨੂੰ । ਕੁਝ ਬੋਲ ਨਾ ਸਕੀ......। ਤੂੰ ਚਾਹ ਪੀ ਪਹਿਲਾਂ ।

ਪੀਣ ਲਗਦਾ ਹੈ ਚਾਹ......ਚੁਪ ਚਾਪ ।...ਆਹ । ਮੇਰਾ ਕੋਈ ਵੀ ਸੁਪਨਾ ਸੱਚਾ ਨਹੀਂ ਹੋਇਆ ਅੱਜ ਤਕ । ਸੱਚਾ ਹੁੰਦਾ......ਤਾਂ ਤੂੰ ਹੁਣ ਏਥੇ ਨਾ ਹੁੰਦੀ । ਓਧਰ ਹੁੰਦੀ ਜਿਧਰ ਤੈਨੂੰ ਹੋਣਾ ਚਾਹੀਦਾ ਸੀ । ਮੈਨਾ । ਮੈਨੂੰ ਸਿਰਫ ਇਕ ਸੁਪਨਾ ਨਹੀਂ......ਬਹੁਤ ਸੁਪਨੇ ਹਨ । ਸਮਝੀ ਭਲਾ ? ਅੱਜ ਤਾਂ ਤੈਨੂੰ ਮੇਰੀ ਗੱਲ ਮੰਨਣੀ ਪਵੇਗੀ ।

ਇਕ ਦਮ ਵਿਗੜ ਜਾਂਦੀ ਹੈ ।......ਪੈਸੇ ਦੀ ਗੱਲ ਨਾ ਕਰੀਂ ਮੇਰੇ ਨਾਲ......ਹੁਣੇ ਹੀ ਦੱਸ ਦੇਂਦੀ ਆਂ ਮੈਂ । ਹਾਂ ।

---

1 ਮੇਂਡੀ—ਦਸ ।

ਤੂੰ ਮੇਰੀ ਗੱਲ ਤਾਂ ਸੁਣ। ਓਪਨ ਦਾ ਦਸ ਅਤੇ ਕਲੋਜ਼ ਦਾ ਪੰਜ। ਲੜੀ ਵਿਚ ਪੰਜ ਦੇ ਪੰਜ ਸੌ.. ਦਸ ਦਾ ਹਜ਼ਾਰ। ਇੰਨਾ ਨੁਕਸਾਨ ਕਰੇਂਗੀ ਮੇਰਾ ? ਸਿਰਫ ਦਸ ਰੁਪਏ ਮੰਗਦਾ ਆਂ। ਹਜ਼ਾਰ ਨਾ ਬਣਾਇਆ ਤਾਂ ਕਹੀਂ ਮੈਨੂੰ......।..... ਹੁਣ ਨਹੀਂ ਬੈਠ ਸਕਦੀ ਮੈਨਾ। ਜਾਣ ਲਗਦੀ ਹੈ ਬਾਹਰ।.. ...ਤੈਨੂੰ ਸ਼ਰਮ ਨਹੀਂ ਆਉਂਦੀ......ਦਸ ਰੁਪਏ ਮੰਗਦਾ ਏ ਮੈਥੋਂ !

ਹੱਥ ਫੜ ਲੈਂਦਾ ਹੈ ਪੋਪਟ।..... ਸੁਣ ਤਾਂ ਸਹੀ। ਮੇਰੀ ਗੱਲ ਤਾਂ ਸੁਣ......।

ਨਹੀਂ ਸੁਣਨਾ ਮੈਂ ਕੁਝ ਵੀ। ਸਾਲਾ ਬੇਸ਼ਰਮ......ਦੱਸ ਰੁਪਏ ਮੰਗਦਾ ਏ ਮੈਥੋਂ......।

ਟੀਨ ਦੇ ਡੱਬੇ ਚੁੱਕੀ ਰੇਲਵੇ ਲਾਈਨ ਵੱਲ ਜਾ ਰਹੀਆਂ ਹਨ ਰੰਡੀਆਂ। ਇਸ ਪਾਸੇ...... ਚੰਦਰੀ ਲੈ ਆਈ ਹੈ ਬਹੁਤ ਸਾਰੀ ਖੜੀਆ......ਪੀਹ ਰਹੀ ਹੈ ਨੈਨਾ ਦੇ ਨਾਲ......ਖੂਬ ਬਾਰੀਕ। ਕਪੜੇ ਨਾਲ ਛਾਣੇਗੀ। ਇਹੋ ਹੈ ਪਾਉਡਰ। ਨੈਨਾ ਦੇ ਪਾਸ ਹੈ ਗੁਲਾਬੀ ਰੰਗ......ਬਾਣੀਏ ਦੀ ਦੁਕਾਨ ਦਾ। ਗਿੱਲੀਆਂ ਉਂਗਲੀਆਂ ਨਾਲ ਘਸਾ ਲਵੋ ਗੱਲ੍ਹਾਂ ਉਪਰ......ਬੁਲ੍ਹਾਂ ਉਪਰ ! ਲਿਪਸਟਿਕ ਅਤੇ ਰੂਜ਼......।

ਪਰ ਮੈਨਾ ਦੀਆਂ ਅੱਖਾਂ ਵਿਚ ਅੱਥਰੂ।......ਤੂੰ ਫਿਰ ਮੇਰੇ ਕੋਲੋਂ ਪੈਸੇ ਮੰਗਦਾ ਹੈਂ। ਕੀ ਕੀ ਨਹੀਂ ਕੀਤਾ ਮੈਂ ਤੇਰੇ ਲਈ। ਜੋ ਨਹੀਂ ਕਰਨਾ ਸੀ, ਉਹ ਵੀ ਕੀਤਾ। ਪਾਗਲਾਂ ਵਾਂਗ ਓਧਰ ਸੜਕਾਂ ਉਪਰ ਘੁੰਮਦੀ ਰਹੀ......ਅਤੇ ਤੂੰ ਰੁਪਏ ਮੰਗਦਾ ਏਂ ਮੈਥੋਂ। ਤੂੰ ਇਨਸਾਨ ਏਂ ਕਿ ਜਾਨਵਰ। ਪਸ਼ੂਆਂ ਨੂੰ ਵੀ ਕੁਝ ਦਰਦ ਹੁੰਦਾ ਏ......ਪਰ ਤੈਨੂੰ ਨਹੀਂ। ਪਰੇ ਹੋ...... ਛੱਡ ਮੇਰਾ ਹੱਥ......ਜਾਣ ਦੇ ਮੈਨੂੰ......।

ਹੱਥ ਛੱਡ ਦੇਵੇਗਾ ਪੋਪਟ......ਪਰ ਜਾਣ ਨਹੀਂ ਦੇਵੇਗਾ। ਸਭ ਸੁੱਪਨੇ ਝੂਠੇ ਨਿਕਲੇ ..... ਅੱਜ ਵਾਲਾ ਨਹੀਂ ਨਿਕਲੇਗਾ।..... ਨਹੀਂ ਨਹੀਂ। ਤੂੰ ਮੇਰੀ ਗੱਲ ਤਾਂ ਸੁਣ। ਹਜ਼ਾਰ ਰੁਪਿਆ ਕਦੀ ਦੇਖਿਐ ਅੱਖਾਂ ਨਾਲ ? ਅਤੇ ਇਹ ਸਾਰਾ ਰੁਪਿਆ ਮੈਂ ਕਿਸ ਦੇ ਹੱਥ ਤੇ ਲਿਆ ਕੇ ਰਖਾਂਗਾ...... ਤੇਰੇ ਹੱਥ ਉਪਰ ਹੀ ਨਾ। ਤੂੰ ਜੋ ਜੀਅ ਆਏ ਕਰੀਂ......ਤੇਰਾ ਹੱਥ ਰੋਕਿਆ ਤਾਂ ਆਪਣੇ ਪਿਉ ਦੀ ਔਲਾਦ ਨਹੀਂ। ਤੂੰ ਮੈਂ ਖੁਸ਼......ਮੈਂ ਖੁਸ਼। ਮੈਨੂੰ ਸਹੁੰ ਹਾਜੀ ਮਲੰਗ ਬਾਬਾ ਦੀ .....ਹਜ਼ਾਰ ਰੁਪਿਆ ਨਾ ਰਖਿਆ ਤੇਰੇ ਹੱਥ ਤੇ ਤਾਂ ਥੁੱਕ ਦੇਈਂ ਮੇਰੇ ਮੂੰਹ ਉਤੇ......।

ਚੀਕਦੀ ਹੈ।......ਮੈਨੂੰ ਨਹੀਂ ਲੋੜ ਤੇਰੇ ਹਜ਼ਾਰ ਰੁਪਏ ਦੀ। ਆਪਣੀ ਮਾਂ ਦੀ ਝੋਕ ਵਿਚ ਪਾ......।

—ਤੇਰੀਆਂ ਇਹੋ ਗੱਲਾਂ ਤਾਂ ਮੈਨੂੰ ਪਸੰਦ ਨਹੀਂ......।

—ਪਸੰਦ ਨਹੀਂ ਤਾਂ ਜੋ ਕਰਨਾ ਏ ਉਹ ਕਰ......।

—ਮੈਂ ਕੁਝ ਨਹੀਂ ਕਰਨਾ। ਸਿਰਫ ਦਸ ਰੁਪਏ ਮੰਗਦਾ ਆਂ।

—ਦਸ ਰੁਪਏ ਮੰਗਦਾ ਏਂ ਤਾਂ ਜਾ ਕੇ ਮਰ ! ਮੇਰੇ ਕੋਲ ਨਹੀਂ। ਮੇਰੇ ਨਾਲ ਤੂੰ ਗੱਲ ਨਾ ਕਰ।

—ਤੈਨੂੰ ਖੁਦ ਨੂੰ ਲੋੜ ਹੋਵੇ ਤਾਂ ਸਭ ਨਿਕਲ ਆਉਣਗੇ। ਮੇਰੇ ਵਾਸਤੇ ਹਮੇਸ਼ਾਂ ਨਾ ਹੀ

ਕਰੇਂਗੀ। ਮੈਂ ਕੁਝ ਵੀ ਕਰਨ ਲਗਦਾ ਆਂ ਤਾਂ ਪਹਿਲਾਂ ਹੀ ਨੰਨਾ ਪਾ ਦੇਂਦੀ ਏ .....ਮੇਰੇ ਕੋਲੋਂ ਪੈਸੇ ਮੰਗਦਾ ਏਂ।

—ਰੁਪਿਆ ਏਥੇ ਤੇਰਾ ਬਾਬਾ ਕਮਾ ਕੇ ਨਹੀਂ ਲਿਆਇਆ......।

—ਲਿਆਇਆ ਏ ਕਿ ਨਹੀਂ......ਪਹਿਲਾਂ ਮੈਨੂੰ ਰੁਪਏ ਦੇ। ਨਹੀਂ ਤਾਂ ਆਪੇ ਕੱਢ ਲਵਾਂਗਾ।

ਮੇਰੇ ਕੋਲ ਨਹੀਂ ਹਨ। ਜਾ ਕੱਢ ਲੈ ਜੇ ਕਿਤੋਂ ਲੱਭਦੇ ਨੇ......।

ਅੱਗੇ ਵਧਦਾ ਹੈ ਪੋਪਟ। ਅਚਾਨਕ ਝਪਟ ਕੇ ਫੜ ਲੈਂਦੀ ਹੈ ਮੈਨਾ। ਸਾਹ ਚਲਣ ਲਗਦਾ ਹੈ ਜ਼ੋਰ ਨਾਲ।......ਦੇਖ .....ਮੇਰੇ ਡੱਬੇ ਨੂੰ ਹੱਥ ਨਾ ਲਾਵੀਂ......ਨਹੀਂ ਤਾਂ ਬਹੁਤ ਬੁਰਾ ਹੋਊ ......ਕਹਿ ਦੇਂਦੀ ਆਂ ਮੈਂ......।

ਮੈਂ ਨਹੀਂ ਲਾਉਂਦਾ ਹੱਥ......ਪਰ ਤੂੰ ਪੈਸੇ ਦੇ ਮੈਨੂੰ।

—ਨਹੀਂ ਹਨ ਪੈਸੇ ਮੇਰੇ ਕੋਲ।

—ਦੇਖਦਾ ਆਂ ਕਿੰਜ ਨਹੀਂ ਹਨ......।

ਅੱਗੇ ਵਧਦਾ ਹੈ। ਪੂਰੀ ਤਾਕਤ ਨਾਲ ਰੋਕਦੀ ਹੈ ਮੈਨਾ...... ਜ਼ੋਰ ਨਾਲ ਚੀਕਦੀ ਹੈ।...... ਤੈਨੂੰ..... ਤੈਨੂੰ ਕਸਮ ਤੇਰੀ ਔਲਾਦ ਦੀ......ਹਾਜੀ ਮਲੰਗ ਬਾਬਾ ਦੀ......ਤੂੰ ਠਹਿਰ ਜਾ ... - ਠਹਿਰ ਜਾ ਤੂੰ .....ਮੈਂ ਕਹਿੰਨੀ ਆਂ ਠਹਿਰ ਜਾ......ਹੱਥ ਨਾ ਲਾਈਂ ਮੇਰੇ ਡੱਬੇ ਨੂੰ......।

ਠਹਿਰ ਜਾਂਦਾ ਹੈ ਪੋਪਟ।......ਨਹੀਂ ਹੱਥ ਲਾਉਂਦਾ। ਤੂੰ ਆਪਣੇ ਹੱਥ ਨਾਲ ਈ ਦੇ ਦੇ। ਸਿਰਫ ਦਸ ਰੁਪਏ ਹੀ ਤਾਂ ਮੰਗਦਾ ਆਂ।

ਹੋਰ ਚੀਕਦੀ ਹੈ।..... ਦੱਸ ਰੁਪਿਆਂ ਦਾ ਬੱਚਾ ! ਨਹੀਂ ਹਨ ਮੇਰੇ ਕੋਲ। ਕਿਥੋਂ ਲਿਆਵਾਂ......ਹੋਰ ਉੱਚੀ ਚੀਕਦੀ ਹੈ।......ਕਿੱਥੋਂ ਲਿਆਵਾਂ ਮੈਂ ਤੇਰੇ ਸਿਰ ਵਿਚ ਪਾਉਣ ਵਾਸਤੇ......ਦੱਸ ਮੈਨੂੰ......। ਅੱਖਾਂ ਵਿਚ ਭਰ ਜਾਂਦਾ ਹੈ ਪਾਣੀ।

ਸਾਹਮਣਿਉਂ ਮੈਨਾ ਨੂੰ ਹਟਾ ਕੇ ਅਗੇ ਵੱਧ ਜਾਂਦਾ ਹੈ ਪੋਪਟ......ਮੈਂ ਆਪੇ ਦੇਖਦਾ ਆਂ ਤੇਰੇ ਕੋਲ ਹਨ ਕਿ ਨਹੀਂ। ਮੇਰੇ ਕੋਲੋਂ ਲੁਕਾ ਕੇ ਰਖੇਂਗੀ ਤਾਂ ਨਹੀਂ ਛੱਡਾਂਗਾ ਤੈਨੂੰ......।

ਤੇਰਾ ਨੜੋਇਆ ਨਿਕਲੇ, ਤੈਨੂੰ ਮੌਤ ਪਵੇ। ਦੇਹ ਵਿਚ ਕੀੜੇ ਪੈਣ। ਨਾ ਖੋਲ੍ਹ ਮੇਰਾ ਡੱਬਾ। ਮੈਂ ਕਹਿਨੀ ਆਂ ਨਾਂ ਖੋਲ੍ਹ। ਵੇ ਔਲਾਦ ਦਾ ਖੂਨ ਪੀਏਂਗਾ ਤੂੰ। ਔਲਾਦ ਦੀ ਮੌਤ ਦੇਖੇਂਗਾ ਤੂੰ। ਨਾ ਖੋਲ੍ਹ......ਮੈਂ ਕਹਿੰਨੀ ਆਂ ਨਾ ਖੋਲ੍ਹ......।

ਹੱਥ ਫੜਦੀ ਹੈ। ਧੱਕਾ ਦੇਂਦਾ ਹੈ ਪੋਪਟ। ਖੂਬ ਚੀਕਦੀ ਹੈ ਅਤੇ ਖੂਬ ਰੋਂਦੀ ਹੈ। ਫਿਰ ਹੱਥ ਫੜਦੀ ਹੈ। ਫਿਰ ਧੱਕਾ ਦਿੰਦਾ ਹੈ।......ਨੁੱਕਰ ਵਿਚ ਬਿਸਤਰਾ ਅਤੇ ਭਾਂਡਿਆਂ ਪਿਛੇ ਲੁਕਾਇਆ ਜੰਗਾਲ ਲਗਾ ਡੱਬਾ......ਇਕ ਇਕ ਚੀਜ਼ ਪਰੇ ਕਰ ਰਿਹਾ ਹੈ ਪੋਪਟ। ਕੀੜੇ ਦੌੜ ਰਹੇ ਹਨ।......ਸੁਰਮੇ ਦੀ ਪੁਰਾਣੀ ਡੱਬੀ......ਪਲਾਸਟਿਕ ਦੀਆਂ ਪੰਜ ਛੇ ਚੂੜੀਆਂ। ਪਾਉਡਰ ਵਾਲਾ ਸੁੱਟਿਆ ਡੱਬਾ......ਕੁੰਕਮ ਦੀ ਸੁੱਕੀ ਹੋਈ ਸ਼ੀਸ਼ੀ ਅਤੇ......ਇਕ ਇਕ ਰੁਪਏ ਦੇ ਪੰਜ

ਮੈਲੇ ਨੋਟ......ਦੋ ਚਾਰ ਸਿੱਕੇ......। ਇਕ ਵਾਰ ਫਿਰ ਝਪਟਦੀ ਹੈ ਮੈਨਾ।......ਛੱਡ ਦੇ......ਮੈਂ ਕਹਿੰਨੀ ਆਂ ਛੱਡ ਦੇ। ਮੇਰੇ ਪੈਸੇ ਨੇ......ਤੇਰੇ ਪਿਉ ਦੇ ਨਹੀਂ। ਛੱਡ......।

ਗੁੱਥਮਗੁੱਥਾ ਹੋ ਜਾਂਦੀ ਹੈ ਪੱਪਟ ਨਾਲ। ਨਹੀਂ ਛੱਡੇਗੀ ਡੱਬਾ।......ਮੇਰੀ ਜਾਨ ਲੈ ਲੈ......ਪਰ ਨਹੀਂ ਛੱਡਾਂਗੀ ਮੈਂ। ਮੇਰਾ ਪੈਸਾ ਨੰਬਰ ਖੇਡਣ ਵਾਸਤੇ ਨਹੀਂ।......ਛੱਡ......ਛੱਡ......।

ਸਮਝਾਈ ਜਾਂਦਾ ਹੈ ਪੱਪਟ......ਮੇਰੀ ਗੱਲ ਸੁਣ।......ਮੇਰੀ ਗੱਲ ਤਾਂ ਸੁਣ। ਜ਼ੋਰ ਨਾ ਅਜ਼ਮਾ ਮੇਰੇ ਨਾਲ।......ਕਹਿੰਨਾ ਵਾਂ......ਜ਼ੋਰ ਨਾ ਲਾ। ਪੰਜ ਬਦਲੇ ਪੰਜ ਸੌ ਦਿਆਂਗਾ। ਮਰਦ ਦੀ ਜ਼ਬਾਨ ਏ। ਹੱਥ ਛੱਡ ਦੇ ਮੇਰਾ। ਮੈਂ ਕਹਿੰਨਾ ਆਂ ਹੱਥ ਛੱਡ ਦੇ।......ਫਿਰ......ਜ਼ੋਰ ਅਜ਼ਮਾਨੀ ਏਂ। ਛੱਡ......ਛੱਡ। ਸਾਲੀ ਨੂੰ ਸਮਝਾ ਰਿਹਾ ਸਮਝਦੀ ਈ ਨਹੀਂ। ਵੇਖ......ਨਾ ਅਜ਼ਮਾ ਜ਼ੋਰ। ਨਹੀਂ ਮੰਨੇਗੀ ਤੂੰ ? ਅੱਛਾ......।

ਇਕ ਧੱਕਾ......ਅਤੇ ਕੱਚੀ ਜ਼ਮੀਨ ਉਪਰ ਚੁਫਾਲ ਡਿੱਗ ਜਾਂਦੀ ਹੈ ਮੈਨਾ। ਬਾਹਰ ਨਿਕਲ ਜਾਂਦਾ ਹੈ ਪੱਪਟ......।

ਅਤੇ ਹੁਣ ਚੰਦਰੀ ਦੇ ਵਾਲ ਵਾਹ ਰਹੀ ਹੈ ਨੈਨਾ......ਅਤੇ ਜੂੰਆਂ ਮਾਰਦੀ ਜਾਂਦੀ ਹੈ। ਬਹੁਤ ਹੋ ਗਈਆਂ ਹਨ। ਭਰੇ ਪਏ ਹਨ ਰੰਡੀਆਂ ਦੇ ਸਿਰ। ਜਦੋਂ ਸਿਰ ਵਿਚ ਖੁਰਕ ਛਿੜਦੀ ਹੈ......ਇੰਜ ਲਗਦਾ ਹੈ ਕਿ ਪਾਟ ਜਾਏਗਾ ਸਿਰ। ਆ ਗਿਆ ਮੁੰਡੂ ਮਦਰਾਸੀ ਹੋਟਲ ਵਾਲਾ। ਡਬਲ ਰੋਟੀ ਤੇ ਘੁੱਟੀ ਹੋਈ ਦਾਲ। ਪਰ ਫਿਰ ਸੌਂ ਗਈਆਂ ਹਨ ਸਭ ਦੀਆਂ ਸਭ......ਨੂਰਨ, ਸ਼ਾਂਤੀ......ਮੰਗਲਾ, ਜਮੀਲਾ। ਅਵਾਜ਼ਾਂ ਮਾਰ ਰਿਹਾ ਹੈ ਮੁੰਡੂ। ਕੋਈ ਨਹੀਂ ਜਾਗਦਾ। ਸਿਰਫ ਨੈਨਾ ਮਾਰੀ ਜਾਂਦੀ ਹੈ ਜੂੰਆਂ ਚੰਦਰੀ ਦੇ ਵਾਲਾਂ ਦੀਆਂ। ਅਤੇ ਨਵੀਂ ਕੁੜੀ ਬੈਠੀ ਹੈ ਨੁੱਕਰ ਵਿਚ......ਰੋਈ ਰੋਈ......ਡਰੀ ਡਰੀ......।

ਪੁਲ ਦੀਆਂ ਪੌੜੀਆਂ ਥਲੇ......ਖੇਡ ਰਹੇ ਹਨ ਮੁੰਡੇ ਤਾਸ਼......ਅੱਠ ਆਨੇ ਵਾਲੀ......ਛੋਟੀ ਛੋਟੀ। ਘੱਸ ਗਏ ਹਨ ਸਭ ਪੱਤੇ। ਨਾ ਰਾਜੇ ਦਾ ਪਤਾ ਲਗਦਾ ਹੈ ਨਾ ਰਾਣੀ ਦਾ। ਪੈਸੇ ਨਹੀਂ ਹਨ। ਢੋ ਦੋ ਬੀੜੀਆਂ ਦਾ ਜੂਆ।......ਸੱਤਾਰ ! ਦੋ ਬੀੜੀਆਂ ਹੋਰ ਦੇ ਦੇ ਮੈਨੂੰ, ਕਲ੍ਹ ਤੈਨੂੰ ਸਾਰੀਆਂ ਬੀੜੀਆਂ ਵਾਪਸ ਕਰ ਦਿਆਂਗਾ......ਨਹੀਂ ?'

ਪਹਿਲਾਂ ਪਿਛਲੀਆਂ ਚਾਰ ਵਾਪਸ ਕਰ......ਮਾਂ......ਪੱਤੇ ਵੇਖ ਕੇ ਖੇਡਦਾ ਏਂ। ਗਾਂਡੂ ਮਾਰਾਂਗਾ ਲੱਤ। ਤੂੰ ਖੇਡ ਓਏ ਮਹਾਂਦੇਵ......ਬਿਨਦਾਸ ਵਾਹ ਓਏ ! ਕਮਾਲ ਦਾ ਪੱਤਾ ਸੁਟਿਆ ਈ ਮੇਰੀ ਜਾਨ......ਕੁਰਬਾਨ ਜਾਵਾਂ......ਚਲ ਓਏ ਮੇਰੇ ਸ਼ੇਰ......ਇਹਦੀ ਮੈਂ ਮਾਂ ਦੀ......!

ਛੋਟੇ ਛੋਟੇ ਮੁੰਡੇ......ਹੋਟਲ ਦੇ ਪਿਛਵਾੜੇ ਡੱਬੇ ਦੇ ਕੋਲ......ਘੁੰਮ ਰਹੇ ਹਨ। ਅੱਜ ਦਾ ਜੂਠਾ ਖਾਣਾ......ਸੁਟਿਆ ਨਹੀਂ ਗਿਆ ਅਜੇ ਤਕ। ਬੱਸ ਹੋ ਗਿਆ ਹੈ ਵਕਤ। ਉਏ ਰਾਜੂ। ਇਸ ਕੁੱਤੇ ਨੂੰ ਵੱਟਾ ਮਾਰ। ਸਾਲਾ ਆ ਕੇ ਵਿਚ ਮੂੰਹ ਮਾਰੇਗਾ।

ਚੁਪ ਹੈ ਰਾਜੂ। ......ਕੁੱਤਿਆਂ ਨੂੰ ਵੱਟੇ ਮਾਰ ਲਵੇਗਾ..... ਪਰ ਇਨ੍ਹਾਂ ਪੱਤੇ ਵਾਲਿਆਂ ਮੁੰਡਿਆਂ ਨੂੰ ਕੀ ਮਾਰੇਗਾ ? ਜਦੋਂ ਇਹ ਲੋਕ ਆਉਣਗੇ ਤਾਂ ਹੱਥ ਵੀ ਲਾਉਣ ਦੇਣਗੇ ਸਾਨੂੰ ?

ਪਰ ਫਿਰ ਵੀ ਕੁੱਤੇ ਆ ਨਹੀਂ ਸਕਦੇ ਏਧਰ। ਦੂਰ ਦੂਰ ਬੈਠੇ ਦੇਖੀ ਜਾਂਦੇ ਹਨ......ਕੱਟਦੇ ਹਨ ਚੱਕਰ। ਸਿਰਫ ਮੁੰਡੇ ਫੋਲ ਫੋਲ ਕੇ ਦੇਖ ਰਹੇ ਹਨ ਕਲ੍ਹ ਦੀ ਜੂਠ ਨੂੰ। ਕਿੰਨਾ ਹੀ ਵਕਤ ਹੋ ਗਿਆ ਹੈ......ਅਜੇ ਤਕ ਆਈ ਨਹੀਂ ਅੱਜ ਦੀ ਜੂਠ।

ਫਿਰ ਇਕ ਕੁੱਤਾ ਆ ਜਾਂਦਾ ਹੈ ਨੇੜੇ......ਕਿਸੇ ਤਰ੍ਹਾਂ। ਫਿਰ ਇਕ ਪੱਥਰ ਵੱਜਦਾ ਹੈ......ਭੱਜ ਜਾਂਦਾ ਹੈ ਚੀਕਦਾ ਹੋਇਆ। ਭੱਜਦੇ ਹਨ ਹੋਰ ਕੁੱਤੇ। ਬਹੁਤੀ ਦੂਰ ਨਹੀਂ ਜਾਂਦੇ......ਵਾਪਸ ਆ ਜਾਂਦੇ ਹਨ। ਉਡਦੇ ਹਨ ਕਾਂ......ਉਡ ਉਡ ਕੇ ਬੈਠ ਜਾਂਦੇ ਹਨ ਉਥੇ। ਕੋਈ ਨਹੀਂ ਹੱਟਦਾ ਉਥੋਂ। ਮੁੰਡੇ ਫੋਲੀ ਜਾਂਦੇ ਹਨ ਪੁਰਾਣੀ ਜੂਠ ਨੂੰ......ਕੁਝ ਨਹੀਂ ਮਿਲਦਾ। ਨਾ ਹੱਡੀ......ਨਾ ਪਾਵ ਰੋਟੀ ਦੀਆਂ ਛਿੱਲੜਾਂ। ਕੁਝ ਵੀ ਨਹੀਂ। ਗਾਲ੍ਹਾਂ ਕੱਢਦੇ ਹਨ ਮੁੰਡੇ। ......ਸਾਲਾ ਭੈਣ...... । ਕੁਝ ਵੀ ਨਹੀਂ ਮਿਲਦਾ...... ।

ਚਮਕਦੀਆਂ ਹਨ ਰਾਜੂ ਦੀਆਂ ਅੱਖਾਂ। ......ਉਸ ਦਿਨ......ਮੁਰਗੇ ਦੀ ਪੂਰੀ ਟੰਗ ਮਿਲੀ ਸੀ ਮੈਨੂੰ......ਪੂਰੀ ਟੰਗ......ਅਤੇ ਨਾਲ ਨਮਕੀਨ ਚੋਲ ਵੀ। ਕਿਉਂ ਉਏ ਮਮਦੂ......ਹੈ ਕਿ ਨਹੀਂ ? ਪੁੱਛ ਲੈ ਮਮਦੂ ਨੂੰ...... ।

ਮੁੰਡਿਆਂ ਨੂੰ ਯਕੀਨ ਨਹੀਂ ਆਉਂਦਾ। ......ਮੁਰਗੇ ਦੀ ਟੰਗ। ਅਤੇ ਫਿਰ ਬਿਰਿਆਨੀ। ਭੁੱਖ ਹੋਰ ਚਮਕ ਪੈਂਦੀ ਹੈ। ......ਚਲ ਉਏ......ਝੂਠ ਬੋਲਦਾ ਏਂ ਤੂੰ। ਸਾਲਾ ਸੁਫਨੇ ਵਿਚ ਖਾਧੀ ਹੋਊ ਮੁਰਗੇ ਦੀ ਟੰਗ। ਸਾਨੂੰ ਉਲੂ ਬਣਾਉਂਦਾ ਏਂ ?

"ਤਾਂ ਮਮਦੂ ਨੂੰ ਪੁੱਛ ਲੈ ਨਾ। ਇੰਨੀ ਵਡੀ ਸਾਰੀ ਟੰਗ ! ਕਿਉਂ ਹੈ ਸੀ ਨਾ ਮਮਦੂ ?"

ਮੁਹੰਮਦ ਵੀ ਦੇਖ ਰਿਹਾ ਹੈ ਕੁਛ......ਅੱਖਾਂ ਸਾਹਮਣੇ।......ਹਾਂ। ਸੱਚ ਕਹਿੰਨਾ ਅਤੇ ......ਆਪਾਂ ਟੰਗ ਪੂਰੀ ਖਾਧੀ ਸੀ। ਅਤੇ ਓਧਰ ਮਦਰਾਸੀ ਹੋਟਲ ਦੇ ਪਿਛਵਾੜੇ ਪਤਾ ਕੀ ਮਿਲਿਆ ਸੀ ਆਪਾਂ ਨੂੰ ? ਡੋਸਾ। ਪੂਰਾ ਡੋਸਾ। ਕਿਉਂ ਓਏ ਰਾਜੂ ? ਆਪਾਂ ਚਟਨੀ ਨਾਲ ਖਾਧਾ ਸੀ......ਹੈ ਨਾ ?

ਹੁਣ ਹੋਣ ਲਗਾ ਹੈ ਯਕੀਨ। ਤੱਕ ਰਹੇ ਹਨ ਮੁੰਡੇ......ਚੁਪ ਚਾਪ। ਮੁਰਗੇ ਦੀ ਟੰਗ......ਬਿਰਿਆਨੀ......ਡੋਸਾ। ਰਾਜੂ ਅਤੇ ਮੁਹੰਮਦ......ਚੜ੍ਹ ਗਏ ਸਭ ਦੀਆਂ ਨਜ਼ਰਾਂ ਵਿਚ। ਕੁੜ੍ਹ ਰਿਹਾ ਹੈ ਛੋਟਾ ਗੱਪੂ। ......ਇਨ੍ਹਾਂ ਗਾਂਡੂਆਂ ਨੂੰ ਸਭ ਕੁਝ ਮਿਲ ਜਾਂਦਾ ਏ......ਮੈਨੂੰ ਨਹੀਂ ਕੁਝ ਮਿਲਦਾ। ਕਦੀ ਨਹੀਂ ਮਿਲਿਆ ਅੱਜ ਤਕ। ਮੁਰਗਾ ਨਹੀਂ......ਬਿਰਿਆਨੀ ਨਹੀਂ......ਕੁਝ ਨਹੀਂ।

ਅੰਨਾ......ਮਦਰਾਸੀ ਦਾ ਬੱਚਾ......ਚਾਲਾਕ ਹੈ। ......ਇਹ ਸਭ ਝੂਠੀ ਗੱਲ ਹੈ। ਸਾਨੂੰ ਬੁਧੂ ਸਮਝਦਾ ਏਂ ਭਲਾ ? ਆਪਾਂ ਨੂੰ ਸਭ ਕੁਝ ਪਤਾ ਏ। ਮੁਰਗੇ ਦੀ ਟੰਗ ਅੱਜ ਤਕ ਕਦੀ ਨਹੀਂ ਆਈ ਏਧਰ...... ।

ਫਿਰ ਆ ਗਏ ਦੋ ਚਾਰ ਕੁੱਤੇ । ਚੱਕਰ ਕੱਟ ਰਹੇ ਹਨ । ਨਹੀਂ ਆ ਸਕਦੇ ਨੇੜੇ । ਸਿਰਫ ਭੌਂਕਦੇ ਹਨ ਕਾਵਾਂ ਵਲ ਮੂੰਹ ਕਰ ਕੇ......ਜ਼ੋਰ ਜ਼ੋਰ ਦੀ । ਨਾਰਾਜ਼ ਹੋ ਰਿਹਾ ਹੈ ਰਾਜੂ । ......ਇਹ ਸਾਲਾ ਅੱਨਾ......ਤੇਰੀ ਮਾਂ ਨੂੰ......ਤੈਨੂੰ ਕਦੀ ਕਿਸੇ ਬੁਲਾਇਆ ਵੀ ਏ ? ਤੂੰ ਕਾਹਨੂੰ ਐਵੇਂ ਟੰਗ ਅੜਾਉਂਦਾ ਏਂ ਵਿਚ ? ਹਾਂ......ਮੈਂ ਕਹਿੰਨਾ......ਅਸੀਂ ਖਾਧੀ ਸੀ ਮੁਰਗੇ ਦੀ ਟੰਗ । ਕਿਉਂ ਉਏ ਮਮਦੂ, ਖਾਧੀ ਸੀ ਕਿ ਨਹੀਂ ਆਪਾਂ ? ਇਹ ਸਾਲਾ ਅੱਨਾ ਵਿਚ ਐਵੇਂ ਟਰ ਟਰ ਕਰੀ ਜਾਂਦੈ ।

ਕੱਚੀ ਜ਼ਮੀਨ ਉਪਰ ਮੂਧੇ ਮੂੰਹ ਪਈ ਹੈ ਮੈਨਾ । ਰੋ ਰਹੀ ਹੈ । ......ਗਾਲ੍ਹਾਂ ਕੱਢ ਰਹੀ ਹੈ । ......ਮੈਂ ਇਕ ਇਕ ਪੈਸਾ ਜਮ੍ਹਾ ਕੀਤਾ ਸੀ..... ਲੈ ਗਿਆ ਸਾਲਾ । ਵੇ ਤੂੰ ਕਦੋਂ ਮਰੇਂਗਾ ! ਉਦੋਂ ਹੀ ਠੰਡ ਪਊ ਮੇਰੇ ਕਾਲਜੇ । ......ਭੜੂਆ .....ਕਹਿੰਦੈ ਪੰਜ ਸੌ ਰੁਪਿਆ ਤੇਰੇ ਹੱਥ ਉਪਰ ਰਖਾਂਗਾ । ਆਪਣੀ ਮਾਂ ਦੀ ਝੋਕ ਵਿਚ ਪਾ ਆਪਣਾ ਪੰਜ ਸੌ ਰੁਪਿਆ । ਮਾਂ...... ।

ਵਕਤ ਕਾਫੀ ਹੋ ਗਿਆ..... ਤਾਸ਼ ਵਾਲਿਆਂ ਦਾ ਜੂਆ ਖਤਮ ਨਹੀਂ ਹੋਇਆ । ਥੱਕ ਕੇ ਬੈਠ ਗਏ ਛੋਟੇ ਮੁੰਡੇ । ਕਾਂ......ਨਹੀਂ ਦਿਖਾਈ ਦੇਂਦੇ । ਕੁੱਤੇ..... ਊਂਘਣ ਲਗੇ । ਮੱਖੀਆਂ ਵੀ ਸੌਂ ਗਈਆਂ । ਚਾਰੇ ਪਾਸੇ......ਠਹਿਰ ਗਿਆ ਸਭ ਕੁਝ । ......ਅਚਾਨਕ ਖੁਲ੍ਹ ਜਾਂਦਾ ਹੈ ਦਰਵਾਜ਼ਾ ਹੋਟਲ ਦੇ ਪਿਛਵਾੜੇ ਦਾ । ਨਿਕਲ ਆਇਆ ਮੁੰਡੂ । ਹੱਥਾਂ ਵਿਚ ਕਨਸਤਰ । ਭਰਿਆ ਹੈ ਨੱਕੋ ਨੱਕ । ਸਭ ਕੁਝ ਇਕੋ ਵਿਚ । ......ਚਾਵਲ......ਰੋਟੀ......ਪਾਵ......ਹੱਡੀ......ਦਾਲ ......ਮੱਛੀ......ਸ਼ੋਰਬਾ......ਅੱਜ ਦਾ......ਕੱਲ ਦਾ......ਸੜ੍ਹਾਂਦ ਮਾਰਦਾ ! ......ਬੋ ਵਾਲਾ । ਸਭ ਚੌਕੰਨੇ ਹੋ ਗਏ ਹਨ ਅਚਾਨਕ......ਦੌੜਨ ਲਗਦੇ ਹਨ । ......ਮਮਦੂ...... ਮਮਦੂ ਉਹ ਆ ਗਿਆ ! ਗੋਪੂ......ਗੋਪੂ ! ਅੱਨਾ ! ਸੋਨੀਆ ! ਰਾਮਾ...... !

ਜਾਗ ਪੈਂਦੇ ਹਨ ਊਂਘਦੇ ਹੋਏ ਕੁੱਤੇ ਵੀ......ਦੌੜ ਪੈਂਦੇ ਹਨ । ਕਾਂ ਵੀ ਆ ਜਾਂਦੇ ਹਨ ......ਚੀਕਦੇ ਹਨ । ਭਿੰਨ ਭਿੰਨ......ਉਡਣ ਲੱਗੀਆਂ ਮੱਖੀਆਂ । ਸੁੱਟ ਦਿੱਤੇ ਪੱਤੇ ਤਾਸ਼ ਖੇਡਣ ਵਾਲਿਆਂ ਨੇ......ਦੌੜਨ ਲਗੇ । ਛੋਟੇ ਮੁੰਡੇ ਇੱਟਾਂ ਮਾਰ ਰਹੇ ਹਨ ਕੁੱਤਿਆਂ ਨੂੰ......ਹਟਦੇ ਨਹੀਂ ਕੁੱਤੇ । ਉਡ ਉਡ ਕੇ ਉਥੇ ਹੀ ਬੈਠ ਜਾਂਦੇ ਹਨ ਕਾਂ । ਆ ਰਹੇ ਹਨ ਵੱਡੇ ਮੁੰਡੇ......ਤਾਸ਼ ਵਾਲੇ । ਛੋਟੇ ਭਿੜ ਪੈਂਦੇ ਹਨ ਜਲਦੀ ਜਲਦੀ । ਕੁੱਤੇ......ਫਿਰ ਅਗੇ ਵੱਧ ਆਉਂਦੇ ਹਨ......ਜਲਦੀ । ਕਾਂ ਵੀ ਜੁੱਟ ਪੈਂਦੇ ਹਨ । ਕੁਝ ਨਹੀਂ ਮਿਲਦਾ ਕਾਹਲੀ ਵਿਚ......ਮਮਦੂ । ਕੁਝ ਮਿਲਿਆ ਓਏ ? ......ਏਧਰ ਕੁਝ ਵੀ ਨਹੀਂ । ਓਧਰ ? ......ਓਧਰ ਵੀ ਨਹੀਂ । ......ਹਟਾਈ ਜਾਊ ਜਲਦੀ ਜਲਦੀ । ਕੁਝ ਨਹੀਂ......ਹਾਂ । ਇਕ ਮੱਛੀ......ਅੱਧੀ ਖਾਧੀ ਹੋਈ......ਅਚਾਨਕ ਦਿਸ ਪੈਂਦੀ ਹੈ । ......ਦੌੜ ਪੈਂਦੇ ਹਨ ਸਭ । ......ਤੇਰੀ ਮਾਂ ਦੀ......ਹੱਟ ਪਰੇ......ਤੂੰ ਹੱਟ ਸਾਲਾ ਭੈਣ...... । ਓਏ......ਇਹਨੂੰ ਫੜ ਵੀ .....ਮੈਂ ਫੋਲ ਕੇ ਕੱਢਿਆ ਏ । ਹੱਥ ਨਾ ਲਾਣਾ ਗਾਂਡੂਓ । ਐਸਾ ਮਾਰਾਂਗਾ...... ।

ਪਰ ਆ ਜਾਂਦੇ ਹਨ ਵੱਡੇ ਮੁੰਡੇ......ਹੱਟੋ ਓਏ ਸਾਲਿਓ । ਭੱਜੋ । ਨੇੜੇ ਆਏ ਤਾਂ ਯਾਦ

ਰੱਖਣਾ । ਤੂੰ ਓਸ ਪਾਸੇ ਦੇਖ ਓਏ ਮਹਾਂਦੇਵ । ਓਏ ਸਾਲਾ ਰਾਜੂ । ਤੈਨੂੰ ਕਿਹਾ ਨਹੀਂ ਏਧਰ ਨਾ ਆ... ।

ਇਕ ਘੇਰਾ ਬਣ ਗਿਆ ਹੈ ਦੂਰ... . ਛੋਟੇ ਮੁੰਡਿਆਂ ਦਾ......ਕੁੱਤਿਆਂ ਦਾ......ਕਾਵਾਂ ਦਾ । ਅੱਗੇ ਵੱਧ ਨਹੀਂ ਸਕਦਾ ਕੋਈ । ਸਿਰਫ ਕਾਂ ਫੜ ਫੜਾ ਕੇ ਬੈਠ ਜਾਂਦੇ ਹਨ ਉਸੇ ਜਗ੍ਹਾ । ਬਹੁਤ ਭੁੱਖੇ ਹਨ ਤਾਸ਼ ਵਾਲੇ । ਕੁਝ ਵੀ ਨਹੀਂ ਛੱਡਣਗੇ । ਸਭ ਕੁਝ ਮਿਲਗੋਭਾ ਬਣ ਗਿਆ ਹੈ......ਲੇਸਲਾ ਜਿਹਾ......ਢੇਰ ਜਿਹਾ । ਕਿਧਰੇ ਕਿਧਰੇ ਦਿਸ ਪੈਂਦਾ ਹੈ ਕੋਈ ਟੁੱਕੜਾ ।

ਖਾਈ ਜਾਂਦੇ ਹਨ ਵੱਡੇ ਮੁੰਡੇ......ਬਾਕੀ ਸਭ ਦੇਖੀ ਜਾਂਦੇ ਹਨ । ਛੋਟੇ ਮੁੰਡਿਆਂ ਦੀ ਨਜ਼ਰ ਨਹੀਂ ਹੱਟਦੀ । ......ਕੀ ਮਿਲਿਐ ਮਹਾਂਦੇਵ ਨੂੰ ? ......ਦੇਖ ਓਏ ਰਾਜੂ......ਪੂਰੀ ਹੱਡੀ......ਮਾਸ ਲਗਾ ਹੋਇਆ ਏ ! ਹੈਂ ਕਿ ਨਾ ? ਗਨੀਆ ਨੂੰ ਲੱਭ ਪਈ ਪੂਰੀ ਪਾਵ ਰੋਟੀ । ਇਹ ਗਾਂਡੂ ਲੋਕ ਕੁਝ ਵੀ ਨਹੀਂ ਛੱਡਣਗੇ । ਸਭ ਖਾ ਜਾਣਗੇ । ਇਨ੍ਹਾਂ ਦੀ ਮਾਂ ਦੀ...... ।

ਹੌਲੀ ਹੌਲੀ ਢੱਲ ਰਹੀ ਹੈ ਦੁਪਹਿਰ......ਸ਼ਾਮ ਹੋਈ ਜਾ ਰਹੀ ਹੈ । ਉੱਚੀਆਂ ਲੰਮੀਆਂ ਕਤਾਰਾਂ......ਕਾਲੇ ਅਤੇ ਪੀਲੇ ਧੂੰਏ ਦੀਆਂ......ਫੈਲਦੀਆਂ ਜਾ ਰਹੀਆਂ ਹਨ ਅਸਮਾਨ ਵਿਚ ......ਖੜੋਤੀਆਂ ਹੋਈਆਂ ਗੱਡੀਆਂ......ਫਿਰ ਚਲਣ ਲਗਦੀਆਂ ਹਨ । ਊਂਘਦੇ ਹੋਏ ਫੇਰੀ ਵਾਲੇ......ਲੱਭਦੇ ਹਨ ਖਰੀਦਾਰਾਂ ਨੂੰ । ਇਕ ਕੱਪ ਚਾਹ......ਦੋ ਬਸੀ......ਦੋ ਗਿਲਾਸ ਪਾਣੀ......ਦੌੜਦੇ ਜਾਂਦੇ ਹਨ ਮੁੰਡੂ ਹੋਟਲ ਦੇ । ਗਰਮੀ ਹੈ । ਪਲ ਭਰ ਸਸਤਾ ਕੇ ਫਿਰ ਚਲਣ ਲਗ ਪੈਂਦੇ ਹਨ......ਥੱਕੇ ਹੋਏ ਕੁਲੀ । ਬਹੁਤ ਲੰਬਾ ਰਸਤਾ......ਬਹੁਤ ਭਾਰੀ ਬੋਝ...... ।

ਘਸੀਟਦੀ ਹੋਈ ਲਈ ਜਾ ਰਹੀ ਹੈ ਸਾਂਵਲੀ ਹਸੀਨਾ......ਤਿੰਨ ਸਾਲ ਦੇ ਅਮਜਦ ਨੂੰ ।

—ਕਿਧਰ ਜਾ ਰਹੀ ਏਂ ਹਸੀਨਾ ਬਾਈ ? ......ਚੀਕ ਕੇ ਪੁੱਛਦਾ ਹੈ ਕੋਈ ।

—ਜਹੱਨਮ ਵਿਚ ।

—ਕਿਉਂ ? ...ਕਿਧਰ ਗਿਆ ਜੱਬਾਰ ?

ਮਰ ਗਿਆ ਸਾਲਾ । ਫਿਰ ਚਲਾ ਗਿਆ ਏ ਤੜੀ ਤੋਂ ਪਰਲੇ ਪਾਸੇ । ਹੁਣ ਮੈਂ ਰੋਵਾਂ ਬੈਠ ਕੇ ਉਸ ਦੇ ਨਸੀਬ ਨੂੰ...... ।

ਕਦੀ ਖਤਮ ਨਹੀਂ ਹੋਵੇਗਾ ਇਹ ਸਭ । ਫਿਰ ਜੰਮ ਜਾਏਗੀ ਤਾਸ਼ ਦੀ ਬਾਜ਼ੀ ਪੌੜੀਆਂ ਦੇ ਥੱਲੇ । ਬਚੀ ਹੋਈ ਜੂਠ ਦੇ ਢੇਰ ਉਪਰ ਪਹੁੰਚ ਗਏ ਛੋਟੇ ਮੁੰਡੇ । ਕੁੱਤੇ ਦੂਰ......ਕਾਂ ਉਡ ਉਡ ਕੇ ਆਉਂਦੇ ਹਨ......ਭਿੰਨ ਭਿੰਨ ਕਰਦੀਆਂ ਉਡਦੀਆਂ ਹਨ ਮੱਖੀਆਂ......ਲੇਸਲਾ ਜਿਹਾ...... ਖਤਮ ਹੋ ਜਾਏਗਾ ਸਾਰਾ । ਰਾਜੂ......ਮਮਦੂ......ਗਣੇਸ਼......ਗੋਪੂ......ਅੱਨਾ......ਕੁਝ ਨਹੀਂ ਸੁਝਦਾ ਹੁਣ । ਢਿੱਡ ਵਿਚ ਲਗੀ ਅੱਗ ਬੁਝਦੀ ਨਹੀਂ......ਵਧਦੀ ਜਾਂਦੀ ਹੈ ।

ਚਿਹਰੇ ਪੋਚੇ ਗਏ ਹਨ ਖੜੀਆ ਪਾਊਡਰ ਨਾਲ । ਗੱਲ੍ਹਾਂ ਬੁੱਲ੍ਹਾਂ ਉਪਰ ਲਾਲ ਰੰਗ...... ਅੱਖਾਂ ਵਿਚ ਗੂੜ੍ਹਾ ਸੁਰਮਾ......ਕੋਨੇ ਚਲੇ ਗਏ ਦੂਰ ਕੰਨਪੱਟੀਆਂ ਉਪਰ । ਤਿਆਰ ਹਨ ਸਭ ਦੀਆਂ ਸਭ । ਸਿਰਫ ਮਰੀਅਮ ਬੈਠੀ ਹੈ ਵੱਡਾ ਢਿਡ ਲਈ...... । ਗਾਲ੍ਹਾਂ ਕੱਢ ਰਹੀ ਹੈ ਨਸੀਬਾਂ

ਨੂੰ। ਬਜਰਿਆਂ ਅਤੇ ਜਹਾਜ਼ਾਂ ਦੇ ਕੁਲੀ......ਕੱਟ ਰਹੇ ਹਨ ਚੱਕਰ।

—ਸਾਲਾ ਮੂੰਹ ਵੀ ਨਹੀਂ ਧੋਤਾ। ......ਚੀਕਦੀ ਹੈ ਚੰਦਰੀ......ਉਂਜ ਈ ਆ ਗਿਆ ਏ...... ।

— ਰਾਤੀਂ ਸ਼ਿਫਟ ਲਾਈ ਸੀ ! ......ਦਿਨ ਨੂੰ ਸੁੱਤਾ। ਉਠਿਆ ਤਾਂ ਤੇਰੇ ਬਾਰੇ ਸੋਚਿਆ। ਮੂੰਹ ਪਿਛੋਂ ਧੋਵਾਂਗਾ......ਪਹਿਲਾਂ ਤੇਰੇ ਨਾਲ ਗੱਲ ਕਰਾਂਗਾ...... ।

—ਚਲ ਦੂਰ ਸਰਕ ਕੇ ਬੈਠ......ਬੋ ਆਉਂਦੀ ਐ ਮੂੰਹ ਵਿਚੋਂ...... ।

—ਆਉਣ ਦੇ ਬੋ। ਬੋ ਤੋਂ ਭੱਜੇਂਗੀ ਤਾਂ ਕੰਮ ਕਿੱਦਾਂ ਚਲੂ ?

ਭੈੜਾ ਮੂੰਹ ਬਣਾਉਂਦੀ ਹੈ ਚੰਦਰੀ। ......ਨਹੀਂ......ਮੈਨੂੰ ਨਹੀਂ ਪਸੰਦ ਤੇਰੇ ਮੂੰਹ ਦੀ ਬੋ......।

—ਮੈਂ ਹੁਣੇ ਆਇਆ ਮੂੰਹ ਧੋ ਕੇ......ਤੂੰ ਏਥੇ ਈ ਰਹੀਂ। ਜਾਈਂ ਨਾ......ਚੰਗਾ।

ਕੁਝ ਦੂਰ ਚਲਾ ਜਾਂਦਾ ਹੈ ਮੁੰਡਾ। ਚੰਦਰੀ ਅਵਾਜ਼ ਦੇਂਦੀ ਹੈ......ਓ ਸੁਣ ਤਾਂ......ਕੀ ਨਾਂ ਏ ਤੇਰਾ...... !

ਨਾਂ ਨਹੀਂ ਪਤਾ। ਕੋਲ ਆ ਜਾਂਦਾ ਹੈ। ......ਕੀ ਗੱਲ ਏ ? ਮੈਂ ਹੁਣੇ ਆਇਆ...... ।

ਤਿੱਖੀਆਂ ਨਜ਼ਰਾਂ ਨਾਲ ਦੇਖ ਕੇ ਮੁਸਕਰਾਉਂਦੀ ਹੈ। ......ਕੁਝ ਦੇ ਕੇ ਵੀ ਜਾ ਨਾ...... ਚਾ ਪਾਣੀ ਲਈ। ਕੁਝ ਵੀ ਨਹੀਂ ਹੈ ਮੇਰੇ ਕੋਲ...... ।

ਚਾਹ-ਪਾਣੀ ਲਈ ? ...... ਕੁਝ ਦੇਰ ਸੋਚਦਾ ਹੈ ਮੁੰਡਾ। ...... ਇੱਕ ਪੰਜਾਹ ਪੈਸੇ ਹਨ ਮੇਰੇ ਕੋਲ......।

ਚੀਕਦੀ ਹੈ ਚੰਦਰੀ ...... ਭੜਵੀ ਦਾ। ਪੰਜਾਹ ਪੈਸੇ ਲੈ ਕੇ ਰੰਡੀਬਾਜ਼ੀ ਕਰਨ ਨਿਕਲਿਆ ਏ। ਸ਼ਰਮ ਨਹੀਂ ਆਉਂਦੀ ਤੈਨੂੰ ...... ।

ਮੂੰਹ ਉਤਰ ਜਾਂਦਾ ਹੈ ਮੁੰਡੇ ਦਾ। ...... ਤਿੰਨ ਰੁਪਏ ਮਿਲੇ ਸਨ ਰਾਤ ਦੀ ਸ਼ਿਫਟ ਦੇ। ਦੋ ਰੁਪਏ ਉਧਾਰ ਵਿਚ ਚਲੇ ਗਏ। ਪੰਜਾਹ ਪੈਸੇ ਰਗੜ-ਪਾਵ ਖਾਧਾ...... ।

ਮੈਂ ਤੇਰੇ ਕੋਲੋਂ ਹਿਸਾਬ ਨਹੀਂ ਪੁਛਿਆ। ਜੇਬ ਵਿਚ ਰੁਪਏ ਹੋਣ ਤਾਂ ਆਈਂ ਏਧਰ...... ਨਹੀਂ ਤਾਂ ਦਿਸੀਂ ਨਾ। ਕੀ ਸਮਝਿਆ ? ਹੁਣੇ ਕੱਢ ਪੰਜਾਹ ਪੈਸੇ ਅਤੇ ਧੋ ਕੇ ਆ ਮੂੰਹ...... ।

ਚੁਪ ਚਾਪ ਦੇ ਦਿੰਦਾ ਹੈ ਪੰਜਾਹ ਪੈਸੇ ਚਲਾ ਜਾਂਦਾ ਹੈ। ਹੱਸੀ ਜਾਂਦੀ ਹੈ। ਜਮੀਲਾ। ਪਰ ਨੈਨਾ ਨੂੰ ਗੁੱਸਾ ਆ ਜਾਂਦਾ ਹੈ।......ਪੰਜਾਹ ਪੈਸੇ ਲੈ ਕੇ ਆ ਜਾਂਦੇ ਨੇ ਲੈਣ ! ਕੀ ਸਮਝ ਰਖਿਆ ਏ ਇਨ੍ਹਾਂ ਸਾਲਿਆਂ ਨੇ ਮੁਫਤ ਵਿਚ ਆਉਂਦੀ ਏ......।'

ਸਾਈਕਲ ਲਈ ਆ ਗਿਆ ਹੈ ਭਈਆ......ਦੁਧ ਵਾਲਾ। ਮੋਢੇ ਉਪਰ ਹੱਥ ਰੱਖਦੀ ਹੈ, ਸੀਟ ਉਪਰ ਬੈਠ ਜਾਂਦੀ ਹੈ ਮੰਗਲਾ।......ਮੈਨੂੰ ਸਿਖਾ ਦੇ ਨਾ ਸਾਈਕਲ ਚਲਾਉਣਾ......ਸਿਖਾ ਨਾ। ਮੇਰੇ ਸਿਰ ਦੀ ਸਹੁੰ ਤੈਨੂੰ......।

ਉਪਰੋਂ ਖਿਝਦਾ ਹੈ ਭਈਆ......ਓ ਛੱਡ। ਮੈਂ ਕਹਿੰਨਾ ਆਂ ਛੱਡ ਸਾਈਕਲ। ਦੁੱਧ ਦਾ ਭਾਂਡਾ ਡਿੱਗ ਪਵੇਗਾ।

ਸੀਟ ਉਪਰ ਹੀ ਭੁੜਕਦੀ ਹੈ ਮੰਗਲਾ। ਖਿੱਝੀ ਜਾਂਦਾ ਹੈ ਭਈਆ......ਪਰ ਦੇਖੀ ਜਾਂਦਾ ਹੈ......ਸੁਰਮਾ......ਸਫੈਦੀ......ਲਾਲੀ। ਸਾਲ ਭਰ ਤੋਂ ਮੁਲਕ ਨਹੀਂ ਗਿਆ......ਹੱਥ ਨਹੀਂ ਲਾਇਆ ਔਰਤ ਨੂੰ। ਡਾਂਟ ਰਿਹਾ ਹੈ......ਆਵਾਜ਼ ਵਿਚ ਦਮ ਨਹੀਂ। ਮੰਗਲਾ ਬੜੀ ਚਾਲਾਕ......ਸਭ ਸਮਝਦੀ ਹੈ। ਕੰਨ ਦੇ ਕੋਲ ਲੈ ਜਾਂਦੀ ਹੈ ਮੂੰਹ।......ਮੈਨੂੰ ਲੈ ਚਲ ਕਿਧਰੇ ਵੀ......।

ਦੋ ਚਾਰ ਹੋਰ ਤੁਰੀਆਂ ਆ ਰਹੀਆਂ ਹਨ। ਘਬਰਾ ਜਾਂਦਾ ਹੈ ਭਈਆ......ਤੂੰ ਉਤਰ ਪਹਿਲਾਂ......ਐਵੇਂ ਮੇਰਾ ਵਕਤ ਖਰਾਬ ਨਾ ਕਰ......।

— ਏ ਭਈਆ ! ਲੈ ਜਾ ਏਹਨੂੰ......ਘਰ ਰੱਖੀਂ ਰਾਣੀ ਬਣਾ ਕੇ।......।

— ਕਿਉਂ ਨੀ ਮੰਗਲਾ......ਛੱਡੀਂ ਨਾ ਏਹਨੂੰ......ਧਗੜਾ ਏ ਤੇਰਾ......।

ਚੀਕਦਾ ਹੈ ਭਈਆ......ਤੂੰ ਹੱਥ ਨਾ ਲਾ ਮੈਨੂੰ......ਕੀ ਕਹਿੰਨਾ ਵਾਂ ਹੱਥ ਨਾ ਲਾ। ਉਤਰ ਜਾ ਸਾਈਕਲ ਤੋਂ......।

ਪਰ ਮੰਗਲਾ ਬਾਂਹ ਫੜ ਲੈਂਦੀ ਹੈ।......ਕਲ੍ਹ ਰਾਤੀਂ ਆ ਜਾਈਂ ਤੂੰ......ਰਾਹ ਦੇਖਾਂਗੀ ਤੇਰਾ। ਹੁਣੇ ਦੇ ਮੈਨੂੰ ਥੋੜ੍ਹਾ ਬਹੁਤਾ। ਚਾਰ ਅੱਠ ਆਨੇ ਜੋ ਵੀ ਸਰਦਾ ਈ। ਦੇ ਨਾ......ਏਨਾ ਵੀ ਕੀ ਹੋਇਆ !"

ਹੱਥ ਪਾਉਂਦੀ ਹੈ ਜੇਬ ਵਿਚ। ਇਕ ਸਿੱਕਾ......ਪੰਜਾਹ ਪੈਸੇ ! ਦੇਖਦਾ ਰਹਿ ਜਾਂਦਾ ਹੈ ਭਈਆ। ਖਿੜਖਿੜਾਉਂਦੀਆਂ ਹਨ ਰੰਡੀਆਂ......ਤੁਰ ਜਾਂਦੀਆਂ ਹਨ।

ਹੌਲੀ ਹੌਲੀ ਜਗਣ ਲਗਦੇ ਹਨ ਦੀਵੇ। ਮਿੱਟੀ ਦੇ ਤੇਲ ਦੇ ਦੀਵੇ। ਮੈਨਾ......ਨਹੀਂ ਉਠੀ ਅਜੇ ਤਕ। ਸਿਲ੍ਹੀ ਜ਼ਮੀਨ ਅਤੇ ਸਿਲ੍ਹਾ ਸਰੀਰ। ਰਾਜੂ ਆਇਆ......ਚਲਾ ਗਿਆ। ਫਿਰ ਆਇਆ......ਫਿਰ ਚਲਾ ਗਿਆ। ਦਰਦ ਅਤੇ ਅੱਥਰੂਆਂ ਦੀਆਂ ਧਾਰਾਂ। ਭੁੱਖ ਅਤੇ ਕਮਜ਼ੋਰੀ ! ਉਠਣਾ ਪੈਂਦਾ ਹੈ ਬੇਦਿਲੀ ਨਾਲ। ਝੌਂਪੜੀ ਵਿਚਲੇ ਸੁਰਾਖਾਂ ਰਾਹੀਂ ਬਾਹਰ ਦੀ ਰੋਸ਼ਨੀ। ਕੀ ਰੱਖ ਗਿਆ ਹੈ ਰਾਜੂ ? ਪਾਵ ਦੇ ਟੁਕੜੇ।......ਪੱਪਟ। ਸਾਲਾ ਹਰਾਮੀ। ਕਦੀ ਭਲਾ ਹੋਣਾ ਨਹੀਂ ਤੇਰਾ...।

ਘੜੇ ਵਿਚ ਪਾਣੀ ਨਹੀਂ। ਝੌਂਪੜੀ ਵਿਚ......ਖਾਣਾ ਨਹੀਂ। ਕੋਈ ਰਸਤਾ ਨਹੀਂ...... ਕੋਈ ਠਿਕਾਣਾ ਨਹੀਂ। ਮੈਲੇ-ਥੱਕੇ ਹੋਏ ਸਰੀਰ ਨੂੰ ਸਜਾਉਣਾ ਪਵੇਗਾ। ਹੋ ਰਹੀ ਹੈ ਰਾਤ ਕੂੜੇ ਦੇ ਢੇਰ ਉਪਰ। ਪਾਗਲ ਆਦਮੀ......ਫੋਲ ਰਿਹਾ ਹੈ ਅਜੇ ਵੀ......ਉਸ ਨੂੰ ਮਿਲਦਾ ਜੁ ਨਹੀਂ।

ਰੋਸ਼ਨੀਆਂ ਦੇ ਖੰਭੇ......ਅਤੇ ਰੰਡੀਆਂ ਦੀ ਕਤਾਰ। ਹੱਸਦੀਆਂ ਹਨ......ਖਿੜ ਖਿੜਾਉਂਦੀਆਂ ਹਨ ਬਾਰ ਬਾਰ......ਜ਼ੋਰ ਲਾ ਕੇ। ਅਵਾਜ਼ਾਂ ਕੱਸਦੀਆਂ ਹਨ। ਖੰਘ ਨਹੀਂ ਰੁਕਦੀ। ਇਕ ਝੌਂਪੜੀ......ਹਨ੍ਹੇਰੀ ਨੁੱਕਰ......ਪਈ ਹੈ ਮਰੀਅਮ। ਦਿਨ ਗਿਣ ਰਹੀ ਹੈ। ਕਦੋਂ ਨਿਕਲੇਗਾ ਢਿੱਡ ਵਿਚੋਂ ? ਦੂਜੀ ਝੌਂਪੜੀ......ਦੂਜੀ ਹਨੇਰੀ ਨੁੱਕਰ। ਬੈਠੀ ਹੈ ਇਕ ਕੁੜੀ...... ਡਰੀ ਹੋਈ। ਕਿੱਥੇ ਹੈ ਮੈਨਾ ? ਤੁਰੀ ਜਾ ਰਹੀ ਹੈ ਸਭ ਦੇ ਪਿੱਛੇ।......ਭਾਲ ਰਹੀ ਹੈ। ਕੋਈ ਨਹੀਂ ਮਿਲਦਾ। ਰੁਪਿਆ......ਦੋ ਰੁਪਿਆ.....ਚਾਰ ਰੁਪਿਆ......ਕੋਈ ਨਹੀਂ ਆਉਂਦਾ।......

ਹਾਂ......ਆ ਰਿਹਾ ਹੈ ਹਨੇਰੇ ਵਿਚੋਂ......ਜਵਾਨ......ਮਨਚਲਾ ਜਿਹਾ। ਮੰਗਲਾ...ਨੂਰਨ...... ਚੰਦਰੀ......ਸਾਰੀਆਂ ਦੀ ਨਜ਼ਰ ਪੈਂਦੀ ਹੈ ਇਕੱਠਿਆਂ । ਮੰਗਲਾ ਸਭ ਤੋਂ ਅਗੇ ।......ਦੇਖੋ ਬਈ । ਤੁਹਾਡੇ ਵਿਚੋਂ ਕੋਈ ਵੀ ਏਧਰ ਨਾ ਆਵੇ । ਹੁਣੇ ਹੀ ਕਹਿ ਦੇਂਦੀ ਆਂ । ਮੈਂ ਫਸਾਵਾਂਗੀ ਇਹਨੂੰ......।

ਵਿਗੜਦੀ ਹੈ ਨੂਰਨ ।......ਕਿਉਂ ਫਸਾਏਂਗੀ ਤੂੰ । ਪਟਾ ਲਿਖਾ ਕੇ ਲਿਆਈਂ ਏਂ ਤੂੰ ? ਜਦੋਂ ਵੇਖੋ ਉਦੋਂ ਮੈਂ......ਮੈਂ । ਦੂਜੇ ਭਲਾ ਐਵੇਂ ਆਏ ਨੇ ?

ਪਰ ਸਮਝਾਉਂਦੀ ਹੈ ਬਸ਼ੀਰਨ ।......ਜਾਣ ਦੇ ਨਾ। ਹੁਣੇ ਦੂਜਾ ਕੋਈ ਮਾਲ ਫਸਾ ਲਈਂ । ਜਾਣ ਦੇ ਇਹਨੂੰ......।

ਸਭ ਰੁਕ ਗਈਆਂ ਹਨ......ਸਿਰਫ ਜਾ ਰਹੀ ਹੈ ਮੰਗਲਾ । ਨੈਨਾ ਨੂੰ ਵੀ ਬੁਰਾ ਲਗ ਰਿਹਾ ਹੈ......ਸਾਲੀ ਤੁਰਦੀ ਕਿੰਜ ਏ ! ਜਿਵੇਂ ਫਿਲਮ ਦੀ ਹੀਰੋਇਨ ਹੋਵੇ......।

ਆਦਮੀ ਦੇ ਨਾਲ ਨਾਲ ਤੁਰਦੀ ਹੈ ਮੰਗਲਾ । ਗਾਣਾ ਗਾਉਂਦੀ ਹੈ......ਓ ਸਾਜਨਾ...... ਓ ਬਾਲਮਾ ।

ਸਿਰ ਝੁਕਾਈ ਤੁਰੀ ਜਾਂਦਾ ਹੈ ਮਨਚਲਾ । ਗਾਣਾ ਬੰਦ ਕਰ ਦੇਂਦੀ ਹੈ ।......ਕਿਉਂ ਜੀ......ਚਲਣਾ ਏ ਜੀ ?

ਨੂਰਨ ਨੂੰ ਵੀ ਦਿਸ ਪਿਆ ਹੈ ਕੋਈ । ਤੁਰੀ ਜਾ ਰਹੀ ਹੈ ਪਿਛੇ ਪਿਛੇ । ਗਾਣਾ ਨਹੀਂ ਗਾਉਂਦੀ......ਤੁਰੀ ਜਾਂਦੀ ਹੈ......ਤੁਰੀ ਜਾਂਦੀ ਹੈ ।......ਆਉਣਾ ਨਹੀਂ ? ਆਉ ਵੀ ਨਾ...।"

ਤ੍ਰਭਕ ਉਠਦਾ ਹੈ ਤੁਰਨ ਵਾਲਾ......ਪਹਿਲੀ ਵਾਰ ਦੇਖਦਾ ਹੈ ਨੂਰਨ ਨੂੰ । ਹੋਰ ਨੇੜੇ ਆ ਜਾਂਦੀ ਹੈ ।......"ਕਿਉਂ ਜੀ ! ਆਉ ਨਾ !"

ਜ਼ੋਰ ਨਾਲ ਚੀਕਦਾ ਹੈ......ਤੇਰੀ ਮਾਂ ਦੀ ! ਭੱਜ ਜਾ ਏਥੋਂ......।

ਝਟ ਭੱਜ ਜਾਂਦੀ ਹੈ ਨੂਰਨ । ਗਲਤ ਆਦਮੀ ਨਿਕਲਿਆ । ਵੜ ਜਾਂਦੀ ਹੈ ਗਲੀ ਵਿਚ । ਕੀ ਕਰੇ ? ਲੋੜ ਬਹੁਤ ਹੈ । ਗਲਤ ਆਦਮੀ ਸਹੀ ਦਿਸਦਾ ਹੈ । ਕਿੱਥੇ ਗਈ ਮੰਗਲਾ ? ਮਿਲ ਗਿਆ ਉਸ ਨੂੰ । ਦੇਖ ਰਹੀਆਂ ਹਨ ਸਾਰੀਆਂ......।

ਪਰ ਨਹੀਂ । ਨਹੀਂ ਤਿਆਰ ਹੁੰਦਾ ਮਨਚਲਾ । ਬਾਰ ਬਾਰ ਕਹਿੰਦੀ ਹੈ ਮੰਗਲਾ......ਸਿਰਫ ਤਿੰਨ ਦੇ ਦੇਵੀਂ......ਬਸ । ਜ਼ਿਆਦਾ ਨਹੀਂ ਮੰਗਦੀ......ਕਿਸੇ ਨੂੰ ਵੀ ਪੁੱਛ ਲੈ ।......ਅੱਛਾ ਦੋ ਦੇ ਦੇਵੀਂ......ਬਸ । ਓਧਰ ਝੌਂਪੜੀ ਏ ਆਪਣੀ......

ਪਰ ਮਨਚਲਾ ਸਿਰਫ ਅੱਖਾਂ ਨਾਲ ਦੇਖਦਾ ਹੈ......ਤੁਰਨ ਨੂੰ ਤਿਆਰ ਨਹੀਂ ਹੁੰਦਾ । ਸਮਝਾਉਂਦੀ ਜਾਂਦੀ ਹੈ ਮੰਗਲਾ......ਦੇਖ......ਪੈਸਿਆਂ ਲਈ ਏਨੇ ਤਰਲੇ ਨਹੀਂ ਕਰਦੀ...... ਪਰ ਤੂੰ ਮੈਨੂੰ ਬਹੁਤ ਪਸੰਦ ਏਂ......ਬਹੁਤ......ਤੇਰੀ ਸਹੁੰ । ਤੈਨੂੰ ਬੜੇ ਵਾਰੀ ਦੇਖਿਆ ਏ ਏਧਰ । ਤੇਰੇ ਉਪਰ ਜੀਅ ਆ ਗਿਆ ਏ । ਚਲ ਨਾ......ਦਿਲ ਨਾ ਤੋੜ......।"

ਹੱਥ ਫੜਦੀ ਹੈ । ਛੁੱਡਾ ਲੈਂਦਾ ਹੈ ਮਨਚਲਾ । ਨਹੀਂ ਜਾਏਗਾ......ਪੱਕੀ ਗੱਲ । ਸਿਰਫ

ਦੇਖਦਾ ਹੈ......ਹੋਰ ਕੁਝ ਨਹੀਂ ਕਰਦਾ । ਗਿੜਗਿੜਾ ਕੇ ਹਾਰ ਜਾਂਦੀ ਹੈ । ਮਿਲ ਜਾਂਦਾ ਤਾਂ ਇਕ ਦਿਨ ਦਾ ਕੰਮ ਹੋ ਜਾਣਾ ਸੀ । ਨਹੀਂ ਮਿਲੇਗਾ ਹੁਣ ਆ ਜਾਂਦਾ ਹੈ ਗੁੱਸਾ ।......ਅੱਛਾ ਲਿਆ...... ਚਾਹ ਪਾਣੀ ਦੇ ਵਾਸਤੇ ਕੱਢ ਕੁਝ ।

ਚਾਲਾਕ ਹੈ ਮਨਚਲਾ । ਚਾਹ-ਪਾਣੀ ਵੀ ਨਹੀਂ ਦੇਵੇਂਗਾ । ਚੀਕਦੀ ਹੈ ਮੰਗਲਾ......ਗਾਂਡੂ । ਤੂੰ ਕੀ ਠੋਕੇਂਗਾ ? ਸਾਲਾ ਹੀਜੜਾ । ਮੇਰੇ ਨਾਲ ਕਾਹਨੂੰ ਧਵੇਂਗਾ ?......ਆਪਣੀ ਮਾਂ ਦੇ ਨਾਲ ਸੌਂ......ਭੈਣ ਨਾਲ ਸੌਂ । ਬਾਂਦਰ ਦੀ ਔਲਾਦ......ਅੱਖਾਂ ਹੀ ਸੇਕੇਂਗਾ ਸਿਰਫ......।"

ਪਰ ਬੁਰਾ ਨਹੀਂ ਮੰਨਦਾ ਮਨਚਲਾ । ਕਿਥੇ ਹੈ ਮਾਂ......ਭੈਣ......ਔਰਤ ? ਕੋਈ ਨਹੀਂ । ਗਾਲ੍ਹਾਂ ਸੁਣਦਾ ਹੈ......ਹੱਸੀ ਜਾਂਦਾ ਹੈ......ਅੱਖਾਂ ਸੇਕੀ ਜਾਂਦਾ ਹੈ । ਜੇਬ......ਖਾਲ੍ਹੀ । ਕੜਕੀ ਵਿਚ......ਇਹੋ ਸਹੀ । ਮੰਗਲਾ ਦਾ ਗੁੱਸਾ......ਵਧੀ ਜਾਂਦਾ ਹੈ । ਜ਼ੋਰ ਜ਼ੋਰ ਨਾਲ ਕੱਢਦੀ ਹੈ ਗਾਲ੍ਹਾਂ......ਵਾਪਸ ਮੁੜ ਜਾਂਦੀ ਹੈ ।

ਓਧਰ ਹਨੇਰੀ ਨੁੱਕਰ ਵਿਚ......ਹੀਰਾ ਨਾਲ ਘੁਸਰ ਮੁਸਰ ਕਰ ਰਿਹਾ ਹੈ ਟੈਕਸੀ ਵਾਲਾ । ਫੱਸ ਜਾਵੇਗਾ ਸ਼ਾਇਦ । ਬਹੁਤ ਦੇਰ ਤੋਂ ਖੜੀ ਹੈ ਹੀਰਾ । ਹੱਸਦੀ ਹੈ......ਅਤੇ ਫਿਰ ਹੱਸਦੀ ਹੈ । ਹੱਸਦਾ ਹੈ ਟੈਕਸੀਵਾਲਾ......ਪਰ ਅੱਗੇ ਨਹੀਂ ਵੱਧਦੀ ਗੱਲ । ਚੰਦਰੀ ਨੂੰ ਮਿਲ ਗਿਆ ਕੋਈ...ਹਰ ਜਗ੍ਹਾ ਇਹੀ ਗੱਲ । ਸ਼ਾਂਤੀ ਪਾਰਬਤੀ ਨੂੰ ਕਹਿ ਰਹੀ ਹੈ......ਬਸ਼ੀਰਨ ਨੂਰਨ ਨੂੰ......ਨੈਨਾ ਜਮੀਲਾ ਨੂੰ । ਰੋਜ਼ੀ ਨੂੰ ਵੀ ਪਤਾ ਲਗ ਗਿਆ ਹੈ । ਦੱਸ ਰਹੀ ਹੈ ਮੈਨਾ ਨੂੰ......ਤਿੰਨ ਰੁਪਏ ਲਏ ਹਨ ਚੰਦਰੀ ਨੇ......ਪਹਿਲਾਂ ਹੀ ਲੈ ਲਏ......

ਮੈਨਾ ਨੂੰ......ਗ਼ਮ ਨਹੀਂ......ਖੁਸ਼ੀ ਨਹੀਂ ਖੰਭੇ ਨਾਲ ਟਿਕੀ ਬੈਠੀ ਰਹੇਗੀ ਪੱਥਰ ਵਾਂਗ......। ਆਏ ਕੋਈ......ਨਾ ਆਏ ।......ਕਿਹਦੇ ਵਾਸਤੇ ਧੰਦਾ ? ਪੇਪਟ ਦਾ ਢਿੱਡ ਭਰਨ ਵਾਸਤੇ ।......ਤੇਰਾ ਕਦੀ ਭਲਾ ਨਹੀਂ ਹੋਣਾ......ਸਾਲਾ !

ਉਹੋ ਕਾਲਾ ਧੂੰਆਂ......ਉਹੀ ਦੀਵਾ......ਭੁੱਜੇ ਕਬਾਬ ਦੀ ਬੋ......ਪਕੌੜਿਆਂ ਵਿਚੋਂ ਵਗਦਾ ਤੇਲ । ਫਿਰ ਉਹੀ ਪਾਈਪ......ਉਹੀ ਗਲਾਸ......ਉਹੀ ਸ਼ਰਾਬ । ਉਹੀ ਆਦਮੀ...... ਉਹੀ ਨਸ਼ਾ......ਉਹੀ ਗਾਲ੍ਹਾਂ......ਬੇਨਾਮ ਅਜਨਬੀ ਦੇ ਨਾਂ । ਉਖੜੀ ਹੋਈ ਅਵਾਜ਼...... ਡੁਬਦੀ ਹੋਈ ਅਵਾਜ਼ ।...ਤ...ਤ...ਤੇਰੀ ਮਾਂ ਦੀ...ਤ...ਤ...ਤੇਰੀ ਭੈਣ ਦੀ । ਕ...ਕ... ਕੀ...ਸਮਝਦਾ ਏਂ ਤੂੰ । ਮ...ਮ...ਮ...ਮੈਂ ਕੁਛ ਨਹੀਂ ਸਮਝਦਾ ਤੈਨੂੰ । ਨ...ਨ...ਨ...ਨਹੀਂ ਮਿਲਦਾ...ਨ...ਨ...ਮਿਲ...ਮ...ਮ...ਮਾਂ......ਭ...ਭ...ਭੈਣ......।

ਰਾਤ ਦਾ ਵੱਧਦਾ ਹੋਇਆ ਹਨੇਰਾ । ਥੱਕ ਗਈ ਹੀਰਾ ਬਾਈ ਹੱਸਦੀ ਹੱਸਦੀ । ਹਾਸਾ ਮਜ਼ਾਕ ਕਰਦਾ ਹੈ ਟੈਕਸੀ ਵਾਲਾ......ਅੱਗੇ ਨਹੀਂ ਵਧਾਉਂਦਾ ਗੱਲ । ਇਕ ਗੁੱਸਾ ਜਮ੍ਹਾ ਹੋਈ ਜਾਂਦਾ ਹੈ ਹਾਸੇ ਦੇ ਨਾਲ......।

ਦੇਖ......ਜੇ ਤੂੰ ਚਲਣਾ ਏ ਤਾਂ ਚਲ......ਨਹੀਂ ਤਾਂ ਜਾਣ ਦੇ ਮੈਨੂੰ......ਧੰਦਾ ਨਾ ਮਾਰ ਮੇਰਾ......।

ਹੱਸਦਾ ਹੈ ਟੈਕਸੀ ਵਾਲਾ ।......ਪੂਰੀ ਰਾਤ ਦੇ ਦੱਸ......ਕਿੰਨੇ ਲਏਂਗੀ ਰਾਤ ਭਰ ਦੇ......।

ਚਿੜ ਜਾਂਦੀ ਹੈ। ਫਿਰ ਮਖੌਲ ਕੀਤਾ ਏ ਸਾਲੇ ਨੇ।......ਨਹੀਂ......ਰਾਤ ਭਰ ਨਹੀਂ ਜਾਗਦੀ ਮੈਂ......।

ਰਾਤ ਭਰ ਨਹੀਂ ਜਾਗਦੀ......ਬੁੜਬੁੜਾਉਂਦਾ ਹੈ ਟੈਕਸੀ ਵਾਲਾ......ਤਾਂ ਪੰਜ ਰੁਪਏ ਕਾਹਤੋਂ ਮੰਗਦੀ ਏਂ ਤੂੰ ?

ਹੁਣ ਨਹੀਂ ਹੁੰਦਾ ਇਹ ਸਭ ਕੁਛ......ਚੀਕਦੀ ਹੈ......ਤੇਰੀ ਮਾਂ......ਦੇ ਮੰਗਦੀ ਆਂ ਪੰਜ ਰੁਪਏ......ਮੈਂ......।

ਏ......ਮੂੰਹ ਸੰਭਾਲ ਕੇ ਗੱਲ ਕਰ......।

ਹੋ ਗਿਆ ਫੈਸਲਾ। ਬੇਕਾਰ ਗਈ ਘੰਟੇ ਦੀ ਘਿਸ ਘਿਸ।......ਤੈਨੂੰ ਪਤਾ ਤਾਂ ਏ ਕਾਹਦੇ ਪੰਜ ਰੁਪਏ ਮੰਗਦੀ ਆਂ ਮੈਂ......ਫਿਰ ਕਾਹਨੂੰ ਪੁੱਛਦਾ ਏ ਤੂੰ......?

ਨੈਨਾ ਨੂੰ ਮਿਲ ਗਿਆ ਕੋਈ। ਚਲੀ ਗਈ ਝੌਂਪੜੀ ਵਿਚ। ਨੂਰਨ ਕਰ ਰਹੀ ਹੈ ਫਿਰ ਦੁਬਾਰਾ ਕੋਸ਼ਿਸ਼......ਕਰ ਰਹੀ ਹੈ ਗੱਲ......ਸ਼ਾਇਦ ਫਸ ਜਾਏ ਇਸ ਵਾਰ। ਮੈਨਾ ਦੇਖਦੀ ਰਹੇਗੀ ਚੁੱਪ ਚਾਪ। ਕੋਈ ਫਰਕ ਨਹੀਂ......ਸਭ ਹੋ ਗਿਆ ਬਰਾਬਰ......ਇਹਦੀ ਮਾ ਦੀ......ਸਾਲਾ......।

ਪਰ ਆਵਾਜ਼। ਕੀ ਹੋ ਗਿਆ ਹੈ ? ਹਨੇਰੀਆਂ ਨੁੱਕਰਾਂ ਵਲ ਚੀਕ ਰਹੀਆਂ ਹਨ ਰੰਡੀਆਂ। ਰਸਤਿਆਂ ਉਪਰ ਚਲਣ ਵਾਲੇ......ਕਬਾਬ ਵਾਲਾ......ਦਾਰੂ ਵਾਲਾ......ਸਭ ਦੇਖ ਰਹੇ ਹਨ ਉਸੇ ਪਾਸੇ। ਰੋਜ਼ੀ ਆ ਰਹੀ ਹੈ......ਤੇਜ਼ ਲੰਗੜਾਉਂਦੀ ਹੋਈ।......ਮੈਨਾ ਬਾਈ-ਮੈਨਾ ਬਾਈ। ਧਾੜ[1]......ਪੋਲੀਸ। ਭੱਜੋ ਜਲਦੀ......।

ਹਨੇਰੀਆਂ ਨੁਕਰਾਂ ਵਿਚੋਂ ਨਿਕਲ ਨਿਕਲ ਭੱਜ ਰਹੀਆਂ ਹਨ ਰੰਡੀਆਂ। ਭੱਜ ਰਹੀਆਂ ਹਨ ਰੇਲਵੇ ਲਾਈਨਾਂ ਵਲ। ਸਫੈਦ ਰੋਸ਼ਨੀ ਵਾਲੀ ਸੜਕ ਵਲੋਂ ਦੌੜੇ ਆ ਰਹੇ ਹਨ ਪੁਲਿਸ ਵਾਲੇ। ਕੀ ਕਰੇ ਮੈਨਾ ? ਕੀ ਕਰੇਗੀ ਭੱਜ ਕੇ ? ਪਰ ਨਹੀਂ......ਜਿਵੇਂ ਇਕ ਮਸ਼ੀਨ ਕੰਮ ਕਰਦੀ ਹੈ। ਭੱਜਣਾ ਸ਼ੁਰੂ ਕਰ ਦੇਂਦੀ ਹੈ ਰੇਲਵੇ ਲਾਈਨ ਵੱਲ। ਭੱਜੀ ਆਉਂਦੀ ਹੈ ਨੂਰਨ ਵੀ ਭੱਜ ਗਿਆ ਉਸਦਾ ਗਾਹਕ ! ਬਸ਼ੀਰਾਂ......ਭੱਜ ਨਹੀਂ ਸਕਦੀ......ਭੱਜ ਰਹੀ ਹੈ ਫਿਰ ਵੀ। ਸ਼ਾਂਤੀ......ਪਾਰਬਤੀ......ਜਮੀਲਾ......ਸਾਰੀਆਂ ਹੀ। ਸਾਹ ਫੂਲ ਜਾਂਦਾ ਹੈ।......ਪੁਰਾਣੀਆਂ ਸਾੜੀਆਂ ਪੈਰਾਂ ਵਿਚ ਅੜ ਅੜ ਕੇ ਪਾਟ ਜਾਂਦੀਆਂ ਹਨ। ਪਰ ਭੱਜੀਆਂ ਜਾ ਰਹੀਆਂ ਹਨ ਸਾਰੀਆਂ। ਚਿੱਕੜ......ਟੋਏ......ਨਾਲੀਆਂ......ਗੰਦਗੀ......ਕੂੜਾ। ਇਕ ਵਾਰ ਆ ਜਾਵੇ ਰੇਲ ਦੀ ਹੱਦ......ਬੱਸ। ਫਿਰ ਮੁੜ ਜਾਣਗੇ ਪੁਲੀਸ ਵਾਲੇ।......ਲੋਕ......ਦੇਖ ਰਹੇ ਹਨ ਤਮਾਸ਼ਾ ਬਾਹਰ ਨਿਕਲ ਕੇ......ਕਿਉਂਕਿ ਉਹ ਖੁਦ ਖਤਰੇ ਤੋਂ ਬਾਹਰ ਹਨ।......

ਪਰ ਨਹੀਂ ਭੱਜਿਆ ਜਾਂਦਾ ਬਸ਼ੀਰਨ ਕੋਲੋਂ। ਇਕ ਠੇਡਾ......ਹੱਫ ਕੇ

1 ਧਾੜ-ਛਾਪਾ

ਡਿਗ ਜਾਂਦੀ ਹੈ। ਇਹ ਘੁੱਪ ਹਨੇਰਾ......ਅੱਖਾਂ ਸਾਹਮਣੇ। ਹੌਲੀ ਹੌਲੀ ਦੂਰ ਹੁੰਦਾ ਹੈ। ਬਾਂਹ ਖਿੱਚ ਕੇ ਖੜਾ ਕਰ ਰਿਹਾ ਹੈ ਹਵਾਲਦਾਰ। ਦਰਦ ਕਰ ਰਹੀ ਹੈ ਪਿੱਠ। ਚੀਕ ਰਿਹਾ ਹੈ......"ਏ......ਘੇਰੇ ਹਿਲਾ। ਟਾਕ ਗਾੜੀ ਮਧੇਂ। ਹਿੱਚਯਾਂ ਆਈ ਲਾ......![1]

ਦੌੜ ਅਜੇ ਵੀ ਜਾਰੀ ਹੈ। ਮੈਨਾ ਦੀਆਂ ਅੱਖਾਂ ਅੱਗੇ......ਹਨੇਰਾ। ਹੁਣੇ ਡਿੱਗੀ ਕਿ ਡਿੱਗੀ। ਰੇਲ ਦੀ ਪਟੜੀ ਥੋੜ੍ਹੀ ਦੂਰ। ਥੋੜ੍ਹਾ ਹੋਰ ਜ਼ੋਰ......ਨਿਕਲ ਜਾਵੇਗੀ ਪਹੁੰਚ ਤੋਂ ਬਾਹਰ। ਸਭ ਸਭ ਤੋਂ ਅੱਗੇ ਸ਼ਾਂਤੀ......ਪਾਰਬਤੀ। ਫਿਰ ਨੂਰਨ। ਫਿਰ......। ਸਲਮਾ ਨੂੰ ਫੜ ਲਿਆ ਹਵਾਲਦਾਰਨੀ ਨੇ। ਮਾਰ ਰਿਹਾ ਹੈ ਡੰਡੇ ਹਵਾਲਦਾਰ।

ਨਹੀਂ......ਬਹੁਤ ਦੂਰ ਹੈ ਰੇਲ ਦੀ ਪਟੜੀ। ਉਸ ਪਾਸਿਉਂ ਵੀ ਦੌੜੀ ਆ ਰਹੇ ਹਨ......ਹਵਾਲਦਾਰਨੀਆਂ......ਹਵਾਲਦਾਰ। ਪੱਟੜੀ ਤਕ ਨਹੀਂ ਜਾਣ ਦੇਣਗੇ ਰੰਡੀਆਂ ਨੂੰ। ਫੈਲਿਆ ਪਿਆ ਹੈ ਪੂਰਾ ਜਾਲ। ਇਕ ਵੀ ਬੱਚ ਕੇ ਨਹੀਂ ਨਿਕਲ ਸਕੇਗੀ। ਸਫੈਦ ਰੋਸ਼ਨੀਆਂ ਵਾਲਿਆਂ ਨੂੰ......ਕੋਈ ਸ਼ਿਕਾਇਤ ਨਹੀਂ ਹੋਵੇਗੀ ਹੁਣ। ਚੀਕਦੀ ਹੈ ਸ਼ਾਂਤੀ ਅਤੇ ਪਾਰਬਤੀ। ਸੱਜੇ ਭੱਜਦੀ ਹੈ ਸ਼ਾਂਤੀ......ਖੱਬੇ ਪਾਰਬਤੀ ! ਸਾਹਮਣੇ ਹਵਾਲਦਾਰ ਕਿਧਰ ਜਾਏ ਨੂਰਨ......ਸਮਝ ਨਹੀਂ ਆਉਂਦੀ। ਸਾਹਮਣੇ ਟੋਆ......ਹਨੇਰੇ ਵਿਚ। ਹੱਫ ਕੇ ਮੈਨਾ ਡਿੱਗ ਪੈਂਦੀ ਹੈ। ਬਦਬੂ ਅਤੇ ਗੰਦਾ ਚਿਕੜ। ਫੂਲਿਆ ਹੋਇਆ ਸਾਹ। ਚੀਕ ਰਹੇ ਹਨ ਪੁਲਿਸ ਵਾਲੇ। ਪਟੜੀਆਂ ਉਪਰੋਂ ਲੰਘ ਰਹੀ ਹੈ ਰੇਲ ਗੱਡੀ। ਘਸੀਟਦੀ ਹੋਈ......ਖਚੀਂਦੀ ਹੋਈ......ਤੁਰੀ ਜਾ ਰਹੀ ਹੈ ਨੂਰਨ। ਹੱਥ ਆ ਗਈ ਹੈ ਪਾਰਬਤੀ ਵੀ। ਤਾੜ ਤਾੜ। ਵਜ ਰਹੇ ਹਨ ਡੰਡੇ......ਬਚ ਨਹੀਂ ਸਕਦੀ ਮੈਨਾ। ਆ ਗਿਆ ਹਵਾਲਦਾਰ। ਭੱਜਣ ਦੀ ਸ਼ਕਤੀ ਨਹੀਂ।......ਨਹੀਂ ਨਹੀਂ। ਮੈਨੂੰ ਮਾਰੋ ਨਾ। ਮੈਂ ਚਲਦੀ ਆਂ ਤੁਹਾਡੇ ਨਾਲ। ਪੈਰ ਫੜਦੀ ਹੈ......ਮਾਰਨਾ ਨਾ ਮੈਨੂੰ......। ਓ......ਮਾਰ ਸੁੱਟਿਆ......। ਕਿਉਂ ਮਾਰਦੇ ਹੋ ਮੈਨੂੰ ? ਮੈਂ ਤੁਹਾਡਾ ਵਿਗਾੜਿਆ ਏ ਕੁਛ ? ਜਿਥੇ ਲਿਜਾਣਾ ਏ ਲੈ ਚਲੋ......ਮਾਰਨ ਦੀ ਕੋਈ ਲੋੜ ਨਹੀਂ......।

ਚੀਕਦਾ ਹੈ ਹਵਾਲਦਾਰ......ਸਾਲੀ। ਜ਼ਬਾਨ ਚਲਾਉਂਦੀ ਏ। ਲਾ ਇਹਨੂੰ ਦੋ ਹੋਰ......"ਟਾਂਕ ਗਾੜੀ ਮਧੇਂ"......।

ਹੋਰ ਦੋ ਤਿੰਨ ਵਜ ਜਾਂਦੀਆਂ ਹਨ ਮੈਨਾ ਨੂੰ। ਅੱਖਾਂ ਵਿਚ ਅੱਥਰੂ......ਜ਼ਬਾਨ ਉਪਰ ਗਾਲ੍ਹਾਂ......"ਸਾਲਾ ਹਵਾਲਦਾਰ ਦਾ ਬੱਚਾ......ਗਾਂਡੂ......ਔਰਤ ਨੂੰ ਮਾਰਦੈ......ਸ਼ਰਮ ਨਹੀਂ ਆਉਂਦੀ......ਹੀਜੜਾ। ਆਪਣੀ ਮਾਂ ਨੂੰ ਠੋਕ।......ਮਾਰ......ਹੋਰ ਮਾਰ......ਤੇਰੀ ਮਾਂ ਦੀ......।

ਮਾਰ ਪੈਂਦੀ ਹੈ......ਪਰ ਜ਼ਬਾਨ ਨਹੀਂ ਰੁਕਦੀ। ਅਥਰੂ ਵਹਿ ਰਹੇ ਹਨ। ਤੁਰੀ ਆ ਰਹੀ ਹੈ ਨੂਰਨ......ਚੀਕਦੀ ਹੋਈ।......ਸਾਲਾ ਹਵਾਲਦਾਰ ਲੋਕ......ਬਦਮਾਸ਼ੀ ਕੀਤੀ ਮੇਰੇ ਨਾਲ......ਮੈਂ ਦਸਾਂਗੀ। ਵਡੇ ਸਾਹਬ ਨੂੰ। ਮੇਰੇ ਇੱਥੇ ਹੱਥ ਲਾਇਆ......ਇੱਥੇ ਵੀ। ਸਾਲਾ......ਸੌਣ ਨੂੰ ਕਹਿੰਦਾ ਮੁਫਤ 'ਚ ਸਭ ਦਸਾਂਗੀ ਸਾਹਬ ਨੂੰ......।

1 ਫੜ ਇਹਨੂੰ। ਸੁੱਟ ਗੱਡੀ ਵਿਚ। ਇਹਦੀ ਮਾਂ ਦੀ......।

ਹੁਣ ਆ ਗਈ ਪਾਰਬਤੀ ਵੀ। ਘਸੀਟਣ ਦੀ ਲੋੜ ਨਹੀਂ......ਖੁਦ ਹੀ ਆ ਰਹੀ ਹੈ......ਅਤੇ ਅੱਖਾਂ ਮਾਰ ਰਹੀ ਹੈ। ਵੱਡੇ ਹਵਾਲਦਾਰ ਵਲ ਦੇਖਦੀ ਹੈ......ਫਿਰ ਅੱਖ ਮਾਰਦੀ ਹੈ।......"ਹਾਏ ਵੇ ਕੁਰਬਾਨ ਜਾਵਾਂ ਹਵਾਲਦਾਰ। ਤੂੰ ਦਸਿਆ ਕਿਉਂ ਨਹੀਂ......ਮੈਂ ਆਪੇ ਚਲ ਕੇ ਆਉਂਦੀ ਤੇਰੇ ਕੋਲ। ਘਰ ਦਾ ਆਦਮੀ ਏਂ ਤੂੰ ਤਾਂ। ਤੇਰੇ ਕੋਲੋਂ ਪੈਸਾ ਪੂਸਾ ਕੀ ਲੈਣਾ। ਤੇਰੇ ਤੇ ਤਾਂ ਮੈਂ ਮਰਦੀ ਆਂ......।"

ਬਾਹਾਂ ਵਲਾ ਲੈਂਦੀ ਹੈ ਵੱਡੇ ਹਵਾਲਦਾਰ ਦੇ ਗਲੇ ਵਿਚ। ਚੀਕਦਾ ਹੈ......ਓ......ਹਟ......ਹਟ......ਹਟ। ਪਰੇ ਹੋ......ਪਰੇ ਹੋ......ਦੂਰੋਂ ਗੱਲ ਕਰ। ਮੈਂ ਕਹਿੰਨਾ ਹਾਂ......ਪਰੇ ਹੱਟ ਕੇ ਗੱਲ ਕਰ......। ਨਹੀਂ ਤਾਂ ਬਹੁਤ ਮਾਰਾਂਗਾ ਮੈਂ।"

ਨਹੀਂ ਹੱਟਦੀ ਪਾਰਬਤੀ......ਕਿਉਂ ਹਟਾਂ ਮੈਂ। ਤੈਨੂੰ ਮੁਹੱਬਤ ਕਰਦੀ ਆਂ ਮੈਂ......ਨਹੀਂ ਛੱਡਾਂਗੀ......ਸੌਣਾ ਏ ਤੇਰੇ ਨਾਲ......ਸੱਚੀਂ......ਤੇਰੀ ਸਹੁੰ......।

ਦੋ ਸਿਪਾਹੀ ਅਲੱਗ ਕਰਦੇ ਹਨ ਖਿੱਚ ਕੇ। ਵਰਦੀ ਨੂੰ ਝਾੜਦਾ ਹੈ। ਵੱਡਾ ਹਵਾਲਦਾਰ......ਗਾਲ੍ਹਾਂ ਕੱਢਦਾ ਹੈ।......ਤੁਝੀ ਆਇਲਾ......ਭੈਣ......ਸਾਲੀ......ਮਈਆ ਅੰਗਾਵਰ ਆਲੀ। ਤੁਝੀ......।[1]

ਅੰਤ ਖਿੱਚੀ ਜਾਂਦੀ ਹੈ ਪਾਰਬਤੀ......ਅਤੇ ਚੀਕਦੀ ਜਾਂਦੀ ਹੈ......ਬਈ ਮੈਨੂੰ ਮੁਹੱਬਤ ਹੈ ਤੇਰੇ ਨਾਲ......ਮੈਂ ਸੌਣਾ ਹੈ ਤੇਰੇ ਨਾਲ। ਉਹ ਤੂੰ ਕਿਤਨਾ ਖ਼ੂਬਸੂਰਤ ਹੈ ਹਵਾਲਦਾਰ? ਮੇਰੀ ਜਾਨ......ਕੁਰਬਾਨ ਜਾਵਾਂ......।

ਰੋਜ਼ੀ ਨੂੰ ਵੀ ਫੜ ਲਿਆਏ ਦੋ ਕਾਂਸਟੇਬਲ, ਗਰਜਦਾ ਹੈ, "ਕਾਏਕੂ ਰੇ? ਤਿਲਾ ਕਸ਼ਾਲਾ ਆਨਲਯ? ਮਹਾਰੋਗ ਆ ਹੇ......ਦਿਸਤ ਨਾਹੀਂ। ਸੋਡਾ ਤਿਲਾ। ਬਾਕींਨਾ ਟਾਂਕਾ ਲਾਹੀ ਮਘੇ......ਲਵਕਰ......ਫਟਾ ਫਟ......।[2]

ਝੌਂਪੜੀਆਂ ਵਿਚ ਪਹੁੰਚ ਗਏ ਪੁਲਿਸ ਵਾਲੇ। ਨਿਕਲ ਨਿਕਲ ਕੇ ਭੱਜ ਰਹੇ ਹਨ ਗਾਹਕ......ਕੁਲੀ......ਮਜ਼ਦੂਰ......ਰਿਕਸ਼ਿਆਂ ਵਾਲੇ। ਸਾੜੀਆਂ ਲਪੇਟਦੀਆਂ ਹਨ ਰੰਡੀਆਂ......ਕਿਸੇ ਤਰ੍ਹਾਂ ਭੱਜਣ ਦੀ ਕੋਸ਼ਿਸ਼ ਕਰਦੀਆਂ ਹਨ। ਦੌੜ ਫਿਰ ਸ਼ੁਰੂ ਹੋ ਜਾਂਦੀ ਹੈ......ਦੌੜ ਫਿਰ ਖਤਮ ਹੋ ਜਾਂਦੀ ਹੈ। ਫੜੀਆਂ ਗਈਆਂ ਕੁਝ......ਕੁਝ ਭੱਜ ਨਿਕਲੀਆਂ......।

ਖੁਸ਼ ਹੈ ਵੱਡਾ ਹਵਾਲਦਾਰ। ਭਰੀ ਜਾਉ ਸਾਰਿਆਂ ਨੂੰ ਟਰੱਕ ਵਿਚ। ਭੀੜ ਜਮ੍ਹਾ ਹੈ। ਲੁਕੋ ਲਏ ਕਨਸਤਰ ਅਤੇ ਗਿਲਾਸ। ਕਿਸੱਤਈਆਂ ਸਿਗਰੇਟ ਪਿਆ ਰਿਹਾ ਹੈ ਹਵਾਲਦਾਰ ਨੂੰ। ਖਿੱਚਦਾ ਹੈ ਕੱਸ਼......ਨੱਕ ਵਿਚੋਂ ਧੂੰਆਂ ਕੱਢਦਾ ਹੈ ਹਵਾਲਦਾਰ।......ਵੱਡੇ ਸਾਬ੍ਹ ਕੋਲ ਬਹੁਤ ਸ਼ਿਕਾਇਤਾਂ ਗਈਆਂ ਨੇ ਝੌਂਪੜੀ ਵਾਲਿਆਂ ਦੀਆਂ, ਉਸ ਪਾਸੇ ਸਾਰੇ ਵੱਡੇ ਲੋਕ ਰਹਿੰਦੇ ਨੇ......ਬਾਲ ਬੱਚੇਦਾਰ......ਸ਼ਰੀਫ ਧੰਦਾ ਕਰਨ ਵਾਲੇ। ਬਹੁਤ ਤੰਗੀ ਹੁੰਦੀ ਏ

1 ਤੇਰੀ ਮਾਂ ਦਾ......ਮੇਰੇ ਉਪਰ ਚੜ੍ਹਦੀ ਏ......ਤੇਰੀ......।

2 ਉਸ ਨੂੰ ਕਿਉਂ ਲਿਆਇਆ ਏ......। ਕੋਹੜ ਹੈ ਉਹਨੂੰ......ਦਿਸਦਾ ਨਹੀਂ। ਛੱਡ ਉਸ ਨੂੰ। ਬਾਕੀ ਸਾਰਿਆਂ ਨੂੰ ਸੁਟੋ ਲਾਰੀ ਵਿਚ......ਜਲਦੀ......ਫਟਾਫਟ।

ਸਾਰਿਆਂ ਨੂੰ। ਇਨ੍ਹਾਂ ਰੰਡੀਆਂ ਦਾ ਕੀ......ਨਾ ਭਲਾ ਦੇਖਦੀਆਂ ਨਾ ਬੁਰਾ......ਪੈਸੇ ਦੀ ਗਰਜ। ਵਡੇ ਸਾਬ੍ਹ ਦਾ ਆਡਰ ਆਇਆ ਏ......ਬੰਦ ਕਰੋ। ਮੈਂ ਨਹੀਂ ਛੱਡਾਂਗਾ ਇਕ ਨੂੰ ਵੀ।

"ਨਾ ਛੱਡੀਂ! ਕੌਣ ਕਹਿੰਦਾ ਏ ਤੈਨੂੰ ਕਿ ਛੱਡ। ਸਾਲਾ ਰੰਡੀਆਂ ਨੂੰ ਕੋਸਦਾ ਏ। ਪੁਲੀਸ ਵਾਲੇ ਤਾਂ ਰੰਡੀਆਂ ਨਾਲੋਂ ਵੀ ਵੱਧ ਖਰਾਬ ਨੇ। ਪੈਸੇ ਵਾਸਤੇ ਕੁਝ ਵੀ ਕਰ ਲੈਣਗੇ......।"

ਘੁੰਮ ਕੇ ਦੇਖਦਾ ਹੈ ਹਵਾਲਦਾਰ।......ਕੌਣ ਏ ਇਹ ਰੰਡੀ?

ਮੈਨਾ ਹੈ......ਘਿਰੀ ਹੋਈ......ਬੋਲੀ ਜਾਂਦੀ ਹੈ।...ਆਪਣੇ ਡੰਡੇ ਦਾ ਡਰ ਦੱਸਦਾ ਏ......ਸਾਲਾ......। ਵੱਡਾ ਸ਼ਰੀਫ ਬਣਦਾ ਏ। ਕੀ ਤੂੰ ਅਤੇ ਤੇਰਾ ਸਾਬ੍ਹ......ਸਭ ਪਤਾ ਏ। ਪੈਸੇ ਖਾਤਰ......ਮਰਾਉਣ ਵਿਚ ਵੀ ਸ਼ਰਮ ਏ ਕੀ ਤੁਹਾਨੂੰ ਲੋਕਾਂ ਨੂੰ?

ਭੀੜ ਲਗੀ ਹੈ। ਛਿੱੜ ਪੈਂਦਾ ਹੈ ਕਿਧਰੇ ਹਾਸਾ। ਚੀਕਦਾ ਹੈ ਸਿਪਾਹੀ......ਝਿੜਕਦਾ ਹੈ ਮੈਨਾ ਨੂੰ। ਪਰ ਚੁਪ ਨਹੀਂ ਹੁੰਦੀ ਮੈਨਾ ਬੋਲੀ ਜਾਏਗੀ। ਹੋਰ ਝਿੜਕਦਾ ਹੈ......ਹੋਰ ਚੀਕਦੀ ਹੈ। ਨੂਰਨ ਵੀ ਬੋਲਦੀ ਹੈ ਹੁਣ......ਬਸ਼ੀਰਨ ਵੀ। ਸ਼ਾਂਤੀ ਵੀ......ਮੰਗਲਾ ਵੀ। ਚੀਕ ਰਹੀਆਂ ਹਨ ਸਭ ਦੀਆਂ ਸਭ। ਹਵਾਲਦਾਰ ਪਰੇਸ਼ਾਨ ਕਿਧਰ ਗਿਆ ਛੋਟਾ ਸਾਹਬ? ਦੋ ਸਿਪਾਹੀ ਲੈ ਕੇ ਕਿਉਂ ਗਿਆ......ਮੁੜਿਆ ਹੀ ਨਹੀਂ ਅਜੇ ਤਕ।......ਏ......ਚੁਪ। ਹੱਲਾ ਗੁੱਲਾ ਨਹੀਂ ਕਰਨਾ ਏਧਰ।...ਕਿਹੈ ਨਾ ਚੁੱਪ। ਮਾਰਾਂਗਾ ਇਕ ਇਕ ਡੰਡਾ।......ਏ......ਤੂੰ ਵੀ ਚੁੱਪ। ਸਭ ਲੋਕ ਚੁੱਪ......!

ਇਕ ਪਲ ਲਈ ਚੁੱਪ......ਫਿਰ ਬੋਲਣਾ ਸ਼ੁਰੂ ਕਰ ਦੇਂਦੀਆਂ ਹਨ ਸਭ! ਕਿਸੱਤਈਆ ਮਦਦ ਕਰਦਾ ਹੈ ਹਵਾਲਦਾਰ ਦੀ। "......ਚੁੱਪ। ਤੁਸੀਂ ਚੁਪ ਹੁੰਦੀਆਂ ਓ ਕਿ ਨਹੀਂ? ਇਕ ਇਕ ਥੱਪੜ ਮਾਰੂੰ ਸਾਰਿਆਂ ਨੂੰ।"

ਚੀਕਦੀ ਏ ਨੂਰਨ।......ਤੂੰ ਕੀ ਹਵਾਲਦਾਰ ਦਾ ਲੌਂਡਾ ਏ......। ਕਿਉਂ ਥੱਪੜ ਮਾਰੇਂਗਾ ਤੂੰ?"

—ਤੂੰ ਚੁੱਪ ਹੋ ਜਾ ਪਹਿਲਾਂ। ਆਇਆ ਸਾਲਾ ਚਮਚਾਗੀਰੀ ਕਰਨ ਵਾਸਤੇ......।

ਸਾਲਾ ਭੜੂਆ!

ਗਾਲ੍ਹਾਂ ਕੱਢ ਰਹੀਆਂ ਹਨ ਸਭ ਦੀਆਂ ਸਭ......ਚੁੱਪ ਹੈ ਪਾਰਬਤੀ। ਅਚਾਨਕ ਧੱਕਾ ਦੇਂਦੀ ਹੈ......ਭੱਜਦੀ ਹੈ ਇਕਦਮ......ਭੀੜ ਵਿਚ। ਇਕ ਪਲ ਖਾਮੋਸ਼ੀ। ਦੌੜ ਪੈਂਦੇ ਹਨ ਸਿਪਾਹੀ......ਹਵਾਲਦਾਰਨੀਆਂ।...ਕਿਧਰ ਗਈ? ਓਧਰ......ਦੂਰ। ਭੱਜ ਰਹੀ ਹੈ ਤੇਜ਼। ਦੌੜ ਰਹੇ ਹਨ ਸਿਪਾਹੀ......ਪਿੱਛੇ ਪਿੱਛੇ ਹਵਾਲਦਾਰਨੀਆਂ। ਨਹੀਂ ਆਏਗੀ ਹੱਥ। ਚੀਕ ਰਹੀਆਂ ਹਨ ਰੰਡੀਆਂ ਘੇਰੇ ਅੰਦਰ।......"ਸ਼ਾਬਾਸ਼।......ਓ ਤੁਸੀਂ ਕੀ ਫੜੋਗੇ ਉਸ ਨੂੰ। ਖੁਸਰੇ। ਬੋਹਤ ਅੱਛਾ......ਬੋਹਤ ਅਛਾ! ਨਿਕਲ ਗਈ।......ਨਿਕਲ ਗਈ। ਜਾ ਹੁਣ ਮਰਾ ਵੱਡੇ ਸਾਬ੍ਹ ਅਗੇ। ਭੇਜ ਆਪਦੀ ਮਾਂ ਭੈਣ ਨੂੰ ਉਹਦੇ ਕੋਲ।......ਸ਼ਾਬਾਸ਼......ਸ਼ਾਬਾਸ਼!

ਪੂਰੇ ਜ਼ੋਰ ਨਾਲ ਚੀਕਦਾ ਹੈ ਹਵਾਲਦਾਰ......'ਚੁੱਪ......ਘੇਰੇ ਨੂੰ ਮਜ਼ਬੂਤ ਕਰ ਦੇਂਦੇ ਹਨ ਸਿਪਾਹੀ। ਫਿਰ ਆਵਾਜ਼ ਕੱਸਦਾ ਹੈ ਹਵਾਲਦਾਰ......'ਚੁੱਪ!'

ਰੰਡੀਆਂ ਵੀ ਚੀਕਦੀਆਂ ਹਨ......ਚੁੱਪ ।

ਛੋਟਾ ਸਾਹਿਬ ਆ ਗਿਆ ਦੂਜੇ ਪਾਸਿਉਂ, ਕਿਹਦੇ ਨਾਲ ਸੀ ਦੋ ਘੰਟੇ ? ਖ਼ੁਸ਼ ਹੈ ਹਵਾਲਦਾਰ । ਸਲੂਟ ਮਾਰਦਾ ਹੈ ਛੋਟੇ ਸਾਹਬ ਨੂੰ ।

ਪਰ ਹੱਥ ਨਹੀਂ ਆਈ ਪਾਰਬਤੀ । ਲਿਆਉਂਦੇ ਲਿਆਉਂਦੇ ਹੋਰ ਵੀ ਭੱਜ ਗਈਆਂ ਦੋ ਤਿੰਨ । ਮੁੜ ਆਏ ਹਨ ਸਿਪਾਹੀ । ਧੱਕ ਦਿਉ ਸਭ ਨੂੰ ਟਰੱਕ ਵਿਚ । ਵੇਖਦਾ ਜਾਂਦਾ ਹੈ ਛੋਟਾ ਸਾਹਿਬ । ......ਜਲਦੀ......ਜਲਦੀ ਹੋ ਅੰਦਰ ।......ਚੀਕ ਰਿਹਾ ਹੈ ਹਵਾਲਦਾਰ ।

ਭੀੜ ਵਿਚੋਂ ਸਾਹਮਣੇ ਆਉਂਦਾ ਹੈ ਰਾਜੂ । ਹੱਫ ਰਿਹਾ ਹੈ । ਦੌੜ ਕੇ ਆਇਆ ਹੈ ।...... ਮਾਂ......ਓ ਮਾਂ......।

—ਦੇਖ ਰਹੀ ਹੈ ਮੈਨਾ ।......ਕੀ ਏ ਵੇ ?

—ਹਨ੍ਹੇਰਾ ਹੋ ਗਿਆ ਹੈ ।......ਬਾਪੂ ਨੂੰ ਜਾ ਕੇ ਕੀ ਕਵ੍ਹਾਂ ?

—ਨਾਂ ਨਾ ਲੈ ਓਹਦਾ । ਮਰ ਗਿਆ ਮੇਰੀ ਵਲੋਂ......।

—ਏ......ਏ !......ਚੀਕ ਰਿਹਾ ਹੈ ਹਵਾਲਦਾਰ !......ਚਲ ਹੋ ਅੰਦਰ......।

ਗੱਡੀ ਦੇ ਅੰਦਰ ਹੋ ਜਾਂਦੀ ਹੈ ਮੈਨਾ । ਹੋਰ ਵੀ ਬੈਠੀਆਂ ਹਨ ਅੰਦਰ । ਫੜ ਲਿਆਏ ਹਨ ਨਵੀਂ ਕੁੜੀ ਨੂੰ ਝੌਂਪੜੀ ਵਿਚੋਂ । ਰੋ ਰਹੀ ਹੈ ਸਿਸਕ ਸਿਸਕ ਕੇ । ਮਰੀਅਮ ਦਾ ਢਿੱਡ......ਛੱਡ ਦਿਤਾ ਗਿਆ ਉਸ ਨੂੰ । ਗਾਲ੍ਹਾਂ ਕੱਢ ਰਹੀਆਂ ਹਨ । ਰੰਡੀਆਂ ।......ਮਾਂ......ਭੜੂਆ...... ਹਿਜੜਾ !

ਫਿਰ ਚੀਕਦਾ ਹੈ ਹਵਾਲਦਾਰ......ਚੁੱਪ !

ਜਾਲੀ ਨਾਲ ਮੂੰਹ ਲਾ ਕੇ ਚੀਕਦੀਆਂ ਹਨ ਰੰਡੀਆਂ......ਚੁੱਪ !

ਜਾਲੀ ਦੇ ਥੱਲੇ......ਚੁੱਪ ਚਾਪ ਖੜਾ ਹੈ ਰਾਜੂ । ਜਾਲੀ ਦੇ ਪਿਛੋਂ......ਦੇਖ ਰਹੀ ਹੈ ਮੈਨਾ । ਨਹੀਂ ਰਿਹਾ ਜਾਂਦਾ ।......ਏ......ਰਾਜੂ ! ਸੁਣ !

ਗੱਡੀ ਦੇ ਕੋਲ ਆ ਜਾਂਦਾ ਹੈ ਰਾਜੂ ਜਾਲੀ ਦੇ ਪਿਛੇ ਹਨੇਰਾ । ਦਿਖਾਈ ਨਹੀਂ ਦੇਂਦੀ...... ਮੈਨਾ......ਆਵਾਜ਼ ਸੁਣਾਈ ਦੇਂਦੀ ।......ਖਾਧਾ ਸੀ ਕੁਝ ?......ਕੀ ਕਿਹਾ ਮੈਂ......ਖਾਧਾ ਸੀ ਕੁਝ ?

ਜਵਾਬ ਨਹੀਂ ਦਿੰਦਾ......ਦੇਖਦਾ ਰਹਿੰਦਾ ਹੈ । ਚੁਪ ਹੋ ਜਾਂਦੀ ਹੈ......ਕੁਝ ਨਹੀਂ ਬੋਲਦੀ । ਹੁਣ ਸ਼ਾਇਦ ਤੁਰ ਪਵੇਗੀ; ਗੱਡੀ......ਰਾਜੂ ।......ਰਾਜੂ ।......ਕੀ ਕਿਹਾ ਮੈਂ......ਸੁਣਿਆ ਈ ? ਜਾ ਕੇ ਸੌਂ ਜਾ ਝੌਂਪੜੀ ਵਿਚ । ਰਾਤ ਦੇ ਟੈਮ ਕਾਹਨੂੰ ਘੁੰਮਦਾ ਏਂ ਏਧਰ ? ਸੁਣਿਆ ਈ । ਜਾ ਬੇਟਾ......ਸੌਂ ਜਾ ।......ਹੋਰ ਕੀ ਕਹਾਂ ਮੈਂ ਤੈਨੂੰ ।......ਮਿਲੇਗਾ ਕੁਛ......ਤਾਂ ਖਾ ਲਈਂ......।

ਹੁਕਮ ਛੋਟੇ ਸਾਹਬ ਦਾ......ਹਵਾਲਦਾਰ ਦਾ ਸਲੂਟ । ਨੀਲੀ ਗੱਡੀ ਦੇ ਇੰਜਨ ਦੀ ਅਵਾਜ਼ ਚਲ ਪੈਂਦੀ ਹੈ ।......ਖੜਾ ਦੇਖਦਾ ਰਹਿੰਦਾ ਹੈ ਰਾਜੂ......ਮੋੜ ਤੋਂ ਗਾਇਬ ਹੋ

ਜਾਂਦੀ ਹੈ । ਖਿੰਡਰਨ ਲਗਦੀ ਹੈ ਭੀੜ । ਰਾਤ ਹਨੇਰੀ ਅਤੇ ਖਾਮੋਸ਼ । ਫਿਰ ਦਾਰੂ ਦੇ ਕਨਸਤਰ ਅਤੇ ਮੈਲੇ ਗਿਲਾਸ ।......ਚਲੋ ਦੂਜਾ......ਚਲੋ ਦੂਜਾ......।

ਹਨੇਰੀ ਨੁੱਕਰ ਵਿਚ......ਉਹੀ ਆਦਮੀ......ਉਹੀ ਨਸ਼ਾ......ਉਹੀ ਗਾਲ੍ਹਾਂ...... ਅਜਨਬੀ ਬੇਨਾਮ ਦੇ ਨਾਂ......ਤ......ਤ......ਤੇਰੀ ਮਾਂ ਦੀ......ਭ......ਭ.....ਭੈਣ ਦੀ ......ਕ......ਕ...ਕੀ ਸਮਝਦਾ ਏਂ ਤੂੰ......?

ਨੀਲੀ ਗੱਡੀ ਰੁਕਦੀ ਹੈ ਪੀਲੀਆਂ ਕੰਧਾਂ ਦੇ ਕੋਲ । ਖੜੀ ਰਹਿੰਦੀ ਹੈ ਬੜੀ ਦੇਰ । ਪੁਲੀਸ-ਥਾਣਾ । ਛੋਟਾ ਸਾਹਬ ਵੱਡੇ ਸਾਹਿਬ ਦੇ ਕੋਲ । ਬੀੜੀਆਂ ਪੀਂਦੇ ਹਨ ਹਵਾਲਦਾਰ । ਜਾਲੀਆਂ ਦੇ ਕੋਲ......ਗਾਲ੍ਹਾਂ ਕੱਢਦੀਆਂ ਹਨ ਰੰਡੀਆਂ ।

—ਏ ! ਭੁੱਖ ਲੱਗੀ ਏ ਮੈਨੂੰ......ਖਾਣਾ ਦੇ ।

—ਏ ! ਮੈਨੂੰ ਪਿਸ਼ਾਬ ਆਇਐ......ਜਾਣ ਦੇ ਬਾਹਰ......ਨਹੀਂ ਤਾਂ......।

—ਏ ! ......ਹਵਾਲਦਾਰ ਤੂੰ ਆਪਣੀ ਔਰਤ ਦੇ ਨਾਲ ਸੌਂਦਾ ਏਂ ਕਿ ਨਹੀਂ ਸੌਂਦਾ ?

—ਏ, ਇਕ ਕੱਪ ਚਾਹ ਤਾਂ ਪਿਆ ਦੇ ਘੱਟੋ ਘੱਟ......।

—ਸਾਲਾ ਮਰਦੂਦ......!

—ਰੰਡੀ ਦਾ.........।

ਅਤੇ ਅਚਾਨਕ ਹਵਾਲਦਾਰ ਦੀ ਅਵਾਜ਼......ਚੁੱਪ !

ਹੋਰ ਚੀਕਦੀਆਂ ਹਨ ਸਾਰੀਆਂ ਰੰਡੀਆਂ ।......ਇਕੱਠੀਆਂ......ਚੁੱਪ !

ਪਰ ਹੁਣ ਹੋਣ ਲਗੀ ਹੈ ਥਕਾਵਟ । ਕਈ ਊਂਘ ਰਹੀਆਂ ਹਨ । ਹੁਣ ਵੀ ਸਿਸਕ ਰਹੀ ਹੈ ਨਵੀਂ ਕੁੜੀ । ਵੱਡੇ ਸਾਹਬ ਦੇ ਕਮਰੇ ਵਿਚ......ਚਾਹ, ਸਿਗਰੇਟ......ਪਾਨ । ਆ ਗਿਆ ਹੁਕਮ......ਚਲੋ ਉਤਰੋ......ਇਕ ਇਕ । ਏਧਰ ਨਹੀਂ......ਓਧਰ......ਹਵਾਲਾਤ ਵਲ ।

ਮੁਨਸ਼ੀ ਲਿਖਦਾ ਹੈ......ਨਾ ਬੋਲੋ......ਇਕ ਇਕ । ਨੈਨਾ......ਚੰਦਰੀ......ਸ਼ਾਂਤੀ...... ਸ਼ੀਰਨ......। ਪਿਉ ਦਾ ਨਾਂ ? ਪਤਾ ਨਹੀਂ । ਮਰਦ ਦਾ ਨਾਂ ? ਕੋਈ ਨਹੀਂ । ਜਾਤ ? ਕੋਈ ਨਹੀਂ । ਪਤਾ ? ਕੋਈ ਨਹੀਂ ।......ਨਵੀਂ ਕੁੜੀ ? ਨਾਂ ਵੀ ਕੋਈ ਨਹੀਂ ।

—ਨਾਂ ਦੱਸ । ਕੋਈ ਤਾਂ ਹੋਊ ਤੇਰਾ ਨਾਂ ?

—ਨਹੀਂ......ਰੋਂਦੀ ਹੈ ਲੜਕੀ ।......ਕੋਈ ਵੀ ਨਹੀਂ ਮੇਰਾ ਨਾਂ......।

ਨਹੀਂ ਹੈ ਨਾਂ । ਨਾਂ ਕਿਉਂ ਨਹੀਂ ?......ਝਿੜਕਦਾ ਹੈ ਮੁਨਸ਼ੀ ।......ਏਥੇ ਦੱਸਣਾ ਪਵੇਗਾ ਨਾਂ......।

ਜ਼ਨਾਨਾ......ਪੁਲਿਸ ਆ ਗਈ ਹੈ । ਚੀਕਦੀ ਹੈ ਸ਼ਾਂਤੀ......ਉਹ ਨਾਂ ਨਹੀਂ ਦੱਸੇਗੀ ਆਪਣਾ......।

ਕਿਉਂ ਨਹੀਂ ਦੱਸੇਗੀ ?

ਉਹਦੀ ਇੱਜ਼ਤ ਜਾਂਦੀ ਏ ਦੱਸਣ ਵਿਚ......।

ਕੁਛ ਸੋਚਦਾ ਹੈ ਮੁਨਸ਼ੀ......ਚੰਗਾ......ਤੁਸੀਂ ਕੀ ਨਾਂ ਨਾਲ ਬੁਲਾਉਂਦੀਆਂ ਓ ਇਹਨੂੰ ?

—ਇਹ ਨਵੀਂ ਆਈ ਏ......।

ਉਪਰੋਂ ਥੱਲੇ ਤੱਕ ਦੇਖਦਾ ਹੈ ਕੁੜੀ ਨੂੰ ।......"ਅੱਛਾ......ਟਾਕਾ ਆਂਤ[1]......।"

ਸਰਕ ਜਾਂਦਾ ਹੈ ਸੀਖਾਂ ਵਾਲਾ ਦਰਵਾਜ਼ਾ । ਇਕ ਦੇ ਬਾਅਦ......ਸਭ ਅੰਦਰ । ਜੰਦਰਾ ਬੰਦ ਕਰਦੀ ਹੈ ਕਾਂਸਟੇਬਲ । ਠਹਿਰ ਜਾਂਦੀ ਹੈ । ਤੂੰ......ਵੀ ਰੰਡੀ ਏਂ ?

ਚੀਕਦੀ ਹੈ ਕਾਂਸਟੇਬਲ......ਮੂੰਹ ਸੰਭਾਲ ਕੇ ਗੱਲ ਕਰ ਸਾਲੀ......ਨਹੀਂ ਭੰਨ ਦਊਂ ਤੇਰਾ ਮੂੰਹ......।

ਕਿਉਂ ਭੰਨੇਗੀ ਮੇਰਾ ਮੂੰਹ ? ਮੈਂ ਤਾਂ ਸਿਰਫ ਇਹੀ ਪੁਛਿਐ ਕਿ ਪੈਸੇ ਵਾਸਤੇ ਕੰਮ ਨਹੀਂ ਕਰਦੀ ਤੂੰ......ਮੁਫ਼ਤ ਵਿਚ ਕਰਦੀ ਏ......?

ਚੀਕਦੀ ਹੈ ਦੂਸਰੀ ਸਿਪਾਹਨਣ......ਚੁੱਪ ਹੁੰਦੀ ਏਂ ਕਿ ਨਹੀਂ ਤੂੰ......ਕੀ ਚਾਹੀਦਾ ਏ ਤੈਨੂੰ......?

—ਏ......ਤੂੰ ਕਿਉਂ ਬੋਲਦੀ ਏਂ ?

—ਓਹ......ਤੂੰ ਕਿਉਂ ਬੋਲਦੀ ਏ ?

—ਸਾਲੀ ।

ਉਠ ਕੇ ਆ ਰਿਹਾ ਹੈ ਮੁਨਸ਼ੀ ।......ਓ ਆ ਰਿਹਾ ਏ ਰੰਡੀ ਦਾ ਲੌਂਡਾ ।

ਝਿੜਕਦਾ ਹੈ......ਕੀ ਗੱਲ ਏ ? ਕਿਉਂ ਚੀਕ ਚਿਹਾੜਾ ਪਾਇਆ ਏ ?

ਚੀਕੀਏ ਨਾ ਤਾਂ ਕੀ ਕਰੀਏ ? ਏਧਰ ਖਾਣਾ ਨਹੀਂ......ਚਾਹ ਨਹੀਂ......ਉਪਰੋਂ ਇਹ ਰੰਡੀ ਗਾਲ੍ਹਾਂ ਕੱਢਦੀ ਏ......।

ਚਾਹ ਅਤੇ ਖਾਣਾ ਸਵੇਰੇ ਮਿਲੇਗਾ । ਹੁਣ ਰਾਤੀਂ ਕੁਝ ਨਹੀਂ ਮਿਲਣਾ । ਦਰਵਾਜ਼ੇ ਨੂੰ ਹੱਥ ਨਹੀਂ ਲਾਉਣਾ......ਪੰਜ ਕਦਮ ਦੂਰ ਖੜੇ ਰਹਿਣਾ......ਬਕਵਾਸ ਨਹੀਂ ਕਰਨੀ......।

ਚੀਕਦੀ ਹੈ ਨੂਰਨ ।......ਚਾਹ ਅਤੇ ਖਾਣਾ ਸਵੇਰੇ ਮਿਲੇਗਾ ? ਕਿਉਂ ਮਿਲੇਗਾ ਸਵੇਰੇ ? ਅੱਜ ਦੀ ਤਾਰੀਖ ਦਾ ਭੱਤਾ ਤੂੰ ਆਪਣੀ ਜੇਬ ਵਿਚ ਰਖੇਂਗਾ......ਹੈ ਨਾ । ਤੂੰਹੀਓਂ ਰਹਿ ਗਿਆ ਏ ਅਕਲ ਵਾਲਾ ਦੁਨੀਆਂ ਵਿਚ......।

—ਏ ਚੁਪ !......ਚੀਕਦੀ ਹੈ ਮੁਨਸ਼ੀ ।......ਕਲ੍ਹ ਦੀ ਤਾਰੀਖ ਵਿਚ ਲਿਖਿਆ ਏ ਤੁਹਾਨੂੰ ਸਾਰਿਆਂ ਨੂੰ । ਜ਼ਿਆਦਾ ਟੈਂ ਟੈਂ ਨਹੀਂ ਕਰਨੀ ਏਧਰ । ਇਹ ਹਵਾਲਾਤ ਹੈ......ਤੁਹਾਡੇ ਪਿਉ ਦਾ ਘਰ ਨਹੀਂ......।

ਫਿਰ ਬੋਲਣ ਲਗਦੀਆਂ ਹਨ ਰੰਡੀਆਂ......ਇਕੱਠੀਆਂ । ਪਰ ਚਲਾ ਜਾਂਦਾ ਹੈ ਮੁਨਸ਼ੀ......ਚਲੀ ਜਾਂਦੀ ਹੈ ਕਾਂਸਟੇਬਲ । ਚੀਕਦੀਆਂ ਹਨ ਰੰਡੀਆਂ......ਕੱਢਦੀਆਂ ਹਨ ਗਾਲ੍ਹਾਂ । ਕੋਈ ਨਹੀਂ ਸੁਣਦਾ । ਸਿਰਫ ਇਕ ਨਿੰਮ੍ਹਾ ਜਿਹਾ ਲਾਟੂ......ਟਿਮਟਿਮਾਂਦਾ ਰਹਿੰਦਾ ਹੈ ਚੁਪ ਚਾਪ ।

---

1 ਸੁਟੋ ਅੰਦਰ ।

2

ਮੁੜ ਸਵੇਰ......ਕੂੜੇ ਦੇ ਢੇਰ 'ਤੇ......ਪਾਗਲ ਆਦਮੀ ਦੇ ਨਾਲ । ਭਾਲ ਜਾਰੀ ਹੈ । ਸਿਗਰੇਟ ਦੇ ਟੁਕੜੇ......ਕਾਗਜ਼......ਮਿੱਟੀ......ਟੁੱਟੀਆਂ ਹੋਈਆਂ ਸ਼ੀਸ਼ੀਆਂ......ਪਿਚਕੀਆਂ ਹੋਈਆਂ ਟਿਊਬਾਂ......ਚੀਥੜੇ......ਜ਼ੰਗ......ਗੰਦ......ਨਿਕਲ ਰਿਹਾ ਹੈ ਸੂਰਜ । ਬੱਸ ਸਟਾਪ ਉਤੇ ਲਗ ਗਈ ਕਤਾਰ ।

ਅੱਖਾਂ ਦੀ ਗਿੱਡ ਪੂੰਝਦੀ ਹੈ ਰੋਜ਼ੀ......ਉਂਗਲਾਂ ਨਾਲ......ਜੋ ਸੁੰਨ ਹੋਈ ਜਾ ਰਹੀਆਂ ਹਨ । ਵਗੀ ਜਾ ਰਿਹਾ ਹੈ ਨਜ਼ਲਾ । ਫਿਰ ਹੋ ਗਈ ਸਵੇਰ । ਫਿਰ ਸ਼ੁਰੂ ਹੋ ਗਿਆ ਸਵਾਲ...... ਫਿਰ ਖਤਮ ਨਹੀਂ ਹੋਵੇਗਾ । ਖਤਮ ਹੁੰਦੇ ਜਾਂਦੇ ਹਨ ਦਿਨ......ਸਵਾਲ ਖਤਮ ਨਹੀਂ ਹੁੰਦਾ । ਦੌੜਦੇ ਹੋਏ ਸ਼ਹਿਰ ਦੀ ਭੀੜ ਦੇ ਕੋਲ......ਚੜ੍ਹਦੇ ਅਤੇ ਡੁਬਦੇ ਸੂਰਜ ਦੇ ਨਾਲ......ਰੋਜ਼ ਉਠ ਪੈਂਦਾ ਹੈ ਚੀਥੜਿਆਂ ਦੇ ਢੇਰ ਉਤੇ......ਇਕ ਹੀ ਜਵਾਬ । ਪੁਲ ਦੇ ਥੱਲੇ ਅਤੇ ਉਪਰ......ਭੀਖ ਮੰਗਣ ਵਾਲਿਆਂ ਦੀ ਭੀੜ ਵਿਚ ਸ਼ਾਮਲ ਹੋ ਜਾਵੇ ਰੋਜ਼ੀ......ਜਾਂ ਸੁੱਟੀ ਹੋਈ ਜੂਠ ਕੋਲ ਪਹੁੰਚ ਜਾਵੇ......ਆਵਾਰਾ ਮੁੰਡਿਆਂ ਦੇ ਨਾਲ । ਕਿੱਥੇ ਗਿਆ ਘਾਟ ਦਾ ਮੁੰਡਾ ? ਇਕ ਤਸਵੀਰ ਛੱਡ ਕੇ ਕਿਸ ਦੁਨੀਆਂ ਵਿਚ ਚਲਾ ਗਿਆ ? ਗੰਦੇ ਪਾਣੀ ਉਪਰ ਭਿੰਨ ਭਿੰਨਾਉਂਦੇ ਹੋਏ ਮੱਛਰ...... ਨਹਾਉਂਦੇ ਹੋਏ ਬੱਚੇ ।......ਉਠਣਾ ਪਵੇਗਾ ਅਤੇ ਜਾਣਾ ਪਵੇਗਾ......ਜਿਥੇ ਭੱਜ ਕੇ ਲੁਕ ਗਏ ਹਨ ਸਵਾਲਾਂ ਦੇ ਜੁਆਬ ।

ਬੱਸ ਸਟਾਪ ਤੇ ਖੇਡ ਰਹੇ ਹਨ ਆਵਾਰਾ ਮੁੰਡੇ । ਦੌੜਦੇ ਹਨ......ਲੁਕ ਜਾਂਦੇ ਹਨ...... ਨਿਕਲ ਆਉਂਦੇ ਹਨ......ਖਿੜਖਿੜਾਉਂਦੇ ਹਨ । ਵਿਚ ਵਿਚ ਮੰਗਦੇ ਹਨ......ਸਾਬ੍ਹ......ਇਕ ਪੰਜ ਪੈਸੇ......ਪਾਵ ਲੈ ਕੇ ਖਾਵਾਂਗਾ......ਭੁੱਖਾ ਹਾਂ ਸਵੇਰ ਦਾ......। ਫਿਰ ਉਹੀ ਭੱਜ ਨੱਠ... ...ਲੁਕਣ ਮੀਟੀ ਅਤੇ ਗਾਣੇ ।......ਆ ਮੇਰੇ ਹਮਜੋਲੀ ਆ......ਖੇਲੇਂ ਆਂਖ ਮਚੋਲੀ ਆ...... ਫਿਰ ਇਕ ਖਿੜਖਿੜਾਉਂਦਾ ਹਾਸਾ......।

ਗੁਦੜੀਆਂ ਨੂੰ ਛੱਡ ਕੇ ਉਠ ਖੜੀ ਹੁੰਦੀ ਹੈ ਰੋਜ਼ੀ......ਤੁਰਨਾ ਸ਼ੁਰੂ ਕਰ ਦੇਂਦੀ ਹੈ ਪੁਲ

ਵੱਲ। ਇਕ ਮੋਟਰ......ਅਤੇ ਹਜ਼ਾਰਾਂ ਮੋਟਰਾਂ......ਇਕ ਆਦਮੀ......ਅਤੇ ਹਜ਼ਾਰਾਂ ਆਦਮੀ। ਅੰਨ੍ਹੇ ਅਤੇ ਲੰਗੜੇ......ਲੰਘਣਾ ਚਾਹੁੰਦੇ ਹਨ ਰਸਤਿਆਂ ਤੋਂ......ਲੰਘ ਨਹੀਂ ਸਕਦੇ।...... ਚਲ ਉ ਭਾਈ......ਬਾਂਹ ਵਾਲੇ ਹੱਥ ਹੋ ਜਾ। ਓਧਰ ਨਹੀਂ......ਗੱਡੀ ਆ ਰਹੀ ਏ ਓਧਰੋਂ।... ...ਅੰਨ੍ਹੇ ਦਾ ਹੱਥ ਫੜ ਲੈਂਦੀ ਹੈ ਰੋਜ਼ੀ।......ਰੋਡ ਕਰਾਸ ਕਰਨੀ ਏਂ ? ਆ......ਮੇਰੇ ਨਾਲ ਆ। ਪੁਲ ਉਪਰ ਜਾਣਾ ਈ ? ਚਲ ਮੈਂ ਵੀ ਓਧਰ ਈ ਜਾਣਾ ਏ......।

ਉਠਦਾ ਹੋਇਆ ਧੂੰਆਂ......ਧੂੰਏਂ ਦੇ ਪਾਰ ਹੋਰ ਧੂੰਆਂ। ਕਿਥੇ ਹੈ ਬਸਤੀ ? ਸਿਰਫ ਇਕ ਉਠਦਾ ਹੋਇਆ ਧੂੰਆਂ......।

ਏ......ਜ਼ਰਾ ਠਹਿਰ ਜਾ......ਕਾਹਲੀ ਨਾ ਕਰ......ਅਜੇ ਬਹੁਤ ਮੋਟਰਾਂ ਆ ਰਹੀਆਂ ਨੇ।......ਹਾਂ......ਹੁਣ ਆ ਜਾ। ਭੱਜ ਨਾ......ਹੌਲੀ ਚਲ......ਮੇਰੇ ਕੋਲੋਂ ਨਹੀਂ ਤੁਰਿਆ ਜਾਂਦਾ......।

ਲੰਗੜਾ ਲੰਗੜਾ ਕੇ ਸੜਕ ਪਾਰ ਕਰਦੀ ਹੈ। ਅੰਨ੍ਹਾ ਚਲ ਰਿਹਾ ਹੈ ਨਾਲ ਨਾਲ। ਲੰਗੜਾ ਕੇ ਚਲ ਰਿਹਾ ਹੈ ਸਾਰਾ ਸ਼ਹਿਰ। ਅੱਗੇ ਕੁਝ ਦਿਖਾਈ ਨਹੀਂ ਦੇਂਦਾ। ਅੰਨ੍ਹਾ ਹੋ ਗਿਆ ਹੈ ਸਾਰਾ ਸ਼ਹਿਰ। ਫਿਰ ਵੀ......ਚਲੀ ਜਾ ਰਿਹਾ ਹੈ ਸਾਰਾ ਸ਼ਹਿਰ। ਪੁਲ ਦੀਆਂ ਪੌੜੀਆਂ ਉਤੇ ਸਾਮਾਨ ਵੇਚਣ ਵਾਲਿਆਂ ਦਾ ਹਜੂਮ......ਭਿੱਖ ਮੰਗਣ ਵਾਲਿਆਂ ਦੀ ਲੰਮੀ ਕਤਾਰ। ਅੰਨ੍ਹੇ......ਲੰਗੜੇ ......ਕੋਹੜੇ......ਆਪਣੀ ਜਗ੍ਹਾ ਕਿੱਥੇ ਹੈ ?......ਭਾਲ ਰਹੀ ਹੈ ਰੋਜ਼ੀ। ਤੇਜ਼ ਆਵਾਜ਼ਾਂ ਦਾ ਸਿਲਸਿਲਾ। ਆਉਂਦੀਆਂ ਹੋਈਆਂ ਗੱਡੀਆਂ......ਜਾਂਦੀਆਂ ਹੋਈਆਂ ਗੱਡੀਆਂ। ਭੱਜਦੇ ਹੋਏ ਲੋਕ......ਪੌੜੀਆਂ ਉਤੇ। ਰੱਬ ਦੇ ਨਾਂ ਉਤੇ......ਪੈਸਾ ਦੋ ਪੈਸਾ......ਚਮੜੇ ਦੇ ਕੋਠੇ ਨੂੰ ਅੱਗ ਲਗੀ......ਹੈ ਕੋਈ ਦਾਤਾ ਦਿਆਲੂ। ......ਬਾਬੂ ਸਾਬ੍ਹ। ਸੇਠ ਜੀ। ......ਤੁਹਾਡੇ ਬੱਚਿਆਂ ਦੀ ਖੈਰ......ਰਾਮ ਦੇ ਨਾਂ ਉਤੇ......ਫੈਲੀਆਂ ਹੋਈਆਂ ਝੋਲੀਆਂ......ਵਿਛੇ ਹੋਏ ਕਪੜੇ।

ਨੁੱਕਰ ਵਿਚ ਖੜੀ ਹੈ ਰੋਜ਼ੀ। ਬੈਠ ਜਾਵੇ ਕੋਹੜੀਆਂ ਦੇ ਕੋਲ ? ਆਵਾਜ਼ ਦੇਵੇ ਜ਼ੋਰ ਨਾਲ ?......ਨਹੀਂ ਹੋਵੇਗਾ। ਨਹੀਂ ਨਿਕਲੇਗੀ ਆਵਾਜ਼। ਬਸ ਇੰਜ ਹੀ ਖੜੀ ਰਹੇਗੀ। ਕਦੋਂ ਤੱਕ ? ਨਹੀਂ ਪਤਾ।

ਫਿਰ ਚਲਣ ਲਗਦੀ ਹੈ। ਪੌੜੀਆਂ ਅਤੇ ਫੁਟਪਾਥ......ਸੜਕ ਅਤੇ ਆਸਮਾਨ। ਕੇਲਿਆਂ ਵਾਲੇ ਅਤੇ ਮੁੰਗਫਲੀ ਵਾਲੇ......ਠੇਕੇ ਵਾਲੇ ਅਤੇ ਭੁਜੀਆ ਵਾਲੇ......ਹੋਟਲ ਅਤੇ ਚਾਹ ਦੀ ਦੁਕਾਨ। ਸਭ ਕੁਛ ਹੈ......ਪਰ ਨਹੀਂ ਹੈ। ਇਕ ਤਮਾਸ਼ਾ......ਤਾਲੀਆਂ ਮਾਰ ਰਹੀ ਹੈ ਭੀੜ। ਚੀਕ ਰਿਹਾ ਹੈ ਆਦਮੀ......ਬੱਚਾ ਲੋਕ। ਜ਼ੋਰ ਨਾਲ ਤਾੜੀਆਂ ਮਾਰੋ।...... ਭਰਾਵੋ। ਇਹ ਮੇਰੀ ਚਾਰ ਸਾਲ ਦੀ ਬੱਚੀ......ਏਨਾ ਵਡਾ ਪੱਥਰ ਚੁਕੇਗੀ......ਪਾਪੀ ਪੇਟ ਲਈ......ਕਾਹਦੇ ਲਈ ?......ਪੇਟ ਲਈ। ਬੱਚਾ ਲੋਕ......ਤਾਲੀ।......ਬਹੁਤ ਵੱਡੇ ਪੱਥਰ ਨੂੰ ਬੰਨ੍ਹਦਾ ਹੈ ਰੱਸੀ......ਚਾਰ ਸਾਲ ਦੀ ਕੁੜੀ ਦੀ ਧੌਣ ਵਿਚ ਪਾ ਦੇਂਦਾ ਹੈ।...... ਬੱਚਾ ਲੋਕ। ਫਿਰ ਤਾਲੀ ਵਜਾਏਗਾ। ਮਾਈ ਬਾਪ। ਪੇਟ ਵਾਸਤੇ। ਬਜਰੰਗ ਬਲੀ......ਤੋੜ ਦੁਸ਼ਮਣ ਦੀ ਨਲੀ।......ਚਲ ਬੇਟੇ। ਚੁਕ ਲੈ ਧੌਣ ਨਾਲ......।

ਧੌਣ ਦੇ ਦੁਆਲੇ ਪਿਆ ਪੱਥਰ......ਨਹੀਂ ਹਿੱਲਦਾ। ਚਾਰ ਸਾਲ ਦੀ ਕੁੜੀ ਬਹੁਤ ਜ਼ੋਰ ਪਾਉਂਦੀ ਹੈ। ਚੀਕ ਰਿਹਾ ਹੈ......ਚਲ ਬਜਰੰਗ......ਬਲੀ......ਚੁੱਕ ਲੈ ਪੱਥਰ......ਚਲ...... ਸ਼ਾਬਾਸ਼......ਚਲ......। ਹੋਰ ਜ਼ੋਰ ਲਾਉਂਦੀ ਹੈ ਕੁੜੀ......ਬੇਵੱਸ ਹੋ ਕੇ ਰਹਿ ਜਾਂਦੀ ਹੈ। ਨਹੀਂ ਹਿੱਲਦਾ।......ਅੱਖਾਂ ਦਿਖਾਉਂਦਾ ਹੈ......ਕੋਲ ਜਾ ਕੇ ਧਮਕਾਉਂਦਾ ਹੈ ਖੇਲ ਵਾਲਾ। ਨਹੀਂ ਹਿੱਲਦਾ ਪੱਥਰ।......ਚਲ ਬਜਰੰਗ ਬਲੀ......ਤੋੜ ਦੁਸ਼ਮਣ ਦੀ ਨਲੀ। ਚੁੱਕ ਲੈ ਬੇਟੇ। ਹਾਂ......ਲਾ ਜ਼ੋਰ... । ਮੈਲੀ ਕੁਚੈਲੀ ਫਰਾਕ......ਮੈਲੇ ਹੱਥ ਪੈਰ। ਬੇਵੱਸ...... ਦੇਖ ਰਹੀ ਹੈ ਚਾਰੇ ਪਾਸੇ। ਨਹੀਂ ਹਿੱਲਦਾ ਪੱਥਰ। ਕਦੀ ਨਹੀਂ ਚੁੱਕਿਆ ਜਾਏਗਾ। ਹਮੇਸ਼ਾ ਲਟਕਿਆ ਰਹੇਗਾ ਧੌਣ ਦੇ ਕੋਲ। ਗਾਲ੍ਹਾਂ ਕੱਢ ਰਿਹਾ ਹੈ ਬਾਪ......ਪੇਟ ਵਾਸਤੇ। ਤਾੜੀਆਂ ਵਜ੍ਹਾ ਰਹੀ ਹੈ ਭੀੜ......ਹੱਸ ਰਹੀ ਹੈ। ਰੋ ਰਹੀ ਹੈ ਛੋਟੀ ਕੁੜੀ। ਕਦੋਂ ਦੀ ਕੋਸ਼ਿਸ਼ ਕਰ ਰਹੀ ਹੈ......ਨਹੀਂ ਚੁੱਕਿਆ ਜਾਂਦਾ ਪੱਥਰ।

ਚੁੱਪ ਚਾਪ ਖੜੀ ਹੈ ਰੋਜ਼ੀ।......ਪੇਟ ਵਾਸਤੇ। ਸਾਰੀ ਜ਼ਿੰਦਗੀ ਲੰਘ ਜਾਂਦੀ ਹੈ...... ਪੱਥਰ ਉਥੇ ਹੀ ਰਹਿੰਦਾ ਹੈ। ਕੁਣੱਖੀਆਂ ਨਾਲ ਚਾਰੇ ਪਾਸੇ ਦੇਖਦੇ ਹਨ ਲੋਕ......ਬੇਵੱਸ। ਭੀੜ ਹੱਸਦੀ ਹੈ......ਕੋਈ ਅਗੇ ਨਹੀਂ ਆਉਂਦਾ।......ਕੌਣ ਹੈ ਸਾਹਮਣੇ ? ਜੱਬਾਰ ? ਇਹ ਏਥੇ ਕਿੰਜ ਆ ਗਿਆ ?......ਤੇਜ਼ ਤੁਰ ਕੇ ਕੋਲ ਆ ਜਾਂਦੀ ਹੈ ਰੋਜ਼ੀ। "ਏ......ਜੱਬਾਰ। ਤੂੰ ਏਥੇ ਕਿਵੇਂ ਆ ਗਿਆ ?"

ਘੁੰਮ ਕੇ ਦੇਖਦਾ ਹੈ ਜੱਬਾਰ......ਅੱਖਾਂ ਲਾਲ।......ਕੀ ਏ ? ਬੁਲਾਇਆ ਏ ਤੂੰ ਮੈਨੂੰ ?

ਸਹਿਮ ਜਾਂਦੀ ਹੈ ਰੋਜ਼ੀ।......ਕੀ ਹੋ ਗਿਆ ਜੇ ਬੁਲਾਇਆ ਏ ਤਾਂ ? ਕੋਈ ਗੁਨਾਹ ਤਾਂ ਨਹੀਂ ਕੀਤਾ। ਤੈਨੂੰ ਤਾਂ ਪੜੀਪਾਰ[1] ਕਰ ਦਿੱਤਾ ਸੀ......ਇਸ ਲਈ ਪੁੱਛ ਬੈਠੀ ਕਿ ਤੂੰ ਏਥੇ ਕਿਵੇਂ ਆਇਆ ਏਂ......

ਹੋਰ ਨੇੜੇ ਆ ਜਾਂਦਾ ਹੈ।......ਹੁਣ ਤੂੰ ਸਭ ਨੂੰ ਜਾ ਕੇ ਦੱਸੇਂਗੀ ਕਿ ਤੂੰ ਮੈਨੂੰ ਦੇਖਿਆ ਸੀ...... ਹੈ ਨਾ ?

ਭੈੜਾ ਮੂੰਹ ਬਣਾਉਂਦੀ ਹੈ।......ਮੈਨੂੰ ਕੀ ਪਈ ਏ ? ਮੈਂ ਕਿਉਂ ਦੱਸਾਂਗੀ ਕਿ ਮੈਂ ਤੈਨੂੰ ਦੇਖਿਆ ਸੀ।

ਸੁਖ ਦਾ ਸਾਹ ਆਉਂਦਾ ਹੈ ਜੱਬਾਰ ਨੂੰ।......ਹਾਂ। ਦੱਸੀਂ ਨਾ ਕਿਸੇ ਨੂੰ......ਭਲਾ ਕੀ ? ਮੈਂ ਲੁਕ ਕੇ ਆਇਆ ਆਂ ਏਧਰ......ਸਿਰਫ ਅਮਜਦ ਨੂੰ......ਦੇਖਣ ਵਾਸਤੇ......ਹੁਣੇ ਵਾਪਸ ਚਲਾ ਜਾਵਾਂਗਾ......।

ਜਾਣ ਲਗਦਾ ਹੈ ਤੇਜ਼ੀ ਨਾਲ। ਅਚਾਨਕ ਕੁਝ ਯਾਦ ਆ ਜਾਂਦਾ ਹੈ ਰੋਜ਼ੀ ਨੂੰ ! ਏ ਸੁਣ ਤਾਂ......ਏ ਜੱਬਾਰ।

1 ਨਗਰ-ਨਿਕਾਲਾ

ਵਾਪਸ ਆਉਂਦਾ ਹੈ ।......ਕੀ ਏ ?

ਹਿਚਕਚਾ ਜਾਂਦੀ ਹੈ ਰੋਜ਼ੀ ।

ਬੋਲ ਨਾ......ਕੀ ਏ ?

ਸਿਰ ਚੁੱਕਦੀ ਹੈ......ਹੁਣ ਕਿੰਨੇ ਕੁ ਵਜੇ ਹੋਣਗੇ ? ਬਾਰ੍ਹਾਂ......ਹੈ ਨਾ ?

ਝੁੰਜਲਾ ਜਾਂਦਾ ਹੈ ।......ਤੂੰ ਟੈਮ ਪੁਛਣ ਵਾਸਤੇ ਬੁਲਾਇਆ ਏ ਕੀ ਮੈਨੂੰ ?

ਨਹੀਂ......ਮੈਂ ਇਹ ਕਹਿਣਾ ਸੀ......ਕਿ ਸਵੇਰੇ ਤੋਂ ਅਜੇ ਤਕ......ਇਕ ਕੱਪ ਚਾਹ ਵੀ ਨਹੀਂ ਮਿਲੀ ਮੈਨੂੰ । ਕਦੋਂ ਦੀ ਘੁੰਮ ਰਹੀ ਆਂ ਇਧਰ ਉਧਰ ।......ਇਕ ਚਾਹ ਤਾਂ ਪਿਆ ਦੇ ਮੈਨੂੰ......।

ਅਤੇ ਦੇਖਦਾ ਰਹਿੰਦਾ ਹੈ ਜੱਬਾਰ । ਕੋਈ ਜੁਆਬ ਨਹੀਂ ਦੇਂਦਾ । ਫਿਰ ਹੌਲੀ ਹੌਲੀ ਹੱਥ ਪਾਉਂਦਾ ਹੈ ਪਾਟੀ ਪੈਂਟ ਦੀ ਜੇਬ ਵਿਚ । ਦੋ ਸਿੱਕੇ ਦੱਬੇ ਹਨ ਕਿਧਰੇ ਹੱਥ ਨਹੀਂ ਆਉਂਦੇ । ਸੰਭਾਲ ਕੇ ਰੱਖ ਛੱਡੇ ਸਨ ਅਮਜਦ ਦੇ ਲਈ । ਦੇਖਦਾ ਹੈ ਅੱਬਾ ਨੂੰ......ਰੋਣ ਲਗਦਾ ਹੈ । ਅੰਦਰ ਵਾਰ......ਇਕ ਦੋ ਨੋਟ ਵੀ ਹਨ । ਹੱਥ ਰੁਕ ਜਾਂਦਾ ਹੈ ਜੱਬਾਰ ਦਾ ।......ਦੇਖ......ਇਕ ਕੰਮ ਕਰੇਂਗੀ ? ਮੇਰੀ ਝੌਂਪੜੀ ਤਕ ਚਲ । ਕੁਝ ਬੰਦੋਬਸਤ ਕਰ ਦਿਆਂਗਾ ਤੇਰੇ ਖਾਣ ਦਾ......।

ਹਿਚਕਿਚਾਉਂਦੀ ਹੈ ਰੋਜ਼ੀ......ਏਥੇ ਦੇਣਾ ਈ ਤਾਂ ਦੇ ਦੇ । ਤੇਰੀ ਔਰਤ ਦਾ ਦਿਮਾਗ ਬਹੁਤ ਗਰਮ ਹੈ । ਮੈਂ ਨਹੀਂ ਜਾਂਦੀ ਉਧਰ......।

ਤੂੰ ਚਲ ਵੀ । ਉਥੇ ਵੀ ਕੁਝ ਮਿਲੇਗਾ......ਏਥੇ ਤਾਂ ਕੁਝ ਨਹੀਂ ਹੈ ।

ਫਿਰ ਚਲਣਾ ਪੈਂਦਾ ਹੈ ਰੋਜ਼ੀ ਨੂੰ । ਸੜ ਰਹੇ ਹਨ ਪੈਰ......ਤੁਰ ਨਹੀਂ ਸਕਦੀ ਛੇਤੀ ਛੇਤੀ......ਲੰਗੜਾਉਂਦੀ ਜਾਂਦੀ ਹੈ । ਤੁਰਦੇ ਤੁਰਦੇ ਰੁਕ ਜਾਂਦਾ ਹੈ ਜੱਬਾਰ । ਫਿਰ ਤੁਰਨ ਲਗ ਜਾਂਦਾ ਹੈ । ਫਿਰ ਪੱਛੜ ਜਾਂਦੀ ਹੈ ਰੋਜ਼ੀ......ਫਿਰ ਰੁਕਣਾ ਪੈਂਦਾ ਹੈ । ......ਤੂੰ ਇਕ ਕੰਮ ਕਰ......ਕੀ ਨਾਂ ਏ ਤੇਰਾ......ਮੇਰੀ ਝੌਂਪੜੀ ਦੇਖੀ ਏ ਨਾ ? ਉਥੇ ਆ ਜਾ......ਮੈਂ ਚਲਦਾ ਆਂ ਅੱਗੇ ਅੱਗੇ । ......ਕਾਹਲੀ ਨਾਲ ਚਲਾ ਜਾਂਦਾ ਹੈ ।

ਦੁਪਹਿਰ......ਜ਼ਿਆਦਾ ਦੁੱਖਦਾਈ ਹੁੰਦੀ ਹੈ......ਰਾਤ ਨਹੀਂ । ਉਜਾਲਾ ਜ਼ਿਆਦਾ ਪਰੇਸ਼ਾਨ ਕਰਦਾ ਹੈ......ਹਨੇਰਾ ਸੁਆ ਲੈਂਦਾ ਹੈ ਚੁੱਪ ਚਾਪ । ਜਦੋਂ ਆ ਜਾਂਦੀ ਹੈ ਨੀਂਦ......ਭੁੱਖ ਨਹੀਂ......ਪਿਆਸ ਨਹੀਂ......ਸਿਰ ਨਹੀਂ ਚਕਰਾਉਂਦਾ ਧੁੱਪ ਵਿਚ......ਤੁਰੀ ਜਾਣਾ ਪੈਂਦਾ ਹੈ । ......ਜੱਬਾਰ......ਪੁਲੀਸ ਨੇ ਕੱਢ ਦਿੱਤਾ ਸ਼ਹਿਰੋਂ ਬਾਹਰ । ਸ਼ਹਿਰ ਦੀ ਹਦੂਦ ਵਿਚ ਦਿਸਿਆ ਤਾਂ......ਫਿਰ ਕੁਟਾਪਾ......ਫਿਰ ਸਜ਼ਾ......ਫਿਰ ਸ਼ਹਿਰੋਂ ਬਾਹਰ । ......ਹੱਦ ਹੋ ਗਈ । ਹੁਣ ਨਹੀਂ ਤੁਰਿਆ ਜਾਂਦਾ । ਪਾਟੀ ਹੋਈ ਚਮੜੀ......ਪਿਛੋਂ ਦਿਖਾਈ ਦੇ ਰਿਹਾ ਹੈ ਖੂਨ । ਦੋ ਉਂਗਲਾਂ ਸੁੰਨ......ਬਾਕੀ ਸੜ ਰਹੀਆਂ ਹਨ ।

ਘੰਟੀ ਵਜਾਉਂਦਾ ਹੋਇਆ ਨਿਕਲ ਜਾਂਦਾ ਹੈ ਦੁੱਧ ਵਾਲਾ । ਚੀਕਦੇ ਹੋਏ ਗਾਲ੍ਹਾਂ ਕੱਢਦੇ ਹਨ ਜੂਏ ਵਾਲੇ......ਫਿਰ ਖੇਡਣ ਲਗ ਜਾਂਦੇ ਹਨ । ਨਹੀਂ ਤੁਰਿਆ ਜਾਂਦਾ ਰੋਜ਼ੀ ਕੋਲੋਂ......ਪਰ ਰੀਂਗਦੀ ਤੁਰੀ ਜਾਏਗੀ...... ।

ਪਰ ਮੁੜ ਰਿਹਾ ਹੈ ਜੱਬਾਰ ।

—ਕੀ ਹੋਇਆ ਈ ?

ਮੂੰਹ ਲੱਥਾ ਹੋਇਆ ਹੈ । ......ਕੁਝ ਨਹੀਂ । ਜੰਦਰਾ ਮਾਰ ਕੇ ਕਿੱਥੇ ਚਲੀ ਗਈ......ਪਤਾ ਨਹੀਂ ।

ਹੁਣ ? ਦੋਵੇਂ ਖੜੇ ਹਨ ਚੁੱਪ ਚਾਪ । ......ਚਲ ਉਧਰ । ਇਕ ਚਾਹ ਤੂੰ ਪੀ ਲਈਂ......ਇਕ ਮੈਂ ਪੀ ਲਵਾਂਗਾ । ਉਦੋਂ ਤਕ ਆ ਜਾਏਗੀ ਓਹ...... ।

ਮਾਲਾਬਾਰੀ ਦੀ ਝੋਂਪੜੀ ਵਾਲਾ ਹੋਟਲ......ਬਾਹਰ ਜ਼ਮੀਨ ਉਤੇ ਬੈਠ ਜਾਂਦੀ ਹੈ ਰੋਜ਼ੀ,......ਬੈਂਚ ਉਪਰ ਜੱਬਾਰ । ......ਲਿਆ ਬਈ......ਦੋ ਗਰਮ ਚਾਹ ਦੇ......ਅਤੇ ਪਾਣੀ ਪਿਲਾ ।

ਮਾਲਾਬਾਰੀ ਘੁੰਮ ਕੇ ਦੇਖਦਾ ਹੈ ਰੋਜ਼ੀ ਨੂੰ । ......ਉਹਨੂੰ ਬੀਮਾਰੀ ਏ । ਆਪਣੇ ਭਾਂਡਿਆਂ ਵਿਚ ਮੈਂ ਚਾਹ ਨਹੀਂ ਦੇਣੀ । ......ਪਾਣੀ ਵੀ ਨਹੀਂ ਦਿਆਂਗਾ ।

ਚੁਪਚਾਪ ਦੇਖਦੀ ਹੈ ਰੋਜ਼ੀ......ਚੁੱਪ ਚਾਪ ਦੇਖਦਾ ਹੈ ਜੱਬਾਰ......ਦੂਰ......ਫੁੱਟਪਾਥ ਦੇ ਕੋਲ ਚੀਥੜਿਆਂ ਵਿਚ......ਪਿਆ ਹੈ ਇਕ ਟੁੱਟਾ ਗਲਾਸ । ਜਾਵੇ ਅਤੇ ਲੈ ਆਵੇ ? ਇਕ ਲੰਮਾ ਹਉਕਾ ਭਰਦੀ ਹੈ । ......ਚਲ ਛੱਡ । ਚਾਹ ਨੂੰ ਮਾਰ ਗੋਲੀ । ਪਾਣੀ ਹੀ ਪਿਆ ਦੇ ਬੁੱਕ ਨਾਲ......ਬਹੁਤ ਤ੍ਰੇਹ ਲਗੀ ਏ...... ।

ਕੋਈ ਧਿਆਨ ਨਹੀਂ ਦੇਂਦਾ । ਦੇਖਦਾ ਰਹਿੰਦਾ ਹੈ ਜੱਬਾਰ......ਉਠ ਖੜਾ ਹੁੰਦਾ ਹੈ । ......ਤੂੰ ਏਥੇ ਹੀ ਖਲੋ । ਮੈਂ ਲੈ ਕੇ ਆਉਂਦਾ ਆਂ ਕੋਈ ਭਾਂਡਾ...... ।

ਚਲਾ ਜਾਂਦਾ ਹੈ ਸਾਹਮਣੇ । ਝੌਂਪੜੀਆਂ ਦੇ ਸਾਹਮਣੇ ਟੁੱਟੀਆਂ ਮੰਜੀਆਂ......ਸੁਕ ਰਹੀਆਂ ਹਨ ਮੱਛੀਆਂ । ਇਕ ਲੁਹਾਰ ਠੋਕ ਰਿਹਾ ਹੈ ਕੁਝ । ਇਸ ਪਾਸਿਉਂ ਮੁੜ ਆਉਂਦਾ ਹੈ ਜੱਬਾਰ । ਚੀਕਦੀ ਹੈ ਰੋਜ਼ੀ......ਓ, ਮੁੜ ਆ । ਜਾਣ ਦੇ ਕੁਝ ਨਹੀਂ ਮਿਲਦਾ ਤਾਂ...... ।

ਪਰ ਚਲਾ ਜਾਂਦਾ ਹੈ ਦੂਜੇ ਪਾਸੇ । ਜ਼ੰਗ ਲਗੇ ਲੋਹੇ ਦਾ ਢੇਰ......ਕਿੰਨੇ ਸਾਲ ਪੁਰਾਣਾ । ਧੱਸ ਗਿਆ ਹੈ ਜ਼ਮੀਨ ਦੇ ਅੰਦਰ । ਤਾਰਾਂ......ਪੀਪੇ......ਡੱਬੇ......ਪੁਰਾਣੀਆਂ ਕਾਰਾਂ ਦੀਆਂ ਬਾਡੀਆਂ......ਜਾਲੀਆਂ......ਸੀਖਾਂ......ਕਦੋਂ ਅਤੇ ਕਿੱਥੋਂ ਆਈਆਂ ? ਉਲਟਾ ਪਲਟਾ ਕੇ ਦੇਖਦਾ ਹੈ । ਇਕ ਟੁੱਟਾ ਡੱਬਾ......ਪਰ ਕੰਮ ਆ ਸਕਦਾ ਹੈ ।

ਲੈ......ਕੀ ਨਾਂ ਏ ਤੇਰਾ । ਇਹਨੂੰ ਧੋ ਲੈ......ਅਤੇ ਲੈ ਲੈ ਚਾਹ ਇਹਦੇ ਵਿਚ ।

ਰੋਜ਼ੀ......ਡੱਬੇ ਵਲ ਨਹੀਂ ਵੇਖਦੀ......ਦੇਖ ਰਹੀ ਹੈ ਜੱਬਾਰ ਵਲ ।

......ਪਤਲੂਨ......ਇਕਦਮ ਢਿੱਲੀ ਲਮਕਦੀ......ਪਤਾ ਨਹੀਂ ਕਿਹਦੀ ਪਾਈ ਹੈ । ਉਪਰ ਇਕ ਮੈਲੀ ਬੁਰਸ਼ਟ......ਅੱਖਾਂ ਲਾਲ । ਡੱਬਾ ਫੜ ਲੈਂਦੀ ਹੈ ।

—ਏ ਮੂੰਡੂ ! ਲਿਆ, ਚਾਹ ਲਿਆ ! ਦੋ । ਡੱਬੇ ਵਿਚ ਪਾ ਦੇ ਉਸ ਨੂੰ......ਡੱਬਾ ਹੈਗਾ ਏ ਉਸ ਦੇ ਕੋਲ......।

ਥੋੜ੍ਹਾ ਜਿੰਨਾ ਪਾਣੀ......ਧੋ ਲੈਂਦੀ ਹੈ ਡੱਬੇ ਨੂੰ।......ਥੋੜ੍ਹਾ ਜਿੰਨਾ ਹੋਰ ਦੇ...... ਮੂੰਹ ਧੋਣਾ ਏ।......ਮੂੰਹ ਧੋਂਦੀ ਹੈ। ਕਾਹਲੀ ਕਾਹਲੀ ਪੀਂਦੀ ਹੈ ਪਾਣੀ......ਖੁਲ੍ਹ ਜਾਂਦੀਆਂ ਹਨ ਅੱਖਾਂ।......ਵੱਜ ਗਏ ਦੋ......।

ਏਥੇ ਆ ਕੇ ਖਤਮ ਹੋ ਗਈਆਂ ਹਨ ਝੌਂਪੜੀਆਂ। ਓਧਰ ਉਚਾਈ ਵੱਲ ਰੇਲ ਦੀਆਂ ਪਟੜੀਆਂ......ਫਿਰ ਗੰਦੇ ਚਿੱਕੜ ਦੀ ਦਲਦਲ......ਦੂਰ ਤੱਕ। ਝਾੜੀਆਂ ਦੇ ਝੁਰਮੁਟ...... ਫਿਰ ਛੋਟੇ ਛੋਟੇ ਮਕਾਨਾਂ ਦੀਆਂ ਕਤਾਰਾਂ। ਹੁਣ ਦੋਵੇਂ ਬੈਠ ਗਏ......ਰੇਲ ਦੀਆਂ ਪਟੜੀਆਂ ਦੀ ਢਲਾਨ ਉਤੇ। ਲੰਘ ਗਈਆਂ ਬਹੁਤ ਸਾਰੀਆਂ ਗੱਡੀਆਂ......ਸੜ ਕੇ ਖਤਮ ਹੋ ਗਈਆਂ ਬੀੜੀਆਂ। ਪਰ ਵਕਤ ਨਹੀਂ ਲੰਘਦਾ......ਸ਼ਾਮ ਨਹੀਂ ਹੋਈ......ਸੂਰਜ ਨਹੀਂ ਡੁੱਬਿਆ। ਹੋਰ ਗੱਲਾਂ ਕਰਨੀਆਂ ਪੈਣਗੀਆਂ।

—ਤੂੰ ਦਵਾਖਾਨੇ ਕਿਉਂ ਨਹੀਂ ਗਈ ?

—ਦਵਾਖਾਨੇ ਵਿਚ ? ਕਾਹਦੇ ਲਈ ?

ਇਹ ਜੋ ਤੇਰੇ ਸਰੀਰ ਵਿਚ ਨੁਕਸ ਪੈ ਗਿਆ ਏ। ਉਹਦੀ ਕੋਈ ਦਵਾਈ ਸਵਾਈ ਤਾਂ ਹੋਵੇਗੀ ਕਿ ਨਹੀਂ ?

ਰੋਜ਼ੀ ਖਾਮੋਸ਼ ਹੈ। ਆਉਂਦੀ ਹੈ ਲੋਕਲ ਗੱਡੀ......ਅਤੇ ਗੁਜ਼ਰ ਜਾਂਦੀ ਹੈ......ਦੋ ਵਾਰੀ ਗਈ ਸਾਂ ਕਮੇਟੀ ਦੇ ਦਵਾਖਾਨੇ ਵਿਚ। ਉਨ੍ਹਾਂ ਨੇ ਮੈਨੂੰ ਭਜਾ ਦਿੱਤਾ......।

—ਫਿਰ ਬਾਅਦ ਵਿਚ ਦੂਜੀ ਵਾਰੀ ਨਹੀਂ ਗਈਂ ਤੂੰ ?

—ਕਾਹਦੇ ਲਈ ? ਕਿੰਨੀ ਦੂਰ ਜਾਣਾ ਪੈਂਦਾ ਏ। ਇੰਨੀ ਦੂਰ ਪੈਰ ਪੈਰ ਚਲ ਕੇ ਨਹੀਂ ਜਾਇਆ ਜਾਂਦਾ ਮੈਥੋਂ......।

ਹੁਣ ਫਿਰ ਚੁਪ ਹਨ ਦੋਵੇਂ। ਕੁਝ ਬਾਕੀ ਨਹੀਂ ਰਿਹਾ। ਫਿਰ ਬੋਲਦੀ ਹੈ ਰੋਜ਼ੀ।...... ਇਕ ਆਦਮੀ ਨੇ ਮੈਨੂੰ ਕਿਹਾ ਸੀ......ਪਰੇਲ ਦੇ ਹਸਪਤਾਲ ਜਾ ਕੇ ਦਿਖਾ। ਪਰ ਪੈਸੇ ਕਿੱਥੋਂ ਸਨ ਮੇਰੇ ਕੋਲ ਇੰਨੀ ਦੂਰ ਜਾਣ ਵਾਸਤੇ ?

ਹੁਣ ਫਿਰ......ਗੱਲ ਕਰਨ ਲਈ ਕੋਈ ਗੱਲ ਨਹੀਂ। ਫਿਰ ਬੋਲਦੀ ਹੈ ਰੋਜ਼ੀ......ਤੂੰ ਕਿੱਥੇ ਗਿਆ ਸੀ ਇੰਨੇ ਦਿਨ ? ਬਹੁਤ ਦਿਨਾਂ ਬਾਅਦ ਵੇਖਿਆ ਏ ਤੈਨੂੰ।

ਚੁਪ ਚਾਪ ਜ਼ਮੀਨ ਵੱਲ ਵੇਖਦਾ ਰਹਿੰਦਾ ਹੈ।......ਸ਼ਹਿਰ ਨਿਕਾਲਾ ਮਿਲਿਆ ਸੀ ਮੈਨੂੰ......ਪਤਾ ਤਾਂ ਹੈ ਤੈਨੂੰ।

ਇਹ ਤਾਂ ਪਤਾ ਏ, ਪਰ ਕਿਸ ਵਾਸਤੇ ਮਿਲਿਆ ਸੀ ? ਕਿਹੜਾ ਗੁਨਾਹ ਕੀਤਾ ਸੀ ਤੂੰ ?

ਸਮਝ ਨਹੀਂ ਆਉਂਦਾ ਕੀ ਕਹੇ।......ਹੁਣ ਕੀ ਦੱਸਾਂ ਤੈਨੂੰ...... ਚੋਰੀਆਂ ਕਰਦਾ ਸਾਂ ਮੈਂ ਇਸ ਕਰਕੇ......। ਮੈਂ ਤਾਂ ਲੁਕਾਉਂਦਾ ਨਹੀਂ। ਜਦ ਕਰੋ ਤਾਂ ਫਿਰ ਸ਼ਰਮ ਕਾਹਦੀ ?

ਫਿਰ ਚੁਪ ਹੋ ਜਾਂਦੇ ਹਨ ਦੋਵੇਂ। ਫਿਰ ਇਕ ਰੇਲ ਗੱਡੀ ਲੰਘਦੀ ਹੈ ਵਿਚਕਾਰੋਂ। ਫਿਰ ਬੋਲਣ ਲਗਦਾ ਹੈ ਜ਼ਬਾਰ। ......ਓਧਰ ਗੋਰੇ ਪਿੰਡ ਵਿਚ ਇਕ ਘਰ ਵਿਚ ਵੜੇ ਸਾਂ......ਦੋ

ਆਦਮੀ। ਮਾਲ ਕੋਈ ਜ਼ਿਆਦਾ ਨਹੀਂ ਲੱਭਾ......ਅਤੇ ਉਧਰ ਦੇ ਛੋਟੇ ਸਾਬ੍ਹ ਨੇ ਬਹੁਤ ਮਾਰਿਆ ਮੈਨੂੰ......ਪਟਕ ਪਟਕ ਕੇ......।

ਅਚਾਨਕ ਚੁੱਪ ਹੋ ਜਾਂਦਾ ਹੈ......ਜਿਵੇਂ ਦਰਦ ਹੋ ਰਹੀ ਹੋਵੇ ਛਾਤੀ ਵਿਚ। ......ਮੈਂ ਕਿਹਾ ਸਾਬ੍ਹ ਨੂੰ......ਚਲੋ ਮੈਂ ਦੱਸਦਾ ਆਂ ਮਾਲ ਕਿਧਰ ਏ......ਪਰ ਮੈਨੂੰ ਛੱਡ ਦੇਣਾ। ਭਾਵੇਂ ਸਾਰਾ ਮਾਲ ਤੁਸੀਂ ਸਾਂਭ ਲੈਣਾ......ਪਰ ਮੈਨੂੰ ਛੱਡ ਦੇਣਾ।

—ਪਿਛੋਂ ? ......ਨਹੀਂ ਛਡਿਆ ਤੈਨੂੰ ? ......ਕੀ ਪੁਛਿਐ ਮੈਂ......ਸਾਬ੍ਹ ਨੇ ਨਹੀਂ ਛੱਡਿਆ ਸੀ ਤੈਨੂੰ ?

ਸਿਰ ਹਿਲਾ ਦੇਂਦਾ ਹੈ। ......ਨਹੀਂ ਛੱਡਿਆ। ਅਸੀਂ ਜਿਸ ਘਰ ਵਿਚ ਵੜੇ ਸਾਂ...... ਉਹ ਦਾਰੂ ਦੇ ਧੰਦੇ ਵਾਲਾ ਸੀ। ਸਾਬ੍ਹ ਲੋਕਾਂ ਦਾ ਬੜਾ ਦੋਸਤ ਸੀ। ਇਸ ਵਾਸਤੇ ਨਹੀਂ ਛੱਡਿਆ ਮੈਨੂੰ। ਤਾਲਾਬੰਦੀ ਕਰ ਦਿੱਤੀ ਮੇਰੀ......।

"ਤਾਲਾਬੰਦੀ ? ਤਾਲਾਬੰਦੀ ਕੀ ?"

ਇੰਜ ਹੱਥ ਉਪਰ ਕੀਤੇ ਅਤੇ ਲੱਕੜ ਬੰਨ੍ਹ ਦਿਤੀ......ਅਤੇ ਇੰਜ ਪੈਰਾਂ ਵਿਚ......। ਚਲ ਛੱਡ......ਜਾਣ ਦੇ ਇਸ ਗੱਲ ਨੂੰ। ਖਿਆਲ ਆਉਂਦਾ ਏ......ਤਾਂ ਬਹੁਤ ਬੁਰਾ ਲਗਦਾ ਏ ਮੈਨੂੰ। ਆਪਣੀ ਕਿਸਮਤ ਹੀ ਗਾਂਡੂ ਏ ਸਾਲੀ......।

ਫਿਰ ਇਕ ਗੱਡੀ ਆਉਂਦੀ ਹੈ ਅਤੇ ਚਲੀ ਜਾਂਦੀ ਹੈ।

—ਤੇਰਾ ਨਾਂ ਕੀ ਏ ? ਮੈਨੂੰ ਯਾਦ ਨਹੀਂ ਰਹਿੰਦਾ।

—ਰੋਜ਼ੀ।

—ਰੋਜ਼ੀ। ......ਇਕ ਕੰਮ ਕਰ ਦੇ ਮੇਰਾ......।

—ਕਿਹੜਾ ਕੰਮ......?

—ਮੈਨੂੰ ਅਜੇ ਡਰ ਲਗਦਾ ਏ......।

—ਕਿਉਂ ?

—ਹੁਣ ਸ਼ਾਮ ਹੋ ਗਈ ਏ ਨਾ......ਓਧਰ ਸਾਰਿਆਂ ਆਉਣ ਜਾਣ ਲਗ ਪੈਣਾ ਏ। ਕੋਈ ਨਾ ਕੋਈ ਪਛਾਣ ਲਵੇਗਾ......ਮੇਰੇ ਲਈ ਫਿਰ ਮੁਸੀਬਤ ਖੜੀ ਹੋ ਜਾਊ ਰੋਜ਼ੀ।

—ਮੈਂ ਕੀ ਕਰਾਂ ?

—ਓਧਰ ਜਾਈਂ ਜ਼ਰਾ......ਦੇਖ ਆ ਉਹ ਆਈ ਏ ਕਿ ਨਹੀਂ......ਕਿ ਅਜੇ ਤਕ ਤਾਲਾ ਬੰਦ ਈ ਏ।

ਸੋਚਦੀ ਰਹਿੰਦੀ ਹੈ ਰੋਜ਼ੀ। ......ਮੁਸੀਬਤ ਹੋ ਜਾਏਗੀ......ਤਾਂ ਤੂੰ ਏਧਰ ਆਇਆ ਕਿਉਂ ਸੈਂ ? ਕੋਈ ਨਾ ਕੋਈ ਤਾਂ ਤੈਨੂੰ ਦੇਖੇਗਾ ਈ......।

ਚਿੰਤਾਤੁਰ ਹੋ ਜਾਂਦਾ ਹੈ। ......ਓ......ਹੋ ! ਕਾਹਨੂੰ ਆਇਆ ਮੈਂ ਇਥੇ। ......ਪਰ ਮੈਂ ਵੀ ਕੀ ਕਰਾਂ......ਉਥੇ ਮੈਨੂੰ ਅਮਜਦ ਦੀ ਬਹੁਤ ਯਾਦ ਆਉਂਦੀ ਏ। ......ਮੇਰੀ ਬੀਵੀ

ਏਥੇ......ਬੱਚਾ ਏਥੇ......ਅਤੇ ਮੈਂ ਉਥੇ। ਮਹੀਨਾ ਹੋ ਗਿਆ ਏ......ਜੀਅ ਨਹੀਂ ਲਗਦਾ ਮੇਰਾ ਓਧਰ। ਬੇਵੱਸੀ ਵਿਚ ਮੈਂ ਲੁਕ ਕੇ ਏਥੇ ਆ ਗਿਆ। ......ਪਰ ਸਾਲਾ ਜੇ ਉਨ੍ਹਾਂ......ਨੇ ਵੇਖ ਲਿਆ......ਤਾਂ ਮੇਰੀ ਛੁਟੀ ਸਮਝੋ।

ਉਠ ਕੇ ਖੜੀ ਹੋ ਜਾਂਦੀ ਹੈ। ......ਤੂੰ ਬੈਠ ਏਥੇ......ਮੈਂ ਵੇਖ ਆਉਂਦੀ ਆਂ...... ਪਰ ਦੂਰੋਂ ਹੀ ਦੇਖਾਂਗੀ ਕਿ ਤਾਲਾ ਬੰਦ ਹੈ ਜਾਂ ਨਹੀਂ......।

ਹੁਣ ਆਉਣ ਲਗਦੇ ਹਨ ਪੰਛੀਆਂ ਦੇ ਝੁੰਡ। ਆਈ ਜਾ ਰਹੇ ਹਨ ਸਾਗਰ ਵਾਲੇ ਪਾਸਿਉਂ......ਗੁਆਚ ਜਾਂਦੇ ਹਨ ਦੂਰ......ਚਿਮਨੀਆਂ ਦੇ ਪਿੱਛੇ। ਮੱਧਮ ਮੱਧਮ ਆਵਾਜ਼ਾਂ...... ਖਤਮ ਹੋ ਜਾਂਦੀਆਂ ਹਨ ਜ਼ਮੀਨ ਤਕ ਪਹੁੰਚਦੀਆਂ ਪਹੁੰਚਦੀਆਂ। ਚੁੱਪ ਚਾਪ ਬੈਠਾ ਹੈ ਜੱਬਾਰ। ਤੇਜ਼ ਦੌੜਦੀਆਂ ਲੋਕਲ ਗੱਡੀਆਂ......ਜਲਦੀ ਜਲਦੀ ਆ ਰਹੀਆਂ ਹਨ ਹੁਣ......ਜਲਦੀ ਜਲਦੀ ਜਾ ਰਹੀਆਂ ਹਨ। ਲਮਕੇ ਹੋਏ ਆਦਮੀਆਂ ਦੇ ਫੜਫੜਾਉਂਦੇ ਹੋਏ ਕਪੜੇ.....ਫਿਰ ਖਾਮੋਸ਼ੀ। ਫਿਰ ਆਵਾਜ਼ ......ਫਿਰ ਖਾਮੋਸ਼ੀ। ਰੋਜ਼ੀ ਨਹੀਂ ਮੁੜੀ ਅਜੇ ਤਕ। ਇਕ ਇਕ ਕਦਮ ਘਸੀਟਦੀ ਹੋਈ......ਗੁਆਚ ਗਈ ਝੌਂਪੜੀਆਂ ਦੇ ਪਿਛੇ। ਉਸ ਦੇ ਬਾਅਦ ਨਹੀਂ ਦਿਖਾਈ ਦਿੱਤੀ। ਕਦੋਂ ਆਏਗੀ ਵਾਪਸ ਮੁੜ ਕੇ। ਅੱਖਾਂ ਵਿਚ ਸੜਨ......ਦੋ ਰਾਤਾਂ ਦੀ ਨੀਂਦ। ਲੁਕਦਾ ਲੁਕਾਉਂਦਾ ਆ ਗਿਆ ਸੀ ਕਿਸੇ ਤਰ੍ਹਾਂ।

ਅਤੇ ਹੁਣ ਵੀ ਉਜਾਲਾ ਕਾਫੀ ਹੈ। ਪਰ ਸਾਹਮਣੇ ਨਿਕਲ ਆਇਆ ਹੈ ਇਕ ਤਾਰਾ। ਖੂਬ ਚਮਕ ਰਿਹਾ ਹੈ। ......ਅਤੇ ਸਾਹਮਣੇ......ਗੰਦੇ ਚਿਕੜ ਵਿਚੋਂ ਨਿਕਲ ਕੇ ਤੁਰੀ ਆ ਰਹੀ ਹੈ ਰੋਜ਼ੀ......ਫਿਰ ਘਸੀਟਦੀ ਹੋਈ। ਹੋਰ ਅਗੇ ਆ ਜਾਂਦੀ ਹੈ। ਉਠ ਕੇ ਖੜਾ ਹੋ ਜਾਂਦਾ ਹੈ ਜੱਬਾਰ......ਪਰ ਦੂਰੋਂ ਹੱਥ ਹਿਲਾਉਂਦੀ ਹੈ ਰੋਜ਼ੀ। ......ਨਹੀਂ, ਕੋਈ ਨਹੀਂ। ਬੂਹਾ ਬੰਦ ਹੈ ਅਜੇ ਵੀ। ......ਅਤੇ ਹੋਰ ਨੇੜੇ ਆਈ ਜਾਂਦੀ ਹੈ। ਉਥੋਂ ਹੀ ਸ਼ੁਰੂ ਕਰ ਦੇਂਦੀ ਹੈ ਬੋਲਣਾ। ......ਤੇਰੀ ਔਰਤ ਨਹੀਂ ਏ ਓਧਰ। ਜੋਗੇਸ਼ਰੀ ਗਈ ਏ......ਜੋਗੇਸ਼ਰੀ......।

ਹੁਣ ਆ ਗਈ ਹੈ ਬਿਲਕੁਲ ਕੋਲ। ......ਜੋਗੇਸ਼ਰੀ ਵਲ ਗਈ ਏ? ਕਿਉਂ ਗਈ ਜੋਗੇਸ਼ਰੀ ਵਲ ਨੂੰ?

ਹੱਥ ਹਿਲਾਉਂਦੀ ਹੈ ਰੋਜ਼ੀ। ......ਕੀ ਪਤਾ? ......ਜੋਗੇਸ਼ਰੀ ਵਲ ਨਹੀਂ ਗਈ ਤਾਂ ਮਾਲਾਡ ਗਈ ਹੋਊ। ਮੈਂ ਤਾਲਾ ਬੰਦ ਦੇਖਿਆ ਤਾਂ ਨਾਲ ਵਾਲੀ ਨੂੰ ਪੁਛਿਆ। ਉਹਨੇ ਮੈਨੂੰ ਦਸਿਆ ਕਿ......ਜੋਗੇਸ਼ਰੀ ਨਹੀਂ ਤਾਂ ਮਾਲਾਡ......ਨਹੀਂ ਤਾਂ ਹੋਰ ਕਿਧਰੇ ਵੀ ਜਾ ਸਕਦੀ ਹੈ......ਤਿੰਨ ਦਿਨ ਹੋ ਗਏ ਨੇ।

ਹੁਣ ਚਿਹਰਾ ਉਤਰ ਗਿਆ ਹੈ ਜੱਬਾਰ ਦਾ। ......ਜੋਗੇਸ਼ਰੀ......ਨਹੀਂ ਤਾਂ ਮਾਲਾਡ? ਕਿਉਂ ਗਈ ਹੋਊ ਭਲਾ?

ਅਚਾਨਕ ਕੁਝ ਯਾਦ ਆ ਜਾਂਦਾ ਹੈ ਰੋਜ਼ੀ ਨੂੰ। ......ਉਹ ਇਹ ਵੀ ਕਹਿੰਦੀ ਸੀ ਕਿ ਫਰੀਦਨ ਹੈ ਨਾ......ਫਰੀਦਨ ਨਾਲ ਗਈ ਏ ਉਹ।

ਇਕ ਦਮ ਗੁੱਸਾ ਆ ਜਾਂਦਾ ਹੈ ਜੱਬਾਰ ਨੂੰ। ......ਫਰੀਦਨ। ਫਰੀਦਨ ਦੇ ਨਾਲ ਗਈ ਏ ਉਹ! ਇਹ ਦੀ ਮਾਂ ਦੀ......! ਸਾਲੀ ਨੂੰ ਏਨੀ ਵਾਰ ਕਿਹਾ ਏ ਕਿ ਫਰੀਦਨ ਨਾਲ ਨਹੀਂ ਜਾਣਾ ਕਿਧਰੇ ਵੀ। ਉਹਦੇ ਨਾਲ ਗਈ ਏ......ਸਾਲੀ......।

ਉਥੋਂ ਹੌਲੀ ਹੌਲੀ ਤੁਰਨਾ ਸ਼ੁਰੂ ਕਰ ਦੇਂਦੇ ਹਨ ਦੋਵੇਂ......ਨਜ਼ਰਾਂ ਬਚਾਉਂਦੇ ਹੋਏ। ਗੁੱਸੇ ਵਿਚ ਹੈ ਅਜੇ ਵੀ। ਕਿਥੇ ਜਾਣਗੇ ਦੋਵੇਂ......ਹੌਲੀ ਹੌਲੀ ਤੁਰ ਕੇ......ਪਤਾ ਨਹੀਂ। ਵਕਤ ਲੰਘੀ ਜਾ ਰਿਹਾ ਹੈ......ਨਾਲ ਨਾਲ ਲੰਗੜਾਈ ਜਾਂਦੇ ਹਨ ਦੋਵੇਂ। ਠਹਿਰ ਜਾਂਦੀ ਹੈ ਰੋਜ਼ੀ। ......ਤੇਰੇ ਕੋਲ ਕੁਝ ਖਾਣ ਵਾਸਤੇ ਹੈ?

ਸਿਰ ਹਿਲਾਉਂਦਾ ਹੈ ਜੱਬਾਰ। ......ਸਵੇਰੇ ਕੁਝ ਖਾਧਾ ਸੀ......ਕਲਿਆਣ ਦੇ ਸਟੇਸ਼ਨ ਉਤੇ। ਪਿਛੋਂ ਕੁਝ ਨਹੀਂ ਖਾਧਾ......।

ਸਿਰ ਹਿਲਾਉਂਦੀ ਹੈ ਰੋਜ਼ੀ ਵੀ। ......ਤੈਨੂੰ ਸਵੇਰੇ ਤਾਂ ਮਿਲਿਆ ਸੀ ਨਾ ਕੁਝ......ਏਥੇ ਤਾਂ ਸਵੇਰ ਤੋਂ ਕੁਝ ਵੀ ਨਹੀਂ ਮਿਲਿਆ। ਤੂੰ ਨਾ ਆਉਂਦਾ ਤਾਂ ਇਕ ਕੱਪ ਚਾਹ ਨੂੰ ਵੀ ਤਰਸਦੇ ਰਹਿਣਾ ਸੀ......।

ਫਿਰ ਲੰਗੜਾਉਣ ਲਗਦੇ ਹਨ ਦੋਵੇਂ। ਜੱਬਾਰ ਦੀ ਅਵਾਜ਼......ਤੇਰਾ ਰੋਜ਼ ਇਹੋ ਹਾਲ ਹੁੰਦਾ ਏ ਕੀ?

—ਰੋਜ਼ ਇੰਜ ਈ ਹੁੰਦੈ। ਓਧਰ ਓਹ ਹੋਟਲ ਹੈ ਨਾ......ਕੀ ਨਾਂ......?

—ਉਹ ਮੁਸਲਮਾਨ ਵਾਲਾ?

—ਹਾਂ......ਉਹੀ। ਉਥੇ ਇਕ ਮੁੰਡੂ ਹੁੰਦਾ ਸੀ ਮੇਰੀ ਜਾਣ ਪਛਾਣ ਵਾਲਾ। ਸਵੇਰੇ ਸ਼ਾਮ ਬਚਿਆਂ ਖੁਚਿਆ ਮਾਲ ਦੇ ਦਿੰਦਾ ਸੀ ਮੈਨੂੰ। ਹੁਣ ਉਹ ਵੀ ਚਲਾ ਗਿਆ ਏ। ਬਹੁਤ ਤਰਸਣਾ ਪੈਂਦਾ ਏ ਮੈਨੂੰ। ਕਦੀ ਕੁਝ ਮਿਲ ਜਾਂਦਾ ਏ......ਕਦੀ ਕੁਝ ਵੀ ਨਹੀਂ ਮਿਲਦਾ। ਕਿੰਜ ਟੈਮ ਲੰਘੇਗਾ......ਪਤਾ ਨਹੀਂ......।

ਖਾਮੋਸ਼ੀ। ਬੋਲਦਾ ਹੈ ਜੱਬਾਰ......ਮੈਨੂੰ ਵੀ ਸਮਝ ਨਹੀਂ ਆ ਰਹੀ ਕਿ ਹੁਣ ਮੈਂ ਕਰਾਂ ਤਾਂ ਕੀ ਕਰਾਂ। ਰਾਤ ਕਿੱਥੇ ਲੰਘਾਵਾਂ? ਵਾਪਿਸ ਕਿੰਜ ਜਾਵਾਂ? ਜਾਵਾਂ ਵੀ......ਕਿ ਨਾ ਜਾਵਾਂ?

—ਹੁਣ ਅੱਜ ਤਾਂ ਤੂੰ ਏਥੇ ਈ ਸੌਂ ਜਾ। ਮੈਂ ਤੈਨੂੰ ਟਿਕਾਣਾ ਦੱਸ ਦਿਆਂਗੀ......ਉਥੇ ਜਾ ਸਵੀਂ। ਕੋਈ ਨਹੀਂ ਦੇਖੇਗਾ ਤੈਨੂੰ ਉਥੇ। ਪਿਛੋਂ ਸਵੇਰੇ ਕਰ ਲਈਂ ਜੋ ਕਰਨਾ ਹੋਵੇਗਾ।

ਹੁਣ ਅੱਧਾ ਸੂਰਜ ਡੁੱਬ ਗਿਆ ਪਾਣੀ ਵਿਚ। ਬਾਕੀ ਅੱਧਾ......ਡੁਬ ਰਿਹਾ ਹੈ ਹੌਲੀ ਹੌਲੀ। ਆ ਗਏ ਜਹਾਜ਼......ਕਾਲੀ ਰੇਤ ਵਾਲੇ। ਸ਼ੁਰੂ ਹੋ ਗਿਆ ਕੁਲੀਆਂ ਦਾ ਕੰਮ......ਫੈਲ ਗਏ ਚਾਰੇ ਪਾਸੇ। ਅੰਨਾ ਲੋਕ......ਰਾਮਾ ਲੋਕ।......ਕਿੰਨੀ ਵਾਰੀ ਕਿਹਾ ਏ ਮੈਂ ਮਦਰਾਸੀ ਨਹੀਂ......ਮੈਂ ਤੇਲਗੂ......ਆਂਧਰਾ......ਪਰ ਏਧਰਲੇ ਸਾਰਿਆਂ ਨੂੰ ਮਦਰਾਸੀ ਕਹਿੰਦੇ ਨੇ।......ਇਕ ਇਕ ਟੋਕਰੀ ਰੇਤ......ਜਹਾਜ਼ ਤੋਂ ਜ਼ਮੀਨ ਤੱਕ। ਲਕੜੀ ਦੇ ਤਖਤਿਆਂ ਉਪਰ ਦੌੜਦੇ ਪੈਰ......ਦੌੜਦੀਆਂ ਟੋਕਰੀਆਂ। ਭਰੀਆਂ ਅਤੇ ਖਾਲੀ......ਭਰੀਆਂ ਅਤੇ ਖਾਲੀ। ਲਮਕਦੇ ਹੋਏ ਪਾਲ......ਝੂਲਦੇ ਹਨ ਹਵਾ ਵਿਚ। ਥੱਕੇ ਹੋਏ ਪੰਛੀ......ਬੈਠਦੇ

ਹਨ......ਉਡ ਜਾਂਦੇ ਹਨ । ਉਸ ਪਾਸੇ ਦੂਰ ਪਾਣੀ ਵਿਚ ਮਛੇਰਿਆਂ ਦੇ ਜਹਾਜ਼......ਹਿੱਲ ਰਹੇ ਹਨ......ਹੌਲੀ ਹੌਲੀ । ਭਰਤੀ[1] ਸ਼ੁਰੂ ਹੋ ਗਈ......ਚੜ੍ਹੀ ਜਾ ਰਿਹਾ ਹੈ ਪਾਣੀ......ਡੁਬਦੀ ਜਾ ਰਹੀ ਹੈ ਚਿੱਕੜ ਵਾਲੀ ਜ਼ਮੀਨ । ਅਤੇ ਲਹਿਰਾਉਂਦਾ ਹੈ ਪਾਣੀ......ਅਤੇ ਝੂਮਦੇ ਜਹਾਜ਼। ਕੋਈ ਗਾਉਂਦਾ ਹੈ ਗੀਤ......ਕਿਸ ਬੋਲੀ ਵਿਚ......ਪਤਾ ਨਹੀਂ ਲਗਦਾ......ਦੂਰ ਨਿਕਲ ਜਾਂਦੀਆਂ ਹਨ ਆਵਾਜ਼ਾਂ ਦੀਆਂ ਲਹਿਰਾਂ......।

ਪਰ ਕੁਝ ਨਹੀਂ ਸੁਣ ਸਕਦੇ ਭੁੱਖੇ ਆਦਮੀ । ਤੁਰੀ ਜਾਂਦੇ ਹਨ ਹੌਲੀ ਹੌਲੀ । ਇਸ ਪਾਸੇ......ਜਾਂ ਉਸ ਪਾਸੇ । ਇਕੋ ਹੀ ਗੱਲ ਹੈ । ਹਰ ਰਸਤਾ......ਬੇਮਾਅਨੀ......ਕਦਮ...... ਬੇਕਾਰ । ਬਹੁਤ ਸਾਰਾ ਹਨੇਰਾ......ਅਤੇ ਢੇਰ ਸਾਰੇ ਤਾਰੇ । ਜਿੰਨਾ ਹਨੇਰਾ......ਉੱਨੇ ਤਾਰੇ । ਸੜਕਾਂ ਅਤੇ ਦੁਕਾਨਾਂ ਦੇ ਚਿਰਾਗ......ਝੌਂਪੜੀਆਂ ਵਿਚ ਕੁੱਪੀਆਂ ਦੀ ਰੌਸ਼ਨੀ । ਬੈਠ ਗਿਆ ਪੂੜੀ ਕਬਾਬ ਵਾਲਾ......ਮਘਦੇ ਕੋਲਿਆਂ ਨੂੰ ਝਲ ਮਾਰਦਾ ਹੈ । ਪਕੌੜਿਆਂ ਦੀ ਦੁਕਾਨ......ਭੇਲ ਪੂੜੀ.... ਪਾਣੀ ਪੂੜੀ......ਚੱਕਰ ਕੱਟਦੇ ਹੋਏ ਮੁੰਡੇ......ਮਮਦੂ......ਗੱਪੂ......ਅੱਨਾ......ਸੋਨੀਆ..... ਘਨਈਆ......ਰਾਜੂ......। ਅਤੇ ਆ ਰਿਹਾ ਹੈ ਆਦਮੀ......ਫਟੀ ਲੁੰਗੀ ਅਤੇ ਨੰਗਾ ਬਦਨ । ਪਾਗਲ ਹੈ ਜਾਂ ਨਸ਼ੇ ਵਿਚ । ਗਾਲ੍ਹਾਂ ਨਹੀਂ ਕੱਢ ਰਿਹਾ ਅੱਜ । ਜਾ ਰਿਹਾ ਹੈ ਕੰਧਾਂ ਵਲ...... ਪਿਛੇ......ਨਲਕੇ ਕੋਲ......ਹਨੇਰੇ ਵਿਚ ।

ਪਰ ਅਜੇ ਤਕ ਸੁੱਟੇ ਨਹੀਂ ਗਏ ਜੂਠੇ ਪੱਤੇ......ਅਤੇ ਮੁੰਡਿਆਂ ਦੀਆਂ ਅੱਖਾਂ...... ਲਗਾਤਾਰ ਝਾਕਦੀਆਂ ਹਨ ਉਨਾਂ ਚੀਜ਼ਾਂ ਨੂੰ......ਜਿਨ੍ਹਾਂ ਦੀ ਸਿਰਫ ਖੁਸ਼ਬੂ ਪਹੁੰਚ ਸਕਦੀ ਹੈ । ਆਵਾਰਾ ਕੁੱਤੇ ਵੀ......ਸਿਰਫ ਖੁਸ਼ਬੂ ਸੁਘਦੇ ਹਨ......ਨਹੀਂ ਹੱਟਦੇ ਉਥੋਂ । ਇਕ ਦੁਕਾਨਦਾਰ ......ਇਕ ਸੁੱਟਿਆ ਹੋਇਆ ਪੱਥਰ......ਚਊਂ ਚਊਂ ਕਰਦਾ ਭੱਜਦਾ ਹੋਇਆ ਇਕ ਕੁੱਤਾ... ...ਭਜਦੇ ਹੋਏ ਬਹੁਤ ਸਾਰੇ ਕੁੱਤੇ......।

—ਭੱਜਦਾ ਏਂ ਕਿ ਨਹੀਂ......ਤੇਰੀ ਮਾਂ ਦੀ......।

ਭੱਜਦੇ ਹਨ ਹੁਣ ਮੁੰਡੇ ਵੀ । ਭੱਜ ਕੇ ਕਿਧਰੇ ਫਿਰ ਇਕੱਠੇ ਹੋ ਜਾਂਦੇ ਹਨ।

—ਉਸੇ ਆਦਮੀ ਨੂੰ ਦੇਖਿਆ ਈ ?......ਬੁੜਬੁੜਾਉਂਦਾ ਹੈ ਮੁਹੰਮਦ ।

—ਕਿਹੜਾ ਆਦਮੀ ?......ਓਹੀ......ਲੁੰਗੀ ਵਾਲਾ ?

ਹੂੰ ! ਏਨੀ ਰਾਤ ਵੇਲੇ ਓਧਰ ਕਿਉਂ ਜਾਂਦਾ ਏ ਓਹ......ਹਨੇਰੇ ਵਿਚ ?

ਗਨੀਆ ਹੱਸਦਾ ਹੈ ।......ਮੈਨੂੰ ਪਤਾ ਏ ।

—ਤਾਂ ਮੈਨੂੰ ਵੀ ਦੱਸ ਨਾ......ਕਿਉਂ ਜਾਂਦਾ ਏ ਉਹ ?

—ਓਧਰ ਨਹਾਉਣ ਜਾਂਦਾ ਏ...... ।

ਨਹਾਉਣ ? ਏਸ ਵੇਲੇ ? ਹਨੇਰੇ ਵਿਚ ? ਕਿਉਂ ਪਰ ?

ਓ......ਹੋ । ਸੱਚ ਕਹਿੰਨਾ ਆਂ । ਇਕ ਦਿਨ ਮੈਂ ਲੁਕ ਕੇ ਦੇਖਿਆ......ਓਧਰ ਹਨੇਰੇ ਵਿਚ ਨੰਗਾ ਹੋ ਕੇ ਨਹਾ ਰਿਹਾ ਸੀ ।

1 ਸਮੁੰਦਰ ਵਿਚ ਜਵਾਰਭਾਟਾ।

ਗਨੀਆ ਹੱਸਦਾ ਹੈ ਅਤੇ ਮੁਹੰਮਦ ਦੀਆਂ ਅੱਖਾਂ ਵਿਚ ਆ ਜਾਂਦੀ ਹੈ ਚਮਕ ।......ਸੱਚੀਂ ? ਨੰਗਾ ਹੋ ਕੇ ਨਹਾਉਂਦਾ ਏ ? ਕਿਉਂ ਨਹਾਉਂਦਾ ਏ ਨੰਗਾ ਹੋ ਕੇ ?

ਮੈਨੂੰ ਕੀ ਪਤਾ ।......ਪਰ ਮੈਨੂੰ ਲਗਦਾ ਏ ਕਿ ਉਹਦੇ ਕੋਲ ਇਕੋ ਈ ਲੁੰਗੀ ਏ...... ਦੂਜਾ ਕਪੜਾ ਈ ਨਹੀਂ । ਇਸ ਕਰਕੇ ਨੰਗਾ ਨਹਾਉਂਦਾ ਏ...... ।

ਬਹੁਤ ਮਜ਼ਾ ਆ ਰਿਹਾ ਹੈ ਮੁਹੰਮਦ ਨੂੰ ।......ਚਲ ਨਾ......ਚਲ ਵੀ ਨਾ...... ਆਪਾਂ ਦੇਖਾਂਗੇ ਕਿੰਜ ਨੰਗਾ ਹੋ ਕੇ ਨਹਾਉਂਦਾ ਏ ।......ਸੋਨੀਆ । ਓ ਸਾਲੇ ਸੋਨੀਆ । ਏਧਰ ਆ ।......ਏਧਰ ਵੀ ਆ ਨਾ । ਆ ਵੀ । ਇਕ ਬਹੁਤ ਵਧੀਆ ਗੱਲ ਦੱਸਾਂਗਾ ਤੈਨੂੰ...... ।

ਸੋਨੀਆ ਅਤੇ ਸਾਰੇ......ਆ ਜਾਂਦੇ ਹਨ ਦੌੜ ਕੇ ।

ਉਸ ਆਦਮੀ ਨੂੰ ਪਛਾਣਦੇ ਓ ਭਲਾ ?

ਆਦਮੀ ?

ਲੁੰਗੀ ਵਾਲਾ ਓਹ ਆਦਮੀ । ਓਧਰ ਨੰਗਾ ਹੋ ਕੇ ਨਹਾ ਰਿਹਾ ਹੈ । ਜਾਣੈ ? ਅਸੀਂ ਦੇਖ ਕੇ ਆਵਾਂਗੇ ।

ਝੌਂਪੜੀਆਂ ਦੇ ਦੂਜੇ ਪਾਸੇ......ਇਕ ਲੰਮੀ ਗਲੀ ।......ਉਸ ਪਾਸੇ......ਕਿਸੇ ਵਡੀ ਇਮਾਰਤ ਦੀ ਲੰਮੀ ਕੰਧ......ਕੰਧ ਅਤੇ ਝੌਂਪੜੀਆਂ......ਦੋਵੇਂ ਖਤਮ ਹੋ ਜਾਂਦੀਆਂ ਹਨ। ਗਲੀ ਅਗੇ ਨਿਕਲ ਜਾਂਦੀ ਹੈ । ਅੱਗੇ......ਛੋਟੇ ਛੋਟੇ ਮੈਦਾਨਾਂ ਵਿਚ...... ਮਿਉਂਸਪਲ ਕਮੇਟੀ ਦਾ ਨਲਕਾ ਬੰਦ ਹੋ ਚੁਕਾ ਹੈ । ਪੱਥਰਾਂ ਵਿਚਕਾਰ ਖੜੋਤਾ ਪਾਣੀ ਅਤੇ ਇਕ ਟੋਇਆ । ਕੋਈ ਨਹੀਂ ਹੈ ਏਥੇ......ਹਨੇਰੇ ਦੇ ਸਿਵਾ । ਸਭ ਚਲੇ ਗਏ......ਸਵੇਰੇ ਇਕ ਹਵਾਈ ਜਹਾਜ਼ ਦੇ ਲੰਘਣ ਤਕ......ਇਕ ਰੇਲ ਗੱਡੀ ਦੇ ਦੌੜਨ ਤਕ । ਫਿਰ ਮੁੜ ਆਉਣਗੇ ਭਾਂਡਿਆਂ ਸਮੇਤ......ਇਕ ਇਕ ਬੂੰਦ ਪਾਣੀ ਇਕੱਠਾ ਕਰਨ ਵਾਸਤੇ......।

ਉਥੇ ਹਨੇਰੇ ਵਿਚ ਬੈਠਾ ਹੈ ਆਦਮੀ......ਨੰਗਾ......ਹਜ਼ਾਰਾਂ ਸਾਲ ਹੋ ਗਏ......ਏਸੇ ਤਰ੍ਹਾਂ । ਧੋ ਰਿਹਾ ਹੈ ਇਕ ਗੰਦਾ ਕਪੜਾ......ਸਾਫ ਨਹੀਂ ਹੁੰਦਾ । ਠੱਪ ਠੱਪ......ਦੂਰ ਤਕ ਜਾ ਕੇ ਖਤਮ ਹੋ ਜਾਂਦੀ ਹੈ ਆਵਾਜ਼ । ਉਥੇ ਹੋਰ ਕੋਈ ਨਹੀਂ । ਇਕ ਪਾਸੇ ਸਾਗਰ......ਦੂਜੇ ਪਾਸੇ ਅਸਮਾਨ......ਦੂਰ ਦੂਰ ਟਿਮਟਿਮਾਉਂਦਆਂ ਬੱਤੀਆਂ । ਫਿਰ ਉਹੀ ਠੱਪ ਠੱਪ......।

ਅੱਗੇ ਅੱਗੇ ਗਨੀਆ......ਚੁੱਪ ਰਹਿਣ ਦਾ ਇਸ਼ਾਰਾ ਕਰਦਾ ਹੈ । ਦਬੇ ਪੈਰੀਂ ਹੌਲੀ ਹੌਲੀ...... ਇਕ ਦਮ ਹੌਲੀ......ਸਭ ਅੱਗੇ ਵੱਧਦੇ ਹਨ । ਅਜੇ ਤਕ ਉਸੇ ਤਰ੍ਹਾਂ ਬੈਠਾ ਹੈ ਨੰਗਾ ਆਦਮੀ......ਠੱਪ ......ਠੱਪ......ਠੱਪ । ਮੁੰਡੇ ਨੇੜੇ ਆ ਗਏ ਹਨ ਇਕ ਦਮ । ਹੁਣ ਸਾਫ ਦਿਸ ਰਿਹਾ ਹੈ । ਇਕ ਕਾਲੇ ਦੁਬਲੇ ਨੰਗੇ ਸਰੀਰ ਦਾ ਪ੍ਰਛਾਵਾਂ । ਠੱਪ......ਠੱਪ......ਠੱਪ । ਗੱਪੂ ਚੁੱਕ ਲੈਂਦਾ ਹੈ ਇਕ ਪੱਥਰ । ਨਿਸ਼ਾਨਾ ਬੰਨ੍ਹ ਕੇ ਮਾਰਦਾ ਹੈ......ਠਾਹ । ਇਕ ਦਮ ਖੜਾ ਹੋ ਜਾਂਦਾ ਹੈ ਆਦਮੀ......ਨੰਗਾ...... ਚਾਰੇ ਪਾਸੇ ਦੇਖਦਾ ਹੈ । ਕੁਝ ਨਹੀਂ......ਕੋਈ ਨਹੀਂ ।......ਨੰਗਾ ਆਦਮੀ । ਮੁੰਡਿਆਂ ਦਾ

ਹਾਸਾ ਨਿਕਲ ਜਾਂਦਾ ਹੈ।......ਹੁਣ ਡਰ ਗਿਆ ਹੈ ਆਦਮੀ। ਹਨੇਰੇ ਵਿਚ ਪਛਾਣਨ ਦੀ ਕੋਸ਼ਿਸ਼ ਕਰ ਰਿਹਾ ਹੈ। ਹੁਣ ਮੁੰਡੇ ਹੱਸਦੇ ਹਨ ਜ਼ੋਰ ਨਾਲ......ਜਾਣ ਬੁਝਕੇ......ਅਤੇ ਅਚਾਨਕ ਚੁੱਪ ਹੋ ਜਾਂਦੇ ਹਨ। ਏਧਰ......ਓਧਰ......ਹਨ੍ਹੇਰੇ ਨੂੰ ਘੂਰਦਾ ਹੈ ਆਦਮੀ। ਖਾਮੋਸ਼ੀ......ਕਿਧਰੇ ਕੁਝ ਨਹੀਂ। ਕੁਝ ਦਿਖ ਈ ਨਹੀਂ ਦੇਂਦਾ......ਕੁਛ ਸੁਣਾਈ ਨਹੀਂ ਦਿੰਦਾ ਦੇਰ ਤਕ। ਬੈਠ ਜਾਂਦਾ ਠੱਪ ਹੈ। ਫਿਰ ਉਹੀ ਠੱਪ......ਠੱਪ......ਠੱਪ। ਉਹੀ ਪੱਥਰ......ਠਾਹ। ਫਿਰ ਹਾਸਾ...... ਫਿਰ ਖਾਮੋਸ਼ੀ......।

ਡਰਿਆ ਹੋਇਆ ਆਦਮੀ......ਡਰਕੇ ਕੱਢਦਾ ਹੈ ਗਾਲ੍ਹਾਂ।......ਕੌਣ...ਕੌਣ ਏ ਸਾਲਾ... ਮਾਂ......। ਸਾਹਮਣੇ ਕਿਉਂ ਨਹੀਂ ਆਉਂਦਾ ? ਤੁਹਾਡੀ ਭੈਣ ਦੀ......ਜਿੰਨਾ ਡਰ......ਉੱਨੀਆਂ ਗਾਲ੍ਹਾਂ। ਅਤੇ ਮੁੰਡੇ ਖਾਮੋਸ਼ ਹਨ ਦੇਰ ਤੋਂ। ਬੈਠ ਜਾਂਦਾ ਹੈ ਆਦਮੀ। ਫਿਰ ਠੱਪ......ਠੱਪ......ਠੱਪ। ਸਾਫ ਨਹੀਂ ਹੁੰਦਾ ਗੰਦਾ ਕਪੜਾ। ਫਿਰ ਪੱਥਰ......ਠਾਹ। ਫਿਰ ਹਾਸਾ......ਦੇਖ ਲਿਆ। ਇਸ ਵਾਰ ਦੇਖ ਲਿਆ ਆਦਮੀ ਨੇ। ਗੁੱਸਾ...... ਬਹੁਤ ਜ਼ਿਆਦਾ। ਪੱਥਰ ਹੱਥ ਵਿਚ......ਦੌੜਦਾ ਹੈ ਨੰਗਾ ਆਦਮੀ। ...ਠਹਿਰ ਜਾ ਗਾਂਡੂ ਦੀ ਔਲਾਦ। ਸਾਲਾ ਹਰਾਮੀ......ਤੇਰੀ ਮਾਂ ਦੀ......।

ਨੰਗਾ ਆਦਮੀ ਦੌੜਦਾ ਹੈ। ਮੁੰਡੇ ਤਾੜੀਆਂ ਵਜਾਂਦੇ ਹਨ। ਦੌੜਦੇ ਹਨ...... ਅਤੇ ਰੁੱਕ ਕੇ ਖੜੇ ਹੋ ਜਾਂਦੇ ਹਨ......ਚਾਨਣ ਵਿਚ। ਨੰਗਾ ਆਦਮੀ......ਨਹੀਂ ਆ ਸਕਦਾ ਅਗੇ......ਗਾਲ੍ਹਾਂ ਕੱਢ ਸਕਦਾ ਹੈ ਉਥੋਂ ਹੀ। ਤਾੜੀਆਂ ਵਜਾਂਦੇ ਹਨ ਮੁੰਡੇ।......ਏ......ਓ......ਆਦਮੀ।......ਏ......ਸਾਲਾ ਨੰਗਾ...... ਓ ਗਾਂਡੂ......ਏ ਮਾਂ......। ਖੁਲ੍ਹ ਗਈ ਲੁੰਗੀ......ਵਜ ਗਈ ਪੁੰਗੀ......ਸਾਲਾ ਡੁੰਗੀ......ਕਿਧਰ ਗਈ ਤੇਰੀ ਲੁੰਗੀ......?

ਗਾਲ੍ਹਾਂ ਕੱਢਦਾ ਵਾਪਸ ਮੁੜ ਆਉਂਦਾ ਹੈ ਆਪਣੀ ਥਾਂ ਉਤੇ। ਬਹੁਤ ਖੁਸ਼ ਹਨ ਮੁੰਡੇ। ਬਹੁਤ ਮਜ਼ਾ ਆ ਰਿਹਾ ਹੈ। ਕਦੀ ਨਹੀਂ ਆਇਆ ਏਨਾ। ਫਿਰ ਦੁਆਰਾ......ਦੱਬੀ ਪੈਰੀਂ...।

ਗੱਪੂ......ਸੋਨੀਆ......ਤੁਸੀਂ ਓਧਰਲੇ ਪਾਸਿਉਂ ਜਾਉ। ਅਸੀਂ ਇਸ ਪਾਸਿਓਂ ਜਾਵਾਂਗੇ। ਜਦ ਉਹ ਸਾਡੀ ਵੱਲ ਦੌੜੇਗਾ......ਤਾਂ ਤੁਸੀਂ ਆਪਣੇ ਪਾਸਿਉਂ ਪੱਥਰ ਮਾਰਨਾ...... ਜਦ ਉਹ ਤੁਹਾਡੀ ਵਲ ਦੌੜੇਗਾ......ਫਿਰ ਅਸੀਂ ਏਧਰੋਂ ਪੱਥਰ ਮਾਰਾਂਗੇ......ਕੀ ਸਮਝੇ ?

ਹੁਣ ਆ ਰਿਹਾ ਹੈ ਹੋਰ ਮਜ਼ਾ ਗੰਦਾ ਕਪੜਾ......ਸਾਫ ਨਹੀਂ ਹੋ ਸਕਦਾ। ਨੰਗਾ ਆਦਮੀ......ਪੱਥਰ ਲੈ ਕੇ ਏਧਰ ਦੌੜਦਾ ਹੈ......ਕਦੀ ਓਧਰ। ਖੂਬ ਰੌਲਾ......ਖੂਬ ਤਾੜੀਆਂ। ਭੱਜ ਕੇ ਚਾਨਣ ਵਿਚ ਚਲੇ ਜਾਂਦੇ ਹਨ ਮੁੰਡੇ। ਨੰਗਾ ਆਦਮੀ......ਹਨੇਰੇ ਦੀਆਂ ਲਕੀਰਾਂ ਵਿਚ ਬੰਦ।

ਚਲਦੇ ਹੋਏ ਆਦਮੀ ਰੁਕ ਜਾਂਦੇ ਹਨ ਜਾਂਦੇ ਜਾਂਦੇ। ਕੀ ਏ ਓਧਰ ? ਕਿਉਂ ਚੀਕ ਚਿਹਾੜਾ ਪਾਇਆ ਏ ਤੁਸਾਂ।

ਹੱਸਦੇ ਹਨ ਮੁੰਡੇ......ਓਧਰ ਹਨੇਰੇ ਵਿਚ ਭੂਤ ਏ......ਨੰਗਾ ਭੂਤ......।

ਭੀੜ ਲਗ ਜਾਂਦੀ ਹੈ ਲੋਕਾਂ ਦੀ......ਹਨੇਰੇ ਨੂੰ ਘੂਰ ਰਹੇ ਹਨ। ਹੁਣ ਨਹੀਂ ਹੋਣਾ...... ਗੰਦੇ ਕਪੜੇ ਨੇ ਸਾਫ। ਉਸੇ ਤਰ੍ਹਾਂ ਨਿਚੋੜ ਲੈਂਦਾ ਹੈ ਲੁੰਗੀ ਨੂੰ......ਲਪੇਟ ਲੈਂਦਾ ਹੈ। ਤੁਰ ਪੈਂਦਾ

ਹੈ ਹੌਲੀ ਹੌਲੀ......ਚਾਨਣ ਵੱਲ......ਬੁੜਬੁੜਾਉਂਦਾ ਹੈ......ਗਾਲ੍ਹਾਂ ਕੱਢਦਾ ਹੈ।...... ਗਾਂਡੂ ਦੀ ਔਲਾਦ। ਹੁਣ ਆਉ ਨਾ। ਕਿਉਂ ਭੱਜਦੇ ਨੇ ਹੁਣ ? ਤੁਹਾਡੀ ਮਾਂ ਦੀ ਮਾਰਾਂ......ਸਾਲੇ। ਫੱਟ ਗਈ ਹੁਣ......ਪੱਥਰ ਮਾਰਦਾ ਹੈ।

ਆਪਣੀ ਵਲ ਆਉਂਦਾ ਦੇਖ ਕੇ ਦੌੜਦੇ ਹਨ ਮੁੰਡੇ।......ਭੱਜੋ ਓਏ ਭੱਜੋ। ਲੁੰਗੀ ਪਾ ਕੇ ਆ ਗਿਆ ਸਾਲਾ। ਬਹੁਤ ਮਾਰੇਗਾ ......।

ਦੌੜਦੇ ਹਨ ਮੁੰਡੇ......ਹੋਰ ਅਗੇ......ਜਿਥੇ ਜਗਦੀਆਂ ਰੌਸ਼ਨੀਆਂ ਦੇ ਕੋਲ ਕੁਝ ਜੂਠੇ ਪੱਤੇ ਸੁੱਟੇ ਜਾ ਚੁਕੇ ਹਨ ਹੁਣ। ਹੱਫਦੇ ਹਨ......ਪਰ ਬਹੁਤ ਖੁਸ਼ ਹਨ।

ਬਹੁਤ ਮਜ਼ਾ ਆਇਆ ਅੱਜ......ਸੱਚੀਂ ਕਹਿੰਨਾ ਆਂ ਯਾਰ ਏਨਾ ਮਜ਼ਾ ਤਾਂ ਓ ਅੰਨ੍ਹੇ ਬੁੱਢੇ ਨੂੰ ਪੱਥਰ ਮਾਰਨ ਵਿਚ ਵੀ ਨਹੀਂ ਆਉਂਦਾ। ਕਿਉਂ......ਆਪਾਂ ਉਸ ਦਿਨ ਜੱਦ ਕੁੱਤੇ ਨੂੰ ਪਾਣੀ ਵਿਚ ਗੋਤੇ ਦੁਆਕੇ ਮਾਰਿਆ ਸੀ ਨਾ......ਪਰ ਇੰਨਾ ਮਜ਼ਾ ਨਹੀਂ ਸੀ ਆਇਆ। ਹੈ ਨਾ......।

ਹੁਣ ਸਾਹਮਣੇ ਹਨ......ਜੂਠੇ ਪੱਤੇ। ਪੱਥਰ ਮਾਰ ਕੇ ਭੱਜਾ ਰਹੇ ਹਨ ਕੁੱਤਿਆਂ ਨੂੰ। ਭੱਜ ਭੱਜ ਪੈਂਦੇ ਹਨ ਪੱਤਿਆਂ ਨੂੰ......ਚੱਟ ਰਹੇ ਹਨ। ਲੱਭਦੇ ਹਨ......ਚੱਟਦੇ ਹਨ......ਫਿਰ ਲੱਭਦੇ ਹਨ। ਕਦੀ ਕਦੀ ਭੌਂਕ ਪੈਂਦਾ ਹੈ ਇਕ ਅੱਧ ਕੁੱਤਾ......ਖਿੱਝਦਾ ਹੈ ਦੁਕਾਨਦਾਰ। ਪਰ ਖਤਮ ਨਹੀਂ ਹੁੰਦੀ ਜੂਠੇ ਪੱਤਿਆਂ ਦੀ ਭਾਲ।

ਅੱਗੇ......ਵੱਡੀ ਸੜਕ ਉਤੇ......ਘੱਟ ਗਈ ਹੈ ਮੋਟਰਾਂ ਦੀ ਆਵਾਜਾਈ, ਰੰਡੀਆਂ ਨਹੀਂ ਦਿਖਾਈ ਦੇਂਦੀਆਂ ਅੱਜ। ਪਰ ਹਨ......ਹਨੇਰੇ ਵਿਚ ਲੁਕੀਆਂ। ਹਲਕੇ ਜਿਹੇ ਖੜਾਕ ਉਪਰ ਦੌੜਨ ਨੂੰ ਤਿਆਰ......ਪਾਰਬਤੀ......ਜਮੀਲਾ......ਨੈਨਾ। ਭੱਜ ਗਈਆਂ ਸਨ......ਦੁਬਾਰਾ ਭੱਜ ਨਹੀਂ ਸਕਣਗੀਆਂ। ਬੱਸ ਸਟਾਪ ਇਸ ਲਈ ਖਾਮੋਸ਼ ਹੈ ਅੱਜ। ਪਰ ਦੌੜੀ ਜਾ ਰਹੇ ਹਨ ਰੇਤ ਦੇ ਟੋਕਰੇ ਕੰਬਦੇ ਹੋਏ ਜਹਾਜ਼ਾਂ ਉਪਰ।

ਖਤਮ ਨਹੀਂ ਹੋਈ। ਹੁਣ ਹੋ ਜਾਏਗੀ। ਕਿਸਤੱਈਆ ਤਿਆਰ......ਮੋਟੇ ਪਾਈਪ ਦੇ ਕੋਲ......ਕਨੱਸਤਰ ਅਤੇ ਗਲਾਸਾਂ ਸਮੇਤ ਹੋ ਰਿਹਾ ਹੈ ਧੰਦੇ ਦਾ ਵੇਲਾ......।

ਸਾਗਰ ਕੰਢੇ......ਇਕ ਹਨੇਰੀ ਨੁੱਕਰ ਵਿਚ ਬੈਠਾ ਹੈ ਜੱਬਾਰ......ਕੋਲ ਬੈਠੀ ਹੈ। ਰੋਜ਼ੀ। ਪੱਥਰ ਹਟਾ ਹਟਾ ਕੇ ਬਣਾ ਲਈ ਥਾਂ......ਨਾਰੀਅਲ ਦੀਆਂ ਟੁੱਟੀਆਂ ਟਾਹਣੀਆਂ ਨਾਲ ਝਾੜ ਕੇ ਸਾਫ ਕਰ ਲਈ ਥਾਂ। ਏਥੇ ਹੀ ਗੁਜ਼ਾਰ ਦੇਣਗੇ ਰਾਤ। ਇਕ ਸਿੱਕਾ......ਉਹ ਵੀ ਖਤਮ ਹੋ ਗਿਆ। ਰੋਜ਼ੀ ਗਈ ਲੰਗੜਾਉਂਦੀ ਹੋਈ......ਲੈ ਆਈ ਪਾਵ......ਬੀੜੀਆਂ। ਚੂੰਡ ਚੂੰਡ ਕੇ ਖਾ ਗਏ ਦੋਵੇਂ......ਭੁੱਖ ਨਹੀਂ ਮਿਟੀ। ਪਾਣੀ ਨਹੀਂ ਹੈ ਪੀਣ ਨੂੰ। ਮਾਚਸ ਨਹੀਂ। ਨਹੀਂ ਸੁਲਗ ਸਕਦੀ ਬੀੜੀ। ਜਾਣਾ ਚਾਹੁੰਦਾ ਹੈ ਉਠ ਕੇ......ਡਰਦਾ ਹੈ।......ਇਹ ਝੌਂਪੜੀਆਂ ਵਾਲੇ ਬਹੁਤ ਹਰਾਮੀ ਨੇ। ਮੈਨੂੰ ਦੇਖਦਿਆਂ ਹੀ ਹਵਾਲਦਾਰ ਨੂੰ ਜ਼ਰੂਰ ਜਾ ਦੱਸਣਗੇ ! ਇਨ੍ਹਾਂ ਦੀ ਮਾਂ......।

ਉਠਣਾ ਚਾਹੁੰਦੀ ਹੈ ਰੋਜ਼ੀ......ਮੈਂ ਫਿਰ ਜਾਂਦੀ ਆਂ ਲੈ ਕੇ ਆਉਂਦੀਆਂ ਮਾਚਸ ਤੇਰੇ

ਲਈ। ਪਰ ਪਾਣੀ ਕਿੰਜ ਲਿਆਵਾਂ ? ਭਾਂਡਾ ਤਾਂ ਨਹੀਂ ਏਥੇ ਕੋਈ।

ਬੈਠਾ ਵਿੰਦਾ ਹੈ ਉਸ ਨੂੰ।......ਤੂੰ ਬੈਠ ਏਥੇ......ਕਿਉਂ ਜਾਂਦੀ ਏਂ ਘੜੀ ਘੜੀ। ਤੁਰਿਆ ਤਾਂ ਜਾਂਦਾ ਨਹੀਂ ਤੈਥੋਂ......।

ਅਤੇ ਬੈਠ ਜਾਂਦੀ ਹੈ ਰੋਜ਼ੀ। ਬੈਠੇ ਰਹਿੰਦੇ ਹਨ ਦੋਵੇਂ......ਖਾਮੋਸ਼......ਦੇਰ ਤਕ। ਸੋਚ ਰਹੇ ਹਨ ਆਪਣੀਆਂ ਗੱਲਾਂ। ਚਾਨਣ ਨਾਲ ਘਿਰਿਆ ਹੋਇਆ ਹਨੇਰਾ......ਫਿਰ ਹਨੇਰੇ ਨਾਲ ਘਿਰਿਆ ਹੋਇਆ ਚਾਨਣ। ਬਹੁਤ ਕੋਸ਼ਿਸ਼ ਕਰਦੇ ਹਨ......ਪਰ ਦਾਇਰੇ ਦਾ ਸਿਰਾ ਨਹੀਂ ਮਿਲਦਾ। ਰਾਤ......ਇਕ ਲੰਬੀ ਉਬਾਸੀ ਹੈ......ਇਕ ਲੰਮਾ ਹਉਕਾ।......ਸਾਡੀ ਜ਼ਿੰਦਗੀ ਵੀ ਕੋਈ ਜ਼ਿੰਦਗੀ ਏ।......ਇਕ ਲੰਮਾ ਡੂੰਘਾ ਹਉਕਾ। ਇਕ ਹੋਰ ਲੰਮੀ ਉਬਾਸੀ।......ਕੀ ਹੋ ਗਿਐ ਜ਼ਿੰਦਗੀ ਨੂੰ ? ਘੁੱਪ ਹਨੇਰੇ ਵਿਚ......ਕਿਸੇ ਨੇ ਨਹੀਂ ਪੁਛਿਆ ਇਹ ਸਵਾਲ। ਹਨੇਰੇ ਵਿਚ ਝਾਕਦਾ ਹੋਇਆ ਫਿਰ ਵੀ ਦਿੰਦਾ ਹੈ ਜਵਾਬ।......ਰੋਜ਼ੀ ! ਰੋਜ਼ੀ !......ਮੈਨੂੰ ਲਗਦਾ ਏ ......ਇਹ ਲੋਕ ਉਹਨੂੰ ਵੀ ਬਣਾ ਦੇਣਗੇ ਰੰਡੀ।

ਅਤੇ ਖਾਮੋਸ਼ ਰਹਿੰਦੀ ਹੈ। ਰੋਜ਼ੀ। ਪਤਾ ਹੈ ਉਹਨੂੰ। ਫਿਰ ਵੀ ਤੋੜ ਦੇਂਦੀ ਹੈ ਖਾਮੋਸ਼ੀ...... ਕਿਹਨੂੰ ਬਣਾ ਦੇਣਗੇ ਰੰਡੀ। ਤੇਰੀ ਔਰਤ ਨੂੰ......?

ਫਿਰ ਇਕ ਲੰਮਾ ਸਾਹ......ਲੰਮੀ ਖਾਮੋਸ਼ੀ......ਮੈਨੂੰ......ਮੈਨੂੰ ਅਮਜਦ ਦੀ ਬਹੁਤ ਚਿੰਤਾ ਏ ਰੋਜ਼ੀ। ਮੇਰਾ ਬੱਚਾ......।

ਫਿਰ ਖਾਮੋਸ਼ੀ......ਅਤੇ ਹਨੇਰੇ ਵਿਚ ਝਮਕਦੀਆਂ ਅੱਖਾਂ।......ਪਰ ਤੂੰ ਤਾਂ ਮੁਹੱਬਤ ਕਰ ਕੇ ਸ਼ਾਦੀ ਕੀਤੀ ਸੀ ਨਾ ?

ਹੂੰ......ਮੁਹੱਬਤ ਨਾਲ ਸ਼ਾਦੀ ਕੀਤੀ। ਤਾਂਹੀਉਂ ਤਾਂ ਕਹਿੰਨਾ ਕਿ ਇਹ ਕੋਈ ਸਾਲੀ ਜ਼ਿੰਦਗੀ ਏ। ਮੈਂ ਓਧਰ......ਔਰਤ ਬੱਚਾ ਏਧਰ। ਮੈਂ ਏਧਰ ਆ ਸਕਦਾ ਨਹੀਂ। ਆਇਆ ਤਾਂ ਸਾਲਾ ਹਵਾਲਦਾਰ......ਫੜ ਲਵੇਗਾ। ਓਧਰ ਰਹਾਂ......ਤਾਂ ਮੇਰੀ ਔਰਤ ਨੂੰ ਇਹ ਸਾਲੀਆਂ ਰੰਡੀਆਂ ਬਣਾ ਦੇਣਗੀਆਂ ਇਹ ਸਾਲੀ ਫਰੀਦਨ ਦੀ ਬਚੀ......ਇਹਦੀ ਮਾਂ ਦੀ......।

ਅਤੇ ਸ਼ੁਰੂ ਹੋ ਜਾਂਦਾ ਹੈ ਇਕ ਸਿਲਸਿਲਾ। ਗਲਤ ਥਾਂ ਤੋਂ ਸ਼ੁਰੂ ਹੋ ਕੇ ਗਲਤ ਥਾਂ ਉਤੇ ਖਤਮ ਹੋਣਾ ਚਾਹੁੰਦਾ ਹੈ। ਬਹੁਤ ਖਿੱਚਦੇ ਹਨ ਸਾਰੇ......ਫਿਰ ਪਹੁੰਚ ਜਾਂਦਾ ਹੈ ਉਥੇ ਹੀ। ਫਿਰ ਉਹੀ ਕਹਾਣੀ......ਬਾਰ ਬਾਰ।......ਹਸੀਨਾ ਨਾਲ ਸ਼ਾਦੀ ਕੀਤੀ ਮੈਂ। ਓਧਰ ਰਹਿੰਦੀ ਸੀ ਉਸ ਦੀ ਮਾਂ। ਹਸੀਨਾ ਨੂੰ ਵੇਚ ਕੇ ਪੈਸੇ ਕਮਾਉਣ ਦਾ ਆਇਡੀਆ ਸੀ ਉਸ ਦਾ ਪਰ ਮੈਂ ਕਿਹਾ ਨਹੀਂ......ਮੈਂ ਮੁਹੱਬਤ ਕਰਦਾ ਆਂ ਹਸੀਨਾ ਨਾਲ......ਮੈਂ ਸ਼ਾਦੀ ਕਰਾਂਗਾ ਉਹਦੇ ਨਾਲ। ਜਦ ਮੈਂ ਗਿਆ ਉਸ ਨੂੰ ਲੈਣ......ਵੀਹ ਪੰਝੀ ਬੰਦਿਆਂ ਦੀ ਧਾੜ ਆ ਗਈ ਡਾਂਗਾਂ ਚੁਕੀ ਮੈਨੂੰ ਮਾਰਨ ਵਾਸਤੇ। ਲਗ ਗਿਆ ਪਤਾ ਮੈਨੂੰ......ਇਕ ਦਮ ਛੁੱਟੀ ਕਰ ਦੇਣਗੇ ਮੇਰੀ ਹੁਣ ਮੈਂ ਕਰਾਂ ਤਾਂ ਕੀ ਕਰਾਂ। ਮੈਂ ਕਿਹਾ......ਦੇਖੋ ਭਰਾਵੋ......ਮੇਰੀ ਗੱਲ ਤਾਂ ਸੁਣੋ। ਪਰ ਕੌਣ ਸੁਣਦਾ...... ਬਹੁਤ ਮਾਰਿਆ ਉਨ੍ਹਾਂ ਲੋਕਾਂ ਨੇ ਮੈਨੂੰ। ਪਰ ਉਸੇ ਵੇਲੇ ਹਸੀਨਾ ਆ ਗਈ ਉਥੇ। ਬੋਲੀ......ਉਹਨੂੰ

ਮਾਰਦੇ ਓ......ਪਹਿਲਾਂ ਮੈਨੂੰ ਮਾਰੋ......ਪਿਛੋਂ ਉਹਨੂੰ ਮਾਰਨਾ। ਉਸ ਗੁਨਾਹ ਕੀਤਾ ਏ ਤਾਂ ਮੈਂ ਵੀ ਗੁਨਾਹਗਾਰ ਆਂ। ਮੈਨੂੰ ਵੀ ਮਾਰੋ।......ਮੈਂ ਵੀ ਕਿਹਾ......ਮੈਂ ਤਾਂ ਹੁਸੀਨਾ ਨਾਲ ਨਿਕਾਹ ਕਰਾਂਗਾ......।

ਸੁਣੀ ਜਾਂਦੀ ਹੈ ਰੋਜ਼ੀ......ਗੁਜ਼ਰਦੀ ਜਾਂਦੀ ਹੈ ਰਾਤ। ਬੋਲੀ ਜਾਂਦਾ ਹੈ ਜੱਬਾਰ।...... ਚੋਰੀਆਂ ਤਾਂ ਮੈਂ ਪਹਿਲਾਂ ਵੀ ਕਰਦਾ ਸਾਂ ਰੋਜ਼ੀ—ਪਰ ਬਹੁਤ ਘੱਟ। ਜਦੋਂ ਦਾ ਨਿਕਾਹ ਕੀਤੇ ਹਸੀਨਾ ਨਾਲ—ਜ਼ਿਆਦਾ ਚੋਰੀਆਂ ਕੀਤੀਆਂ ਨੇ......ਅਤੇ ਜਦੋਂ ਤੋਂ ਹੋ ਗਿਆ ਇਹ ਅਮਜਦ......ਤਾਂ ਫਿਰ ਪੁਛ ਈ ਨਾ......ਕਿੰਨੀਆਂ ਚੋਰੀਆਂ ਕੀਤੀਆਂ......ਕੋਈ ਹਿਸਾਬ ਨਹੀਂ। ਅਤੇ ਇਨ੍ਹਾਂ ਸਾਲਿਆਂ......ਦੇ ਦਿੱਤਾ ਮੈਨੂੰ ਸ਼ਹਿਰ ਨਿਕਾਲਾ......ਐਨਾ ਮਜਬੂਰ ਤਾਂ ਮੈਂ ਕਦੀ ਵੀ ਨਹੀਂ ਹੋਇਆ......।

ਅਚਾਨਕ ਪੁਛਦੀ ਹੈ ਰੋਜ਼ੀ......ਜੱਬਾਰ। ਤੂੰ ਰਹਿਣਾ ਕਿਥੇ ਏ ਸ਼ਹਿਰੋਂ ਬਾਹਰ ? ਕਲਿਆਣ ਵਾਲੀ ਸਾਈਡ ਵਿਚ ਹੀ ਨਾ ?

—ਹਾਂ ! ਭੀਗੜੀ ਰੋਡ ਉਤੇ ਇਕ ਝੌਂਪੜੀ ਹੈ ਓਧਰ ਸੌਂਦਾ ਹਾਂ ਕਦੀ ਕਦੀ। ਉਂਜ ਪੁਛੋਂ ਤਾਂ ਕੋਈ ਟਿਕਾਣਾ ਨਹੀਂ। ਮੇਰਾ ਕਦੀ ਕਿਧਰੇ ਤੇ ਕਦੀ ਕਿਧਰੇ......।

ਯਾਦ ਆਈ ਜਾ ਰਿਹਾ ਹੈ ਰੋਜ਼ੀ ਨੂੰ ਕੁਛ। ਹਾਂ......ਓਧਰ ਈ ਹੈ ਕਿਧਰੇ ਕਿਸ ਆਉਣ ਲਈ ਕਿਹਾ ਸੀ......ਅਤੇ ਨਹੀਂ ਆਇਆ। ਸੋਚਦੀ ਜਾਂਦੀ ਹੈ ਰੋਜ਼ੀ।......ਇਕ ਗੱਲ ਪੁਛਾਂ ਤੈਨੂੰ ?

ਇਕ ਚਿੜੀ ਫੜਫੜਾਉਂਦੀ ਹੋਈ ਗੁਜ਼ਰ ਜਾਂਦੀ ਹੈ ਹਨੇਰੇ ਵਿਚ......।

—ਉਸਨੂੰ......ਪਛਾਣਦਾ ਏਂ ਘਾਟ ਵਾਲੇ ਮੁੰਡੇ ਨੂੰ......ਏਧਰ ਬਹੁਤ ਆਉਂਦਾ ਸੀ ਸ਼ੁਰੂ ਵਿਚ......?

—ਕਿਹੜਾ......ਕਿਹੜਾ ਘਾਟ ਵਾਲਾ ਮੁੰਡਾ ?

ਭੀਂ......ਭੀਂ......ਮੱਛਰਾਂ ਦੀ ਆਵਾਜ਼।......ਓਹ ਹੈ ਨਾ ਭਲਾ......ਚੰਦੂ। ਉਹ ਵੀ ਤਾਂ ਓਧਰੇ ਈ ਰਹਿੰਦਾ ਏ......ਕਲਿਆਣ ਵਾਲੀ ਸਾਈਡ ਵਿਚ।

ਯਾਦ ਆ ਗਿਆ।......ਹਾਂ......ਹਾਂ ! ਦਿਸਿਆ ਸੀ ਇਕ ਦੋ ਵਾਰੀ ਮੈਨੂੰ। ਕੋਲਸਾਵਾੜੀ ਵਿਚ ਸੌਂਦਾ ਹੁੰਦਾ ਸੀ......।

ਸੱਚੀਂ ?......ਬਹੁਤ ਗੂੜ੍ਹੇ ਹਨੇਰੇ ਵਿਚ ਚਮਕਦੀਆਂ ਹਨ ਕਿਸੇ ਕਾਰ ਦੀਆਂ ਬੱਤੀਆਂ... ਗੁੰਮ ਹੋ ਜਾਂਦੀਆਂ ਹਨ।......ਉਸ ਕਿਹਾ ਸੀ ਮੈਨੂੰ......ਪੂਰਾ ਯਾਦ ਏ। ਉਸ ਕਿਹਾ ਸੀ ਮੈਨੂੰ......ਮੈਂ ਸੱਚ ਕਹਿੰਨੀਆਂ।

ਖਾਮੋਸ਼ੀ ਵਿਚ......ਸਿਰਫ ਮੱਛਰਾਂ ਦੀ ਅਵਾਜ਼। ਪਾਸਾ ਬਦਲ ਲੈਂਦਾ ਹੈ ਜੱਬਾਰ।...... ਕੀ ਕਿਹਾ ਸੀ ਤੈਨੂੰ ?

—ਦੁਬਾਰਾ ਆਵਾਂਗਾ ਕਿਹਾ ਸੀ। ਜ਼ਰੂਰ ਆਵੇਗਾ।......ਜੱਬਾਰ......ਇਕ ਗੱਲ

ਤਾ ਏ ਤੈਨੂੰ ?

—ਕਿਹੜੀ ਗੱਲ ?

—ਚੰਦੂ ਨੇ ਮੇਰੇ ਨਾਲ ਫੋਟੋ ਖਿੱਚਵਾਈ ਸੀ। ਮੈਂ ਅਤੇ ਉਹ......ਦੋਹਾਂ ਨਾਲ ਨਾਲ ਬੈਠ ਕੇ......ਸੱਚ !

ਹਨੇਰੇ ਵਿਚ ਵਾਰ ਵਾਰ ਤੈਰਦਾ ਜਾਂਦਾ ਹੈ ਚਿਹਰਾ ਹਸੀਨਾ ਦਾ।......ਕਿੰਨਾ ਪਿਆਰ ਕੀਤਾ ਸਾਲੀ ਨੂੰ......ਪਰ ਰੰਡੀ ਬਣ ਜਾਏਗੀ।......ਕੀ ਕਿਹਾ ਏ ਤੂੰ ? ਫੋਟੋ ਖਿਚਵਾਈ ? ਚੰਦੂ ਨਾਲ ?......ਕਿਉਂ ?

—ਮੈਨੂੰ ਨਹੀਂ ਪਤਾ......ਇਕ ਆਦਮੀ ਨੇ ਕਿਹਾ ਸੀ......ਇੰਜ ਕੀਤਿਆਂ......।

—ਹੂੰ......ਆਦਮੀ ਨੇ ਕਿਹਾ ਸੀ ? ਫੋਟੋ ਖਿਚਵਾਣ ਲਈ ? ਚੰਦੂ ਨਾਲ ?

—ਹਾਂ......।

ਹੁੰਮਸ ਬਹੁਤ ਜ਼ਿਆਦਾ। ਬਹੁਤ ਦੂਰ ਚਲਾ ਗਿਆ ਸਾਗਰ ਅੱਧੀ ਰਾਤ ਦੇ ਹਨੇਰੇ ਵਿਚ। ਹਵਾ ਨਹੀਂ ਆਉਂਦੀ। ਸਿਰਫ ਬਦਬੂ। ਕੁਝ ਨਹੀਂ ਪੁੱਛਦਾ ਜੱਬਾਰ। ਕਿਉਂ ਖਿੱਚਵਾਈ ਸੀ ਫੋਟੋ ਚੰਦੂ ਨਾਲ......ਆਪੇ ਦੱਸਣ ਲਗ ਜਾਂਦੀ ਹੈ।

ਮੈਨੂੰ......ਜੱਬਾਰ......ਇੰਜ ਲਗਾ ਸੀ ਕਿ ਮੇਰਾ ਆਪਣਾ ਇਕ ਮਰਦ ਹੋਵੇ......ਮਰਦ ਹੋਣਾ......ਬਹੁਤ ਅੱਛਾ ਹੁੰਦੈ..... ਹਾਂ......ਕੋਈ ਫਿਕਰ ਨਹੀਂ ਹੁੰਦਾ। ਕਿਥੋਂ ਆਏਗਾ ਖਾਣਾ ......ਕੀ ਹੋਏਗਾ......ਇਹ ਰੋਜ਼ ਦੀ ਕਿਚਕਿਚ ਨਹੀਂ। ਇਕ ਠਿਕਾਣੇ ਬੈਠ ਕੇ ਰੋਟੀ ਖਾਣੀ ਅਤੇ ਕੰਮ ਕਰਨਾ......ਹੋਰ ਕੀ ਚਾਹੀਦਾ ਏ। ਖਾਣ ਲਈ ਰੋਟੀ ਮਿਲ ਜਾਏ ਤਾਂ ਬੱਸ......ਜਿਸ ਔਰਤ ਦਾ ਮਰਦ ਹੁੰਦਾ ਏ ਜੱਬਾਰ......ਓਹ ਬਹੁਤ ਨਸੀਬਾਂ ਵਾਲੀ ਹੁੰਦੀ ਏ......।

—ਸੱਚੀਂ ?......ਹਨੇਰੇ ਵਿਚ ਫਿਰ ਤੈਰ ਜਾਂਦਾ ਹੈ ਜੱਬਾਰ ਦਾ ਉਹੀ ਚਿਹਰਾ......। ਸੱਚੀਂ ਰੋਜ਼ੀ ? ਤੇਰਾ ਜੀਅ ਕਰਦਾ ਏ ਨਾ ਕਿ ਤੇਰਾ ਆਪਣਾ ਮਰਦ ਹੋਵੇ ?......ਮੇਰੀ ਔਰਤ... ...ਹਸੀਨਾ......। ਚੁੱਪ ਹੋ ਜਾਂਦਾ ਹੈ ਅਚਾਨਕ। ਕਿੰਜ ਪੁੱਠਾ ਹੋ ਗਿਆ ਏ ਸਭ ਕੁਝ। ਇਹ ਉਧਰੋਂ ਏਧਰ। ਅਤੇ ਉਹ......ਏਧਰੋਂ ਓਧਰ।......ਕੀ ਕਰਾਂ ਮੈਂ। ਮੈਨੂੰ ਕੁਝ ਸਮਝ ਨਹੀਂ ਆਉਂਦੀ......।

ਬੋਲੀ ਜਾਂਦੀ ਹੈ ਰੋਜ਼ੀ।......ਮਰਦ ਹੋਵੇ ? ਓ......ਮੈਂ ਕਿੰਨੀ ਟਰਾਈ ਕੀਤੀ। ਇਕ ਮਿਲਿਆ......ਥੋੜ੍ਹੇ ਦਿਨ ਰੱਖਿਆ......ਫਿਰ ਛੱਡ ਦਿੱਤਾ। ਦੂਜਾ ਮਿਲਿਆ। ਮੈਂ ਸੋਚਿਆ ਕਿ ਹੁਣ ਇਹ ਨਹੀਂ ਇੰਜ ਕਰੇਗਾ......ਪਰ ਉਸ ਵੀ ਛੱਡ ਦਿੱਤਾ।......ਤੈਨੂੰ ਕੀ ਕੀ ਦੱਸਾਂ ਜੱਬਾਰ ......ਜਿਹੜਾ ਮਿਲਿਆ......ਉਸ ਨੇ ਹੀ ਛੱਡ ਦਿੱਤਾ ਮੈਨੂੰ। ਕਿਸੇ ਨਹੀਂ ਰੱਖਿਆ। ਮੈਂ ਬਹੁਤ ਕੰਮ ਕੀਤਾ......ਬਹੁਤ ਸੁਖ ਦਿੱਤਾ......ਪਰ ਪਤਾ ਨਹੀਂ ਕਿਉਂ......ਸਭ ਨੇ ਮੈਨੂੰ ਛੱਡ ਦਿੱਤਾ। ਪਿੱਛੋਂ......।

ਇਕ ਸੀਟੀ ਵਜ ਰਹੀ ਹੈ ਹੁਣ......ਰੋਸ਼ਨੀ ਦੀ ਕਤਾਰ ਲੰਘਦੀ ਜਾ ਰਹੀ ਹੈ ਹਨੇਰੇ ਵਿਚ। ਪਰ ਤੂੰ ਫੋਟੋ ਕਿਉਂ ਖਿੱਚਵਾਈ ਚੰਦੂ ਨਾਲ ?

—ਕਿਸੇ ਕਿਹਾ ਸੀ ਮੈਨੂੰ।......ਬਹੁਤ ਸੁਸਤੀ ਪੈ ਰਹੀ ਹੈ ਹੁਣ। ਆ ਰਹੀਆਂ ਹਨ ਉਬਾਸੀਆਂ ਹੀ ਉਬਾਸੀਆਂ।......ਹਾਂ। ਮੈਨੂੰ ਕਿਹਾ ਸੀ......। ਫਿਰ ਉਬਾਸੀ। ਇਕ ਫੋਟੋ ਲੱਥ ਜਾਏਗੀ ਤਾਂ ਤੂੰ ਦੱਸ ਸਕੇਂਗੀ......ਕਿ ਤੂੰ ਔਰਤ ਹੈਂ ਉਸ ਦੀ। ਗੁਜ਼ਾਰੇ ਲਈ ਪੈਸੇ ਦੇਣੇ ਪੈਣਗੇ ਉਹਨੂੰ।......ਜੋ ਵੀ ਮੇਰੇ ਕੋਲ ਆਇਆ......ਸਭ ਨੂੰ ਮੈਂ ਕਿਹਾ ਫੋਟੋ ਖਿੱਚਵਾਣ ਲਈ। ਪਹਿਲਾਂ ਇਹੋ ਕਹਿੰਦੀ ਸਾਂ......ਚਲ ਆਪਾਂ ਫੋਟੋ ਖਿੱਚਵਾਈਏ। ਪਰ ਇਹ ਸਾਲੇ ਲੋਕ ਆਪਣਾ ਕੰਮ ਕੱਢਿਆ ਅਤੇ ਰਾਹ ਪਏ......।

ਹੋਰ ਉਬਾਸੀਆਂ। ਪਰ ਜੱਬਾਰ ਨੂੰ ਨਹੀਂ ਆ ਰਹੀ ਨੀਂਦ। ਹਨੇਰੇ ਪਰਦਿਆਂ ਉਪਰ ਉਭਰਦੀਆਂ ਹਨ ਤਸਵੀਰਾਂ ਅਤੇ ਗੁੰਮ ਹੋ ਜਾਂਦੀਆਂ ਹਨ।......ਦੌੜੀ ਆ ਰਹੀ ਹੈ ਭੀੜ। ਡਾਂਗਾਂ......ਸੋਟੇ......। ਚੀਖਾਂ। ਚੀਕ ਰਿਹਾ ਹੈ......ਨਹੀਂ ਛੱਡਾਂਗਾ ਇਹਨੂੰ। ਮੁਹੱਬਤ ਕਰਦਾ ਆਂ ਇਹਨੂੰ। ਇਹ ਵੀ ਕਰਦੀ ਏ ਮੈਨੂੰ।......ਚੀਕ ਰਹੀ ਹੈ ਮਾਂ......ਨਹੀਂ। ਇਹ ਸਾਲਾ ਝੂਠ ਬੋਲਦੈ......ਮੇਰੀ ਕੁੜੀ ਨੂੰ ਲੈ ਕੇ ਭੱਜਣਾ ਚਾਹੁੰਦਾ ਏ। ਪੈਸੇ ਕਮਾਏਗਾ ਉਹਦੇ ਤੋਂ। ਮਾਰੋ ਇਹ ਨੂੰ। ਵਾਪਸ ਲਿਆਓ ਮੇਰੀ ਹਸੀਨਾ ਨੂੰ। ਸਾਲਾ ਚੋਰ......ਹਰਾਮੀ...... ਮਰਦੂਦ......।

ਉਬਾਸੀਆਂ ਲੈਂਦੀ ਹੋਈ ਬੋਲੀ ਜਾ ਰਹੀ ਹੈ ਰੋਜ਼ੀ।......ਫਿਰ ਆ ਗਿਆ ਚੰਦੂ...... ਇਹ ਘਾਟ ਵਾਲਾ ਮੁੰਡਾ। ਮੈਂ ਕਿਹਾ ਚਲ ਆਪਾਂ ਫੋਟੋ ਖਿੱਚਵਾਈਏ। ਤਿਆਰ ਹੋ ਗਿਆ ਉਹ। ਕਹਿਣ ਲਗਾ......ਪਰ ਪੈਸੇ ਕਿਥੋਂ ਆਉਣਗੇ ? ਸੌਂ ਗਿਆ ਏਂ ਜੱਬਾਰ ? ਉਹ ਮੈਨੂੰ ਕਹਿਣ ਲਗਾ......ਪਰ ਪੈਸੇ ਕਿਥੇ ਨੇ ? ਮੈਂ ਕਿਹਾ ਵਾਹ ਓਏ ਆਸ਼ਕਾ। ਫੋਟੋ ਲਈ ਵੀ ਪੈਸੇ ਨਹੀਂ ਹਨ ਤੇਰੇ ਕੋਲ ? ਅਤੇ ਸੱਚੀਂ ਜੱਬਾਰ। ਪੈਸੇ ਨਹੀਂ ਹੁੰਦੇ ਉਹਦੇ ਕੋਲ। ਉਸ ਦਿਨ ਮੈਂ ਸੱਤ ਰੁਪਏ ਕਮਾਏ ਸਨ। ਮੈਂ ਕਿਹਾ ਚਲ ਬਈ......ਮੈਂ ਦਿਆਂਗੀ ਪੈਸੇ......ਤੂੰ ਫੋਟੋ ਤਾਂ ਖਿੱਚਵਾ। ਮੈਂ ਅਤੇ ਉਹਨੇ ਦੋਹਾਂ ਨੇ ਨਾਲ ਨਾਲ ਬਹਿ ਕੇ ਫੋਟੋ ਖਿੱਚਵਾਈ। ਸੁਣ ਰਿਹਾ ਏਂ ਨਾ ਜੱਬਾਰ ?

ਮਾਰ ਸੁੱਟਣਗੇ ਜੱਬਾਰ ਨੂੰ। ਮਾਰ ਦੇਣ......ਪਰ ਹਸੀਨਾ ਨੂੰ ਨਹੀਂ ਛੱਡੇਗਾ। ਸਿਰਫ ਇਕ ਜੁਆਬ......ਹਸੀਨਾ ਦਾ। ਰੁਕ ਗਈਆਂ ਹਨ ਸਭ ਡਾਂਗਾ......ਲਾਠੀਆਂ। ਹਸੀਨਾ ਦੇ ਰਹੀ ਹੈ ਜੁਆਬ।......ਹਾਂ......ਹਾਂ......ਮੈਂ ਮੁਹੱਬਤ ਕਰਦੀ ਆਂ ਜੱਬਾਰ ਨੂੰ। ਮੈਂ ਨਿਕਾਹ ਕਰਾਂਗੀ ਉਹਦੇ ਨਾਲ। ਉਸ ਨੂੰ ਮਾਰਨਾ ਏਂ ਤਾਂ ਮੈਨੂੰ ਵੀ ਮਾਰੋ। ਉਸ ਗੁਨਾਹ ਕੀਤਾ ਏ ਤਾਂ ਮੈਂ ਵੀ ਗੁਨਾਹਗਾਰ ਆਂ। ਉਹ ਇਕੱਲਾ ਨਹੀਂ......ਸੱਨਾਟਾ ਫੈਲ ਗਿਆ ਹੈ ਚਾਰੋਂ ਪਾਸੇ।

—ਜੱਬਾਰ।......ਮੈਂ ਕੀ ਕਿਹਾ ਸੁਣਿਆ ਏ ਤੂੰ ? ਚਾਰ ਸਾਲ ਹੋ ਗਏ ਨੇ......ਉਹ ਫੋਟੋ ਅਜੇ ਤੱਕ ਏ ਮੇਰੇ ਕੋਲ। ਦੋ ਸਾਲਾਂ ਤੋਂ ਨਹੀਂ ਦੇਖਿਆ ਉਸ ਨੂੰ ਮੈਂ। ਕਿਧਰ ਗਿਆ, ਪਤਾ ਨਹੀਂ। ਪਰ ਉਹ ਮੈਨੂੰ ਕਹਿੰਦਾ ਸੀ ਕਲਿਆਣ ਵਾਲੀ ਸਾਈਡ ਵਲ ਜਾਵਾਂਗਾ। ਓਧਰ ਫੈਕਟਰੀ ਵਿਚ ਕੰਮ ਮਿਲ ਜਾਏਗਾ ਕੋਈ ਨਾ ਕੋਈ। ਅਤੇ ਮੈਨੂੰ ਪਤੈ ਕੀ ਕਿਹਾ ਸੀ......ਪਤਾ ਏ ? ਕਹਿਣ ਲਗਾ ਕਿ ਜਿਉਂ ਹੀ ਪਹਿਲੀ ਤਨਖਾਹ ਮਿਲੇਗੀ......ਤੈਨੂੰ ਏਧਰੋਂ ਲੈ ਜਾਵਾਂਗਾ। ਮੈਂ ਉਸ ਦਾ ਰਸਤਾ ਤੱਕ ਤੱਕ ਹਾਰ ਗਈ ਪਰ ਉਹਦਾ ਕੁਝ ਪਤਾ ਨਹੀਂ......।

ਵਾਪਸ ਮੁੜ ਗਈ ਭੀੜ ਝੌਂਪੜੀਆਂ ਵਿਚ। ਚੀਕਦੀ......ਗਾਲ੍ਹਾਂ ਕੱਢਦੀ ਵਾਪਸ ਮੁੜ ਗਈ ਬੁੱਢੀ ਮਾਂ। ਹੁਸੀਨਾ ਅਤੇ ਜੱਬਾਰ......ਦੋਵੇਂ ਖੜੇ ਹਨ ਚੁਪ ਚਾਪ......ਥੱਕੇ ਹੋਏ। ਦੇਖ ਰਹੇ ਹਨ ਇਕ ਦੂਜੇ ਵਲ। ਕਿਹੜਾ ਰਾਹ ਅਪਨਾਉਣ ? ਕਿੱਥੇ ਜਾਣ ? ਕਿਸ ਝੌਂਪੜੀ ਵਿਚ ਸ਼ੁਰੂ ਕਰਨ ਨਵੀਂ ਜ਼ਿੰਦਗੀ ? ......ਕਾਲੇ ਸਖਤ ਪੱਥਰ ਉਪਰ ਪਾਸਾ ਬਦਲਦਾ ਹੈ ਜੱਬਾਰ......ਅਤੇ ਬੋਲ ਪੈਂਦਾ ਹੈ ਆਪਣੇ ਆਪ ! ......ਰੋਜ਼ੀ ! ਸੁਣਦੀ ਏ ਨਾ ? ਮੈਨੂੰ ਪੱਕਾ ਭਰੋਸਾ ਏ......ਇਹ ਲੋਕ ਉਹਨੂੰ ਬਣਾ ਦੇਣਗੇ ਰੰਡੀ। ਸੱਚੀ ਰੋਜ਼ੀ ! ਬਹੁਤ ਡਰ ਲਗਦਾ ਏ ਮੈਨੂੰ...... ।

ਆਪਣੀ ਆਪਣੀ ਦੁਨੀਆਂ ਤੋਂ ਪਰਤ ਕੇ......ਦੋਵੇਂ ਆ ਗਏ ਹਨ ਇਕ ਚੱਟਾਨ ਉਪਰ। ਚੁਭ ਰਹੀ ਹੈ ਚੱਟਾਨ......ਹਰ ਜਗ੍ਹਾ। ਲਹਿਰਾਂ ਬਹੁਤ ਦੂਰ......ਸਿਰਫ ਆਵਾਜ਼ ਹੈ ਹਲਕੀ ਹਲਕੀ। ......ਮੈਨੂੰ ਕੁਝ ਸਮਝ ਨਹੀਂ ਆਉਂਦੀ ਰੋਜ਼ੀ ਮੈਂ ਕੀ ਕਰਾਂ ? ਏਥੇ ਰਵਾਂ......ਤਾਂ ਇਹ ਸਭ ਰਹਿਣ ਨਹੀਂ ਦੇਣਗੇ। ਓਧਰ ਜਾਵਾਂ ਤਾਂ ਹਸੀਨਾ ਬਣ ਜਾਏਗੀ ਰੰਡੀ। ਮੇਰਾ ਤਾਂ ਦਿਮਾਗ ਫਿਰ ਗਿਆ ਹੈ ਸੋਚ ਸੋਚ ਕੇ...... ।

ਅੱਖਾਂ ਦੀ ਨੀਂਦ......ਅਚਾਨਕ ਉਡ ਜਾਂਦੀ ਹੈ। ਫਿਰ ਘੁੰਮ ਜਾਂਦੀ ਹੈ ਰੋਜ਼ੀ। ......ਇਕ ਕੰਮ ਕਿਉਂ ਨਹੀਂ ਕਰਦਾ ਤੂੰ ? ਉਸ ਨੂੰ ਵੀ ਲੈ ਜਾ ਆਪਣੇ ਨਾਲ......ਓਧਰੇ ਹੀ ਰੱਖੀਂ ਉਸ ਨੂੰ ਵੀ।

ਹੁੰਮਸ ਨਹੀਂ ਹੈ। ਲੰਮੇ ਗਰਮ ਸਾਹ ਫੈਲੇ ਹਨ ਜਿਵੇਂ......ਅੰਦਰੋਂ ਬਾਹਰ...... ਲਗਾਤਾਰ। ਜੱਬਾਰ ਚੁੱਪ ਨਹੀਂ ਰਹਿ ਸਕਦਾ। ......ਕਿਥੇ ਲੈ ਜਾਵਾਂ ਮੈਂ ਉਹਨੂੰ ? ਓਧਰ ਕੋਈ ਥਾਂ ਠਿਕਾਣਾ ਨਹੀਂ। ਖੀਸੇ ਵਿਚ ਪੈਸੇ ਨਹੀਂ......ਕਿੰਜ ਲੈ ਜਾਵਾਂ ਉਸ ਨੂੰ ਅਤੇ ਕਿਥੇ ਲੈ ਜਾਵਾਂ। ਅਤੇ ਉਹ ਸਾਲੀ ਪੈਸੇ ਦੀ ਪੀਰ ਏ। ਕਹਿੰਦੀ ਏ ਮੈਂ ਭੁੱਖੀ ਨਹੀਂ ਮਰਨਾ ਤੇਰੇ ਨਾਲ...... ਇਹ ਮੁੰਡਾ ਵੀ ਨਹੀਂ ਮਰ ਸਕਦਾ......ਪੈਸੇ ਨਹੀਂ ਸਨ ਤਾਂ ਸ਼ਾਦੀ ਕਿਉਂ ਕੀਤੀ......ਬੱਚਾ ਕਿਉਂ ਪੈਦਾ ਕੀਤਾ ? ......ਰੋਜ਼ੀ। ਸੁਣਿਐ ? ਇਹੋ ਜਿਹਾ ਤਾਂ ਉਸ ਦਾ ਦਿਮਾਗ਼ ਹੈ।

ਹੁਣ ਕੋਈ ਜਵਾਬ ਨਹੀਂ। ਚੁੱਪ ਹਨ। ਬਹੁਤ ਦੇਰ ਹੋ ਗਈ......ਕੁਝ ਨਹੀਂ ਬੋਲਦੇ। ......ਹੋਰ ਦੇਰ ਹੋ ਗਈ......ਹੁਣ ਵੀ ਚੁੱਪ ਹਨ। ਹੋਰ ਦੇਰ ਹੋਈ ਜਾਂਦੀ ਹੈ......ਫਿਰ ਵੀ ਨਹੀਂ ਬੋਲਦੇ ਦੋਵੇਂ। ਅੱਧੀ ਰਾਤ ਜਾਣਾ ਵਾਲਾ ਹਵਾਈ ਜਹਾਜ਼ ਮੰਡਲਾਉਂਦਾ ਹੋਇਆ ਨਿਕਲ ਜਾਂਦਾ ਹੈ। ਆਵਾਜ਼ ਅਤੇ ਰੋਸ਼ਨੀ......ਹਨੇਰੇ ਅਸਮਾਨ ਵਿਚ ਅੱਖਾਂ ਮਿਚਕਾਉਂਦੀ ਹੋਈ। ਹੁਣ ਸ਼ਾਇਦ ਸੌਂ ਗਏ ਹਨ ਦੋਵੇਂ। ਨਹੀਂ। ਆਵਾਜ਼ ਫਿਰ ਆਉਂਦੀ ਹੈ। ......ਰੋਜ਼ੀ। ਸੌਂ ਗਈ ਏਂ ? ......ਹਨੇਰੇ ਵਿਚ ਦੂਜੀ ਆਵਾਜ਼ ਨਹੀਂ। ਫਿਰ ਇਕ ਲੰਮੀ ਚੁਪ......ਹਨੇਰੇ ਦੀ। ਕੋਈ ਜਹਾਜ਼ ਨਹੀਂ......ਕੋਈ ਰੋਸ਼ਨੀ ਨਹੀਂ......ਕੋਈ ਰੰਗ ਨਹੀਂ। ਖਾਮੋਸ਼ੀ......ਹੋਰ ਖਾਮੋਸ਼ੀ ਫਿਰ ਅਵਾਜ਼। ਰੋਜ਼ੀ ਦੀ। ......ਜੱਬਾਰ। ਮੇਰਾ ਇਕ ਕੰਮ ਕਰੇਂਗਾ ਨਾ ?

—ਕੀ ?

—ਉਹ ਚੰਦੂ ਤੈਨੂੰ ਕਲਿਆਣ ਵਿਚ ਮਿਲੇਗਾ ਨਾ......ਤਾਂ ਉਸ ਨੂੰ ਕਹੀਂ......ਮੈਨੂੰ

ਏਥੋਂ ਲੈ ਜਾਵੇ। ਮੈਂ ਕਦੋਂ ਦੀ ਉਹਦਾ ਰਾਹ ਦੇਖ ਰਹੀ ਹਾਂ। ਉਹ ਨਹੀਂ ਕੱਢੇਗਾ ਮੈਨੂੰ ਏਧਰੋਂ ......ਮੈਂ ਤਾਂ ਇਥੇ ਭੁੱਖੀ ਮਰ ਜਾਵਾਂਗੀ। ਸੁਣਨਾ ਏਂ ਨਾ ? ਉਹ ਨਹੀਂ ਲੈ ਜਾਏਗਾ ਤਾਂ ਮੈਨੂੰ ਹੋਰ ਕੌਣ ਇਸ ਨਰਕ ਵਿਚੋਂ ਕੱਢੇਗਾ ? ਕੋਈ ਵੀ ਨਹੀਂ। ਮੈਂ ਸੱਚ ਕਹਿੰਦੀ ਆਂ ਜੱਬਾਰ...... ਇਹੋ ਇਕੋ ਉਮੀਦ ਏ ਮੈਨੂੰ......ਦੂਸਰੀ ਨਹੀਂ। ਸਮਝਿਆ ਏ ਨਾ। ਮੈਂ ਫੋਟੋ ਨੂੰ ਬੜਾ ਸੰਭਾਲ ਕੇ ਰਖਿਆ ਹੋਇਆ ਏ ... ।

ਸਾਗਰ ਚਲਾ ਗਿਆ ਹੈ ਦੂਰ......ਅਤੇ ਜੱਬਾਰ ਵੀ। ਉਥੋਂ ਹੀ ਬੋਲ ਰਿਹਾ ਹੈ......ਮੈਨੂੰ ਮਿਲੇਗਾ ਤਾਂ ਜ਼ਰੂਰ ਕਹਾਂਗਾ ਉਹਨੂੰ।

ਦੂਰ ਤਕ ਫੈਲ ਗਏ ਹਨੇਰੇ ਵਿਚ ਚੁੱਪ ਹੈ ਰੋਜ਼ੀ। ਦੂਰ ਤਕ ਫੈਲੇ ਵਕਤ ਵਿਚ ਖਾਮੋਸ਼ ਹਨ ਦੋਵੇਂ। ਦੇਰ ਤਕ ਖਾਮੋਸ਼। ਹੋਰ ਦੇਰ ਤਕ ਖਾਮੋਸ਼। ਹੋਰ ਦੇਰ ਤਕ ਉਬਾਸੀਆਂ ਬੰਦ ਹੋ ਗਈਆਂ ਹਨ ਹੁਣ ਅਤੇ ਫਿਰ ਪੁਛਦੀ ਹੈ ਰੋਜ਼ੀ......ਜੱਬਾਰ ਸੌਂ ਗਿਆ ਏ ਭਲਾ ?

ਅਤੇ ਜੱਬਾਰ ਕਹਿੰਦਾ ਹੈ......ਨਹੀਂ !

ਅਤੇ ਵਕਤ ਦੇ ਹਨੇਰੇ ਵਿਚ ਲੰਮੇ ਪਏ ਰਹਿੰਦੇ ਹਨ ਦੋਵੇਂ। ਬਾਹਰ ਆਉਣ ਬਾਰੇ ਸੋਚਦੇ ਹਨ। ਸੋਚਦੇ ਰਹਿੰਦੇ ਹਨ। ਫਿਰ ਪੁੱਛਦਾ ਹੈ ਜੱਬਾਰ......ਰੋਜ਼ੀ। ਸੌਂ ਗਈ ਏ ?

ਫਿਰ ਪੁਛਦੀ ਏ ਰੋਜ਼ੀ......ਜੱਬਾਰ। ਸੌਂ ਗਿਆ ਏਂ ?

ਫਿਰ ਪੁੱਛਦਾ ਹੈ ਜੱਬਾਰ......ਫਿਰ ਪੁੱਛਦੀ ਹੈ ਰੋਜ਼ੀ......ਫਿਰ ਪੁੱਛਦਾ ਹੈ ਜੱਬਾਰ...... ਫਿਰ ਪੁੱਛਦੀ ਹੈ ਰੋਜ਼ੀ......ਫਿਰ ਪੁੱਛਦੇ ਰਹਿੰਦੇ ਹਨ ਦੋਵੇਂ......ਸੌਂ ਨਹੀਂ ਸਕਦੇ...... ।

3

ਰਾਤ ਗੁਜ਼ਰ ਜਾਂਦੀ ਹੈ ਹਵਾਲਾਤ ਵਿਚ ।

ਇਹ ਬਹੁਤ ਸਾਰੀਆਂ ਰੰਡੀਆਂ......ਉੱਚੀ ਕਿਸਮ ਦੀਆਂ......ਸਸਤੇ ਕਿਸਮ ਦੀਆਂ...... ਜਾਗਦੀਆਂ ਹਨ......ਸੌਂਦੀਆਂ ਹਨ......ਫਿਰ ਜਾਗਦੀਆਂ ਹਨ ।

ਸੀਖਾਂ ਨੂੰ ਫੜ ਕੇ ਅਵਾਜ਼ਾਂ ਮਾਰ ਰਹੀ ਹੈ ਕੋਈ......ਮੁਨਸ਼ੀ ! ਏ ਮੁਨਸ਼ੀ !......ਏ ਮੁਨਸ਼ੀ !

ਚੀਕਦੀ ਹੈ ਦੂਸਰੀ......ਏ ਚੁੱਪ । ਕਾਹਨੂੰ ਦਿਮਾਗ ਖਪਾਉਣੀ ਏ ? ਆ ਜਾ ਏਧਰ......। ਆ ਜਾ...ਆ ਜਾ ! ਕੋਈ ਫਾਇਦਾ ਨਹੀਂ ਭਕਾਈ ਮਾਰਨ ਦਾ । ਕੋਈ ਸੁਣਨ ਵਾਲਾ ਨਹੀਂ ਏਥੇ ।

ਰੀਂਗ ਰਹੇ ਹਨ ਕੀੜੇ ਕੰਧਾਂ ਉਤੇ । ਮਾਰੇ ਗਏ ਕੀੜਿਆਂ ਦੇ ਨਿਸ਼ਾਨ......ਕਾਲੀਆਂ ਹੋ ਗਈਆਂ ਕੰਧਾਂ । ਮੁੜ੍ਹਕੇ ਦੀ ਬੋ ਅਤੇ ਪੇਸ਼ਾਬ ਦੀ ਬੋ । ਫੈਲੀਆਂ ਹੋਈਆਂ ਹਨ ਔਰਤਾਂ । ਗਰਮੀ ਅਤਿ ਦੀ......ਲਾਹ ਲਾਹ ਸੁੱਟ ਦਿੱਤੇ ਹਨ ਬਲਾਊਜ਼......ਸਾੜ੍ਹੀਆਂ । ਲਹਿੰਗੇ ਚੜ੍ਹਾ ਲਏ ਉਪਰ...। ਅਤੇ ਬੋ ।

ਭਰੀ ਹੋਈ ਹਵਾਲਾਤ......ਕਿਧਰੇ ਜਗ੍ਹਾ ਨਹੀਂ ਨੂਰਨ ਅਤੇ ਬਸ਼ੀਰਨ ਫੈਲ ਗਈਆਂ ਕੰਧ ਨਾਲ ਢੋਹ ਲਾ ਕੇ । ਪਰ ਆ ਗਈ ਇਕ ਹੋਰ ।

—ਏ......ਉਠ ਏਥੋਂ !......ਥੁੱਕਦੀ ਹੈ......ਥੂ !

—ਕਿਉਂ ?

—ਇਹ ਮੇਰੀ ਥਾਂ ਏ ।......ਥੁੱਕਦੀ ਹੈ ਫਿਰ......ਥੂ !

—ਤੇਰਾ ਨਾਂ ਲਿਖਿਆ ਏ ਭਲਾ ?

—ਨਾਂ ਦੀ ਬੱਚੀ ! ਮੈਂ ਸੁੱਤੀ ਸਾਂ ਇੱਥੇ ਪੁੱਛ ਲੈ ਕਿਸੇ ਨੂੰ ਵੀ......।

—ਸੁੱਤੀ ਸੈ !......ਤਾਂ ਉਠੀ ? ਕਿਉਂ

—ਮੈਂ ਪਾਖਾਨੇ ਗਈ ਸੀ ।

—ਹੁਣ ਹਟਦੀ ਏਂ ਕਿ ਨਹੀਂ ਤੂੰ......?

ਬਸ਼ੀਰਨ ਸਮਝਾਉਂਦੀ ਹੈ ਨੂਰਨ ਨੂੰ......ਜਾਣ ਦੇ ਨਾ ! ਬੈਠਣ ਦੇ ਉਹਨੂੰ ਅਸੀਂ ਉਸ ਪਾਸੇ ਜਾ ਸਵਾਂਗੀਆਂ । ਆ ਆ ! ਤੇਰੀ ਥਾਂ ਏ......ਸੌਂ ਜਾ ਤੂੰ ।

ਹੱਟ ਜਾਂਦੀ ਹੈ ਨੂਰਨ !......ਪਰ ਮੈਨਾ ਨੂੰ ਨਹੀਂ ਚਾਹੀਦੀ ਥਾਂ । ਉਥੇ ਹੀ ਬੈਠੀ ਹੈ ਕੰਧ ਨਾਲ ਲਗ ਕੇ......ਸੀਖਾਂ ਵਾਲੇ ਦਰਵਾਜ਼ੇ ਕੋਲ । ਕਾਫੀ ਹੈ ਇੰਨੀ ਥਾਂ । ਨਵੀਂ ਕੁੜੀ ਵੀ ਉਥੇ ਹੀ ਬੈਠੀ ਹੈ । ਉਹਦੇ ਕੋਲ ਵੀ ਉੱਨੀ ਹੀ ਥਾਂ । ਅੰਦਰ ਕਮਰਿਆਂ ਵਿਚ ਕੋਈ ਥਾਂ ਨਹੀਂ ਔਰਤਾਂ ਹੀ ਔਰਤਾਂ ।......ਥਾਂ ਰੋਕ ਰੋਕ ਕੇ ਬੈਠੀਆਂ ਹਨ । ਅੰਦਰ ਝਗੜਾ ਕਰ ਰਹੀਆਂ ਹਨ ਕਿਸੇ ਨਾਲ...... ਸ਼ਾਂਤੀ ਅਤੇ ਚੰਦਰੀ । ਮੈਨਾ । ਚੁੱਪ ਚਾਪ ਦੇਖਦੀ ਜਾਂਦੀ ਹੈ ਸਾਹਮਣੇ । ਬਹੁਤ ਕੀਤਾ......ਪਰ ਹੁਣ ਨਹੀਂ ਕਰੇਗੀ ਝਗੜਾ । ਕੋਈ ਫਰਕ ਨਹੀਂ । ਹਰ ਥਾਂ ਇਕੋ ਜਿਹੀ । ਚੁੱਪ ਚਾਪ ਦੇਖੀ ਜਾਂਦੀ ਹੈ ਸਾਹਮਣੇ । ਸੀਖਾਂ ਦੇ ਪਾਰ......ਮੈਲੀਆਂ ਕੰਧਾਂ । ਕੰਧਾਂ ਦੇ ਪਾਰ......ਫਿਰ ਸੀਖਾਂ । ਝੂੰਜੇ ਖਿਲਰੀ ਹੋਈ ਜੂਠ......ਦਾਲ......ਭਾਜੀ......ਤਰੱਕੀ ਹੋਈ । ਬਹੁਤ ਦਿਨਾਂ ਦੀ......ਸੁਕ ਗਈ ਹੈ । ਤਾਜ਼ੀ ਜੂਠ......ਸੜ ਰਹੀ ਹੈ । ਪੈਰ ਫੈਲਾ ਲੈਂਦੀ ਹੈ ਜੂਠ ਉਪਰ । ਸੌਂ ਜਾਏਗੀ ਏਥੇ ਹੀ ਅਤੇ ਸਾਹਮਣੇ ? ਉਹੀ ਨਵੀਂ ਕੁੜੀ......ਰੋਈ ਜਾ ਰਹੀ ਹੈ । ਨਹੀਂ ਬੰਦ ਹੋਵੇਗਾ ਰੋਣਾ ।

—ਹੁਣ ਚੁੱਪ ਵੀ ਕਰ । ਰੋ ਰੋ ਕੇ ਬੁਰਾ ਹਾਲ । ਕਦੋਂ ਤਕ ਰੋਏਂਗੀ ਤੂੰ ?

ਇਕ ਵਾਰ ਦੇਖਦੀ ਹੈ ਕੁੜੀ......ਫਿਰ ਸਿਸਕੀਆਂ......ਹਉਕੇ । ਦੇਖਦੀ ਰਹਿੰਦੀ ਹੈ ਮੈਨਾ । ਹੌਲੀ ਹੌਲੀ । ਆਪੇ ਠੰਡਾ ਹੋ ਜਾਂਦਾ ਹੈ ਮਨ ਦਾ ਉਬਾਲ । ਨਵੀਂ ਕੁੜੀ......ਹੈ ਬਿਲਕੁਲ ਮਾਸੂਮ । ਕਈ ਸਾਲ ਪਹਿਲਾਂ... ਇਹੋ ਜਿਹੀ ਹੀ ਸੀ ਮੈਨਾ ਵੀ । ਹੱਸਦੀ ਤਾਂ ਹੱਸੀ ਜਾਂਦੀ । ਰੋਣਾ ਕਿਸ ਨੂੰ ਕਹਿੰਦੇ ਹਨ......ਪਤਾ ਨਹੀਂ । ਫਿਰ ਕਿਉਂ ਸ਼ੁਰੂ ਹੋਇਆ ਰੋਣਾ...... ਤਾਂ ਬੱਸ ਫਿਰ ਰੋਣਾ......ਰੋਣਾ । ਹੱਸਣਾ ਕਿਸ ਬਲਾ ਦਾ ਨਾਂ ਹੈ... . ਪਤਾ ਨਹੀਂ ।

ਕਿੱਥੇ ਚਲੇ ਗਏ ਸਾਰੇ ਲੋਕ !

ਏ । ਤੱਕ ਏਧਰ ।......ਕੀ ਕਹਿੰਨੀ ਆਂ ਮੈਂ । ਸੁਣੀ ਊ ਮੇਰੀ ਗੱਲ ? ਏਧਰ ਤੱਕ । ਗੱਲ ਕਰ ਮੇਰੇ ਨਾਲ......।

ਬੜੀ ਮੁਸ਼ਕਿਲ......ਸਿਰ ਚੁਕਦੀ ਹੈ ਕੁੜੀ । ਅੱਖਾਂ ਭਰੀਆਂ......ਪਰ ਰੁਕ ਗਈਆਂ ਹਨ ਸਿਸਕੀਆਂ ।

ਦੇਖ ! ਇਹ ਰੋਣਾ-ਧੋਣਾ ਫਜ਼ੂਲ......ਏਥੇ ਕੋਈ ਸੁਣਨ ਵਾਲਾ ਨਹੀਂ । ਤੂੰ ਰੋ ਰੋ ਕੇ ਮਰ ਵੀ ਜਾਏਂਗੀ ਨਾ......ਤਾਂ ਵੀ ਕੋਈ ਪੁੱਛਣ ਵਾਲਾ ਨਹੀਂ । ਜ਼ਰਾ ਹੌਸਲੇ ਤੋਂ ਕੰਮ ਲੈ । ਮੇਰੇ ਨਾਲ ਗੱਲ ਕਰ । ਮੇਰੇ ਕੋਲੋਂ ਜੋ ਸਕਿਆ ਤੇਰੇ ਭਲੇ ਲਈ ਕਰਾਂਗੀ । ਸਮਝੀ ਏਂ ਨਾ ?

ਠਹਿਰ ਜਾਂਦੇ ਹਨ ਉਮਡਦੇ ਹੋਏ ਅੱਥਰੂ । ਦੇਖਦੀ ਰਹਿੰਦੀ ਹੈ ਪਲ ਭਰ ਮੈਨਾ ਦੀਆਂ ਅੱਖਾਂ

ਵਿਚ......ਫਿਰ ਫਿੱਸ ਪੈਂਦੀ ਹੈ ਅਚਾਨਕ। ਡੁਸਕਦੀ ਜਾਂਦੀ ਹੈ। ਲੱਖ ਸਮਝਾਓ ਨਹੀਂ ਸਮਝੇਗੀ।

ਹੋ ਗਈ ਸਵੇਰ। ਨਹੀਂ ਆਇਆ ਭੱਤੇ ਵਾਲਾ ਅਜੇ ਤਕ। ਜਿਹੜੀਆਂ ਸੁੱਤੀਆਂ ਹਨ...... ਸੌਂਈ ਜਾ ਰਹੀਆਂ ਹਨ। ਜੋ ਜਾਗਦੀਆਂ ਹਨ......ਤੱਕ ਰਹੀਆਂ ਹਨ ਸੀਖਾਂ ਵਲ। ਕਦੋਂ ਆਇਗਾ? ਚੰਗਾ ਲਗਦਾ ਹੈ ਇਸ ਤਰ੍ਹਾਂ......ਭੱਤੇ ਵਾਲੇ ਦਾ ਰਾਹ ਦੇਖਣ......ਸਮਾਂ ਲੰਘ ਜਾਂਦਾ ਹੈ ਉਧਰ......ਬੰਦ ਹੋ ਗਈ ਹੈ ਨਾਲੀ। ਭਰ ਗਿਆ ਹੈ ਪਾਣੀ......ਸਿਰਿਆਂ ਤਕ। ਜੂਠ ਦੀਆਂ ਰੋਟੀਆਂ......ਦਾਲ......ਸਾਬਣ ਦੀ ਝੱਗ......ਟੱਟੀਆਂ ਦਾ ਗੰਦ......ਤਰ ਰਹੇ ਹਨ ਸਭ। ਠੱਪ ਠੱਪ......ਓਸੇ ਵਿਚ ਬੈਠੀ ਕਪੜੇ ਧੋ ਰਹੀ ਹੈ ਇਕ। ਇਕ ਮਹੀਨੇ ਤੋਂ ਅੰਦਰ ਬੰਦ ਹੈ। ਤੀਸਰਾ ਰਿਮਾਂਡ ਦੇ ਦਿੱਤਾ ਮੈਜਿਸਟਰੇਟ ਨੇ। ਠੱਪ ਠੱਪ......ਧੋਂਦੀ ਹੈ ਕਪੜਾ......ਲੰਘਾਉਂਦੀ ਹੈ ਵਕਤ।

ਬਸ਼ੀਰਨ ਅਤੇ ਨੂਰਨ......ਸੁਲਹ ਹੋ ਗਈ ਹੈ ਲੜਨ ਵਾਲੀ ਨਾਲ। ਆਪੇ ਹੀ ਥਾਂ ਦੇ ਦਿੱਤੀ ਹੈ ਹੁਣ। ਬੈਠੀਆਂ ਹਨ ਦੋਵੇਂ। ਪਰ ਹੈ ਇਕ......ਕੋਲਾਬਾ ਦੀ ਘਰ ਵਾਲੀ......ਜੋ ਚੀਕ ਰਹੀ ਹੈ ਸੀਖਾਂ ਨੂੰ ਫੜੀ।......ਮੁਨਸ਼ੀ......ਏ ਮੁਨਸ਼ੀ। ਜਮਾਂਦਾਰ ਨੂੰ ਭੇਜ......ਏਥੇ ਸਭ ਪਾਣੀ ਭਰ ਗਿਆ ਏ। ਮੁਨਸ਼ੀ......ਏ ਮੁਨਸ਼ੀ।

ਨਵੀਂ ਕੁੜੀ ਦਾ ਰੋਣਾ ਬੰਦ ਨਹੀਂ ਹੁੰਦਾ। ਖਿੱਝ ਕੇ ਬੈਠ ਜਾਂਦੀ ਹੈ ਮੈਨਾ ਚੁੱਪ ਚਾਪ। ਪਰ ਬੈਠਿਆ ਨਹੀਂ ਜਾਂਦਾ। ਫਿਰ ਪੁਛਦੀ ਹੈ ਪਿਆਰ ਨਾਲ।...... ਮੈਨੂੰ ਕੁਝ ਦਸ ਤਾਂ ਸਹੀ। ਕਿਥੇ ਏ ਤੇਰਾ ਪਿੰਡ? ਦੱਸ ਵੀ। ਕਿੱਥੇ ਏ ਤੇਰਾ ਘਰ?

ਨਹੀਂ ਦੱਸਦੀ ਨਵੀਂ ਕੁੜੀ।

ਨਾਂ ਕੀ ਏ ਤੇਰਾ?......ਤੇ ਨਾਂ ਦੱਸਣ ਵਿਚ ਕੀ ਜਾਂਦਾ ਏ ਤੇਰਾ? ਕੌਣ ਲਿਆਇਆ ਏ ਤੈਨੂੰ ਬੰਬਈ ਵਿਰ?

ਬਹੁਤ ਦੇਰ ਤਕ ਨਹੀਂ ਬੋਲਦੀ ਕੁੜੀ। ਫਿਰ ਸ਼ੁਰੂ ਕਰ ਦੇਂਦੀ ਹੈ ਬੋਲਣਾ। ਮੈਲੀਆਂ ਕੰਧਾਂ ਉਪਰ ਕੋਲੇ ਨਾਲ ਲਿਖੇ ਹੋਏ ਨਾਂ......ਕਿਸ ਦੇ ਨੇ? ਸਲੀਮਾ......ਜਗੋ...... ਫਲੋਰਾ......। ਕਿੱਥੇ ਚਲੀਆਂ ਗਈਆਂ ਸਾਰੀਆਂ? ਜੀਉਂਦੀਆਂ ਨੇ ਜਾਂ ਮਰ ਗਈਆਂ? ਕਦੋਂ ਆਈਆਂ ਸਨ...... ਅਤੇ ਕਿੱਥੇ ਚਲੀਆਂ ਗਈਆਂ?

ਨਵੀਂ ਕੁੜੀ ਦਾ ਕਿੱਸਾ...... ਸੁਣਦੀ ਜਾਂਦੀ ਹੈ ਮੈਨਾ ਚੁੱਪ ਚਾਪ। ਬੜੇ ਪੈਸੇ ਵਾਲਾ ਹੈ ਕੁੜੀ ਦਾ ਪਿਉ......ਕਾਠੀਆਵਾੜ ਵਿਚ। ਬਹੁਤ ਸਾਰੀ ਜ਼ਮੀਨ...... ਖੇਤ......ਗਾਵਾਂ ...... ਮੱਝਾਂ......ਸਭ ਕੁਝ। ਪਰ ਕੁੜੀ ਨੂੰ ਹੋ ਗਿਆ ਇਸ਼ਕ......ਭੱਜ ਕੇ ਆ ਗਈ ਬੰਬਈ। ਇਸ਼ਕ ਝੂਠਾ ਨਿਕਲਿਆ। ਕਿਸੇ ਕੋਲੋਂ ਲਏ ਕੁਝ ਰੁਪਏ ਅਤੇ ਛੱਡ ਕੇ ਚਲਾ ਗਿਆ ਮੁਹੱਬਤ ਕਰਨ ਵਾਲਾ।......ਪਰ ਮੈਨਾ ਨੇ ਨਹੀਂ ਸੁਣਨਾ ਇਹ ਸਭ ਕੁਛ। ਟੋਕ ਦਿੰਦੀ ਹੈ ਵਿਚੋਂ ਹੀ।......ਪਹਿਲਾਂ ਇਹ ਦਸ ਕਿ ਪਿੰਡ ਕਿਹੜਾ ਏ ਤੇਰਾ?

ਅਤੇ ਚੁੱਪ ਹੋ ਜਾਂਦੀ ਹੈ ਬੋਲਣ ਵਾਲੀ।......ਨਹੀਂ......ਮੈਂ......ਮੈਂ ਪਿੰਡ ਦਾ ਨਾਂ

ਨਹੀਂ ਦੱਸਾਂਗੀ......।

—ਕਿਉਂ ਨਹੀਂ ਦੱਸਣਾ? ਪਿੰਡ ਦਾ ਨਾਂ ਨਹੀਂ ਦਸੇਗੀ......ਪਿਉ ਦਾ ਨਾਂ ਨਹੀਂ ਦਸੇਗੀ......ਤਾਂ ਵਾਪਸ ਕਿੰਜ ਜਾਏਂਗੀ?

ਖਾਮੋਸ਼ੀ......ਅਤੇ ਅੱਥਰੂ ਡਿੱਗੀ ਜਾਂਦੇ ਹਨ ਜ਼ਮੀਨ ਉਤੇ। ਫਿਰ ਹੋਰ ਜ਼ਿਆਦਾ ਖਾਮੋਸ਼ੀ। ਫਿਰ ਸੁਣਾਈ ਦੇਂਦੀ ਹੈ ਆਵਾਜ਼ ਹੌਲੀ ਹੌਲੀ।......ਮੈਂ ਨਹੀਂ ਜਾਣਾ ਉਧਰ......।

ਖਾਮੋਸ਼ੀ......ਹੋਰ......ਕਿਉਂ ਨਹੀਂ ਜਾਣਾ?

ਫਿਰ ਚੁੱਪ।......ਮੇਰਾ ਭਰਾ......ਮੇਰਾ ਪਿਉ......ਜਾਨੋਂ ਮਾਰ ਦੇਣਗੇ ਮੈਨੂੰ......।

ਮੂੰਹ ਬਣਾਉਂਦੀ ਹੈ ਮੈਨਾ।......ਏਥੇ ਜੀਉਂਦਿਆਂ ਰਹਿਣ ਨਾਲੋਂ ਤਾਂ ਓਹੀ ਚੰਗਾ ਏ। ਪਰ ਤੈਨੂੰ ਆਪਣੀ ਜਾਨ ਦੀ ਬੜੀ ਚਿੰਤਾ ਏ......ਹੈ ਨਾ?

ਇਕ-ਦਮ ਅੱਖਾਂ ਚੁੱਕਦੀ ਹੈ।......ਜਾਨ ਦੀ ਨਹੀਂ ਚਿੰਤਾ ਮੈਨੂੰ। ਮੇਰੇ ਵਰਗੀ ਨੂੰ ਤਾਂ ਮਾਰ ਦੇਣਾ ਹੀ ਚੰਗਾ ਏ......।

—ਤਾਂ ਫਿਰ ਜਾ......ਕਿਉਂ ਨਹੀਂ ਜਾਂਦੀ?

ਚੁਪ ਰਹਿੰਦੀ ਹੈ।......ਉਹ ਲੋਕ ਮੈਨੂੰ ਜ਼ਰੂਰ ਮਾਰ ਦੇਣਗੇ। ਪਿਛੋਂ ਉਨ੍ਹਾਂ ਦਾ ਕੀ ਬਣੂ? ਮੇਰਾ ਪਿਉ......ਮੇਰਾ ਭਾਈ......ਉਹ ਬਚਣਗੇ ਕਿੰਜ? ਉਹਨਾਂ ਦੀ ਜ਼ਿੰਦਗੀ......। ਨਹੀਂ......ਨਹੀਂ......ਮੈਂ ਹੁਣ ਓਧਰ ਨਹੀਂ ਜਾਣਾ। ਮੈਂ ਨਹੀਂ ਚਾਹੁੰਦੀ ਕਿ ਉਨ੍ਹਾਂ ਨੂੰ ਪਤਾ ਲਗੇ ਮੈਂ ਕਿੱਥੇ ਆਂ......।

ਇਕ ਪਲ ਖਾਮੋਸ਼ ਮੈਨਾ।......ਤਾਂ ਫਿਰ ਰਹਿ ਏਥੇ। ਰੋਂਦੀ ਕਿਉਂ ਏ?

—ਰੋਣਾ......ਤਾਂ ਪਵੇਗਾ ਹੀ। ਮੈਂ ਕਹਾਂ ਕਿ ਨਹੀਂ ਰੋਵਾਂਗੀ......ਤਾਂ ਭਲਾ ਨਹੀਂ ਰੋਵਾਂਗੀ? ......ਇਹ ਧੰਦਾ ਨਹੀਂ ਕਰਨਾ ਮੈਂ......ਕਿਧਰੇ ਭਾਂਡੇ ਮਾਂਜ ਲਵਾਂਗੀ। ਪਰ ਇਹ ਨੀਚ ਧੰਦਾ ਨਹੀਂ ਕਰ ਸਕਦੀ।

ਬਹੁਤ ਦੇਰ......ਗੁੰਮ ਸੁੰਮ ਬੈਠੀ ਰਹਿੰਦੀ ਹੈ ਮੈਨਾ। ਫਿਰ......ਮੈਂ ਦੱਸਾਂ? ਤੂੰ ਬਿਲਕੁਲ ਪਾਗਲ ਏਂ। ਮੇਰੇ ਤੇਰੇ ਵਰਗੇ ਇਨਸਾਨਾਂ ਨੂੰ ਤਾਂ ਏਥੇ ਭਾਂਡੇ ਮਾਂਜਣ ਨੂੰ ਵੀ ਨਹੀਂ ਮਿਲਦੇ। ਸਮਝ ਗਈ? ਮਿਲ ਵੀ ਗਿਆ ਤਾਂ ਇਨ੍ਹਾਂ ਲੋਕਾਂ ਨੇ ਸਾਡੇ ਕੋਲੋਂ ਇਹੀ ਕੰਮ ਕਰਵਾਉਣਾ ਏ ਆਖਰ। ਮੈਂ ਸਭ ਕਰਕੇ ਦੇਖ ਚੁਕੀ ਆਂ। ਵਿਆਹ ਵੀ ਕਰਵਾਇਆ......ਤਾਂ ਵੀ ਇਹੀ ਸਭ ਕੁਝ ਕਰਨਾ ਪਿਆ......।

ਅਜੇ ਤਕ ਨਹੀਂ ਆਇਆ ਭੱਤੇ ਵਾਲਾ। ਲਗ ਗਈ ਹੈ ਕਤਾਰ। ਅਲਮੋਨੀਅਮ ਦੇ ਗਲਾਸ ਹੱਥਾਂ ਵਿਚ। ਪਿਚਕ ਗਏ ਹਨ ਥਾਂ ਥਾਂ ਤੋਂ। ਕਦੋਂ ਆਏਗਾ ਭੱਤੇ ਵਾਲਾ? ਕਿੰਨੀ ਦੇਰ ਲਾਉਂਦਾ ਏ ਸਾਲਾ।

—ਏ......ਤੂੰ ਹਟ ਪਰੇ......ਏਥੇ ਮੇਰਾ ਨੰਬਰ ਹੈ।

—ਕ੍ਹਿਵੇਂ? ਮੈਂ ਅੱਗੇ ਆਂ ਤੇਰੇ ਨਾਲੋਂ......ਪੁੱਛ ਲੈ ਕਿਸੇ ਨੂੰ ਵੀ।

— ਲੋੜ ਨਹੀਂ ਪੁੱਛਣ ਦੀ । ਤੂੰ ਹੱਟ ! ਮੇਰੀ ਥਾਂ ਏ ਏਥੇ ।

— ਨਹੀਂ ਹਟਾਂਗੀ ਮੈਂ......ਲਾਈਨ ਵਿਚ ਕਿਉਂ ਵੜਦੀ ਏ ? ਜਾ ਪਿਛੇ ਜਾ ਕ ਖਲੋ ।

—ਤੂੰ ਹੱਟ ਜਾ......।

—ਨਹੀਂ ਹਟਦੀ ਮੈਂ......।

ਤੇਰੀ ਮਾਂ ਦੀ......ਹਟ ਪਰੇ ਕਹਿੰਨੀ ਆਂ ਮੈਂ......।

ਤੂੰ ਮੂੰਹ ਸੰਭਾਲ ਕੇ ਗੱਲ ਕਰ । ਨਹੀਂ ਤਾਂ ਭੰਨ ਦਿਆਂਗੀ ਮੂੰਹ......ਭੈਣ...... ।

ਅਤੇ ਹੋਰ ਕਈ ਆਵਾਜ਼ਾਂ ਇਕੱਠੀਆਂ ਗੂੰਜਦੀਆਂ ਹਨ......ਏ । ਏ !...... ਵਿਚ ਕਿਉਂ ਵੜਨੀ ਏਂ ? ਹਟ ਪਰੇ ! ਪਿਛੇ ਹੱਟ !

ਲੜਾਈ ਸ਼ੁਰੂ ਹੋ ਗਈ । ਮੈਨਾ ਅਤੇ ਕੁੜੀ......ਪਰੇ ਹੱਟ ਜਾਂਦੀਆਂ ਹਨ ਬੂਹੇ ਕੋਲੋਂ । ਸਮਝਾ ਰਹੀ ਹੈ ਕੋਲਾਬਾ ਦੀ ਘਰ ਵਾਲੀ......ਤੁਸੀਂ ਲੋਕ ਗੱਲ ਗੱਲ ਤੇ ਝਗੜਾ ਕਰਦੀਆਂ ਓ । ਬੜਾ ਮਾੜਾ । ਬਹੁਤ ਮਾੜਾ । ਇਕ ਕੱਪ ਚਾਹ ਦੇ ਵਾਸਤੇ । ਸਭ ਨੂੰ ਮਿਲੇਗੀ ਚਾਹ......ਸਭ ਨੂੰ ਮਿਲੇਗੀ ।

ਥਾਂ ਲਈ ਝਗੜਾ ਕਰਨ ਵਾਲੀ ਕੁੜੀ ਹੁਣ ਖੁਸ਼ ਹੈ । ਕਹਿ ਰਹੀ ਹੈ ਬਸ਼ੀਰਨ ਨੂੰ......ਪੈਰ ਹੋਰ ਸਿੱਧੇ ਕਰ ਲੈ ਨਾ ਯਾਰ......ਪੁਚ ।......ਨੂਰਨ ਨੂੰ......ਯਾਰ ਤੂੰ ਵੀ ਜ਼ਰਾ ਸਿੱਧੀ ਹੋ ਜਾ......ਪੁਚ । ਉਦੋਂ ਤਕ ਕਤਾਰ ਖਤਮ ਹੋ ਜਾਏਗੀ ਅਤੇ ਆਪਾਂ ਨੂੰ ਵੀ ਮਿਲ ਜਾਏਗੀ ਚਾ...... ਪੁਚ......ਪੁਚ ।

ਪੈਰ ਫੈਲਾ ਲੈਂਦੀ ਹੈ ਨੂਰਨ ।......ਨਾਂ ਕੀ ਏ ਤੇਰਾ ?

—ਮੈਨੂੰ ਪੁਛਿਐ ?......ਪੁਚ ।

ਹਾਂ !

ਹੱਸਦੀ ਅਤੇ ਗਾਉਂਦੀ ਹੈ ।......ਮੇਰਾ ਨਾਂ......ਮ ਹੈ ਚਮੇਲੀ......। ਕਿਉਂ ਯਾਰ......

ਪਸੰਦ ਆਇਆ ਮੇਰਾ ਨਾਮ ?......ਪੁਚ......

ਹਾਂ, ਪਸੰਦ ਆਇਆ ।......ਹੱਸਦੀ ਹੈ ਨੂਰਨ ।......ਪਰ ਤੂੰ ਏਥੇ ਕਿਸ ਆਈ ਚਮੇਲੀ ?

— ਜਿਵੇਂ ਤੂੰ ਆਈ......ਪੁਚ !

—ਦੱਸ ਵੀ ।

ਫਿਰ ਥੁੱਕਦੀ ਹੈ ਸਾਹਮਣੇ ।......ਕਾਂਦੇਵਾੜੀ ਵਿਚ ਇਕ ਔਰਤ ਪਾਸ ਸਾਂ ਮੈਂ । ਓਧਰ ਪੁਲੀਸ ਦਾ ਛਾਪਾ ਪਿਆ......ਪੁਚ । ਪੰਜ ਕੁੜੀਆਂ ਨੂੰ ਫੜਿਆ ਪੁਲੀਸ ਦੇ ਸਾਬ੍ਹ ਨੇ । ਦੋ ਤਾਂ ਰੋਣ ਲਗ ਪਈਆਂ......ਪੁਚ । ਪਰ ਮੈਂ ਨਹੀਂ ਰੋਈ । ਸਾਬ੍ਹ ਨੂੰ ਕਿਹਾ......ਸਾਬ੍ਹ । ਆਪਾਂ ਨਹੀਂ ਡਰਦੇ ਤੁਹਾਥੋਂ......ਮੈਨੂੰ ਪਤਾ ਏ ਤੁਸੀਂ ਕੀ ਕਰਨਾ ਏ ਅਤੇ ਕਿੱਥੇ ਜਾ ਤਾੜਨਾ ਏ...... ਮੈਂ ਨਵੀਂ ਨਹੀਂ ਆਂ ਇਸ ਮਾਮਲੇ ਵਿਚ......ਸਭ ਪਤਾ ਏ ਮੈਨੂੰ ।......ਕਿਉਂ ਯਾਰ । ਕੈਸਾ ਦਿੱਤਾ

ਜਵਾਬ ਸਾਹਬ ਨੂੰ ! ਪਸੰਦ ਆਇਆ......ਪੁਚ......!

— ਹਾਂ ! ਪਸੰਦ ਆਇਆ । ਪਰ ਤੈਨੂੰ ਪਹਿਲਾਂ ਵੀ ਲਿਆਂਦਾ ਸੀ ਏਥੇ ?

— ਕਿਤੇ ਇਕ ਵਾਰੀ......ਬੜੀ ਵਾਰੀ । ਮੈਂ ਦੇਖਣ ਨੂੰ ਛੋਟੀ ਆਂ ਪਰ ਬਹੁਤ ਦੁਨੀਆ ਦੇਖੀ ਏ ਮੈਂ......ਪੁਚ । ਕੀ ਸਮਝੀ ? ਜਦ ਪਹਿਲੀ ਵਾਰੀ ਮੈਨੂੰ ਫੜਿਆ ਤਾਂ......ਏਥੇ ਇੰਗਲੇ ਨਾਂ ਦਾ ਸਾਬ੍ਹ ਹੁੰਦਾ ਸੀ । ਸਾਲਾ ਰਾਤ ਨੂੰ ਕੰਮ ਕੀਤਾ ਮੇਰੇ ਨਾਲ ਫਿਰ ਐਨੇ ਮੋਟੇ ਡੰਡੇ ਨਾਲ ਮਾਰਿਆ । ਕਹਿਣ ਲਗਾ......ਜੇ ਦਸਿਆ ਤਾਂ ਜਾਨੋਂ ਮਾਰ ਦਿਆਂਗਾ । ਕੀ ਸਮਝੀ ? ਪੁਚ । ਬਹੁਤ ਛੋਟੀ ਸੀ ਮੈਂ ਓਦੋਂ । ਮੈਨੂੰ ਕੀ ਪਤਾ ਸੀ......ਕਰਵਾ ਵੀ ਲਿਆ ਅਤੇ ਮਾਰ ਵੀ ਖਾ ਲਈ ਚੁੱਪ ਚਾਪ । ਬਹੁਤ ਡਰ ਲਗਾ ਸੀ ਮੈਨੂੰ । ਤਿੰਨ ਦਿਨ ਬੰਦ ਰਖਿਆ ਮੈਨੂੰ......ਪਿਛੋਂ ਹੋਮ ਵਿਚ ਦਾਖਲ ਕਰਵਾ ਦਿਤਾ......ਪੁਚ ਮਹੀਨਾ ਭਰ ਉਥੇ ਰਹੀ । ਫਿਰ ਇਕ ਭਰਾ ਆਇਆ ਮੇਰਾ । ਸਾਬ੍ਹ ਨੇ ਉਹਦੇ ਕੋਲੋਂ ਪੰਜ ਸੌ ਰੁਪਿਆ ਲਿਆ ਅਤੇ ਮੈਨੂੰ ਭੇਜ ਦਿੱਤਾ ਉਹਦੇ ਨਾਲ ।...... ਉਦੋਂ ਤਾੜ ਦੇਣ ਵਿਚ ਇਕ ਮੁਸਲਮਾਨ ਔਰਤ ਸੀ । ਇਸ ਮੇਰੇ ਭਰਾ ਨੇ ਉਥੇ ਰਖਿਆ ਮੈਨੂੰ । ਉਥੇ ਧੰਦਾ ਕਰਦੀ ਸਾਂ ਮੈਂ......ਪੁਚ । ਤਿੰਨ ਟੈਮ ਗਈ ਹੋਮ ਵਿਚ ਅਤੇ ਤਿੰਨ ਭਰਾ ਆਏ ਮੇਰੇ । ਕਿਸੇ ਪੰਜ ਸੌ ਰੁਪਿਆ ਦਿੱਤਾ ਸਾਬ੍ਹ ਨੂੰ......ਕਿਸੇ ਚਾਰ ਸੌ । ਹੁਣ ਇਸ ਵਾਰੀ ਕੀ ਕਰੇਗਾ ਪਤਾ ਨਹੀਂ......। ਕਿਉਂ ਯਾਰ ? ਨੀਂਦ ਆਉਂਦੀ ਏ ? ਥੁੱਕਦੀ !

ਹੱਸਦੀ ਹੈ ਬਸ਼ੀਰਨ ।......ਕਿੰਨੇ ਭਰਾ ਨੇ ਤੇਰੇ ਬੰਬਈ ਵਿਚ ?

—ਸਾਰੀ ਬੰਬਈ ਦੇ ਬੰਦੇ ਮੇਰੇ ਭਰਾ ਨੇ । ਜਿਹੜਾ ਸਾਹਬ ਨੂੰ ਮੁੱਲ ਤਾਰੂ......ਓਹੀ ਮੇਰਾ ਭਰਾ ਹੋ ਜਾਏਗਾ । ਭਰਾ ਨਹੀਂ ਹੋਏਗਾ ਤਾਂ ਬਾਪ ਹੋ ਜਾਏਗਾ । ਬਾਪ ਨਹੀਂ ਹੋਏਗਾ ਤਾਂ ਮਰਦ ਹੋ ਜਾਏਗਾ । ਪੁਚ ! ਸਾਲਾ ਇਹ ਲੋਕ ਕਿੰਨਾ ਪੈਸਾ ਕਮਾਂਦੇ ਹਨ......ਓਧਰ ਹੋਮ ਵਿਚ ਕੁੜੀਆਂ ਭੁੱਖੀਆਂ ਮਰਦੀਆਂ ਨੇ । ਇਨ੍ਹਾਂ ਦੀ ਮਾਂ ਦੀ......ਪੁਚ !

ਕਤਾਰ ਹੈ ਲੰਮੀ । ਇਕ ਚਾਹ......ਇਕ ਬਰੂਨ......ਬਸ । ਰੋਜ਼ ਦਾ ਭੱਤਾ ਦੋ ਰੁਪਏ......ਸਭ ਕੁਝ ਦੋ ਰੁਪਏ ਵਿਚ । ਦੋ ਵੇਲੇ ਦੀ ਚਾਹ......ਨਾਸ਼ਤਾ......ਖਾਣਾ...... ਬੀੜੀ......ਤਮਾਕੂ......ਸਭ ਕੁਝ । ਖੋਖੇ ਵਿਚ ਬੈਠੀ ਹੈ ਲੈਲਾਬਾਈ......ਇਕ ਇਕ ਦਾ ਹਿਸਾਬ ਲਿਖ ਰਹੀ ਹੈ ।......ਚਲ ਤੂੰ ! ਲੈ ਨਫੀਸਾ ਚਾਹ ਲੈ ਲਈ ? ਬਰੂਨ ? ਤਾਂ ਫਿਰ ਖੜੀ ਕਿਉਂ ਏਂ ? ਪਿੱਛੇ ਹੱਟ । ਆਣ ਦੇ ਕਿਸੇ ਹੋਰ ਨੂੰ ਵੀ......ਜਨਾ । ਕੀ ਚਾਹੀਦਾ ਈ ? ਨਰਮ ਪਾਵ ਕਿ ਬਰੂਨ ?......ਲੈ......ਹੱਟ ! ਹੱਟਦੀ ਕਿਉਂ ਨਹੀਂ ? ਹੁਣ ਹੋਰ ਕੀ ਚਾਹੀਦੈ ਤੈਨੂੰ ?

—ਚਾਹ ਘੱਟ ਪਾਈ ਮੈਨੂੰ......ਥੋੜ੍ਹੀ ਹੋਰ ਪਾ ਨਾਂ ।

ਨਾਰਾਜ਼ ਹੈ ਭੱਤੇ ਵਾਲਾ ।......ਬਰਾਬਰ ਦਿਤੈ । ਚਲ ਹੱਟ ਜਲਦੀ । ਟੈਮ ਨਹੀਂ ਏ ਮੈਨੂੰ......।

—ਪਾ ਨਾ । ਥੋੜ੍ਹੀ ਜਿੰਨੀ ਹੋਰ ਪਾ ਦੇ । ਏਨਾ ਵੀ ਕੀ ਹੋਇਆ !

—ਲੈ ਫੜ । ਭੱਜ ਜਾ ਜਲਦੀ । ਚਲੋ ਬਈ ਦੂਜਾ......।

ਹੱਟ ਗਈ ਚਾਹ ਲੈਣ ਵਾਲੀ । ਕਤਾਰ ਵਿਚ ਦੂਜੀ......ਮੰਗੂਬਾਈ।

ਤੂੰ ਕੀ ਲੈਣਾ ਈ ?

—ਚਾਹ ਦੇ ! ਬੁਰੂਨ ਦੇ ! ਿ ਕ ਬੰਡਲ ਬੀੜੀ ਦੇ......।

—ਚਲ ਅਗਾਂਹ ਤੁਰ । ਤੈਨੂੰ......ਕੀ ਚਾਹੀਦੈ ?

—ਮੇਰੀ ਨਸਵਾਰ ਲਿਆਇਆ ਕਿ ਨਹੀਂ ? ......ਚੀਕਦੀ ਹੈ ਬੁੱਢੀ ।......

ਸਾਲਾ......! ਅੱਜ ਵੀ ਨਹੀਂ ਲਿਆਇਆ ਤੂੰ......।

ਸਮਝਾਉਂਦੀ ਹੈ ਲੈਲਾ......ਦੇਖ......ਦੇਖ ! ਗਾਲ੍ਹਾਂ ਨਾ ਕੱਢ ਓਹਨੂੰ ।

—ਕਿਉਂ ਨਾ ਕੱਢਾਂ ਗਾਲ੍ਹਾਂ ? ਏਥੇ ਨਸਵਾਰ ਬਿਨਾਂ ਮੇਰੀ ਜਾਨ ਨਿਕਲ ਰਹੀ ਏ......ਅਤੇ ਇਹ ਭੜੂਆ ਰੋਜ਼ ਈ ਭੁਲ ਜਾਂਦਾ ਏ ।

—ਮੈਂ ਕੀ ਤੇਰੇ ਪਿਉ ਦਾ ਨੌਕਰ ਆਂ !......ਚੀਕਦਾ ਹੈ ਭੱਤੇ ਵਾਲਾ ।......ਨਹੀਂ ਲਿਆਂਦਾ ! ਮੂੰਹ ਸੰਭਾਲ ਕੇ ਗੱਲ ਕਰ ।

—ਚਲ ਹੱਟ ਪਿਛੇ ! ਹੱਟ ਪਿਛੇ ।......ਕਈ ਆਵਾਜ਼ਾਂ ਇੱਕਠੀਆਂ । ਹੱਟਣਾ ਪੈਂਦਾ ਹੈ ਬੁੱਢੀ ਨੂੰ ।

ਚਾਹ ਅਤੇ ਬੁਰਨ ! ਚਾਹ ਅਤੇ ਪਾਵ ! ਘਟੀ ਜਾ ਰਹੀ ਹੈ ਕਤਾਰ ।

ਇਕ ਹਲਕੀ ਫੁਸ-ਫੁਸਾਹਟ......ਮੇਰਾ ਸਾਮਾਨ ਲਿਆਇਆ ਏਂ ?

ਸਿਰ ਉਠਾ ਕੇ ਦੇਖਦਾ ਹੈ ਭੱਤੇਵਾਲਾ ।......ਹਾਂ ! ਲਿਆਇਆ ਆਂ ।

ਜੇਬ ਵਿਚੋਂ ਕੱਢਦਾ ਹੈ ਪੁੜੀ......ਚਰਸ ਦੀ । ਦੇਂਦਾ ਹੈ ਚੁੱਪ ਚਾਪ । ਨਾ ਚਾਹ ! ਨਾ ਪਾਵ ! ਸਾਰੇ ਭੱਤੇ ਦੀ ਚਰਸ ।......ਚਲੋ ਬਈ ਦੂਜਾ......।

ਆ ਜਾਂਦੀ ਹੈ ਸਾਹਮਣੇ......ਇਕ ਪਤਲੀ ਔਰਤ ।

—ਤੇਰਾ ਨਾਂ ਕੀ ਏ ? ਭੁਲ ਗਈਆਂ ਮੈਂ । ਸਿਰ ਉਠਾ ਕੇ ਪੁੱਛਦੀ ਹੈ ਲੈਲਾ ।

—ਸੁਭੱਦਰਾ ।

ਹਾਂ..... ਹਾਂ ! ਯਾਦ ਆ ਗਿਆ ਮੈਨੂੰ । ਕੀ ਲੈਣਾ ਈ......ਬੁਰਨ ਕਿ ਪਾਵ ?

ਸੁਭੱਦਰਾਂ......ਪਤਲੀ ਔਰਤ......ਖੜੀ ਹੈ ਚੁੱਪ ਚਾਪ ।......ਦੋਵੇਂ ਈ ਨਹੀਂ। ਮੈਂ ਇਕ ਪੋਸਟ ਕਾਰਡ ਲਿਆਉਣ ਲਈ ਕਿਹਾ ਸੀ । ਲਿਆਇਆ ਏਂ ?

ਹੌਲੀ ਹੌਲੀ ਹਿਲਾਉਂਦਾ ਹੈ ਸਿਰ ।......ਨਹੀਂ ਲਿਆਇਆ ! ਭੁਲ ਗਿਆ ।

ਇਕ ਧੁੰਦਲੀ ਜਿਹੀ ਛਾਇਆ......ਅੱਖਾਂ ਅਗੇ ।......ਭੱਤੇ ਵਾਲੇ ਵੀਰਾ ! ਤੂੰ ਨਹੀਂ ਲਿਆਏਂਗਾ ਤਾਂ ਹੋਰ ਕੌਣ ਲਿਆ ਕੇ ਦਏਗਾ ਮੈਨੂੰ ! ਏਥੇ ਤਾਂ ਮੇਰੇ ਲਈ ਸਭ ਕੁਝ ਤੂੰਹੀਓਂ ਈ ਏ......ਤੈਨੂੰ ਨਹੀਂ ਕਹਾਂਗੀ ਤਾਂ ਕਿਸਨੂੰ ਕਹਾਂਗੀ......?

ਸੀਖਾਂ ਤੋਂ ਪਾਰ......ਦੇਖਦਾ ਹੈ ਭੱਤੇਵਾਲਾ ।......ਅੱਛਾ ! ਹੁਣ ਤੂੰ ਲੈ ਲੈ ਚਾਹ ਅਤੇ ਬੁਰਨ । ਦੁਪਹਿਰੇ ਜ਼ਰੂਰ ਲੈ ਆਵਾਂਗਾ ਪੋਸਟ ਕਾਰਡ । ਸਿੰਗਲ ਕਾਰਡ ਈ ਚਾਹੀਦਾ ਏ ਨਾ ਤੈਨੂੰ ?

ਹਾਂ......ਹਾਂ......ਦੁਪਹਿਰੇ ਜ਼ਰੂਰ ਲਈ ਆਵਾਂਗਾ । ਕਹਿ ਦਿੱਤਾ ਏ ਨਾ ਜ਼ਰੂਰ......।

ਲੈ ਲੈਂਦੀ ਹੈ ਚਾਹ ਅਤੇ ਬੁਰਨ......ਅਤੇ ਹਟ ਜਾਂਦੀ ਹੈ ।......ਚਲੋ ਬਈ ਦੂਜਾ......।

ਬਸ਼ੀਰਨ, ਨੂਰਨ ਅਤੇ ਚੰਮੇਲੀ......ਸਭ ਖੜੀਆਂ ਹਨ ਕਤਾਰ ਵਿਚ......ਜੋ ਖਤਮ ਹੋ ਰਹੀ ਹੈ । ਮੈਨਾ ਉਠਾਉਂਦੀ ਹੈ ਨਵੀਂ ਕੁੜੀ ਨੂੰ ।......ਚਲ ਉਠ ! ਚਾਹ ਪੀ ਲੈ । ਰੋਣਾ ਧੋਣਾ ਤਾਂ ਚਲਦਾ ਈ ਰਹੂ ।......ਉਠ......ਉਠ !

ਪਿਚਕੇ ਹੋਏ ਗਲਾਸਾਂ ਨੂੰ ਫੜੀ ਦੋਵੇਂ ਖੜੀਆਂ ਹਨ ਸਭ ਤੋਂ ਪਿਛੇ ।......ਇਕ ਕਾਲੀ ਕੁੜੀ ਸਭ ਤੋਂ ਅਗੇ......ਚੁਪ ਚਾਪ । ਕਿਉਂ ਚੁਪ ਖੜੀ ਏਂ ਕੁਝ ਬੋਲ ਵੀ ਨਾ......ਭੱਤੇ ਵਾਲੇ! ਮੇਰਾ ਇਕ ਕੰਮ ਕਰੇਂਗਾ ?

—ਹਾਂ ਕਰਾਂਗਾ । ਬੋਲ । ਕੀ ਕੰਮ ਏ ?

—ਹਾਂ ਕਰਾਂਗਾ । ਦੱਸ ! ਕੀ ਕੰਮ ਈ ?

ਓਧਰ......ਬੰਬਈ ਸੈਂਟਰਲ ਸਟੇਸ਼ਨ ਕੋਲ ਝੌਂਪੜ-ਪੱਟੀ ਹੈ ਨਾ......ਓਧਰ ਮੇਰਾ ਭਾਈ ਰਹਿੰਦਾ ਏ । ਮੈਨੂੰ ਏਥੇ ਤਾੜ ਕੇ ਰਖਿਆ ਏ......ਓਹਨੂੰ ਵਿਚਾਰੇ ਨੂੰ ਪਤਾ ਹੀ ਨਹੀਂ । ਦਸ ਦਿਨ ਹੋ ਗਏ ਨੇ । ਤੂੰ ਉਹਨੂੰ ਦੱਸੇਂਗਾ ਜਾ ਕੇ ?......ਤੇਰੀ ਬਹੁਤ ਮਿਹਰਬਾਨੀ ਹੋਵੇਗੀ......।

ਪਰ ਨਾਰਾਜ਼ ਹੈ ਹੁਣ ਭੱਤੇ ਵਾਲਾ ।......ਨਹੀਂ ਨਹੀਂ ਟੈਮ ਨਹੀਂ ਹੈ ਮੇਰੇ ਕੋਲ......।

—ਚਲਾ ਜਾਈਂ ! ਤੈਨੂੰ ਪੈਸੇ ਦਿਆਂਗੀ ਜਾਣ ਦੇ ।......ਮੁਫਤ ਥੋੜ੍ਹਾ ਕਹਿੰਦੀ ਆਂ......।

ਹੁਣ ਹੋਰ ਨਾਰਾਜ਼ ਹੈ ਭੱਤੇ ਵਾਲਾ......ਤੇਰੇ ਕੋਲ ਪੈਸੇ ਹਨ ?......ਕਿੱਥੇ ਨੇ ਪੈਸੇ ? ਕੱਢ ?

ਕਾਲੀ ਕੁੜੀ......ਦੇਖ ਰਹੀ ਹੈ ਚੁਪ ਚਾਪ । ਸਮਝਾਉਣਾ ਚਾਹੁੰਦੀ ਹੈ ਹੌਲੀ ਹੌਲੀ ।...... ਨਹੀਂ ਪੈਸੇ ਨਹੀਂ ਹਨ ਮੇਰੇ ਪਾਸ । ਪਰ ਤੂੰ ਮੈਨੂੰ ਅੱਜ ਖਾਣ ਨੂੰ ਨਾ ਦਈਂ......ਚਾਹ ਵੀ ਨਾ ਦਈਂ । ਜੀਅ ਕਰੇ ਤਾਂ ਦੋਵੇਂ ਵਕਤ ਨਾ ਦਈਂ ਭੱਤੇ ਦੇ ਪੈਸੇ ਆਪਣੇ ਕੋਲ ਹੀ ਰੱਖ ਲਈਂ । ਸਮਝਿਆ ਏਂ ਭਲਾ ? ਮੈਂ ਬਹੁਤ ਮੁਸੀਬਤ ਵਿਚ ਹਾਂ । ਉਸ ਨੂੰ ਪਤਾ ਨਹੀਂ ਲਗਣਾ......ਤੇ ਮੈਂ ਏਥੇ ਸੜਦੀ ਰਹਾਂਗੀ......।

—ਨਹੀਂ ਨਹੀਂ । ਝੌਂਪੜ-ਪੱਟੀ ਵਿਚ ਨਹੀਂ ਜਾਂਦਾ । ਟੈਮ ਨਹੀਂ ਮੈਨੂੰ......।

ਪਰ ਸਮਝਾ ਰਹੀ ਹੈ ਲੈਲਾ ਵੀ......ਜਾ ਜਾ ! ਕੰਮ ਕਰਦੇ ਵਿਚਾਰੀ ਦਾ । ਏਥੇ ਕੋਈ ਸੁਣਨ ਵਾਲਾ ਨਹੀਂ । ਅੱਜ ਦਾ ਭੱਤਾ ਲੈ ਲਵੀਂ ਤੂੰ......।

ਲੈਲਾ ਵਲ ਦੇਖਦਾ ਹੈ ਇਕ ਵਾਰ......ਕੋਈ ਜਵਾਬ ਨਹੀਂ ਦੇਂਦਾ । ਭੈੜਾ ਜਿਹਾ ਮੂੰਹ ਬਣਾਉਂਦਾ ਹੈ । ਚਾਹ ਭਰਦਾ ਹੈ ਪਿਚਕੇ ਗਲਾਸ ਵਿਚ । ਫਿਰ ਬੋਲ ਰਹੀ ਹੈ ਕਾਲੀ ਕੁੜੀ...... ਨਾ ਨਾ ! ਚਾਹ ਨਾ ਪਾ ਮੈਨੂੰ । ਚਾਹ ਅਤੇ ਬੁਰਨ ਦੇ ਪੈਸੇ ਤੂੰ ਰੱਖ......ਪਰ ਕੰਮ ਕਰਦੇ ਮੇਰਾ......।

ਗਲਾਸ ਫੜਾ ਦੇਂਦਾ ਹੈ ਹੱਥਾਂ ਵਿਚ......ਸੀਖਾਂ ਦੇ ਵਿਚੋਂ ਦੀ ।......ਚਾਹ ਪੀ ਲੈ ਤੂੰ । ਮੈਂ ਕੰਮ ਕਰ ਦਿਆਂਗਾ ਤੇਰਾ......।

ਸਮਝਾਉਂਦੀ ਹੈ ਲੈਲਾ......ਚਾਹ ਪੀ ਲੈ ! ਕਰ ਦੇਏਗਾ ਤੇਰਾ ਕੰਮ ।

ਹੁਣ ਖਾਲੀ ਹੈ ਦਰਵਾਜ਼ਾ । ਸੀਖਾਂ ਦੇ ਵਿਚੋਂ ਨਿਕਲਣ ਵਾਲੇ ਹੱਥ......ਹੁਣ ਨਹੀਂ ਹਨ । ਸਿਰਫ ਡੁਲ੍ਹੀ ਹੋਈ ਚਾਹ......ਗਿਲੀ ਜ਼ਮੀਨ । ਇਕ ਸਿੰਗਲ ਆਮਲੇਟ ਲੈਲਾ ਲਈ... ...ਹਿਸਾਬ ਲਿਖਣ ਦੇ ਲਈ......ਸੀਖਾਂ ਤੋਂ ਪਾਰ । ਚਲਾ ਗਿਆ ਭੱਤੇ ਵਾਲਾ । ਪਾਵ ਉਤੇ ਰੱਖ ਕੇ ਆਮਲੇਟ ਖਾ ਰਹੀ ਹੈ ਗੋਰੀ ਲੈਲਾ......ਗੱਲਾਂ ਕਰੀ ਜਾ ਰਹੀ ਹੈ ਕਾਲੀ ਕੁੜੀ ਨਾਲ।... ...ਅੱਛਾ ਕਿਉਂ ਫੜਿਆ ਸੀ ਤੈਨੂੰ ?

ਹੱਥ ਰੱਖ ਲੈਂਦੀ ਹੈ ਮੱਥੇ ਤੇ ।......ਮੁਕੱਦਰ ਖਰਾਬ......ਫੜੀ ਗਈ ! ਹੋਰ ਕਾਹਦੇ ਲਈ ਫੜਨਾ ਸੀ......।

ਹੱਸਦੀ ਹੈ ਲੈਲਾ ।......ਮੁਕੱਦਰ ਤਾਂ ਸਾਰਿਆਂ ਦਾ ਈ ਖਰਾਬ ਏ ! ਪਰ ਕੁਝ ਹੋਰ ਵੀ ਤਾਂ ਕੀਤਾ ਹੋਊ । ਉਹ ਦੱਸ ! ਕਿਉਂ ਫੜਿਆ ਸੀ ਤੈਨੂੰ......?

—ਮੈਂ ਰੰਡੀ ਨਹੀਂ ਆਂ । ਚੋਰੀ ਕਰਦਿਆਂ ਫੜਿਆ ਸੀ ਮੈਨੂੰ......।

ਫਿਰ ਹੱਸਦੀ ਹੈ ਲੈਲਾ ।......ਚੋਰੀ ਵਿਚ ! ਕਿਹੜੀ ਚੋਰੀ ਕੀਤੀ ਸੀ ?

ਬੋਲਦੀ ਜਾਂਦੀ ਹੈ......ਅਤੇ ਰੁਕ ਜਾਂਦੀ ਹੈ ਕਾਲੀ ਕੁੜੀ ।......ਛੱਡ ਜਾਣ ਦੇ......। ਕੀ ਕਰੇਂਗੀ ਪੁੱਛ ਕੇ......।

ਹੋਰ ਹੱਸਦੀ ਹੈ ਲੈਲਾ ।......ਤੂੰ ਸਮਝਨੀ ਏਂ ਕਿ ਮੈਂ ਸਾਹਿਬ ਨੂੰ ਦੱਸ ਦਿਆਂਗੀ ਤੇਰੀ ਗੱਲ ? ਮੈਨੂੰ ਕੀ ਏ......ਉਹ ਤਾਂ ਮੈਂ ਐਵੇਂ ਹੀ ਪੁੱਛਦੀ ਹਾਂ......।

ਚਾਹ ਅਤੇ ਬੁਰਨ ਦੇ ਟੁਕੜੇ......ਘੱਟ ਜਾਂਦੇ ਹਨ ਹਮੇਸ਼ਾਂ । ਦੁਪਹਿਰੇ ਅਤੇ ਸ਼ਾਮੀ ਵੀ ......ਹਰ ਰੋਜ਼ ਇੰਜ ਹੀ ਹੁੰਦਾ ਹੈ । ਹਰ ਚੀਜ਼......ਹਮੇਸ਼ਾਂ ਘੱਟ । ਜ਼ਿੰਦਗੀ ਅਤੇ ਬਹੁਤ ਲੰਮੇ ਵਕਤ ਦੇ ਵਿਚਕਾਰ......ਹਰ ਚੀਜ਼......ਹਮੇਸ਼ਾਂ ਘੱਟਦੀ ਰਹੀ । ਦਾਲ ਅਤੇ ਰੋਟੀ......ਭਾਤ ਅਤੇ ਭਾਜੀ......ਚਾਹ ਅਤੇ ਪਾਵ......ਸਭ ਘੱਟ । ਕਦੇ ਵੀ ਪੂਰੇ ਨਹੀਂ ਹੋਏ ।......ਹੋ ਗਿਆ ਖਤਮ । ਮੈਲੀ ਧੋਤੀ ਨਾਲ ਮੂੰਹ ਪੂੰਝਦੀ ਹੈ ਕਾਲੀ ਕੁੜੀ । ਲੈਲਾ ਦਾ ਆਮਲੇਟ ਬਚਿਆ ਪਿਆ ਹੈ । ਅਜੇ ਖਾਲੀ ਗਲਾਸ ਨੂੰ ਧੋਇਆ ਜਾ ਰਿਹਾ ਹੈ ਨਲਕੇ ਉਪਰ । ਛਪ......ਛਪ......ਜਮ੍ਹਾਂ ਹੁੰਦਾ ਜਾ ਰਿਹਾ ਹੈ ਪਾਣੀ ।

—ਮੁਨਸ਼ੀ ! ਓ ਮੁਨਸ਼ੀ ! ਭੇਜੀਂ ਜਮਾਦਾਰ ਨੂੰ......!

ਉਠਦੀ ਹੈ ਕਾਲੀ ਕੁੜੀ ।......ਤੇਰਾ ਗਲਾਸ ਖਾਲ੍ਹੀ ਹੋ ਗਿਆ ਲੈਲਾ ਬਾਈ ? ਮੈਨੂੰ ਦੇ ! ਮੈਂ ਧੋ ਲਿਆਉਂਦੀਆਂ ।

—ਨਹੀਂ ਨਹੀਂ ! ਤੂੰ ਕਿਉਂ ਧੋਵੇਂ ਮੇਰਾ ਜੂਠਾ ! ਮੈਂ ਆਪ ਧੋ ਲਵਾਂਗੀ ।

ਪਰ ਗਲਾਸ ਲੈ ਲੈਂਦੀ ਹੈ ਕਾਲੀ ਕੁੜੀ । ਚਲੀ ਜਾਂਦੀ ਹੈ ਨਲਕੇ ਤੇ । ਛਪ ਛਪ । ਹੁਣ ਹੋਰ ਜ਼ਿਆਦਾ ਪਾਣੀ ।......ਇਹ ਸਾਲਾ ਮੁਨਸ਼ੀ ਦਾ ਬੱਚਾ ! ਕੋਈ ਫਿਕਰ ਨਹੀਂ ਇਹਨੂੰ । ਘਰ ਜਾ ਕੇ ਸੌਂ ਜਾਂਦਾ ਏ ਆਰਾਮ ਨਾਲ......।

ਪਰ ਖੁਲ੍ਹ ਜਾਂਦਾ ਹੈ ਸੀਖਾਂ ਵਾਲਾ ਦਰਵਾਜ਼ਾ । ਅੰਦਰ ਆ ਜਾਂਦੀ ਹੈ ਕਾਂਸਟੇਬਲ । ਸਫੇਦ......ਇਕ-ਦਮ ਸਫੇਦ......ਅਤੇ ਨੀਲੀ । ਇਕੋ ਅਵਾਜ਼ ਨਾਲ ਚੀਕਦੀਆਂ ਹਨ ਸਾਰੀਆਂ ।......ਜਮਾਂਦਾਰ ! ਕਿਧਰ ਮਰ ਗਿਆ ਜਮਾਂਦਾਰ ? ਮੋਰੀ ਬੰਦ ਏ ਮੋਰੀ......।

ਉੱਚੀ ਅਵਾਜ਼ ਵਿਚ ਬੋਲਦੀ ਹੈ ਕਾਂਸਟੇਬਲ......ਹੱਲਾ ਗੁੱਲਾ......ਨਹੀਂ ਕਰਨਾ ! ਸਮਝ ਗਈਆਂ ? ਜਮਾਂਦਾਰ ਨਹੀਂ ਏ ਤਾਂ ਮੈਂ ਮੁਨਸ਼ੀ ਨੂੰ ਬੁਲਾਉਂਦੀ ਆਂ । ਮੇਰੀ ਡੀਊਟੀ ਹੁਣ ਸ਼ੁਰੂ ਹੋਈ ਏ । ਏਥੇ ਚੀਕਣ ਦੀ ਲੋੜ ਨਈਂ......।

ਅਤੇ ਘੁੰਮਦੀ ਹੈ ਚਾਰੇ ਪਾਸੇ......ਅਤੇ ਗਿਣਦੀ ਹੈ ਸਾਰਿਆਂ ਨੂੰ ।......ਇਕ...... ਦੋ......ਤਿੰਨ......ਚਾਰ......।

ਆਵਾਜ਼ ਆਉਂਦੀ ਹੈ......ਮੈਂ ਹੂੰ ਤੇਰਾ ਯਾਰ......।

ਗਿਣਤੀ ਭੁਲ ਜਾਂਦੀ ਹੈ ਕਾਂਸਟੇਬਲ ।......ਕੌਣ ਬੋਲਿਆ ਸੀ ? ਜ਼ਰਾ ਹੋਸ਼ ਤੋਂ ਕੰਮ ਲਵੋ......ਵੱਡੇ ਸਾਹਬ ਨੂੰ ਰਪੱਟ ਕਰਾਂਗੀ ਤਾਂ ਸਾਰਿਆਂ ਨੂੰ ਮੱਤ ਆ ਜਾਏਗੀ । ਸੁਣਿਆਂ ! ਟਿੱਕ ਕੇ ਬੈਠੋ ।......ਇਕ......ਦੋ......ਤਿੰਨ......ਚਾਰ......ਪੰਜ......ਛੇ......ਸੱਤ...... ਅੱਠ......।

ਪਸਰ ਗਈਆਂ ਸਾਰੀਆਂ । ਕੋਈ ਕੰਮ ਨਹੀਂ । ਰੀਮਾਂਡ ਵਾਲੀਆਂ......ਦੇਖ ਰਹੀਆਂ ਹਨ ਰਾਹ, ਬੁਲਾਵੇ ਦਾ ! ਪਾਣੀ ਆ ਰਿਹਾ ਹੈ ਨਲਕੇ ਵਿਚ......ਹੌਲੀ ਹੌਲੀ । ਨਹਾ ਰਹੀਆਂ ਹਨ......ਕੁਝ ਨੰਗੀਆਂ......ਕੁਝ ਅੱਧ ਨੰਗੀਆਂ । ਛਪ......ਛਪ ! ਮੰਗੂ ਦੇ ਹੱਥ ਵਿਚ ਸਾਬਣ......ਅੱਖਾਂ ਪਾੜ ਕੇ ਦੇਖਦੀ ਹੈ ਜਨਾ ।......ਦੱਸ......ਕਿੱਥੋਂ ਚੁੱਕ ਕੇ ਲਿਆਈ ਏਂ ?

ਮੰਗੂ ਉਂਗਲੀ ਰੱਖਦੀ ਹੈ ਬੁਲ੍ਹਾਂ ਉਪਰ......ਕਾਹਲੀ ਕਾਹਲੀ ਮੱਲਦੀ ਹੈ ਸਰੀਰ ਉਤੇ । ਪਰ ਚੈਨ ਨਹੀਂ ਜਨਾ ਨੂੰ ।......ਦੱਸ ਵੀ......ਕਿਥੋਂ ਲੱਭਿਆ ਈ ?

—ਚੁਪ ਧੈਂਠ ! ਲੈਣਾ ਤਾਂ ਤੂੰ ਵੀ ਲੈ ਲੈ......ਜਲਦੀ......।

ਆ ਗਈ ਕੋਲ ਨਫੀਸਾ ਵੀ ।......ਇਹ ਸਾਬਣ ਕਿੱਥੋਂ ਲਿਆ ਮੰਗੂਬਾਈ ? ਮੈਨੂੰ ਵੀ ਦੇ ਥੋੜ੍ਹਾ ਜਿਹਾ !

ਖੁਸ਼ ਹੈ ਮੰਗੂਬਾਈ ।......ਲੈ ! ਜਲਦੀ ਕਰ । ਉਹ ਕੋਲਾਬਾ ਦਾ ਭੜਾ ਏ ਨਾ...... ਉਹਦੀ ਘਰ ਵਾਲੀ......ਉਹਦਾ ਏ । ਮੈਂ ਚੋਰੀ ਚੁਕ ਲਿਆਈ ਆਂ ।

ਮੱਲ ਰਹੀਆਂ ਹਨ ਕਾਹਲੀ ਕਾਹਲੀ......ਤਿੰਨੋਂ । ਛਪ......ਛਪ......ਛਪ ਭਰੀ ਜਾ ਰਿਹਾ ਹੈ ਪਾਣੀ । ਕੋਲਾਬਾ ਦੀ ਘਰਵਾਲੀ......ਅਜੇ ਵੀ ਅਵਾਜ਼ਾਂ ਮਾਰੀ ਜਾ ਰਹੀ ਹੈ...... ਮੁਨਸ਼ੀ ! ਓ ਮੁਨਸ਼ੀ ।

ਸਾਬਣ ਹੈ ! ਫੈਲ ਗਈ ਖਬਰ । ਆ ਰਹੀਆਂ ਹਨ ਹੋਰ ਵੀ ਨਹਾਉਣ ਵਾਲੀਆਂ ਕਾਹਲੀ ਕਾਹਲੀ......ਦੌੜ ਕੇ ਆਉਂਦੀ ਹੈ ਨੂਰਨ ਬਸ਼ੀਰਨ ਦੇ ਕੋਲ ।......ਆਪਾ ! ਆਪਾ ! ਤੂੰ ਨ੍ਹਾਉਣਾ

ਈ ? ਸਾਬਣ ਹੈ ਓਧਰ । ਓਧਰ । ਚਲੋ......ਜਲਦੀ ਕਰੋ !

ਉਠਣਾ ਨਹੀਂ ਚਾਹੁੰਦੀ ਬਸ਼ੀਰਨ......ਉਠ ਪੈਂਦੀ ਹੈ । ਲਾਈਨ ਲਗ ਗਈ । ਕੁਝ ਨਹਾ ਰਹੀਆਂ ਹਨ ਸਾਬਣ ਮੱਲ ਮੱਲ......ਕੁਝ ਰਾਹ ਦੇਖ ਰਹੀਆਂ ਹਨ । ਛਪ ਛਪ !...... ਮਾਲਦਾਰ ਏ ਕੋਲਾਬਾ ਵਾਲੀ ! ਕਿੰਨਾ ਖੁਸ਼ਬੂਦਾਰ ਸਾਬਣ ਏ !

ਪਾਣੀ ਜਮ੍ਹਾਂ ਹੋਈ ਜਾ ਰਿਹਾ ਹੈ । ਪਰ ਚਮੇਲੀ......ਬੈਠੀ ਹੈ ਪਾਖਾਨੇ ਲਈ । ਚੀਕਦੀ ਹੈ ਨੂਰਨ......ਤੂੰ ਟੱਟੀ ਵਿਚ ਬੈਠੀ ਏ......ਬੂਹਾ ਤਾਂ ਬੰਦ ਕਰ......।

ਹੱਸਦੀ ਹੈ ਚਮੇਲੀ ।......ਕਿਉਂ ਯਾਰ ? ਜੋ ਤੂੰ ਉਹੀਓ ਮੈਂ ! ਫਿਰ ਬੂਹਾ ਕਾਹਦੇ ਲਈ ਬੰਦ ਕਰਨਾ ?

—ਹਾ......ਹਾ......! ਜੋ ਤੂੰ......ਓਹੀਓ ਮੈਂ । ਪਰ ਬੂਹਾ ਬੰਦ ਕਰਨ ਵਿਚ ਕੀ ਜਾਂਦਾ ਏ ਤੇਰਾ ?

ਫਿਰ ਹੱਸਦੀ ਹੈ ਚਮੇਲੀ ।......ਮੇਰਾ ਕੁਝ ਨਹੀਂ ਜਾਂਦਾ—ਥੁੱਕਦੀ ਹੈ ! ਪਰ ਮੈਨੂੰ ਤਕਲੀਫ ਹੁੰਦੀ ਹੈ ਯਾਰ......ਇਸ ਕਰਕੇ ਬੰਦ ਨਹੀਂ ਕਰਦੀ ।

ਅੱਗੇ ਆਉਂਦੀ ਹੈ ਬਸ਼ੀਰਨ ।......ਲੈ, ਤੈਨੂੰ ਤਕਲੀਫ਼ ਹੁੰਦੀ ਏ ਨਾ, ਤਾਂ ਮੈਂ ਬੰਦ ਕਰ ਦੇਂਦੀ ਆਂ......।

ਹੱਸਦੀ ਜਾਂਦੀ ਹੈ ਚਮੇਲੀ ।......ਬੰਦ ਕਰ ਦੇ ਜੇ ਕਰਨਾ ਈ ਤਾਂ । ਪਰ ਕਿੰਨੀ ਕੁ ਵਾਰੀ ਕਰੇਂਗੀ ਤੂੰ ? ਮੈਨੂੰ ਤਾਂ ਝਾੜਾ ਲਗ ਰਿਹਾ ਹੈ । ਪੁਚ ! ਤੂੰ ਬਾਰ ਬਾਰ ਆਏਂਗੀ ਮੇਰੇ ਨਾਲ ? ਪੁਚ ! ਇਹ ਸਾਲਾ......ਟੁੱਟਾ ਭੱਜਾ ਦਰਵਾਜ਼ਾ ! ਕੁੰਡੀ ਤਕ ਨਹੀਂ......ਪੁਚ !

ਅੰਦਰ......ਚੰਦਰੀ ਜੂੰਆਂ ਕੱਢੀ ਜਾ ਰਹੀ ਹੈ ਸ਼ਾਂਤੀ ਦੇ ਸਿਰੋਂ । ਕਹਾਣੀ ਅਗੇ ਵੱਧਦੀ ਜਾਂਦੀ ਹੈ ।

—ਫਿਰ ਕੀ ਹੋਇਆ ?......ਸ਼ਾਂਤੀ ਦਾ ਝੁਕਿਆ ਹੋਇਆ ਸਿਰ ਪੁੱਛਦਾ ਹੈ ਸਵਾਲ ।

—ਅੰਗੂਠੇ ਦੇ ਨਹੁੰ ਤੇ ਜੂੰ ਰੱਖਦੀ ਹੈ ਚੰਦਰੀ......ਦੂਜੇ ਅੰਗਠੇ ਦੇ ਨਹੁੰ ਨਾਲ ਨੱਪ ਦੇਂਦੀ ਹੈ ......ਟਿੱਕ !......ਫਿਰ ਕੀ । ਮੈਂ ਕਿਹਾ ਮੈਜਿਸਟਰੇਟ ਨੂੰ ਕਿ ਮੈਨੂੰ ਇਨ੍ਹਾਂ ਲੋਕਾਂ ਮਾਰਿਆ ਏ । ਮੈਜਿਸਟਰੇਟ ਮੇਰੇ ਮੂੰਹ ਵਲ ਦੇਖਣ ਲਗਾ ! ਪਿਛੋਂ ਬੋਲਿਆ......ਕਿਸ ਮਾਰਿਆ ਏ ਤੈਨੂੰ......ਨਾਂ ਦਸ । ਮੈਂ ਕਿਹਾ......ਸਾਬ੍ਹ ! ਮੈਨੂੰ ਕੀ ਪਤਾ ?....ਪਰ ਸ਼ਕਲੋਂ ਪਛਾਣ ਲਵਾਂਗੀ । ਇਨ੍ਹਾਂ ਇਨਸਪੈਕਟਰ ਲੋਕਾਂ ਨੂੰ ਮੇਰੇ ਸਾਹਮਣੇ ਕਰੋ......ਮੈਂ ਹੁਣੇ ਦੱਸ ਦਿਆਂਗੀ ਕਿ ਕਿੰਨੇ ਕਿੰਨੇ ਮਾਰਿਆ ਸੀ ਮੈਨੂੰ...... ਕਿੰਜ ਕਿੰਜ ਮਾਰਿਆ......ਕਿੰਜ ਮੇਰੇ ਹੱਥਾਂ ਅਤੇ ਪੈਰਾਂ ਉਪਰ ਬੂਟਾਂ ਸਮੇਤ ਖੜੇ ਹੋਏ......ਮੈਂ ਝੂਠ ਨਹੀਂ ਬੋਲਦੀ ਸਾਬ੍ਹ......।

ਅਤੇ ਫਿਰ ਅੰਗੂਠੇ ਦੇ ਨਹੁੰ ਤੇ ਰੱਖਦੀ ਹੈ ਅਤੇ ਮਾਰਦੀ ਹੈ......ਟਿੱਕ !

—ਫਿਰ ਕੀ ਹੋਇਆ ?......ਉਸੇ ਤਰ੍ਹਾਂ ਸਿਰ ਝੁਕਾਈ ਪੁੱਛਦੀ ਹੈ ਸ਼ਾਂਤੀ !

ਮੈਲ ਨਾਲ ਉਲਝੇ ਵਾਲਾਂ ਵਿਚ ਦੌੜਦੀਆਂ ਹਨ ਚੰਦਰੀ ਦੀਆਂ ਉਂਗਲੀਆਂ ।......ਪਿਛੋਂ

ਕੀ ਹੋਣਾ ਸੀ ! ਮੈਜਿਸਟਰੇਟ ਬੋਲਿਆ ਕਿ ਸੱਟਾਂ ਕਿੱਥੇ ਕੁ ਲਗੀਆਂ ਈ......ਦਿਖਾ ਮੈਨੂੰ । ਕੋਈ ਜ਼ਖਮ ਜ਼ੁਖਮ ਹੈ ? ਖੂਨ ਵਗਦਾ ਏ !......ਮੈਂ ਕਿਹਾ......ਖੂਨ ਨਹੀਂ ਵਗਦਾ......ਜ਼ਖਮ ਵੀ ਨਹੀਂ ਦਿੱਸਦਾ । ਪਰ ਮੈਨੂੰ ਮਾਰਿਆ ਬਹੁਤ......ਬਹੁਤ ਮਾਰਿਆ......ਇਹ ਗੱਲ ਸੱਚੀ ਏ ।......ਬਸ ! ਲਗ ਪਿਆ ਮੈਨੂੰ ਡਾਂਟਣ । ਕਹਿਣ ਲਗਾ ਕਿ ਤੂੰ ਝੂਠ ਬੋਲਦੀ ਏਂ । ਮੈਂ ਵਾਰ ਵਾਰ ਉਸਨੂੰ ਕਿਹਾ ਕਿ ਮੈਂ ਝੂਠ ਨਹੀਂ ਬੋਲਦੀ । ਪਰ ਕੌਣ ਸੁਣਦਾ ਸੀ ਮੇਰੀ । ਫਿਰ ਲਿਆ ਬੰਦ ਕੀਤਾ ਹਵਾਲਾਤ ਵਿਚ......।

ਬੜੀ ਦੇਰ ਚੁਪ ਰਹਿੰਦੀ ਹੈ ਸ਼ਾਂਤੀ । ਫਿਰ ਜਿਵੇਂ ਮਜਬੂਰੀ ਨਾਲ ਬੋਲਣਾ ਪੈਂਦਾ ਹੈ . ... ਕੋਈ ਫਾਇਦਾ ਨਹੀਂ ! ਮੈਜਿਸਟਰੇਟ ਨੂੰ ਕਹੋ ਭਾਵੇਂ ਵੱਡੇ ਸਾਹਬ ਨੂੰ......ਮੈਂ ਤਾਂ ਏਸੇ ਲਈ ਬੋਲਦੀ ਹੀ ਨਹੀਂ......ਕਾਹਦੇ ਵਾਸਤੇ ਬੋਲਾਂ ? ਕੌਣ ਸੁਣੇਗਾ ਸਾਡੀ ਫਰਿਆਦ ! ਬਕਵਾਸ ਏ ਸਭ......।

ਦਸ ਕਦਮ ਪਰੇ ਬੈਠੀ ਪੁੱਛਦੀ ਹੈ ਨਫੀਸਾ......ਲੈਲਾ ਬਾਈ ! ਕਿਉਂ ਫੜਿਆ ਸੀ ਤੈਨੂੰ ? ਦੱਸ ਨਾ ਮੈਨੂੰ... ...।

ਹੱਸੀ ਜਾਂਦੀ ਹੈ ਲੈਲਾ......ਅੱਖਾਂ ਪਾੜ ਕੇ ਦੇਖਦੀ ਜਾਂਦੀ ਹੈ ਨਫੀਸਾ ।

ਲੰਮੀ ਪਈ ਹੋਈ ਹੈ ਮੈਨਾ । ਚਾਹ ਪੀ ਲਈ......ਬੁਰਨ ਖਾ ਲਿਆ । ਪਰ ਜੀਅ ਨਹੀਂ ਕਰਦਾ ਉਠਣ ਨੂੰ । ਨਵੀਂ ਕੁੜੀ ਨਹੀਂ ਛੱਡਦੀ ਉਹਦਾ ਸਾਥ । ਰਹਿੰਦੀ ਹੈ ਕੋਲ ਕੋਲ......ਧੋ ਲਿਆਈ ਹੈ ਜੂਠਾ ਗਲਾਸ । ਮੈਨਾ ਨੂੰ ਤ੍ਰੇਹ ਲਗੀ ਦੌੜ ਕੇ ਲੈ ਆਈ ਪਾਣੀ । ਬਹੁਤ ਗੱਲਾਂ ਕਰ ਰਹੀ ਹੈ ਹੁਣ ।......ਮੈਨਾ ਬਾਈ ! ਮੈਨਾਬਾਈ ! ਤੂੰ ਮੇਰੀ ਗੱਲ ਸੁਣੇਂਗੀ ਨਾ ?

—ਹਾਂ......ਸੁਣਾਂਗੀ......।

—ਮੇਰਾ ਬਾਬੂ ਹੈ ਨਾ......ਬਹੁਤ ਪਿਆਰ ਕਰਦਾ ਏ ਮੈਨੂੰ । ਮੇਰੇ ਵਾਸਤੇ ਨਵੀਆਂ ਨਵੀਆਂ ਸਾੜ੍ਹੀਆਂ ਲਿਆਉਂਦਾ......ਦੋ ਸਾੜ੍ਹੀਆਂ ਹੋਲੀ ਉਤੇ......ਦੋ ਸਾੜ੍ਹੀਆਂ ਨਵ ਦੁਰਗਾ ਉਤੇ......ਦੋ ਦੀਵਾਲੀ ਉਪਰ......ਦੋ ਜਨਮ ਅਸ਼ਟਮੀ ਉਪਰ.........ਦੋ... !

ਲੰਮਾ ਹਉਕਾ ਭਰਦੀ ਹੈ ਮੈਨਾ । ਬੋਲਣਾ ਚਾਹੁੰਦੀ ਹੈ......ਬੋਲਿਆਂ ਨਹੀਂ ਜਾਂਦਾ । ਨਵੀਂ ਕੁੜੀ ਦੀ ਗੱਲ ਮੁੱਕਦੀ ਨਹੀਂ ।......ਮੈਨਾ ਬਾਈ ! ਤੈਨੂੰ ਪਤਾ ਏ ਮੇਰਾ ਬਾਪੂ ਮੈਨੂੰ ਪਿਆਰ ਕਿਉਂ ਕਰਦਾ ਏ ? ਬੋਲ ਨਾ ।......ਕਿਉਂ ਕਰਦਾ ਏ......ਪਤਾ ਏ ਤੈਨੂੰ ?

—ਤੂੰ ਪਾਗਲ ਏਂ ਬਿਲਕੁਲ......ਟੋਕਦੀ ਹੈ ਮੈਨਾ......ਮੈਨੂੰ ਤਾਂ ਇਹ ਵੀ ਪਤਾ ਨਹੀਂ ਕਿ ਤੇਰਾ ਪਿੰਡ ਕਿੱਥੇ ਏ......ਤੇਰਾ ਬਾਪੂ ਕੌਣ ਏ । ਫਿਰ ਕਿੰਜ ਪਤਾ ਹੋ ਸਕਦਾ ਏ ਕਿ ਤੇਰਾ ਬਾਪੂ ਤੈਨੂੰ ਬਹੁਤ ਪਿਆਰ ਕਿਉਂ ਕਰਦਾ ਏ ?......ਬਹੁਤ ਪਿਆਰ ਕਰਦਾ ਏ ਤਾਂ ਤੈਨੂੰ ਜਾਨੋਂ ਕਿਉਂ ਮਾਰੇਗਾ ? ਹੈ ਨਾ ਤੂੰ ਪੂਰੀ ਪਾਗਲ ?

ਸਿਰ ਝੁਕਾ ਲੈਂਦੀ ਹੈ ਕੁੜੀ......ਮੈਂ ਤੈਨੂੰ ਓਧਰ ਦੀਆਂ ਸਾਰੀਆਂ ਗੱਲਾਂ ਦਸੀਆਂ ਤਾਂ ਹਨ......ਅਸੀਂ ਲੋਕ ਰਾਜਪੂਤ ਹਾਂ । ਪਿਆਰ ਕਿੰਨਾ ਵੀ ਭਾਵੇਂ ਕਰੋ......ਪਰ ਅਜਿਹੀ ਕੁੜੀ ਨੂੰ

ਮਾਰ ਦੇਂਦੇ ਹਨ।......ਪਰ ਮੈਨੂੰ ਪਤਾ ਏ......ਮੇਰਾ ਬਾਪੂ ਮੈਨੂੰ ਬਹੁਤ ਪਿਆਰ ਕਿਉਂ ਕਰਦਾ ਏ......।

—ਕਿਉਂ ਕਰਦਾ ਏ ?

—ਇਕ ਤਾਂ ਇਹ ਕਿ ਮੈਂ ਚਾਰ ਭਰਾਵਾਂ ਦੀ ਇਕੋ ਇਕ ਭੈਣ ਆਂ......ਬਾਪੂ ਦੀ ਇਕਲੌਤੀ ਧੀ......ਇਸ ਕਰਕੇ ਮੈਨੂੰ ਬਹੁਤ ਪਿਆਰ ਕਰਦੇ ਨੇ।......ਦੂਜਾ......।

ਚੁਪ ਹੋ ਜਾਂਦੀ ਹੈ।......ਦੂਜਾ ਕੀ ?......ਠਹਿਰ ਕੇ ਪੁਛਦੀ ਹੈ ਮੈਨਾ।

ਦੂਜਾ ਇਹ......ਕਿ ਮੈਂ ਵੀ ਬਾਪੂ ਨੂੰ ਬਹੁਤ ਪਿਆਰ ਕਰਦੀ ਆਂ......ਉਨ੍ਹਾਂ ਨੂੰ ਇਹ ਪਤਾ ਏ......। ਇਕ ਦਮ ਚੁਪ ਹੋ ਜਾਂਦੀ ਹੈ ਨਵੀਂ ਕੁੜੀ।

ਚੁੱਪ ਰਹੇਗੀ ਮੈਨਾ ਵੀ। ਕੁਝ ਨਹੀਂ ਬੋਲੇਗੀ ......ਫਿਰ ਟੱਪਕਣ ਲਗਣਗੇ ਅੱਥਰੂ......
ਟੱਪ ਟੱਪ। ਸ਼ੁਰੂ ਹੋ ਜਾਣਗੀਆਂ ਸਿਸਕੀਆਂ। ਇਸ ਲਈ ਜ਼ਰੂਰੀ ਹੈ......ਵਕਤ ਦਾ ਗੁਜ਼ਰ ਜਾਣਾ।
ਕਾਫ਼ੀ ਵਕਤ ਗੁਜ਼ਰ ਜਾਏਗਾ। ਸਿਰਫ ਆਵਾਜ਼ ਸੁਣਾਈ ਦੇਣਗੀਆਂ ਵਿਚ ਵਿਚ। ਕਿਸ ਦੀਆਂ
ਆਵਾਜ਼ਾਂ ? ਕਿਥੋਂ ਆਉਂਦੀਆਂ ਹਨ ? ਪਤਾ ਨਹੀਂ ਲਗਦਾ। ਜੰਗਲਿਆਂ ਦੇ ਅੰਦਰੋਂ ਆ
ਰਹੀਆਂ ਹਨ ਜਾਂ ਬਾਹਰੋਂ ? ਕੋਈ ਨਹੀਂ ਜਾਣਦਾ। ਪਰ ਹੁਣ ਚੁਪ ਨਹੀਂ ਰਹਿ ਸਕੇਗੀ ਮੈਨਾ।
ਹੌਲੀ ਹੌਲੀ ਬੋਲਣ ਲਗ ਜਾਏਗੀ।......ਮੇਰੀ ਗਲ ਸੁਣਦੀ ਏਂ ਤੂੰ ?......ਏ। ਮੈਂ ਕਿਹਾ
ਮੇਰੀ ਗਲ ਸੁਣੀ ਏ ?

ਉਠ ਜਾਂਦਾ ਹੈ ਝੁਕਿਆ ਸਿਰ।......ਕੀ ਕਿਹਾ ਮੈਨਾ ਬਾਈ ?

ਪਲ ਭਰ ਦੇਖਦੀ ਮੈਨਾ ਉਨ੍ਹਾਂ ਅੱਖਾਂ ਵਿਚ।......ਮੈਂ...ਮੈਂ...ਇਹ...ਕਿਹਾ...ਕਿ ਤੂੰ ਵਾਪਸ ਚਲੀ ਜਾ ਆਪਣੇ ਘਰ ਨੂੰ......।

ਉਠਿਆ ਹੋਇਆ ਸਿਰ......ਡਿਗ ਪੈਂਦਾ ਹੈ ਇਕ ਦਮ। ਕਈ ਲੰਮੇ ਸਾਹ ਗੁਜ਼ਰ ਜਾਂਦੇ ਹਨ ਇਕੋ ਸਾਹੇ।......ਨਹੀਂ। ਹੁਣ ਮੈਂ ਓਧਰ ਕਦੀ ਨਹੀਂ ਜਾਵਾਂਗੀ......ਕਦੀ ਨਹੀਂ......।

ਝੁਕੇ ਹੋਏ ਸਿਰ ਵਲ......ਦੇਖਦੀ ਜਾਂਦੀ ਹੈ ਮੈਨਾ।......ਮੈਂ ਕਿਹਾ ਏ 'ਨਾ ਤੂੰ ਪਾਗਲ ਏਂ......ਬਿਲਕੁਲ ਪਾਗਲ।

ਸਿਰ ਉਠ ਜਾਂਦਾ ਹੈ......ਨਹੀਂ। ਮੈਂ ਪਾਗਲ ਨਹੀਂ ਆਂ ! ਮੈਂ ਪਾਗਲ ਨਹੀਂ ਆਂ। ਮੈਂ ਹੁਣ ਓਧਰ ਗਈ ਤਾਂ ਬਹੁਤ ਮਾੜਾ ਹੋਵੇਗਾ......ਇਹ ਮੈਨੂੰ ਪਤਾ ਏ। ਮੇਰਾ ਖੂਨ ਹੋ ਜਾਏਗਾ......ਕੋਈ ਗੱਲ ਨਹੀਂ। ਪਰ ਮੇਰਾ ਬਾਪੂ......ਮੇਰੇ ਭਰਾ......ਨਹੀਂ ! ਉਹਨਾਂ ਨੂੰ ਪਤਾ ਵੀ ਨਹੀਂ ਲਗਣਾ ਚਾਹੀਦਾ ਕਿ ਮੈਂ ਏਥੇ ਆਂ......।

ਆ ਗਏ ਕਾਂਸਟੇਬਲ। ਸ਼ੁਰੂ ਹੋ ਗਈਆਂ ਆਵਾਜ਼ਾਂ। ਜਮ੍ਹਾਂ ਹੋ ਗਈਆਂ ਰੀਮਾਂਡ ਵਾਲੀਆਂ ਸੀਖਾਂ ਦੇ ਦਰਵਾਜ਼ੇ ਕੋਲ।

—ਨਫੀਸਾ ਸੁਲੇਮਾਨ !

—ਹਾਂ !

ਸਰਕਦਾ ਹੈ ਸੀਖਾਂ ਵਾਲਾ ਦਰਵਾਜ਼ਾ......ਬਾਹਰ ਨਿਕਲ ਕੇ ਖੜੀ ਹੋ ਜਾਂਦੀ ਹੈ।

—ਪੇਰੀਅੰਮਾ !

—ਹਾਂ !

—ਫਿਰ ਸਰਕਦਾ ਹੈ ਦਰਵਾਜ਼ਾ। ਖੜੀ ਹੋ ਜਾਂਦੀ ਹੈ ਨਿਕਲ ਕੇ।

—ਜਨਾ ਮਾਰੂਤੀ !

ਸਰਕਦਾ ਹੈ......ਬੰਦ ਹੋ ਜਾਂਦਾ ਹੈ ਦਰਵਾਜ਼ਾ।

—ਗੰਗਾਬਾਈ ਘੋਂਡੇ !

ਲੰਘਦੀਆਂ ਹੋਈਆਂ ਔਰਤਾਂ......ਪਾਟੇ ਕਪੜੇ......ਮੈਲੀਆਂ ਬੁਚਕੀਆਂ......ਸੁਕੇ ਸਰੀਰ......ਬੁੱਢੇ......ਝੁਰੜੀਆਂ ਭਰੇ......ਹੱਥਕੜੀਆਂ......ਹੱਥ ਅਗੇ......ਸਰਕਦਾ......ਬੰਦ ਹੁੰਦਾ ਦਰਵਾਜ਼ਾ।.....ਮੰਜੂ ਤੁਕਾਰਾਮ......ਜਸੋਦਾ......ਮਾਰਟੀਨੈਂਟ, ਆਂਟੀ......ਕਰੀਮਨ......ਡਿਸੂਜ਼ਾ......।

ਅਤੇ ਅਚਾਨਕ ਖਾਮੋਸ਼ੀ ! ਮੁੱਕ ਗਿਆ ਸ਼ੋਰ ! ਚਲੀ ਗਈ ਭੀੜ ! ਫਿਰ ਬੋਲ ਰਹੀ ਹੈ ਕੁੜੀ......ਘਰ ਦੀਆਂ ਗੱਲਾਂ......ਪਿੰਡ ਦੀਆਂ। ਉਥੇ......ਪਿੰਡ ਦੇ ਕੋਲ ਨਦੀ......ਨਦੀ ਦੇ ਕੋਲ ਅੰਬ ਦੇ ਦਰਖਤ......ਅੰਬ ਦੇ ਦਰਖਤਾਂ......ਕੋਲ ਕੱਚਾ ਰਾਹ......ਰਾਹ ਉਤੇ ਮਕਾਨ......।

—ਓਧਰ ਰਹਿੰਦੀ ਹੈ ਹੈਸਾ......ਮੇਰੀ ਸਹੇਲੀ। ਮੈਂ ਉਹਦੇ ਘਰ ਜਾਂਦੀ......ਫਿਰ ਦੋਵੇਂ ਨਦੀ ਉਤੇ ਜਾ ਕੇ ਖੂਬ ਨਹਾਉਂਦੀਆਂ। ਬਹੁਤ ਮਜ਼ਾ ਆਉਂਦਾ। ਪੱਥਰ ਮਾਰ ਮਾਰ ਕੇ ਅੰਬ ਡੇਗਦੀਆਂ......ਖੱਟੇ ਖੱਟੇ ਅੰਬ। ਬਹੁਤ ਮਜ਼ਾ ਆਉਂਦਾ। ਸਚੀਂ ਮੈਨਾਬਾਈ ! ਖੱਟੀ ਅੰਬੀ ਮਿੱਠੀ ਅੰਬੀ ਤੋਂ ਵੀ ਵਧ ਸੁਆਦੀ ਲਗਦੀ......।

ਅਤੇ ਮੈਨਾ......ਸੁਣਦੇ ਸੁਣਦੇ......ਪਹੁੰਚ ਗਈ ਕਿਧਰੇ ਹੋਰ। ਪੱਪਟ......ਰਾਜੂ......ਜ਼ਿੰਦਗੀ......ਸੱਭ ਹੱਟ ਗਏ ਇਕ ਪਾਸੇ। ਰਹਿ ਗਈ ਸਿਰਫ ਨਵੀਂ ਕੁੜੀ। ਜਿਵੇਂ ਖੁਦ ਹੋਵੇ ਮੈਨਾ......ਆਪਣੇ ਸਾਹਮਣੇ......ਆਪਣੇ ਆਪ ਨੂੰ ਦੇਖ ਰਹੀ ਹੋਵੇ ਬੈਠੀ ਬੈਠੀ......ਦੇਖਦੀ ਰਹਿੰਦੀ ਹੈ। ਅਤੇ ਨਵੀਂ ਕੁੜੀ ਦੀਆਂ ਅੱਖਾਂ ਸਾਹਮਣੇ......ਕੁਝ ਨਹੀਂ ਹੈ ਹੁਣ। ਮੈਨਾ......ਕੰਧਾਂ......ਸੀਖਾਂ......ਹਨੇਰਾ......ਕੁਝ ਨਹੀਂ। ਸਿਰਫ ਇਕ ਸ਼ਾਮ......ਮੱਝਾਂ ਦੀਆਂ ਘੰਟੀਆਂ......ਨਦੀ ਦਾ ਪਾਣੀ......ਘਰ......ਬਾਪੂ......ਮਾਂ......ਭਰਾ......ਟਿਮਟਿਮਾਉਂਦੇ ਦੀਵੇ......ਮਿਟੀ......ਹਵਾ......ਅਸਮਾਨ......।

ਫਿਰ ਮੇਰੀ ਮਾਂ ਮੈਨੂੰ ਕਹਿਣ ਲਗੀ......ਤੂੰ ਆਪਣੇ ਬਾਪੂ ਨਾਲ ਰਾਜਕੋਟ ਜਾਈਂ। ਓਧਰ ਅਮਦਾਬਾਦ ਵਿਚ ਵਧੀਆ ਵਧੀਆ ਸਾੜੀਆਂ......ਚੋਲੀਆਂ ਸਭ ਵਿਕਦੀਆਂ ਨੇ। ਲੈ ਕੇ ਆਉਣਾ। ਓਧਰੇ ਈ ਗਾਮੜਾ ਹੈ ਨਾ......ਸੜਕ ਦੇ ਨੇੜੇ। ਸਿੱਧੀ ਮੋਟਰ ਮਿਲੇਗੀ ਉਥੋਂ। ਸੁਣ ਰਹੀ ਏਂ ਨਾ ਮੈਨਾਬਾਈ ? ਗਾਮੜਾ ਤੋਂ ਨਿਕਲ ਕੇ ਥੋੜ੍ਹਾ ਤੁਰੀਏ ਤਾਂ ਵੱਡੇ ਰਾਹ ਨਿਕਲਦੇ ਨੇ। ਉਥੋਂ ਈ ਮੋਟਰ ਮਿਲਦੀ ਏ। ਸਵੇਰੇ ਦੋ ਗਡੀਆਂ ਅਤੇ ਸ਼ਾਮੀਂ ਵੀ ਦੋ ਗਡੀਆਂ। ਕੋਈ ਵੀ ਗਡੀ ਹੋਵੇ......ਉਥੇ

ਰੁਕ ਕੇ ਜਾਂਦੀ ਹੈ । ਹਥ ਦੇਣ ਦੀ ਵੀ ਲੋੜ ਨਹੀਂ......ਆਪੇ ਰੁਕ ਕੇ ਜਾਂਦੀਆਂ ਹਨ । ਮੈਂ......
ਬਾਪੂ......ਹੰਸਾ......ਮੋਟਾ ਭਰਾ......ਸਾਰੇ ਰਾਜਕੋਟ ਜਾਂਦੇ ਰਹਿੰਦੇ ਸਾਂ ।
ਹੌਲੀ ਹੌਲੀ ਭਰ ਜਾਂਦਾ ਹੈ ਗਲਾ । ਕੁਝ ਸੁਣ ਨਹੀਂ ਸਕਦੀ ਮੈਨਾ......ਮੈਨਾ ਕੁਝ ਦੇਖ
ਨਹੀਂ ਸਕਦੀ । ਤੇਜ਼ੀ ਨਾਲ ਦੌੜਦੇ ਜਾਂਦੇ ਹਨ ਸਮੇਂ ਦੇ ਬੱਦਲ । ਉਹੋ......ਸਭ ਕੁਝ ਉਹੋ.....
ਬਿਲਕੁਲ ਉਸੇ ਤਰ੍ਹਾਂ । ਉਹੋ ਕਚਾ ਰਾਹ......ਉਹੋ ਵੱਡੀ ਸੜਕ......ਨਦੀ......ਦਰਖਤ......
ਝੌਂਪੜੀਆਂ......ਮਾਂ......ਬਾਪ......ਜ਼ਿੰਦਗੀ । ਬਿਲਕੁਲ ਉਸੇ ਤਰ੍ਹਾਂ । ਜੋ ਕੁਝ ਦਸਿਆ ਹੈ
ਨਵੀਂ ਕੁੜੀ ਨੇ......ਸਭ ਕੁਝ ਦੇਖਿਆ ਹੈ ਮੈਨਾ ਨੇ । ਫਿਰ ਕੌਣ ਆ ਜਾਂਦਾ ਹੈ ਅਚਾਨਕ......
ਚੁਕ ਚੁਕ ਕੇ ਸੁਟੀ ਜਾਂਦਾ ਹੈ ਸਭ ਨੂੰ ਗੰਦਗੀ ਅਤੇ ਕੂੜੇ ਦੇ ਢੇਰ ਉਤੇ ? ਅਤੇ ਜਦ ਬੋਲਦੀ ਜਾਂਦੀ
ਹੈ ਨਵੀਂ ਕੁੜੀ......ਤਾਂ ਮੈਨਾ ਰੋਕ ਦੇਂਦੀ ਹੈ......ਸਿਰਫ ਪੁੱਛਣ ਲਈ ਕਿ ਕੀ ਹੋਇਆ......
ਕੌਣ ਆ ਗਿਆ ਅਚਾਨਕ......ਕਿ ਸਭ ਕੁਝ ਪਿਛੇ ਰਹਿ ਗਿਆ......ਹਮੇਸ਼ਾ ਲਈ ।

ਅਤੇ ਟਾਲ ਜਾਂਦੀ ਹੈ ਨਵੀਂ ਕੁੜੀ । ਸਭ ਕੁਝ ਦਸੇਗੀ......ਪਰ ਇਹ ਨਹੀਂ ਦਸ
ਸਕੇਗੀ । ਚੁਪ ਵੀ ਨਹੀਂ ਰਿਹਾ ਜਾਏਗਾ । ਬਾਪੂ......ਮੋਟਾ ਭਰਾ......ਛੋਟਾ ਭਰਾ......ਸਭ
ਛਾਏ ਹੋਏ ਹਨ......ਬਹੁਤ ਜ਼ਿਆਦਾ ! ਨਹੀਂ ਹਟਣਗੇ । ਬਹੁਤ ਕੋਸ਼ਿਸ਼ ਕਰੇਗੀ......ਕੁਝ ਨਹੀਂ
ਹੋਵੇਗਾ । ਇਸ ਲਈ ਬੋਲਣਾ ਹੀ ਪਵੇਗਾ । ਅਤੇ ਮੈਨਾ ਸੁਣਦੀ ਜਾਏਗੀ ਸਭ ਕੁਝ । ਦਸ ਸਾਲ
ਛੋਟੀ ਹੋ ਗਈ ਹੈ । ਮਾਂ ਨਾਲ ਗੱਲਾਂ ਕਰ ਰਹੀ ਹੈ ।......ਮਾਂ ! ਮਾਂ ! ਕਿਥੇਂ ਏਂ ? ਹਨੇਰਾ ਹਨੇਰਾ !
ਰਾਤ ਭਰ......ਦਿਨ ਭਰ । ਰਾਮ ਰਾਮ ! ਕਿਹੋ ਜਿਹੀ ਹੈ ਫਸਲ ?......ਰਾਤ ਗਈ......ਦਿਨ
ਬੀਤਿਆ......ਨਹੀਂ ਮਿਲਿਆ......ਮਾਂ ! ਸਿਰਫ ਹੰਸਾ ਦੀ ਗੱਲ ਕਰਦੀ ਹੈ ਨਵੀਂ ਕੁੜੀ ।......
ਹਰ ਰੋਜ਼ ਨਦੀ ਉਪਰ ਆਉਂਦਾ ਸੀ......ਨਿੱਕੀਆਂ ਨਿਕੀਆਂ ਗੱਲਾਂ ਕਰਨ ਲਗਾ । ਹੰਸਾ......
ਬਹੁਤ ਭੋਲੀ ਕੁੜੀ......। ਉਸ ਨੂੰ ਮੁਹੱਬਤ ਕਰਨ ਲਗਾ ਉਹ......ਕਿਹਾ ਕਿ ਤੇਰੇ ਨਾਲ
ਵਿਆਹ ਕਰਾਂਗਾ......ਆਪਣੇ ਘਰ ਵਿਚ ਆਪਣੀ ਰਾਣੀ ਬਣਾ ਕੇ ਰਖਾਂਗਾ । ਪਰ ਹੰਸਾ ਨੂੰ......
ਉਹ ਦੀਆਂ ਗੱਲਾਂ ਦਾ ਭਰੋਸਾ ਨਹੀਂ ਸੀ । ਉਸ ਨੂੰ ਡਾਂਟ ਦਿੱਤਾ । ਫਿਰ ਉਹਦੀ ਸ਼ਕਲ ਮੁੜ ਨਹੀਂ
ਦੇਖੀ । ਕਦੀ ਨਹੀਂ ਦੇਖੀ......ਕਦੀ ਨਹੀਂ......।

ਅਤੇ ਹੁਣ ਅਚਾਨਕ ਚੁੱਪ ਹੋ ਜਾਂਦੀ ਹੈ ਕੁੜੀ । ਨਹੀਂ ਬੋਲਦੀ ਮੈਨਾ ਵੀ ਕੁਝ । ਪੰਜਾਂ
ਕਮਰਿਆਂ ਵਿਚ ਚੁੱਪ ।......ਜੋ ਚੁੱਪ ਨਹੀਂ ਹੈ......ਇਕ ਫੁਸਫੁਸਾਹਟ ਹੈ......ਗੌਮਾਂਡ
ਵਾਲਿਆਂ ਦੇ ਜਾਣ ਤੋਂ ਬਾਅਦ ਹਮੇਸ਼ਾ ਰਹਿੰਦੀ ਹੈ । ਉਦੋਂ ਖਤਮ ਹੁੰਦੀ ਹੈ ਜਦ ਵਾਪਸ ਮੁੜ
ਆਉਂਦੀਆਂ ਹਨ ਸਾਰੀਆਂ । ਥੱਕ ਗਈ ਹੈ ਚੰਦਰੀ......ਬੈਠ ਗਈ ਹੱਥ ਖਿੱਚ ਕੇ ।......ਆਏ
ਅਤੇ ਚਲੇ ਗਏ......ਬਹੁਤ ਸਾਰੇ ਲੋਕ......ਇੰਨਸਪੈਕਟਰ ਲੋਕ । ਡੰਡੇ ਪਏ......ਅਤੇ ਟੁਟ
ਗਏ । ਜ਼ਬਾਨ ਬੰਦ ਨਹੀਂ ਹੋਈ ਚੰਦਰੀ ਦੀ । ਗਾਲ੍ਹਾਂ ਕੱਢਦੀ ਰਹੀ ਮੂੰਹ ਉਪਰ । ਤਾੜ ਤਾੜ !
ਤਾੜ ਤਾੜ ਮਾਰਿਆ ਮੈਨੂੰ......ਕੀ ਸਮਝੀ ?
......ਛੋਟਾ ਸਾਹਬ । ਮੈਂ ਬੋਲੀ......ਭੜੂਆ ਏਂ ਤੂੰ......ਭੜੂਆ । ਫਿਰ ਮਾਰਿਆ

ਮੈਨੂੰ......ਤਾੜ ਤਾੜ ! ਮੈਂ ਫਿਰ ਬੋਲੀ......ਭੜੂਆ । ਭੜੂਆ । ਹਜ਼ਾਰ ਵਾਰੀ ਕਹੂੰਗੀ
ਭੜੂਆ......ਤਾੜ ਤਾੜ ਮਾਰੀ ਗਿਆ ਮੈਨੂੰ......ਸਾਰੇ ਹਵਾਲਦਾਰ ਮੇਰੇ ਵਲ ਦੇਖਦੇ ਘੂਰਦੇ
ਰਹੇ । ਪਰ ਮੈਂ ਮੂੰਹ ਨਹੀਂ ਬੰਦ ਕੀਤਾ । ਬੋਲਦੀ ਰਹੀ......ਭੜੂਆ । ਮਾਂ......! ਹਰਾਮੀ !
ਗਾਂਡੂ !......ਉਹ ਮਾਰੀ ਗਿਆ ਮੈਨੂੰ......ਪਰ ਮੇਰੀ ਜ਼ਬਾਨ ਨਹੀਂ ਰੁਕੀ । ਫਿਰ ਸਾਲਾ ਆਪੇ
ਥੱਕ ਕੇ ਰੁਕ ਗਿਆ । ਮੈਂ ਬੋਲੀ......ਮਾਰ ਵੀ ਨਾ ਹੁਣ ਗਾਂਡੂ......ਕਿੰਨਾ ਕੁ ਮਾਰ ਲਏਂਗਾ
......ਮੈਂ ਵੀ ਦੇਖ ਲਵਾਂ...... ।

ਅਤੇ ਫਿਰ ਬੋਲਣ ਲਗਦੀ ਹੈ ਨਵੀਂ ਕੁੜੀ ।......ਹੰਸਾ ਏ ਨਾ......ਬਹੁਤ ਭੋਲੀ ਕੁੜੀ
ਕਹਿਣ ਲਗੀ ਉਹਨੂੰ......ਤੂੰ ਏਧਰ ਦਿਸੀਂ ਵੀ ਨਾ । ਆਪਣਾ ਪਿਆਰ......ਆਪਣੀ ਮੁਹੱਬਤ
......ਆਪਣੇ ਲੋਕ ਈਂ ਰੱਖ । ਮੈਨੂੰ ਘਰ ਵਾਲੀ ਬਣਾਉਣ ਵਾਲੀ ਗੱਲ ਵੀ ਨਾ ਕਰੀਂ । ਚਲਾ
ਜਾ ਏਥੋਂ । ਮੁੜ ਦਿਸਿਆ ਤਾਂ ਬਾਪੂ ਨੂੰ ਕਹਿ ਕੇ ਤੈਨੂੰ ਖਤਮ ਕਰਾ ਦਿਆਂਗੀ !......ਹੈ ਨਾ ਮੈਨਾ
ਬਾਈ ! ਠੀਕ ਕਿਹਾ ਸੀ ਨਾ......ਮੇਰੀ ਸਹੇਲੀ......ਹੰਸਾ......।

ਮੁੜ ਮੁੜ ਕਹੀ ਜਾਂਦੀ ਹੈ ਮੈਨਾ !......ਏ ! ਤੂੰ ਮੇਰੀ ਗੱਲ ਮੰਨ......ਆਪਣਾ ਥਹੁ ਪਤਾ
ਦਸ ਦੇ ਅਤੇ ਮੁੜ ਜਾਂ ਘਰ ਨੂੰ......ਸਮਝੀਂ ਏ ? ਇਹੀ ਠੀਕ ਏ ।

ਚੁੱਪ । ਅਤੇ ਫਿਰ ਉਹੀ ਗੱਲ......ਕਦੀ ਨਹੀਂ । ਕਦੀ ਨਹੀਂ । ਵਾਪਸ ਜਾਵਾਂਗੀ ਤਾਂ
ਗੱਲ ਬਹੁਤ ਵਿਗੜ ਜਾਵੇਗੀ ।......ਅਤੇ ਫਿਰ ਇਕ ਲੰਮੀ ਚੁੱਪ । ਉਹਦੇ ਚਿਹਰੇ ਵਲ ਦੇਖਦੀ
ਜਾਂਦੀ ਹੈ ਮੈਨਾ......ਜੋ ਆਪਣਾ ਲਗ ਰਿਹਾ ਹੈ......ਇਸ ਲਈ ਦੁੱਖ ਹੈ । ਕੋਈ ਰਾਹ ਨਹੀਂ
ਹੈ । ਇਕ ਹੈ......ਪਰ ਉਹ ਵੀ ਬੰਦ ਵਾਪਸ ਮੁੜਨਾ ਅਸੰਭਵ ਹੈ । ਉਹਦੇ ਚਿਹਰੇ ਵਲ
ਦੇਖਦੇ ਦੇਖਦੇ......ਅਚਾਨਕ ਇਕ ਖਿਆਲ ਆ ਜਾਂਦਾ ਹੈ । ਆਪਣੇ ਆਪ ਨੂੰ ਨਹੀਂ ਰੋਕ
ਸਕਦੀ ਮੈਨਾ ।......ਕਿਉਂ ਨੀ......ਇਕ ਗਲ ਦੱਸੇਂਗੀ ?

—ਕੀ ?

—ਤੇਰਾ ਜੀਅ ਨਹੀਂ ਕਰਦਾ ਕਿ ਆਪਣੇ ਘਰ ਜਾਵਾਂ......ਮਾਂ ਨੂੰ ਮਿਲਾਂ......ਬਾਪੂ ਨੂੰ
ਮਿਲੀ...ਭਰਾਵਾਂ ਨੂੰ ਮਿਲਾਂ......? ਬੋਲ ਵੀ ਨਾ......ਜੀਅ ਕਰਦਾ ਏ ਕਿ ਨਹੀਂ ?

ਪੱਥਰ ਹੋ ਗਿਆ ਚਿਹਰਾ । ਕਾਲਾ ਮਿੱਟੀ ਰੰਗਾ ਪੱਥਰ ।......ਮਿੱਟੀ ਹੋ ਜਾਏਗਾ

— ਬੋਲ ਵੀ ! ਕੀ ਪੁੱਛਿਆ ਏ ਮੈਂ ?

—ਜੀਅ ਕੀਤਿਆਂ ਕੀ ਹੋਵੇਗਾ ਮੈਨਾ ਬਾਈ ? ਕੁਝ ਹੋਏਗਾ ਵੀ ? ਨਹੀਂ ਹੋਏਗਾ ਕੁਝ ਵੀ ।
ਪਿਛੋਂ ਕੀ ਫਾਇਦਾ ਇੰਜ ਕੀਤਿਆਂ......?

—ਫਾਇਦਾ......ਕਿ ਨਹੀਂ ਫਾਇਦਾ ! ਜਦ ਜੀਅ ਕਰ ਪਵੇ ਤਾਂ ਉਹਨੂੰ ਭਲਾ ਕੌਣ ਰੋਕ
ਸਕਦਾ ਏ । ਰੋਕ ਸਕਦਾ ਏ ਭਲਾ ? ਏਸੇ ਲਈ ਮੈਂ ਪੁੱਛਦੀ ਹਾਂ ਤੇਰੇ ਮਨ ਅੰਦਰ ਚੀਸ ਨਹੀਂ
ਉਠਦੀ ਕਿ ਓਧਰ ਜਾਵਾਂ......?

ਇਕ ਲੰਮਾ ਹਉਕਾ......ਇਕ ਲੰਮੀ ਚੁਪ । ਮੈਨਾ ਬਾਈ ! ਇਹ ਨਹੀਂ ਹੋਣਾ ਹੁਣ । ਮੈਨੂੰ

ਪਤਾ ਏ । ਕਾਸ਼ ਮੈਂ ਜਾ ਸਕਦੀ......ਤਾਂ ਇਕ ਵਾਰ ਉਧਰ ਜ਼ਰੂਰ ਜਾਂਦੀ । ਬਾਪੂ ਦੇ ਪੈਰਾਂ ਉਪਰ ......ਮੱਥਾ ਰਗੜਦੀ । ਕਹਿੰਦੀ......ਭੁਲ ਹੋ ਗਈ......ਮੈਂ ਪਾਪ ਕਰ ਬੈਠੀ ਆਂ......ਮੈਨੂੰ ਮਾਫ ਕਰ ਦਿਓ......ਤੁਹਾਡੀ ਧੀ ਬਣਨ ਦੇ ਕਾਬਲ ਈ ਨਹੀਂ ਮੈਂ । ਬਾਪੂ ਦੇ ਪੈਰ ਫੜਕੇ ਕਹਿੰਦੀ......ਮੈਨੂੰ ਕੁਝ ਨਹੀਂ ਚਾਹੀਦਾ । ਜੀਵਾਂ ਜਾਂ ਮਰਾਂ......ਪਰ ਮੈਨੂੰ ਇਕ ਵਾਰ ਮਾਫ ਕਰ ਦਿਉ । ਤੂੰ ਮੈਨੂੰ ਆਪਣੀ ਲਾਡਲੀ ਨੂੰ ਚੰਗੀਆਂ ਚੰਗੀਆਂ ਗੱਲਾਂ ਸਿਖਾਈਆਂ......ਪਰ ਮੈਂ ਸਭ ਭੁਲਾ ਕੇ ਪਾਪ ਕਰ ਬੈਠੀ । ਹੁਣ ਕੁਝ ਨਹੀਂ ਮੰਗਦੀ ਮੈਂ ਤੁਹਾਥੋਂ......ਕੁਝ ਨਹੀਂ......।

ਆ ਗਏ ਹਨ ਸੀਖਾਂ ਵਾਲੇ ਦਰਵਾਜ਼ੇ ਕੋਲ । ਕੌਣ ਹਨ ? ਪਤਾ ਨਹੀਂ । ਇਕ ਕਾਂਸਟੇਬਲ ਆਵਾਜ਼ ਮਾਰ ਰਿਹਾ ਹੈ ।......ਮੈਨਾ ਬਾਈ ! ਮੈਨਾ ਬਾਈ ਪੋਪਟ......।

—ਮੈਨਾਂ ਬਾਈ ਪੋਪਟ ।......ਪੰਜਾਂ ਕਮਰਿਆਂ ਵਿਚ ਖਾਮੋਸ਼ੀ । ਇਕ ਹੋਰ ਆਵਾਜ਼ । ਇਕ ਦੂਜੇ ਨੂੰ ਪੁੱਛਦੀਆਂ ਹਨ......ਮੈਨਾ ਬਾਈ ? ਕੌਣ ਏ ਮੈਨਾ ਬਾਈ ?

ਨਾਲ ਵਾਲੇ ਕਮਰੇ ਵਿਚ......ਬਸ਼ੀਰਨ ਕਹਿੰਦੀ ਹੈ ਨੂਰਨ ਨੂੰ......ਮੈਨਾ ਨੂੰ ਬੁਲਾ ਰਿਹਾ ਹੈ ਹਵਾਲਦਾਰ । ਜਾ ਕਹਿ ਦੇ ਉਹਨੂੰ......।

—ਹਟ ਪਰੇ ! ਮੈਂ ਨਹੀਂ ਬੋਲਦੀ ਉਹਦੇ ਨਾਲ ।

ਚੀਕਦੀ ਹੈ ਸ਼ਾਂਤੀ......ਮੈਨਾ । ਓ ਮੈਨਾ । ਹਵਾਲਦਾਰ ਬੁਲਾ ਰਿਹਾ ਏ ਤੈਨੂੰ......।

ਚੌਂਕ ਕੇ ਉਠ ਬੈਠਦੀ ਹੈ ।......ਕੌਣ ? ਕਿਹੜਾ ਬੁਲਾ ਰਿਹਾ ਏ ਮੈਨੂੰ ? ਹਵਾਲਦਾਰ ? ਕਾਹਦੇ ਵਾਸਤੇ ?

ਨਿਕਲ ਆਉਂਦੀ ਹੈ ਕਮਰੇ ਵਿਚੋਂ । ਲੰਬਾ ਵਰਾਂਡਾ ਦੂਜੇ ਸਿਰੇ ਉਤੇ ਦਰਵਾਜ਼ੇ ਦੀਆਂ ਸੀਖਾਂ ਨੂੰ ਫੜੀ......ਖੜਾ ਹੈ ਪੋਪਟ । ਹੋਰ ਕੌਣ ? ਰਾਜੂ ਵੀ । ਫਿਰ ਆਵਾਜ਼ ਹਵਾਲਦਾਰ ਦੀ......ਮੈਨਾ ?

ਹੌਲੀ ਹੌਲੀ ਤੁਰਦੀ ਹੈ ਮੈਨਾ । ਖੜੀ ਹੋ ਜਾਂਦੀ ਹੈ ਸੀਖਾਂ ਦੇ ਇਸ ਪਾਰ । ਚਲਾ ਗਿਆ ਹਵਾਲਦਾਰ ।......ਅਤੇ ਚੁਪ ਖੜੇ ਹਨ ਦੋਵੇਂ । ਸਿਰਫ ਮੋਟਰਾਂ ਦੀ ਆਵਾਜ਼ ਸੁਣਾਈ ਦੇ ਰਹੀ ਹੈ ।

—ਕਿਉਂ ਆਇਆ ਏਂ ਏਥੇ ?

ਚੁਪ ਚਾਪ ਖੜਾ ਹੈ ਪੋਪਟ । ਸਿਰਫ ਰਾਜੂ ਬੋਲਦਾ ਹੈ......ਤੈਨੂੰ ਲੈਣ ਆਏ ਹਾਂ ਮਾਂ !

ਬਹੁਤ ਹੌਲੀ ਹੌਲੀ ਬੋਲਦੀ ਹੈ ਮੈਨਾ ।......ਕਾਹਦੇ ਵਾਸਤੇ ਲੈ ਜਾਏਂਗਾ ਏਥੋਂ ? ਭੁੱਖਿਆਂ ਮਾਰਨ ਵਾਸਤੇ ? ਮੇਰੀ ਜਿੰਦ ਕੱਢਣ ਵਾਸਤੇ ?

ਬਹੁਤ ਹੌਲੀ ਹੌਲੀ ਬੋਲਦਾ ਹੈ ਪੋਪਟ ।......ਪੰਜ ਵਾਰ ਗਿਆ ਹਾਜੀ ਸੇਠ ਦੇ ਕਾਰਕੁਨ ਕੋਲ......ਹੱਥ ਜੋੜੇ......ਪੈਰੀਂ ਪਿਆ । ਤਦ ਕਿਧਰੇ ਭੇਜਿਆ ਉਸ ਆਪਣਾ ਆਦਮੀ । ਉਹਦੇ ਆਦਮੀ ਨੂੰ ਨਾਲ ਲੈ ਕੇ ਏਥੇ ਆਇਆ ਵਾਂ ਮੈਂ । ਉਸ ਦੀ ਗੱਲ ਮੰਨਦੇ ਨੇ ਏਥੋਂ ਦੇ ਸਾਰੇ ਲੋਕ । ਉਹਦੇ ਕਹਿਣ ਉਤੇ ਹੀ ਤੇਰੇ ਨਾਲ ਗੱਲ ਕਰਨ ਦੀ ਇਜਾਜ਼ਤ ਮਿਲੀ ਏ......।

ਬਹੁਤ ਹੌਲੀ ਬੋਲਦੀ ਹੈ ਮੈਨਾ......ਜਿਵੇਂ ਆਪਣੇ ਆਪ ਨਾਲ ਗੱਲ ਕਰ ਰਹੀ ਹੋਵੇ । ......ਮੈਂ ਤਾਂ ਏਥੇ ਈ ਰਹਿਣਾ ਏ ਕਿਧਰੇ ਵੀ ਨਹੀਂ ਜਾਣਾ ਏਥੋਂ ।

—ਨਹੀਂ ! ਮੈਂ ਤੈਨੂੰ ਏਥੇ ਨਹੀਂ ਰਹਿਣ ਦਿਆਂਗਾ ।

—ਤੂੰ ਨਹੀਂ ਰਹਿਣ ਦੇਏਂਗਾ ? ਤੂੰ ਹੁੰਦਾ ਕੌਣ ਏ ? ਨਹੀਂ ਜਾਣਾ ਮੈਂ......ਏਥੇ ਈ ਰਵ੍ਹਾਂਗੀ ।

ਨਹੀਂ ! ਮੈਂ ਕਹਿ ਦਿੱਤਾ ਏ ਸਾਹਿਬ ਨੂੰ ਕਿ ਅਸੀਂ ਗਰੀਬ ਜ਼ਰੂਰ ਆਂ......ਪਰ ਮੇਰੀ ਔਰਤ ਰੰਡੀ ਨਹੀਂ......ਸ਼ਰੀਫ ਔਰਤ ਹੈ । ਹਾਜੀ ਸੇਠ ਦੇ ਕਾਰਕੁਨ ਨੇ ਵੀ ਇਹੀ ਕਿਹਾ ਏ..... ਕਿ ਤੁਸੀਂ ਉਹਨੂੰ ਗ਼ਲਤੀ ਨਾਲ ਫੜ ਲਿਆਏ ਓ...... ।

—ਤੇਰੇ ਕਹਿਣ ਨਾਲ ਕੀ ਹੋਏਗਾ ! ਮੈਂ ਰੰਡੀ ਆਂ......ਸਾਰਿਆਂ ਨੂੰ ਪਤਾ ਏ......ਮੈਂ ਖੁਦ ਕਹਾਂਗੀ......ਮੈਂ ਰੰਡੀ ਆਂ......ਅਤੇ ਤੂੰ......ਮੇਰਾ ਮਰਦ ਹੋ ਕੇ ਮੇਰੇ ਕੋਲੋਂ ਧੰਦਾ ਕਰਵਾਉਂਦਾ ਏਂ......ਮੇਰੀ ਕਮਾਈ ਖਾਂਦਾ ਏ...... ।

ਚੁੱਪ ਚਾਪ ਖੜਾ ਰਹਿੰਦਾ ਹੈ ।......ਮੈਂ ਸੋਚ ਲਿਆ ਏ ਮੈਨਾ ! ਆਪਾਂ ਏਥੇ ਰਹਿਣਾ ਈ ਨਹੀਂ......ਏਥੋਂ ਚਲੇ ਜਾਵਾਂਗੇ । ਤੂੰ ਮੈਨੂੰ ਇਕ ਚਾਨਸ ਦੇ......ਸਿਰਫ ਇਕ ਵਾਰ ਹੋਰ...... ।

—ਹੁਣ ਚਾਨਸ ਈ ਚਾਨਸ ਨੇ ਤੈਨੂੰ......ਜਿੰਨੇ ਮਰਜ਼ੀ ਲੈ ਲੈ । ਪਰ ਮੈਂ ਨਹੀਂ ਆਵਾਂਗੀ......।

ਇਕ ਟੱਕ ਦੇਖਦਾ ਰਹਿੰਦਾ ਹੈ ਮੈਨਾ ਦੇ ਚਿਹਰੇ ਵੱਲ । ਪਰ ਮੈਨਾ ਨਹੀਂ ਦੇਖਦੀ ਉਹਦੇ ਵੱਲ । ਮੋਟਰਾਂ ਦੀ ਆਵਾਜ਼......ਰੁਕਦੀ ਹੈ......ਤੇਜ਼ ਹੋ ਜਾਂਦੀ ਹੈ । ਤਦ ਅਚਾਨਕ ਬੋਲਣ ਲਗਦਾ ਹੈ ਪੋਪਟ ।......ਦੇਖ ! ਏਨੀ ਨਫਰਤ ਨਾ ਕਰ ਮੇਰੇ ਨਾਲ । ਮੈਂ ਮੰਨਦਾ ਆਂ......ਮੈਂ ਪਾਪ ਕੀਤੇ......ਤੇਰੇ ਕੋਲੋਂ ਵੀ ਕਰਵਾਇਆ । ਪਰ ਆਪਣੇ ਵਾਸਤੇ ਨਹੀਂ......ਸਮਝੀ ? ਮੈਂ ਸੋਚਦਾ ਸਾਂ ਕਿ ਥੋੜ੍ਹੇ ਚਿਰ ਦੀ ਗਲ ਏ......ਪਿਛੋਂ ਭਲਾ ਟੈਮ ਜ਼ਰੂਰ ਆਊ । ਅਤੇ ਜਦੋਂ ਮੇਰਾ ਟੈਮ ਆਊ ਮੈਂ ਤੈਨੂੰ ਇੰਜ ਰਖਾਂਗਾ ਕਿ ਹਾਜੀ ਸੇਠ ਵੀ ਆਪਣੀ ਔਰਤ ਨੂੰ ਉਂਜ ਨਹੀਂ ਰਖ ਸਕਦਾ । ਤੈਨੂੰ ਅਤੇ ਰਾਜੂ ਨੂੰ ਵੀ......ਮੈਂ ਭਾਵੇਂ ਭੁਖਾ ਰਹਾਂ......ਕੋਈ ਪਰਵਾਹ ਨਹੀਂ । ਪਰ ਮਾਂ...... ਟੈਮ......ਕਦ ਦਾ ਰਾਹ ਦੇਖ ਰਿਹਾਂ......ਆਉਂਦਾ ਈ ਨਹੀਂ । ਕਿਸਮਤ ਈ ਗਾਂਡੂ ਏ ਮੇਰੀ......ਕਿਸੇ ਦਾ ਕੋਈ ਕਸੂਰ ਨਹੀਂ ।

ਸੀਖਾਂ ਵਿਚੋਂ ਹੱਥ ਕੱਢ ਕੇ ਫੇਰਦੀ ਹੈ ਰਾਜੂ ਦੇ ਵਾਲਾਂ ਉਪਰ । ਬੋਲੀ ਜਾਂਦੀ ਹੈ ।......ਤੂੰ ਆਪਣੇ "ਟੈਮ" ਦਾ ਰਸਤਾ ਦੇਖਦਾ ਰਹਿ......ਏਥੇ ਮੇਰੀ ਜਾਨ ਖਲਾਸ ਹੋ ਜਾਏਗੀ । ਮੇਰੇ ਮਰਨ ਤੋਂ ਬਾਅਦ ਆਏਗਾ ਤੇਰਾ ਟੈਮ । ਆਏਗਾ ਵੀ ਜਾਂ ਨਹੀਂ ਕੌਣ......ਜਾਣਦੈ ?

ਹੁਣ ਫਿਰ ਦੇਖਦਾ ਰਹਿੰਦਾ ਹੈ ਉਸੇ ਤਰ੍ਹਾਂ । ਨਾ ਹਿਲਦਾ ਹੈ......ਨਾ ਆਵਾਜ਼ ਨਿਕਲਦੀ ਹੈ ਮੂੰਹੋਂ । ਠੀਕ ਕਹਿੰਦੀ ਹੈ......ਆਏਗਾ ਵੀ ਜਾਂ ਨਹੀਂ ? ਪੱਕਾ ਭਰੋਸਾ ਸੀ ਹੁਣ ਤਕ...... ਜ਼ਰੂਰ ਆਏਗਾ, ਇਕ-ਨਾ-ਇਕ ਦਿਨ ਕਿਸਮਤ ਸਾਥ ਦੇਏਗੀ......ਚਾਨਸ ਮਿਲੇਗਾ ।

ਹੁਣ......ਆਵਾਜ਼ਾਂ ਹੋਈ ਜਾ ਰਹੀਆਂ ਹਨ ਖ਼ਾਮੋਸ਼ । ਸੁਣਨ ਦੀ ਕੋਸ਼ਿਸ਼ ਕਰਦਾ ਹੈ......ਦੂਰ ਦੂਰ ਤਕ ਕੁਝ ਨਹੀਂ । ਇਸ ਲਈ ਖ਼ਾਮੋਸ਼ ਹੈ । ਦੇਖਦਾ ਰਹਿੰਦਾ ਹੈ ਮੈਨਾ ਦੇ ਚਿਹਰੇ ਵੱਲ...... ਉਥੇ ਕੁਝ ਵੀ ਨਹੀਂ......ਸਿਵਾਏ ਨਫ਼ਰਤ ਦੇ । ਕਿਹਦੇ ਲਈ......ਪਤਾ ਨਹੀਂ । ਹੱਥ ਫੇਰਦੀ ਰਹਿੰਦੀ ਹੈ ਸੀਖਾਂ ਤੋਂ ਪਾਰ......ਰਾਜੂ ਦੇ ਸਿਰ ਉਪਰ । ਬਹੁਤ ਖੁਸ਼ ਹੈ ਰਾਜੂ ।

—ਮਾਂ ! ਮੰਮਦ ਏ ਨਾ......ਰੇਲ ਗੱਡੀ ਵਿਚ ਬੈਠ ਕੇ ਗਿਆ ਸੀ......ਬਹੁਤ ਦੂਰ । ਉਹ ਕਹਿੰਦਾ ਸੀ ਕਿ ਉਧਰ ਬੜੇ ਪੈਸੇ ਮਿਲਦੇ ਨੇ......ਅਤੇ ਖਾਣਾ ਵੀ ਬਹੁਤ । ਬਹੁਤ ਅੱਛਾ ਅੱਛਾ ਖਾਣਾ......ਬੜੀ ਦੂਰ......।

ਚੁਪ ਹਨ ਦੋਵੇਂ । ਚੁਪ ਹਨ ਸਾਰੇ ।

—ਮੈਨੂੰ ਵੀ ਮਾਂ......ਮੰਮਦ ਕਹਿੰਦਾ ਸੀ ਓਧਰ ਜਾਣ ਲਈ । ਕਹਿੰਦਾ ਸੀ ਓਧਰ ਬੜਾ ਕੁਝ ਮਿਲੂ । ਸੁਣਦੀ ਏ ਨਾ ਮਾਂ ? ਉਧਰ ਬੜੀਆਂ ਚੀਜ਼ਾਂ ਮਿਲਣਗੀਆਂ । ਪਰ ਦੂਰ ਬੜੀ ਜਾਣਾ ਪੈਂਦਾ ਏ ਉਧਰ । ਮੈਂ ਜਾਵਾਂ ਮਾਂ ?

ਸੁਣਦੀ ਰਹਿੰਦੀ ਹੈ ਮਾਂ......ਬੋਲਦੀ ਨਹੀਂ ਕੁਝ । ਸਿਰਫ ਇਕ ਸਵਾਲ ।......ਕਿਥੇ ਸੁਤਾ ਸੀ ਰਾਤ ਨੂੰ ? ਝੌਂਪੜੀ ਵਿਚ ?

—ਨਹੀਂ ਮਾਂ ! ਪੁੱਲ ਦੀ ਪਟੜੀ ਉਪਰ......।

—ਕਿਉਂ ? ਉਥੇ ਕਿਉਂ ਸੁਤਾ ਸੈਂ ?

ਅਤੇ ਖੁਸ਼ ਹੈ ਰਾਜੂ ।......ਸਾਨੂੰ ਸਾਰਿਆਂ ਨੂੰ......ਬਹੁਤ ਅੱਛਾ ਖਾਣਾ ਮਿਲਿਆ ਸੀ ਮਾਂ । ਮੈਨੂੰ......ਮੰਮਦੂ ਨੂੰ......ਗਨੀਆ......ਗੋਪੂ ਅਤੇ ਸਭ ਨੂੰ ।......ਚਿਸ਼ਤੀ ਬਾਬਾ ਦੀ ਦਰਗਾਹ ਹੈ ਨਾ......ਉਧਰ ਸਭ ਲੋਕਾਂ ਨੂੰ ਖਾਣਾ ਖੁਆਇਆ । ਪਾਵ ਅਤੇ ਕੀਮਾ......ਸਾਰਿਆਂ ਨੂੰ । ਬਹੁਤ ਸਾਰੇ ਲੋਕ ਸਨ ਉਥੇ......।

ਫਿਰ ਨਰਾਜ਼ਗੀ !......ਉਥੇ ਕੋਹੜਿਆਂ ਨਾਲ ਤੂੰ ਖਾਣਾ ਖਾਧਾ ਏ ਨਾ ? ਹੈ ਨਾ ? ਮੈਂ ਮਨ੍ਹਾਂ ਕੀਤਾ ਸੀ ਨਾ ਤੈਨੂੰ ?

—ਪਰ ਉਥੇ ਪਾਵ ਅਤੇ ਕੀਮਾ ਦਿੱਤਾ ਸੀ ਨਾ ।

—ਪਾਵ ਕੀਮਾ......ਨਾਲੇ ਮੁਰਗਾ ਖਵਾਇਆ ਹੋਏਗਾ । ਪਰ ਕੀ ਕਿਹਾ ਸੀ ਮੈਂ ਤੈਨੂੰ......ਕੋਹੜਿਆਂ ਦੇ ਨੇੜੇ ਵੀ ਨਹੀਂ ਜਾਣਾ । ਕਿਹਾ ਸੀ ਨਾ ?

ਬੁਰਾ ਲਗਦਾ ਹੈ ਰਾਜੂ ਨੂੰ ।......ਜਦੋਂ ਭੁੱਖਾ ਹੋਵਾਂ ਉਦੋਂ ਹੋਰ ਕੀ ਕਰਾਂ ?

ਚੀਕਦੀ ਹੈ ਮੈਨਾ......ਦਰਿਆ ਵਿਚ ਡੁੱਬ ਮਰਿਆ ਕਰ । ਸਾਲਾ......ਕਮੀਨਾ...... ।

ਸੀਖਾਂ ਵਿਚੋਂ ਖਿਚ ਲੈਂਦੀ ਹੈ ਹੱਥ ।......ਤੁਸੀਂ ਕਿਸ ਵਾਸਤੇ ਆਏ ਓ ਏਥੇ ? ਕਿਸ ਕਿਹਾ ਸੀ ਤੁਹਾਨੂੰ ? ਨਹੀਂ ਜਾਣਾ ਮੈਂ ਏਥੋਂ...... ।

ਪੋਪਟ ਅਤੇ ਰਾਜੂ......ਦੇਖਦੇ ਰਹਿੰਦੇ ਹਨ ਦਵੇਂ । ਮੁੜ ਪੈਂਦੀ ਹੈ ਮੈਨਾ ਸੀਖਾਂ ਵਾਲੇ ਦਰਵਾਜ਼ੇ ਵਲੋਂ । ਚਲਾ ਗਿਆ ਦੂਰ ਤਕ ਲੰਮਾ ਭੀੜਾ ਰਾਹ । ਦੂਰ ਤਕ ਦਿਖਾਈ ਦੇਂਦੀ ਹੈ ਮੈਨਾ ।

ਅਚਾਨਕ ਅਵਾਜ਼ ਦੇਂਦਾ ਹੈ ਪੋਪਟ......ਮੈਨਾ......ਓ ਮੈਨਾ ! ਸੁਣ ਵੀ ਸਹੀ......।

ਉਥੋਂ ਹੀ ਘੁੰਮ ਕੇ ਜਵਾਬ ਦੇਂਦੀ ਹੈ......ਨਹੀਂ ਸੁਣਨਾ ਮੈਂ ਕੁਝ ਵੀ ।

—ਸਿਰਫ ਇਕ ਮਿੰਟ । ਬਸ ਇਕ ਗਲ ਕਹਿਣੀ ਏ ਤੈਨੂੰ......।

ਸੋਚਦੀ ਹੈ ਕੁਝ ਦੇਰ......ਅਤੇ ਵਾਪਸ ਪਰਤ ਆਉਂਦੀ ਹੈ ।......ਕੀ ਕਹਿਣਾ ਈ ?

ਪਰ ਉਸੇ ਤਰ੍ਹਾਂ ਚੁਪ ਚਾਪ ਖੜਾ ਹੈ ਪੋਪਟ ।

—ਬੋਲ ਵੀ ! ਕੀ ਕਹਿਣਾ ਈ ?

—ਕੁਝ ਨਹੀਂ ।

—ਫਿਰ ਕਿਉਂ ਬੁਲਾਇਆ ਮੈਨੂੰ ?

—ਸਿਰਫ ਇਹ ਕਹਿਣ ਲਈ ਕਿ......ਇਕ ਚਾਨਸ ਹੋਰ ਮੰਗਣਾ ਆਂ ਤੈਥੋਂ । ਇਸ ਤੋਂ ਬਾਅਦ ਤੂੰ ਜੋ ਕਹੇਂਗੀ......ਮੈਂ ਉਹੀ ਕਰਾਂਗਾ ।

ਅੱਖਾਂ ਵਿਚੋਂ ਜਿਵੇਂ ਨਿਕਲਣ ਲਗਦੀ ਹੈ ਅੱਗ । ਕਹਿਣਾ ਚਾਹੁੰਦੀ ਹੈ ਕੁਝ......ਨਹੀਂ ਕਹਿ ਹੁੰਦਾ । ਦੇਖਦੀ ਰਹਿੰਦੀ ਹੈ ਸਿਰਫ......। ਸਾਲਾ ਗਾਂਡੂ ! ਮਾਂ...... ! ਮੈਨੂੰ ਰਸਤੇ ਵਿਚ ਬਿਠਾ ਦਿੱਤਾ । ਮੁੰਡੇ ਨੂੰ ਮੰਗਤਾ ਅਤੇ ਕੋਹੜਾ ਬਣਾ ਦਏਂਗਾ । ਅਤੇ ਅਜੇ ਹੁਣ ਹੋਰ ਵੀ ਚਾਨਸ ਮੰਗਣਾ ਏਂ ! ਆਪਣੀ ਮਾਂ ਦੀ......ਵਿਚ ਪਾ ਆਪਣਾ ਚਾਨਸ ।......ਦਾ...... ।

ਤੁਰ ਪੈਂਦੀ ਹੈ ਤੇਜ਼ੀ ਨਾਲ ਘੁੰਮ ਕੇ । ਹੱਥ ਵਿਚ ਸੀਖਾਂ ਫੜੀ......ਦੂਰ ਤਕ ਦੇਖਦਾ ਰਹਿ ਜਾਂਦਾ ਹੈ ਪੋਪਟ...... ।

ਨਵੀਂ ਕੁੜੀ ਦੀ ਆਵਾਜ਼......ਕਿਉਂ......ਕੀ ਹੋਇਆ ਏ ਮੈਨਾ ਬਾਈ ? ਕੀ ਹੋਇਐ ?

ਮੱਥੇ ਹਥ ਮਾਰਦੀ ਹੈ ਮੈਨਾ ।......ਹੋਣਾ ਕੀ ਸੀ ! ਇਨ੍ਹਾਂ ਲੋਕਾਂ ਮੇਰਾ ਖੂਨ ਪੀ ਲਿਆ ਏ......ਪਰ ਅਜੇ ਵੀ ਇਨ੍ਹਾਂ ਨੂੰ ਚੈਨ ਨਹੀਂ । ਮੇਰੀ ਜਾਨ ਲੈ ਕੇ ਹੀ ਹੱਟਣਗੇ......।

ਚੀਕ ਰਹੀ ਹੈ ਕੋਲਾਬਾ ਦੀ ਘਰ ਵਾਲੀ......ਮਾਈਂ......ਮਾਈਂ ! ਕਿਹੋ ਜਿਹੀਆਂ ਔਰਤਾਂ ਓ ਤੁਸੀਂ ! ਕੱਲ ਆਪਣੇ ਲਈ ਸੋਪ ਲਿਆਈ ਸਾਂ......ਅੱਜ ਇੰਨਾ ਬਾਰੀਕ ਕਿਵੇਂ ਹੋ ਗਿਆ ? ਮੇਰਾ ਆਇਲ ਖਤਮ......ਮੇਰਾ ਪਾਊਡਰ ਖਤਮ......ਮੇਰੀ ਬਰੇਜ਼ੀਅਰ......ਮੇਰਾ ਪੇਟੀਕੋਟ......।

ਲੈਲਾ ਲੇਟੀ ਹੈ ਚੁਪ ਚਾਪ । ਕਾਲੀ ਕੁੜੀ ਸਾਥ ਨਹੀਂ ਛੱਡਦੀ । ਬੈਠੀ ਹੈ ਉਥੇ......ਮਾਰੀ ਜਾਂਦੀ ਹੈ ਕੀੜੇ । ਦੇਖੀ ਜਾਂਦੀ ਹੈ ਕੰਧ ਵਲ......ਇਕ ਟੱਕ । ਹੱਸਦੀ ਹੈ ਲੈਲਾ ।......ਤੂੰ ਮੈਨੂੰ ਅਜੇ ਤਕ ਇਹ ਨਹੀਂ ਦਸਿਆ ਕਿ ਕਿਹੜੀ ਚੋਰੀ ਕੀਤੀ ਸੀ ਤੂੰ......ਅਤੇ ਬਾਬੂ ਭਾਈ ਕੀ ਲਗਦਾ ਏ ਤੇਰਾ ?

ਇਕ ਤਿੱਖੀ ਮੁਸਕਰਾਹਟ ਆ ਜਾਂਦੀ ਹੈ । ਕਾਲੀ ਕੁੜੀ......ਹੱਸ ਰਹੀ ਹੈ......ਜਾਂ ਰੋ ਰਹੀ ਹੈ ?......ਤੂੰ ਚੋਰੀ ਵਾਲੀ ਗੱਲ ਪੁਛਣੀ ਏਂ ਲੈਲਾਬਾਈ ? ਆਪਾਂ ਕਿਹੜਾ ਕੋਈ ਵੱਡੀ ਮੱਲ ਮਾਰ ਲੈਣੀ ਸੀ । ਜਿਥੇ ਕਿਧਰੇ ਕੁਝ ਛੋਟਾ ਮੋਟਾ ਦਿਸਿਆ ਚੁਰਾ ਲਿਆ......ਹੋਰ ਕਰਨਾ ਕੀ ਸੀ।

—ਛੋਟਾ ਮੋਟਾ !......ਫਿਰ ਹੱਸਦੀ ਹੈ ਲੈਲਾ ।......ਛੋਟਾ ਮੋਟਾ ਕੀ ?

ਕਿਸੇ ਦੀ ਕਮੀਜ਼......ਲਹਿੰਗਾ......ਧੋਤੀ ਬਨੈਣ......ਜਾਂ ਜੋ ਕੁਝ ਵੀ ਹੋਰ ਕਿਧਰੇ ਸੁਕਣੇ ਪਿਆ ਮਿਲ ਗਿਆ......ਮੌਕਾ ਮਿਲਦਿਆਂ ਹੀ ਆਪਾਂ ਉਡਾ ਲੈਂਦੇ ਸਾਂ......ਫਿਰ ਜਾ ਫੜਾਈਦੇ ਸਨ ਬਾਬੂ ਭਾਈ ਨੂੰ । ਬਸ । ਬਾਬੂ ਭਾਈ ਜੋ ਠੀਕ ਸਮਝਦਾ......ਦੇ ਦੇਂਦਾ । ਆਪ ਨੂੰ ਇਕ ਟੈਮ ਦਾ ਖਾਣਾ ਵੀ ਮਿਲਦਾ ਤਾਂ ਬਹੁਤ......ਜ਼ਿਆਦਾ ਲਾਲਚ ਕਰਕੇ ਕੀ ਲੈਣਾ ਏ...... ।

ਅਤੇ ਲੈਲਾ ਦਾ ਹਾਸਾ ਰੁਕ ਜਾਂਦਾ ਹੈ ਅਚਾਨਕ ।......ਬਸ ! ਸਿਰਫ ਇਕ ਟੈਮ ਦਾ ਖਾਣਾ ਦੇਂਦਾ ਸੀ ਬਾਬੂ ਭਾਈ ? ਹੋਰ ਕੁਝ ਨਹੀਂ ?

ਹੁਣ ਕਾਲੀ ਕੁੜੀ ਹੱਸਦੀ ਹੈ ਇਕ ਖੁਸ਼ਕ ਹਾਸੀ ।......ਆਪਾਂ ਹੋਰ ਕੁਝ ਕਦੀ ਮੰਗਿਆ ਹੀ ਨਹੀਂ । ......ਕਦੀ ਕਦੀ ਤਾਂ ਇੰਜ ਵੀ ਹੋ ਜਾਂਦਾ ਕਿ ਇਕ ਟੈਮ ਵੀ ਖਾਣਾ ਨਸੀਬ ਨਾ ਹੁੰਦਾ...... ।

ਹੱਸਦੀ ਹੈ ਲੈਲਾ । ......ਮੈਂ ਸਮਝਦੀ ਸੀ ਕਿ ਬਾਬੂ ਤੇਰਾ ਮਰਦ ਏ...... ।

ਕਾਲੀਆਂ ਅੱਖਾਂ ਵਿਚ ਹੁਣ ਛਾ ਜਾਂਦਾ ਹੈ ਇਕ ਕਾਲਾ ਬੱਦਲ । ......ਮਰਦ ਨਹੀਂ ਤਾਂ ਹੋਰ ਕੀ ਸੀ......ਆਉਂਦਾ ਤਾਂ ਸੀ ਮੇਰੇ ਪਾਸ ।

—ਸੌਣ ਲਈ ?

—ਹੋਰ ਕਾਹਦੇ ਲਈ ਆਉਂਦਾ ਸੀ !

—ਅਤੇ ਖਾਣਾ ਵੀ ਨਹੀਂ ਸੀ ਦੇਂਦਾ ਦੋ ਟੈਮ ਦਾ ?......

ਦੁਬਲੀ ਪਤਲੀ ਔਰਤ......ਘੁੰਮ ਰਹੀ ਹੈ ਕਮਰਿਆਂ ਵਿਚ । ਪੁੱਛ ਰਹੀ ਹੈ ਹਰ ਕਿਸੇ ਨੂੰ......ਕੀ ਟੈਮ ਹੋਇਆ ਹੋਵੇਗਾ ?

—ਏ ! ਦਸ ਵੀ ! ਕੀ ਟੈਮ ਹੋਇਆ ?

ਕੋਈ ਨਹੀਂ ਦਸ ਸਕਦਾ ।

ਦੂਸਰੇ ਕਮਰੇ ਵਿਚ ਵੀ ਸਾਰੇ ਖਾਮੋਸ਼......ਤੀਸਰੇ ਕਮਰੇ ਵਿਚੋਂ ਕੋਈ ਦੇਂਦਾ ਹੈ ਆਵਾਜ਼ ......ਕੀ ਚਾਹੀਦਾ ਏ ਤੈਨੂੰ ? ਆ ਜਾ ਏਧਰ ਈ...... ।

—ਟੈਮ ! ਟੈਮ ਪੁੱਛਣਾ ਏ ਮੈਂ !

—ਟੈਮ ! ......ਗੂੰਜਦੀ ਹੈ ਇਕ ਹਾਸੀ । ......ਏਥੇ ਵੀ ਟੈਮ......ਬਾਹਰ ਟੈਮ...... ਤਾਂ ਅੰਦਰ ਵੀ ਟੈਮ...... ।

ਫਿਰ ਹਾਸਾ । ......ਟੈਮ । ਸਾਨੂੰ ਸਾਰਿਆਂ ਨੂੰ ਏਥੋਂ ਤਕ ਲੈ ਆਇਆ ਏ......ਹੁਣ ਤੂੰ ਟੈਮ ਨੂੰ ਵੀ ਫੜ ਕੇ ਇੱਥੇ ਅੰਦਰ ਲਿਆ ਰਹੀ ਏਂ ।

—ਏ ! ਟੈਮ ਨੂੰ ਉਧਰੇ ਈ ਰੱਖ......ਬਾਹਰ......ਨਾ ਲਿਆ ਅੰਦਰ...... ।

ਪਰ ਪਰੇਸ਼ਾਨ ਹੈ ਪਤਲੀ ਔਰਤ । ਚਲੀ ਜਾਂਦੀ ਹੈ ਅਗਲੇ ਕਮਰੇ ਵਿਚ ।......ਤੈਨੂੰ ਪਤਾ ਏ ਭਲਾ......ਕੀ ਟੈਮ ਹੋਇਆ ਹਊ ?

ਹੱਸਦੀ ਹੈ ਲੈਲਾ......ਹਾਂ ! ਪਤਾ ਏ ਮੈਨੂੰ । ......ਏਥੇ ਆ......ਦੱਸਦੀ ਆਂ...... । ਆ ਜਾਂਦੀ ਹੈ ।

—ਬੈਠ ਜਾ ਨਾ !

ਬੈਠ ਜਾਂਦੀ ਹੈ ।

—ਕੀ ਨਾਂ ਏ ਤੇਰਾ ?

—ਮੇਰਾ ਨਾਂ ? ਕੱਲ ਸਵੇਰੇ ਦੱਸਿਆ......ਕੱਲ ਸ਼ਾਮੀਂ ਦੱਸਿਆ......ਅੱਜ ਸਵੇਰੇ ਦੱਸਿਆ...... ।

ਓਹ......ਹੋ ! ਭੁਲ ਜਾਂਦੀ ਆਂ ਮੈਂ ਵਾਰ ਵਾਰ । ਇਕ ਵਾਰੀ ਹੋਰ ਦੱਸ ਦੇ ।

—ਸੁਭੱਦਰਾਂ ।

ਹਾਂ......ਹਾਂ ! ......ਯਾਦ ਆ ਗਿਆ ਏ ਮੈਨੂੰ......ਤੂੰ ਭੱਤੇ ਵਾਲੇ ਨੂੰ ਪੋਸਟ ਕਾਰਡ ਲਈ ਕਿਹਾ ਸੀ ਨਾ ?

—ਆਹੋ !

—ਕਾਹਦੇ ਵਾਸਤੇ ਤੂੰ ਟੈਮ ਪੁਛਣੀ ਏਂ ਰੋਜ਼ ਰੋਜ਼......ਸਵੇਰੇ ਸ਼ਾਮ !

—ਭੱਤੇ ਵਾਲੇ ਵਾਸਤੇ । ਰੋਜ਼......ਹਰ ਰੋਜ਼ ਕਾਰਡ ਲਿਆਉਣ ਦਾ ਲਾਰਾ ਲਾਉਂਦਾ ਏ......ਪਰ ਲਿਆਉਂਦਾ ਨਹੀਂ । ਅੱਜ ਕਹਿੰਦਾ ਸੀ ਕਿ ਜ਼ਰੂਰ ਲਿਆਵਾਂਗਾ...... ।

—ਪਰ ਕਿਸਨੂੰ ਲਿਖੇਂਗੀ ਕਾਰਡ ?

ਚੁੱਪ ਹੈ ਦੁੱਬਲੀ ਪਤਲੀ ਔਰਤ ।

—ਆਪਣੇ ਮਰਦ ਨੂੰ ਲਿਖੇਂਗੀ ਭਲਾ ?

ਫਿਰ ਖਾਮੋਸ਼ੀ । ......ਮੈਂ ਭਲਾ ਕੀ ਲਿਖਾਂਗੀ ! ਮੈਨੂੰ ਲਿਖਣਾ ਕਿੱਥੋਂ ਆਇਆ ! ਤੇਰੇ ਵਰਗੀ ਕਿਸੇ ਦੀ ਮਿੰਨਤ ਕਰ ਲਵਾਂਗੀ ਲਿਖਵਾਉਣ ਲਈ......।

—ਪਰ ਲਿਖੇਂਗੀ ਕਿਹਨੂੰ ? ਆਪਣੇ ਮਰਦ ਨੂੰ ?

—ਮੇਰੇ ਜਿਹੀਆਂ ਔਰਤਾਂ ਦੇ ਮਰਦ ਵੀ ਕਦੀ ਹੋਏ ਨੇ ? ਬਣਾ ਲਈਏ......ਤਾਂ ਸਾਰੇ ਈ ਆਪਣੇ ਮਰਦ ਨੇ......ਨਾ ਬਣਾਈਏ......ਤਾਂ ਕੋਈ ਵੀ ਆਪਣਾ ਨਹੀਂ...... ।

ਲੈਲਾ ਦੇ ਹੱਥਾਂ ਉਪਰ ਰੀਂਗ ਰਿਹਾ ਹੈ ਕੀੜਾ । ਫੜਦੀ ਹੈ ਕਾਲੀ ਕੁੜੀ ਅਤੇ ਮਾਰ ਦੇਂਦੀ ਹੈ । ਪੁੱਛਦੀ ਹੈ ਘੁੰਮ ਕੇ......ਸੁਭੱਦਰਾਂ ਈ ਨਾਂ ਏ ਨਾ ਤੇਰਾ ! ਹੈ ਨਾ ?

—ਆਹੋ !

—ਜ਼ਮਾਨਤ ਹੋ ਗਈ ਏ ਤੇਰੀ ?

—ਜ਼ਮਾਨਤ ਤਾਂ ਹੋ ਗਈ ਏ......ਪਰ ਜ਼ਮਾਨਤ ਭਰੇਗਾ ਕੌਣ ? ਸੌ ਰੁਪਏ ਦੀ ਜ਼ਮਾਨਤ ਕੀਤੀ ਏ ਸਾਹਬ ਨੇ । ਅੱਠ ਦਿਨ ਹੋ ਚਲੇ ਨੇ......ਕੌਣ ਭਰੇਗਾ ਮੇਰੀ ਜ਼ਮਾਨਤ !

ਖਾਮੋਸ਼ੀ......ਆਪਣਾ ਵੀ ਇਹੀ ਹਾਲ ਏ । ਸੌ ਰੁਪਏ ਦੀ ਜ਼ਮਾਨਤ ਮੰਗੀ ਏ ਸਾਹਬ ਨੇ । ਦੱਸ ਦਿਨ ਹੋ ਗਏ ਨੇ...... ।

ਖੁਲ੍ਹ ਗਿਆ ਸੀਖਾਂ ਵਾਲਾ ਦਰਵਾਜ਼ਾ। ਵਾਪਸ ਪਰਤ ਆਈਆਂ ਹਨ ਰੀਮਾਂਡ ਵਾਲੀਆਂ ......ਇੰਜ ਪਰਤ ਰਹੀਆਂ ਹਨ ਜਿਵੇਂ ਮੇਲਾ ਵੇਖ ਕੇ ਆਈਆਂ ਹੋਣ। ਚੌਦਾਂ ਦਿਨਾਂ ਵਿਚ ਇਕ ਵਾਰ......ਮੌਕਾ ਬਾਹਰ ਨਿਕਲਣ ਦਾ। ਵਾਹ......ਬਈ ਵਾਹ !......! ਸਾਲਾ ਮੈਨੂੰ ਧਮਕੀਆਂ ਦੇਣ ਲਗਾ। ਜਾ ਜਾ ! ਬੜੇ ਦੇਖੇ ਨੇ ਤੇਰੇ ਵਰਗੇ......।

ਗੰਗਾ ਬਾਈ......ਜਸੋਦਾ......ਜੇਲ੍ਹ—ਕਸਟੋਡੀ। ਬਾਕੀਆਂ ਦਾ ਇਕ ਇਕ ਰੀਮਾਂਡ। ਆਂਟੀ ਦੀ ਹੋ ਗਈ ਜ਼ਮਾਨਤ। ਨਫ਼ੀਸਾ ਦੀ ਜ਼ਮਾਨਤ......ਪੰਜ ਸੌ ਤੋਂ ਹੋ ਗਈ ਢਾਈ ਸੌ। ਕਿਸੇ ਦੀ ਸੌ......ਕਿਸੇ ਦੀ ਦੋ ਸੌ। ਪਰ ਨਹੀਂ ਮਿਲਦੇ ਜ਼ਮਾਨਤਦਾਰ। ਸਭ ਬੇਵੱਸ ਬੈਠੀਆਂ ਹਨ ਅਤੇ ਗਾਲ੍ਹਾਂ ਕੱਢ ਰਹੀਆਂ ਹਨ ਸਾਰਿਆਂ ਨੂੰ। ਕੋਈ ਕਿਸੇ ਦੇ ਕੰਮ ਨਹੀਂ ਆਉਂਦਾ......ਸਾਰੇ ਮਤਲਬੀ। ਇਨ੍ਹਾਂ ਦੀ ਮਾਂ ਭੈਣ ਨੂੰ......।

ਫ਼ਿਰ ਸ਼ੁਰੂ ਹੋ ਗਿਆ ਹੈ ਹੰਗਾਮਾ। ਹਰ ਕਮਰੇ ਵਿਚ ਆਵਾਜ਼ਾਂ ! ਕੁਝ ਸੁਣਾਈ ਨਹੀਂ ਦੇਂਦਾ। ਰੀਂਗਦੇ ਹੋਏ ਕੀੜੇ ਰੀਂਗੀ ਜਾਂਦੇ ਹਨ......ਰੀਂਗਦੇ ਰੀਂਗਦੇ ਮਰ ਜਾਂਦੇ ਹਨ। ਉਨ੍ਹਾਂ ਦਾ ਰੀਂਗਣਾ ਗ਼ਲਤ......ਉਨ੍ਹਾਂ ਦਾ ਲੜਨਾ ਸਹੀ। ਪਰੇਸ਼ਾਨ ਹੋ ਗਈ ਹੈ ਕਾਲੀ ਕੁੜੀ। ਪਰ ਸੁਭੱਦਰਾਂ ਅਜੇ ਵੀ ਸੋਚੀ ਜਾ ਰਹੀ ਹੈ ਵਕਤ ਬਾਰੇ।......ਤੁਸੀਂ ਮੈਨੂੰ ਕਿਉਂ ਨਹੀਂ ਦਸਦੇ ਕਿ ਕੀ ਟੈਮ ਹੋਇਐ......!

ਹਿਸਾਬ ਲਾਉਂਦੀ ਹੈ ਲੈਲਾ।......ਇਹ ਸਾਰੀਆਂ ਕੋਰਟ ਤੋਂ ਆ ਗਈਆਂ ਨੇ......ਸਾਢੇ ਗਿਆਰਾਂ ਬਾਰਾਂ ਵਜੇ ਦਾ ਟੈਮ ਹੋਵੇਗਾ। ਇਕ ਡੇਢ ਘੰਟੇ ਵਿਚ ਆ ਜਾਵੇਗਾ ਤੇਰਾ ਭੱਤੇ ਵਾਲਾ। ਪਰ ਤੂੰ ਇਹ ਤਾਂ ਦਸਿਆਂ ਈ ਨਹੀਂ ਕਿ ਕਿਹਨੂੰ ਲਿਖੇਂਗੀ ਕਾਰਡ......!

ਜ਼ਮੀਨ ਵੱਲ ਦੇਖਦੀ ਹੈ ਸੁਭੱਦਰਾਂ।......ਕੀ ਦੱਸਾਂ ਮੈਂ ! ਕੋਈ ਰਿਸ਼ਤਾ-ਨਾਤਾ ਹੋਵੇ ਤਾਂ ਈ ਦੱਸਾਂ। ਏਥੇ ਤਾਂ ਕੁਝ ਵੀ ਨਹੀਂ।.....ਇਕ ਆਦਮੀ ਇਕ ਦਿਨ ਆਇਆ। ਮੈਂ ਪਛਾਣਿਆ ਈ ਨਾ। ਕਹਿਣ ਲਗਾ......ਸੁਭੱਦਰਾਂ ਬਾਈ। ਮੈਨੂੰ ਪਛਾਣਨੀ ਏਂ ? ਮੈਂ ਬੋਲੀ..... ਨਹੀਂ ਬਈ ..... ਮੈਂ ਤੈਨੂੰ ਨਹੀਂ ਪਛਾਣਿਆ। ਕੌਣ ਏ ਤੂੰ ? ਹੱਸਣ ਲਗਾ ਉਹ।.....ਬੋਲਿਆ......ਫੋਰਸ ਰੋਡ ਦੇ ਨਾਕੇ ਕੋਲ......ਜਦ ਪੁਲਿਸ ਨੇ ਛਾਪਾ ਮਾਰਿਆ ਸੀ......ਰਾਤ ਦੇ ਟੈਮ..... ਤੂੰ ਭੱਜ ਕੇ ਆਈ ਸੈਂ......ਹੈ ਨਾ ? ਮੈਂ ਤੈਨੂੰ ਫੁਟ ਪਾਥ ਉੱਪਰ ਸੌਣ ਲਈ ਜਗ੍ਹਾ ਦਿਤੀ ਸੀ......। ਲੈਲਾ ਬਾਈ ! ਸੱਚੀਂ......ਮੈਨੂੰ ਉਸ ਟੈਮ ਉਸੇ ਈ ਬਚਾਇਆ ਸੀ। ਯਾਦ ਆ ਗਿਆ ਮੈਨੂੰ। ਉਦੋਂ ਤੋਂ ਹੀ ਮੇਰੀ ਉਹਦੇ ਨਾਲ ਪਛਾਣ ਵੱਧ ਗਈ ਸੀ।

ਹੱਸਦੀ ਹੈ ਲੈਲਾ।......ਦੋਸਤ ਏ ਤੇਰਾ ਉਹ......ਹੈ ਨਾ ? ਉਹ ਨੂੰ ਲਿਖੇਂਗੀ ਕਾਰਡ......?

ਚੁਪ ਹੈ ਕਾਲੀ ਕੁੜੀ। ਸਾਹਮਣਿਉਂ ਲੰਘੀ ਜਾ ਰਹੇ ਹਨ ਰੀਂਗਦੇ ਹੋਏ ਕੀੜੇ। ਪਰ ਕੁਝ ਨਹੀਂ ਕਰੇਗੀ। ਦੇਖਦੀ ਰਹੇਗੀ......ਪਰ ਕੁਝ ਨਹੀਂ ਦੇਖੇਗੀ। ਹੁਣ ਖ਼ਤਮ ਹੋ ਜਾਂਦਾ ਹੈ ਲੈਲਾ ਦਾ ਹਾਸਾ। ਬੋਲਦੀ ਹੈ ਹੌਲੀ ਹੌਲੀ।......ਪਰ ਸੁਭੱਦਰਾਂ। ਤੈਨੂੰ ਇਹ ਤਾਂ ਪਤਾ ਈ ਏ ਕਿ ਫੁਟ ਪਾਥ ਉੱਪਰ ਰਹਿਣ ਵਾਲਿਆਂ ਦੀ ਜ਼ਮਾਨਤ ਨਹੀਂ ਲੈਂਦਾ ਕੋਈ ਏਥੇ।

ਅਚਾਨਕ......ਅੱਖਾਂ ਕੱਢ ਲੈਂਦੀ ਹੈ ਸੁਭੱਦਰਾਂ।......ਕਿਉਂ ? ਕਿਉਂ ਨਹੀਂ ਲੈਂਦੇ ?

ਫਿਰ ਹੱਸਦੀ ਹੈ ਲੈਲਾ।......ਸੁਭੱਦਰਾਂ ਬਾਈ ! ਜ਼ਮਾਨਤ ਉਨ੍ਹਾਂ ਦੀ ਹੀ ਲੈਂਦੇ ਹਨ, ਜਿਨ੍ਹਾਂ ਪਾਸ ਪੈਸੇ ਹੋਣ......ਕੋਈ ਘਰ-ਘਾਟ ਹੋਵੇ......ਕੋਈ ਕੰਮ ਧੰਦਾ ਹੋਵੇ। ਬੇਘਰ ਅਤੇ ਬੇਕਾਰ ਆਦਮੀ ਦੀ ਕਾਹਦੀ ਜ਼ਮਾਨਤ !

ਹੰਗਾਮਾ......ਪਰ ਅਚਾਨਕ ਸੰਨਾਟਾ ! ਸੁਭੱਦਰਾਂ ਅਤੇ ਕਾਲੀ ਕੁੜੀ......ਦੋਵੇਂ ਤੱਕੀ ਜਾ ਰਹੀਆਂ ਹਨ ਮੂੰਹ ਫੈਲਾਈ। ਗੁੰਮ ਹੋ ਜਾਂਦਾ ਹੈ ਲੈਲਾ ਦਾ ਹਾਸਾ।......ਹਾਂ ਹਾਂ ! ਸੱਚ ਕਹਿੰਨੀ ਆਂ ਮੈਂ ! ਫਾਲਤੂ ਆਦਮੀਆਂ ਦੀ ਜ਼ਮਾਨਤ ਨਹੀਂ ਚਲੇਗੀ ਏਥੇ......।

ਇਕ ਹਲਕੀ ਜਿਹੀ ਚੁੱਪ......ਵਿਚ ਸ਼ਾਮਲ ਹੋ ਗਈਆਂ ਹਨ ਬਹੁਤ ਸਾਰੀਆਂ ਆਵਾਜ਼ਾਂ। ਫਿਰ ਪਰੇਸ਼ਾਨ ਹੋ ਜਾਂਦੀਆਂ ਹਨ ਛੋਟੀਆਂ ਛੋਟੀਆਂ ਅੱਖਾਂ। ਕਾਲੀ ਕੁੜੀ......ਅਚਾਨਕ ਬੇਵੱਸ ਹੋ ਗਈ ਹੈ......ਬਹੁਤ ਜ਼ਿਆਦਾ।......ਤਾਂ ਫਿਰ......ਬਾਬੂ ਭਾਈ ਦੀ ਜ਼ਮਾਨਤ ਵੀ ਨਹੀਂ ਚਲੇਗੀ......?

ਤਬੀਅਤ ਜ਼ਿਆਦਾ ਖ਼ਰਾਬ ਹੈ ਚਮੇਲੀ ਦੀ। ਘੜੀ ਮੁੜੀ ਆ ਰਹੇ ਹਨ ਦਸਤ। ਦਸ ਬਾਰ੍ਹਾਂ ਵਾਰੀ ਕਰ ਚੁਕੀ ਹੈ। ਨਿਢਾਲ ਹੋ ਗਈ ਹੈ ਹੁਣ। ਘੱਟ ਨਹੀਂ ਰਹੀ ਗਰਮੀ...ਵੱਧੀ ਜਾ ਰਹੀ ਹੈ। ਬਾਰ ਬਾਰ ਲਗਦੀ ਹੈ ਤਰੇਹ......ਬੁਝਦੀ ਨਹੀਂ। ਡਰੀ ਹੋਈ ਹੈ ਬਸ਼ੀਰਨ।......ਕੀ ਹੋ ਗਿਆ ਏ ਏਹਨੂੰ ? ਹੈਜ਼ਾ ਤਾਂ ਨਹੀਂ ਹੋ ਗਿਆ ਕਿਧਰੇ ?

ਅਤੇ ਨੂਰਨ ਦੇਖਦੀ ਰਹਿੰਦੀ ਹੈ ਚੁੱਪ ਚਾਪ। ਚਮੇਲੀ ! ਓ ਚਮੇਲੀ ! ਸੁਣਦੀ ਪਈਂ ਏ ?

ਅਤੇ ਅੱਖਾਂ ਖੋਲ੍ਹ ਦੇਂਦੀ ਹੈ ਚਮੇਲੀ। ਖ਼ੁਸ਼ਕ ਸੁੱਕੇ ਬੁਲ੍ਹਾਂ ਉੱਪਰ ਹਾਸੀ।......ਕਿਉਂ ਯਾਰ......ਕੀ ਗੱਲ ਏ ?

ਕਿੰਜ ਮਹਿਸੂਸ ਹੋ ਰਿਹਾ ਏ ਤੈਨੂੰ ?

ਮਹਿਸੂਸ ਕੀ ਹੋਣਾ ਏ ! ਠੀਕ ਏ ! ਸਿਰਫ ਇਸ ਸਾਲੇ ਪੇਟ ਨੂੰ ਪਤਾ ਨਹੀਂ ਕੀ ਹੋ ਗਿਐ......ਸਮਝ ਨਹੀਂ ਆਉਂਦੀ। ਪਾਣੀ ਹੋਊ ਥੋੜ੍ਹਾ ਬਹੁਤਾ ? ਤਰੇਹ ਬੜੀ ਲਗਦੀ ਏ......।

ਬਸ਼ੀਰਨ ਦੇਖਦੀ ਰਹਿੰਦੀ ਹੈ ਚੁੱਪ ਚਾਪ। ਇਕ ਘੜਾ ਪਿਆ ਏ ਕਿਧਰੇ......ਕਦੀ ਕਦੀ ਕੋਈ ਨਾ ਕੋਈ ਭਰ ਦੇਂਦਾ ਹੈ ਪਾਣੀ। ਅਲਮੋਨੀਅਮ ਦਾ ਚਿਪਕਿਆ ਗਲਾਸ......ਸਭ ਦੇ ਮੂੰਹਾਂ ਨੂੰ ਉਹੋ ਲਗਦਾ ਏ।......ਨੂਰਨ ! ਜਾ ਲਿਆ ਦੇ ਥੋੜ੍ਹਾ ਜਿਹਾ ਪਾਣੀ ਏਹਨੂੰ......।

ਅਤੇ ਨੂਰਨ ਚਲੀ ਜਾਂਦੀ ਹੈ ਪਾਣੀ ਲਿਆਉਣ। ਸਮਝਾਉਂਦੀ ਹੈ ਬਸ਼ੀਰਨ।......ਦੇਖ ਚਮੇਲੀ ! ਇੰਜ ਕਰ......ਕਿ ਮੁਨਸ਼ੀ ਨੂੰ ਅਵਾਜ਼ ਮਾਰ। ਕਹਿ ਕਿ ਮੈਨੂੰ ਹਸਪਤਾਲ ਭੇਜੋ...... ਝਾੜਾ ਲਗ ਰਿਹਾ ਏ......।

ਮੁਨਸ਼ੀ ?......ਬੁਲ੍ਹਾਂ ਉੱਪਰ ਆਏ ਮੁੜ੍ਹਕੇ ਨੂੰ ਪੂੰਝਦੀ ਹੈ ਚਮੇਲੀ।......ਉਹ ਸਾਲਾ ਕੀ ਮੇਰਾ ਝਾੜਾ ਬੰਦ ਕਰ ਦਊ ?

ਝਾੜਾ ਨਹੀਂ ਬੰਦ ਕਰੇਂਗਾ...ਪਰ ਹਸਪਤਾਲ ਤਾਂ ਭੇਜੇਗਾ ਈ ਤੈਨੂੰ।

—ਮਾਂ ਦੀ......ਵਿਚ ਗਿਆ ਹਸਪਤਾਲ !......ਗੁੱਸਾ ਆ ਜਾਂਦਾ ਹੈ ਚਮੇਲੀ ਨੂੰ।

......ਉਪਰ ਕੀ ਹੁੰਦੈ......ਪਤਾ ਏ ਸਭ ਮੈਨੂੰ। ਏਥੇ ਪੀਣ ਲਈ ਪਾਣੀ ਤਾਂ ਮਿਲ ਜਾਂਦੈ......ਉਥੇ ਤਾਂ ਸਾਲਾ ਇਹ ਵੀ ਨਹੀਂ......।

ਲਗ ਗਈ ਹੈ ਕਤਾਰ ਦਰਵਾਜ਼ੇ ਉੱਪਰ। ਚਿਪਕਿਆ ਅਲਮੋਨੀਅਮ......ਥਾਲੀਆਂ ਅਤੇ ਗਲਾਸ। ਅਜੇ ਤਕ ਨਹੀਂ ਆਇਆ ਭੱਤੇ ਵਾਲਾ। ......ਆ ਜਾ ਭਰਾਵਾ! ਕਿੰਨਾ ਕੁ ਹੋਰ ਟੈਮ ਲਾਏਂਗਾ। ਸਵੇਰ ਦਾ ਖਾਬ ਬੁਰਨ ਕਿੱਥੇ ਗਿਆ......ਪਤਾ ਨਹੀਂ। ਢਿੱਡ ਵਿਚ ਕੁਰਬਲ ਹੋ ਰਹੀ ਏ......ਸਾਲਾ ਅਜੇ ਤਕ ਨਹੀਂ ਆਇਆ......।

ਬੈਠੀਆਂ ਹਨ ਚੁੱਪ ਚਾਪ......ਸੁਭੱਦਰਾਂ ਅਤੇ ਕਾਲੀ ਕੁੜੀ। ਮਸਤਾ ਰਹੀ ਹੈ ਲੈਲਾ......ਪਰ ਕੋਈ ਅਸਰ ਨਹੀਂ। ਉਹਦੀ ਜ਼ਮਾਨਤ ਨਹੀਂ ਚਲੇਗੀ ਤਾਂ ਕੀ ਹੋਇਆ। ਉਹ ਆਪਣੇ ਕਿਸੇ ਹੋਰ ਜਾਣੂ ਨੂੰ ਕਹਿ ਕੇ ਜ਼ਮਾਨਤ ਕਰਵਾ ਦੇਏਗਾ। ਉਹਨੂੰ ਖ਼ਬਰ ਦੇਣ ਵਿਚ ਕੋਈ ਹਰਜ ਨਹੀਂ......।

ਪਰ ਉਠ ਬੈਠਦੀ ਹੈ ਚਮੇਲੀ। ਫਿਰ ਜਾਏਗੀ ਝਾੜੇ ਬੈਠਣ।......ਇਹਦੀ ਮਾਂ ਦੀ......! ......ਚੀਕਦੀ ਹੈ ਆਪਣੇ ਆਪ ਉੱਪਰ।......ਸਾਲਾ ਬੰਦ ਹੋਣ ਦਾ ਨਾਂ ਨਹੀਂ ਲੈਂਦਾ......ਕੀ ਹੋ ਗਿਐ ਪੇਟ ਅੰਦਰ! ਮਾਂ......!

ਹੁਣ ਨਿਢਾਲ ਹੋ ਗਏ ਹਨ ਗੋਡੇ। ਦਰਦ ਹੁੰਦੀ ਹੈ ਉਠਦਿਆਂ। ਅੱਖਾਂ ਅੱਗੇ ਹਨੇਰਾ। ......ਕਿੱਥੇ ਗਿਆ ਸਾਲਾ ਡੱਬਾ? ਪਾਣੀ ਵੀ ਨਹੀਂ ਨਲਕੇ ਵਿਚ। ਕੀ ਕਰ ਲਏਗਾ ਕੋਈ ਏਥੇ? ਅਤੇ ਇਸ ਸਾਲੇ ਡੱਬੇ ਵਿਚ ਕਿੰਨੀਆਂ ਈ ਮੋਰੀਆਂ ਨੇ! ਲੈਕੇ ਬੈਠੋ ਕਿ ਮਿੰਟ ਵਿਚ ਖਾਲੀ। ਉੱਪਰ ਪਾਣੀ ਵੀ ਨਹੀਂ।......ਮੁਨਸ਼ੀ! ਏ ਸਾਲੇ ਮਾਂ......ਮੁਨਸ਼ੀ!......ਨਹੀਂ ਸੁਣਦਾ......ਕਾਹਨੂੰ ਸੁਣੇਂਗਾ। ਉਧਰ ਆਰਾਮ ਨਾਲ ਸੌਂਵੇਂਗਾ......ਅਤੇ ਹਰਾਮ ਦਾ ਮਾਲ ਖਾਏਂਗਾ......।

ਜਾ ਕੇ ਬੈਠ ਜਾਂਦੀ ਹੈ ਉਸੇ ਤਰ੍ਹਾਂ। ਪਾਣੀ ਹੋ ਗਿਆ ਹੈ ਪੇਟ। ਪਰ ਪਤਾ ਨਹੀਂ ਕਿਸੇ ਨੂੰ ਵੀ। ਕਤਾਰ ਵਿਚ ਖੜੀਆਂ ਹਨ ਸਾਰੀਆਂ ਅਤੇ ਚੀਕ ਰਹੀਆਂ ਹਨ......ਆ ਜਾ ਵੇ ਸੈਯਦ! ਬਹੁਤ ਭੁੱਖ ਲਗੀ ਏ......!

ਪਿੱਛੇ ਖਲੋਤੀਆਂ ਪੁੱਛਦੀਆਂ ਅੱਗੇ ਵਾਲੀਆਂ ਕੋਲੋਂ......ਆਇਐ? ਦਿਸਿਐ? ਨਹੀਂ ਦਿਸਿਐ? ਹਤ ਤੇਰੇ ਦੀ......।

ਅਖੀਰ ਆ ਹੀ ਜਾਂਦਾ ਹੈ ਸੈਯਦ......ਵੱਡਾ ਥਾਲ ਸੰਭਾਲੀ......ਕਦਮ ਕਦਮ!......ਆ ਗਿਆ......ਆ ਗਿਆ।......ਅੱਗੇ ਖਲੋਤੀਆਂ ਦੱਸ ਰਹੀਆਂ ਹਨ ਪਿਛਾਂਹ ਖਲੋਤੀਆਂ ਨੂੰ। ......ਆ ਗਿਆ! ਸੱਚੀਂ ਆ ਗਿਆ। ਵਾਹ ਮੇਰੇ ਸੈਯਦ......ਜੀਓ ਮੇਰੇ ਲਾਲ......!

ਬੈਠ ਗਈ ਲੈਲਾ ਆਪਣੀ ਜਗ੍ਹਾ ਉੱਪਰ। ਗਲਾਸ ਵਿਚ ਦਾਲ ਅਤੇ ਦੋ ਦੋ ਰੋਟੀਆਂ। ......ਚਲ ਬਈ ਦੂਜਾ। ......ਦੋ ਰੋਟੀਆਂ......ਬਸ? ਇਕ ਹੋਰ ਦੇ ਦੇ ਨਾ......ਸਿਰਫ ਇਕ ਹੋਰ। ਉਧਰ ਭਟਿਆਰਖਾਨੇ ਵਿਚ ਦੋ ਆਨੇ ਦੀਆਂ ਦੋ ਰੋਟੀਆਂ ਮਿਲਦੀਆਂ ਨੇ......ਅਤੇ ਤੂੰ ਏਥੇ ਇਕੋ ਈ ਦੇਣਾ ਏਂ।

ਚੀਕਦਾ ਹੈ ਸੈਯਦ......ਤੂੰ ਦਿਮਾਗ਼ ਨਾ ਚੱਟ ਮੇਰਾ। ਤੇਰੇ ਹਿਸਾਬ ਵਿਚ ਜੋ ਆਉਂਦਾ ਏ ਲੈ ਲੈ ਅਤੇ ਤੁਰ ਅੱਗੇ!

ਹੱਟ ਜਾਂਦੀ ਹੈ ਮਨ ਮਾਰ ਕੇ। ਭਟਿਆਰਖਾਨੇ ਵਿਚ ਚਾਰ ਆਨਿਆਂ ਵਿਚ ਰੱਜ ਕੇ ਖਾਣਾ ਮਿਲ ਜਾਂਦਾ ਹੈ......ਢਿੱਡ ਭਰ ਕੇ। ਏਥੇ ਰੋਟੀਆਂ......ਮੋਟੀਆਂ ਮੋਟੀਆਂ......ਸੜੀਆਂ ਭੁਜੀਆਂ। ......ਅਤੇ ਸ਼ਾਮ ਤਕ ਹੋਰ ਕੱਖ ਨਸੀਬ ਨਹੀਂ ਹੋਣਾ।......ਚਲ ਬਈ ਦੂਜਾ।......ਥੋੜ੍ਹਾ ਪਿਆਜ਼ ਤਾਂ ਹੋਰ ਦੇ ਦੇ......ਲੈ ਫੜ......ਹੋਰ......ਰਾਹ ਛੱਡ।

ਲੜਖੜਾਂਦੀ ਹੋਈ ਆ ਰਹੀ ਹੈ ਚਮੇਲੀ। ਕਤਾਰ ਵਿਚ ਖਲੋਤੀ ਚੀਕਦੀ ਹੈ ਨੂਰਨ......ਆ ਜਾ ਚਮੇਲੀ! ਰੋਟੀ ਲੈ ਲੈ ਆਪਣੀ......।

ਮਾਂ ਦੇ ਥੋਬੜੇ ਵਿਚ ਪਾ ਰੋਟੀ ਨੂੰ।......ਥੱਕੀ ਹਾਰੀ ਉਥੇ ਹੀ ਫੈਲ ਜਾਂਦੀ ਹੈ ਚਮੇਲੀ। ਫਲ ਰਹੇ ਹਨ ਹੱਥ ਅਤੇ ਪੈਰ......ਸਾਹ ਲੈਣਾ ਵੀ ਮੁਹਾਲ।......ਕਤਾਰ ਸਰਕਦੀ ਜਾ ਰਹੀ ਹੈ ਹੌਲੀ ਹੌਲੀ।

—ਭੱਤੇ ਵਾਲੇ ਵੀਰਾ!......ਸਾਹਮਣੀ ਖੜੀ ਹੈ ਪਤਲੀ ਔਰਤ......ਸੁਭੱਦਰਾਂ......ਮੇਰਾ ਕਾਰਡ ਲਿਆਇਆ ਏਂ?

ਕਾਰਡ? ਹਾਂ ਲਿਆਂਦਾ ਹੈ।......ਜੇਬ ਵਿਚ ਹੱਥ ਪਾਉਂਦਾ ਹੈ......ਕੱਢ ਕੇ ਦੇਂਦਾ ਹੈ।......ਤੇਰੀਆਂ ਕੱਲ ਦੀਆਂ ਰੋਟੀਆਂ ਵੰਡੇ ਕਾਰਡ ਆ ਗਿਆ ਏ......ਇਕ ਰੋਟੀ ਅੱਜ ਉਧਾਰ ਦਿਆਂਗਾ ਮੈਂ......ਸਮਝ ਗਈ? ਚਲ ਹਟ ਪਰੇ......ਚਲੋ ਬਈ ਦੂਜਾ......।

ਆ ਗਿਆ ਨੂਰਨ ਦਾ ਨੰਬਰ।......ਓਹ ਚਮੇਲੀ ਏ ਨਾ?......ਏ ਭੱਤੇ ਵਾਲੇ! ਕੀ ਕਿਹਾ ਏ ਮੈਂ! ਓਹ ਚਮੇਲੀ ਏ ਨਾ? ਉਹਦੀ ਦਾਲ ਰੋਟੀ ਵੀ ਮੈਨੂੰ ਈ ਦੇ ਦੇ......ਸਮਝ ਗਿਆ!......ਵੇਖੀ ਜਾਂਦੀ ਹੈ ਚਮੇਲੀ ਵੱਲ......ਵਾਰ ਵਾਰ। ਚਮੇਲੀ ਚੁਫਾਲ ਪਈ ਹੈ ਜ਼ਮੀਨ ਉਤੇ......ਮੁਰਦੇ ਵਾਂਗ।

ਪਰ ਕਾਲੀ ਕੁੜੀ ਨਹੀਂ ਹੈ ਕਤਾਰ ਵਿਚ। ਪਰੇ ਵੱਖਰੀ ਖੜੀ ਹੈ ਚੁੱਪ ਚਾਪ। ਬਿਟਰ ਬਿਟਰ ਤੱਕ ਰਹੀ ਹੈ ਭੱਤੇ ਵਾਲੇ ਵੱਲ......ਦਾਲ ਵੱਲ......ਰੋਟੀਆਂ ਵੱਲ......ਖਾਣ ਵਾਲਿਆਂ ਵੱਲ। ਇਕ ਵਾਰ ਵੇਖਦੀ ਹੈ ਲੈਲਾ।......ਆ ਜਾ ਲੈਨ ਵਿਚ ਤੂੰ ਵੀ।

ਹੱਥ ਦਾ ਇਸ਼ਾਰਾ ਕਰਦੀ ਹੈ ਕਾਲੀ ਕੁੜੀ।......ਨਹੀਂ। ਅੱਜ ਨਹੀਂ ਖਾਵਾਂਗੀ......ਬਾਬੂ ਭਾਈ ਨੂੰ ਸੁਨੇਹਾ ਭਿਜਵਾਵਾਂਗੀ।

ਸਭ ਟੁੱਟ ਪਈਆਂ ਹਨ ਰੋਟੀਆਂ ਤੇ......ਖਾ ਰਹੀਆਂ ਹਨ। ਵੱਡੀਆਂ ਵੱਡੀਆਂ ਬੁਰਕੀਆਂ ......ਬਹੁਤ ਵੱਡੀ ਅੱਗ ਵਿਚ ਪੈ ਕੇ ਗ਼ਾਇਬ ਹੋ ਰਹੀਆਂ ਹਨ। ਨੂਰਨ......ਬਸ਼ੀਰਨ......ਸ਼ਾਂਤੀ......ਚੰਦਰੀ......ਮੰਗੂ......ਜਨਾ......ਪੇਰੀਅੰਮਾ......ਕੋਈ ਨਹੀਂ ਵੇਖ ਰਹੀ ਇਕ ਦੂਜੀ ਵੱਲ। ਸਾਰੀਆਂ ਰੁਝੀਆਂ ਹਨ ਖਾਣ ਵਿਚ। ਸਿਰਫ ਚਮੇਲੀ......ਫਿਰ ਉਠ ਰਹੀ ਹੈ......ਆਪਣੇ ਸਰੀਰ ਨੂੰ ਘਸੀਟ ਘਸੀਟ ਕੇ......ਅੰਦਰ ਲਿਜਾ ਰਹੀ ਹੈ। ਪਰ ਨਹੀਂ ਵੇਖਿਆ ਕਿਸੇ

ਨੈ......ਕੋਈ ਦੇਖੇਗਾ ਵੀ ਨਹੀਂ ।

ਕਤਾਰ ਖਤਮ । ਕੁਝ ਖਾ ਰਹੀਆਂ ਹਨ......ਕੁਝ ਧੋ ਰਹੀਆਂ ਹਨ । ਸੀਖਾਂ ਦੇ ਆਰ ਪਾਰ ਖਿਲਰੀ ਪਈ ਹੈ ਦਾਲ......ਚਟਨੀ......ਪਿਆਜ਼ ਦੇ ਟੁਕੜੇ । ਕਾਲੀ ਕੁੜੀ ਬੈਠੀ ਹੈ ਉਸੇ ਤਰ੍ਹਾਂ ਚੁੱਪ ਚਾਪ । ਸਮੇਟ ਲਿਆ ਹੈ ਸਭ ਸਾਮਾਨ......ਸੈਯਦ ਵਾਪਸ ਜਾ ਰਿਹਾ ਹੈ ।

—ਤੂੰ ਮੇਰੀ ਗੱਲ ਭੁਲ ਗਿਆ ਏਂ ਨਾ ?

ਰੁਕ ਜਾਂਦਾ ਹੈ......ਕਿਹੜੀ ਗੱਲ ?

—ਮੈਂ ਤੈਨੂੰ ਕਿਹਾ ਸੀ ਨਾ......ਬੰਬਈ ਸੈਂਟਰਲ ਦੀ ਝੌਂਪੜ-ਪੱਟੀ ਵਿਚ ਬਾਬੂ ਭਾਈ ਨੂੰ ਕਹਿ ਆਈਂ......।

ਹਾਂ...ਹਾਂ ! ਯਾਦ ਆ ਗਿਐ ਮੈਨੂੰ ।......ਤੂੰ ਆਪਣਾ ਖਾਣਾ ਲਿਆ ਏ ਕਿ ਨਹੀਂ ?

ਕਿੱਥੇ ਲਿਆ ਏ ? ਪੁੱਛ ਲੈ ਲੈਲਾ ਨੂੰ ।

ਸੋਚ ਰਿਹਾ ਹੈ ਸੈਯਦ ।......ਅੱਛਾ ਦੱਸ......ਕੀ ਥਹੁ ਪਤਾ ਏ ਉਹਦਾ ? ਅਤੇ ਕਹਿਣਾ ਕੀ ਏ ਉਹਨੂੰ ?

ਪਤਾ ਸਮਝਾ ਰਹੀ ਹੈ ਕਾਲੀ ਕੁੜੀ ।......ਏਥੋਂ ਸਿੱਧਾ ਜਾਈਂ ਬ੍ਰਿਜ ਵੱਲ......ਸਮਝ ਗਿਆ । ਸਮਝ ਲਈਂ ਕਿ ਤੂੰ ਜਿੱਥੇ ਖੜਾ ਏਂ ਓਧਰ ਈ ਝੌਂਪੜ-ਪੱਟੀ ਹੈ......ਅਤੇ ਮੈਂ ਜਿੱਥੇ ਖੜੀ ਆਂ ਓਧਰ ਟੇਸ਼ਨ ਹੈ......ਤਾਂ ਤੂੰ ਏਧਰੋਂ ਜਾ ਕੇ ਓਧਰ......ਓਧਰੋਂ ਸੱਜੇ ਹੱਥ ਵਲ ਮੁੜ ਕੇ ਫਿਰ ਖੱਬੇ ਪਾਸੇ ਮੁੜ ਜਾਵੀਂ......ਬਸ ਉਥੇ ਈ ਹੋਵੇਗਾ । ਕਿਸੇ ਨੂੰ ਪੁੱਛ ਲਵੀਂ ਬਾਬੂ ਭਾਈ ਦੀ ਝੌਂਪੜੀ......ਸਭ ਜਾਣਦੇ ਨੇ । ਭਾਵੇਂ ਕਿਸੇ ਨਿੱਕੇ ਬੱਚੇ ਨੂੰ ਪੁੱਛ ਲਵੀਂ......।

ਪਰ ਕੁਝ ਪੱਲੇ ਨਹੀਂ ਪੈਂਦਾ ਸੈਯਦ ਦੇ । ਬਾਰ ਬਾਰ ਸਮਝਾਉਂਦੀ ਹੈ ਕਾਲੀ ਕੁੜੀ । ਜਿੰਨਾ ਸਮਝਾਉਂਦੀ ਹੈ......ਉਨਾ ਹੀ ਉਹ ਉਲਝ ਜਾਂਦਾ ਹੈ । ਸਿੰਗਲ ਆਮਲੇਟ ਖਾਣ ਵਾਲੀ ਲੈਲਾ... ਆ ਜਾਂਦੀ ਹੈ ਕੋਲ ।......"ਇਹ ਇਹ" ਕੀ ਲਾਇਆ ਹੋਇਆ ਈ......ਸੱਜੇ ਹੱਥ......ਖੱਬੇ ਹੱਥ ...ਏਧਰੋਂ ਓਧਰ......ਓਧਰੋਂ ਏਧਰ......ਓਧਰੋਂ ਕਿਧਰ......?......ਹਾਂ ਇੰਜ ਕਹਿ ਕਿ ਬੰਬਈ ਸੈਂਟਰਲ ਦਾ ਲੋਕਲ ਟੇਸ਼ਨ !......ਅੱਗੋਂ ਹੁਣ ਦੱਸ......!

ਪਟੜੀ ਉਪਰ ਜਾਣ ਵਾਲੀ......ਉਥੇ ਜੰਗਲਾ ਤੋੜ ਕੇ ਰਾਹ ਬਣਾਇਆ ਹੋਇਆ ਏ...... ਜਿਥੋਂ ਜੰਗਲ ਟੁੱਟਿਆ ਹੋਇਆ ਹੈ......ਉਥੋਂ ਚਾਰ ਝੌਂਪੜੀਆ ਛੱਡ ਕੇ ਪੰਜਵੀਂ ਝੌਂਪੜੀ ਬਾਬੂ ਭਾਈ ਦੀ ਏ......ਕਿਸੇ ਨੂੰ ਵੀ ਪੁੱਛ ਲਵੀਂ......।

ਠੀਕ ਏ । ਹੁਣ ਤਾਂ ਪਹੁੰਚ ਹੀ ਜਾਏਂਗਾ ਸੈਯਦ ।......ਕਦੋਂ ਜਾਏਂਗਾ ਤੂੰ ?

ਅੱਜ ਈ ਜਾਵਾਂਗਾ......ਅੱਜ ਈ ਜਾ ਦੱਸਾਂਗਾ ਬਾਬੂ ਭਾਈ ਨੂੰ ਕਿ ਤੂੰ ਏਥੇ ਡੱਕੀ ਹੋਈ ਏਂ । ......ਪਰ ਤੂੰ ਦੱਸਿਆ ਹੀ ਨਹੀਂ......ਆਪਣਾ ਨਾਂ......ਤੇਰਾ ਨਾਂ ? ਤਾਰਾ ? ਇਹੋ ਹੀ ਏ ਨਾ ? ਅੱਜ ਈ ਦੱਸ ਦਿਆਂਗਾ ਕਿ ਤਾਰਾ ਏਥੇ ਬੰਦ ਏ । ਸ਼ਾਮ ਨੂੰ ਜਦੋਂ ਖਾਣਾ ਲੈ ਕੇ ਆਵਾਂਗਾ... ਤਾਂ ਤੈਨੂੰ ਦੱਸ ਦਿਆਂਗਾ ਕਿ ਬਾਬੂ ਭਾਈ ਨੇ ਕੀ ਜੁਆਬ ਦਿੱਤਾ ਏ ! ਠੀਕ ਏ ਨਾ ?

ਬਿਲਕੁਲ ਠੀਕ । ਚਲਾ ਜਾਂਦਾ ਹੈ ਸੈਯਦ । ਦੇਖਦੀ ਰਹਿੰਦੀ ਹੈ ਕਾਲੀ ਕੁੜੀ......ਜਿਸ ਦੇ ਬੁਲ੍ਹ ਸੁੱਕੇ ਪਏ ਹਨ......ਅਤੇ ਹੋਰ ਵੀ ਮੁਰਝਾ ਗਿਆ ਹੈ ਚਿਹਰਾ । ਪੇਟ ਵਿਚ ਦਰਦ । ਦਰਦ ਕਿ ਅੱਗ ? ਜਾਂਦੀ ਹੈ ਘੜੇ ਦੇ ਕੋਲ । ਦੋ ਗਿਲਾਸ ਪਾਣੀ । ਕੁਝ ਫਰਕ ਨਹੀਂ ਪੈਂਦਾ......ਨਹੀਂ ਬੁਝਦੀ ਅੱਗ । ......ਬਾਬੂ ਭਾਈ ਨੂੰ ਇਕ ਵਾਰ ਪਤਾ ਲਗ ਜਾਏ......ਬਸ ਇਕ ਵਾਰ । ਉਹ ਜ਼ਰੂਰ ਕੱਢ ਲਏਗਾ ਮੈਨੂੰ ਏਥੋਂ । ਕਿਵੇਂ ਵੀ ਕਰੇ ਪਰ ਮੇਰੀ ਜ਼ਮਾਨਤ ਜ਼ਰੂਰ ਕਰਵਾ ਲਏਗਾ । ਬਸ ਇਕ ਵਾਰ ਉਹਨੂੰ ਪਤਾ ਲਗ ਜਾਵੇ ।

ਲੈਲਾ ਸੁਣੀ ਜਾਂਦੀ ਹੈ......ਹੱਸੀ ਜਾਂਦੀ ਹੈ । ਦੇਖੀ ਜਾਂਦੀ ਹੈ ਕਾਲੇ ਚਿਹਰੇ ਵੱਲ । ਅੱਜ ਕੁਝ ਨਹੀਂ ਖਾਧਾ ਵਿਚਾਰੀ ਨੇ......ਦੇ ਦਿੱਤੇ ਹਨ ਪੈਸੇ ਸੈਯਦ ਨੂੰ......ਕਿਉਂਕਿ ਆਏਗਾ ਬਾਬੂ ਭਾਈ......ਛੁਡਾ ਕੇ ਲੈ ਜਾਏਗਾ ।

—ਕਿਉਂ ਨੀ ! ਏਨਾ ਭਰੋਸਾ ਏ ਤੈਨੂੰ ਬਾਬੂ ਭਾਈ ਤੇ ? ਜ਼ਰੂਰ ਆਏਗਾ ਉਹ ?

ਕਾਲੀ ਕੁੜੀ ਦੀਆਂ ਮੁਰਝਾਈਆਂ ਅੱਖਾਂ ਵਿਚ ਚਮਕ । ਬਾਬੂ ਭਾਈ ਏ ਨਾ......ਬਹੁਤ ਅੱਛਾ ਆਦਮੀ ਏ ਲੈਲਾ ਬਾਈ ! ਮੈਂ ਸੱਚ ਕਹਿੰਨੀ ਆਂ......ਮੈਨੂੰ ਪਿਆਰ ਬਹੁਤ ਕਰਦੈ......ਇਕ ਵਾਰ......ਬਹੁਤ ਭੁੱਖੀ ਸਾਂ ਮੈਂ । ਉਹ ਸੌਣ ਲਈ ਆਇਆ......ਮੈਂ ਤਾਂ ਦੱਸਿਆ ਨਾ ਕਿ ਮੈਂ ਭੁੱਖੀ ਆਂ......ਪਰ ਉਹਨੂੰ ਪਤਾ ਨਹੀਂ ਕਿੰਜ ਪਤਾ ਲਗ ਗਿਆ । ਉਸੇ ਟੈਮ ਉਠਾਇਆ ਮੈਨੂੰ......ਲਿਜਾ ਕੇ ਪਾਵ-ਰਗੜਾ ਖੁਆਇਆ ।

ਅਤੇ ਲੈਲਾ ਦੀਆ ਅੱਖਾਂ ਵਿਚ ਉਭਰ ਆਇਆ ਹੈ ਦਰਦ । ਦੇਖੀ ਜਾਂਦੀ ਹੈ ਕਾਲੀ ਕੁੜੀ ਵੱਲ......ਲਗਾਤਾਰ ।

—ਸੱਚੀਂ ਲੈਲਾ ਬਾਈ ! ਬੁਹਤ ਪਿਆਰ ਕਰਦਾ ਏ ਮੈਨੂੰ । ਜਿਵੇਂ ਮਰਜ਼ੀ ਕਰੇ......ਪਰ ਲੈ ਜਾਏਗਾ ਮੈਨੂੰ ਏਥੋਂ ।

ਅਤੇ ਤੁਰੀ ਆ ਰਹੀ ਹੈ ਸੁਭੱਦਰਾਂ । ਹੱਥ ਵਿਚ ਕਾਰਡ ।......ਲੈਲਾਬਾਈ ! ਤੂੰ ਖਾਣਾ ਖਾ ਲਿਆ ਈ ? ਜ਼ਰਾ ਲਿਖ ਦੇ ਨਾ ਦੋ ਅੱਖਰ । ਬਹੁਤ ਮੇਹਰਬਾਨੀ ਹੋਏਗੀ ਤੇਰੀ......।

ਪਰ ਚਮੇਲੀ......ਪਈ ਹੈ ਚਿਤ । ਵਾਰ ਵਾਰ ਉਠਣਾ ਪੈਂਦਾ ਹੈ......ਅਤੇ ਡਿੱਗ ਪੈਣਾ ਪੈਂਦਾ ਹੈ । ਸਮਝਾ ਰਹੀ ਹੈ ਬਸ਼ੀਰਨ......ਜਾ ਨਾ ! ਦੱਸ ਜਾ ਕੇ ਮੁਨਸ਼ੀ ਨੂੰ......ਭੇਜ ਦੇਏਗਾ ਤੈਨੂੰ ਹਸਪਤਾਲ......।

ਸੁੱਕੀ ਜਾ ਰਿਹਾ ਹੈ ਤਾਲੂ......ਪਰ ਮੂੰਹ ਖੋਲ੍ਹਦੀ ਹੈ ਚਮੇਲੀ ।......ਹਸਪਤਾਲ ਜਾਂ ਹਵਾਲਾਤ......ਮੈਨੂੰ ਫ਼ਰਕ ਨਹੀਂ ਲਗਦਾ ਬਾਈ ! ਮੇਰੇ ਲਈ ਦੋਵੇਂ ਇਕੋ ਜਿਹੇ ਨੇ । ਜੀਣਾ...... ਮਰਨ ਵਰਗਾ । ਫਿਰ ਫਰਕ ਕੀ......?

ਪਰ ਨਹੀਂ ਮੰਨਦੀ ਹੈ ਬਸ਼ੀਰਨ ।......ਮੈਂ ਜੋ ਕਹਿੰਨੀ ਆਂ ਉਹ ਸਮਝ । ਏਥੇ ਪਏ ਰਹਿਣ ਨਾਲੋਂ ਉਥੇ ਜਾਣਾ ਬਿਹਤਰ ਏ ! ਕੁਛ ਤਾਂ ਦਵਾਈ ਜਾਏਗੀ ਪੇਟ ਵਿਚ । ਦੱਸ ਵੀ ?

ਕੀ ਦੱਸਾਂ ਮੈਂ । ਤੈਨੂੰ ਜੇ ਠੀਕ ਲਗਦਾ ਏ ਤਾਂ ਤੂੰਹੀਓਂ ਹੀ ਅਵਾਜ਼ ਮਾਰ ਲੈ......ਮੈਨੂੰ ਜੇ

ਖੜੇਗਾ ਤਾਂ ਚਲ ਪਵਾਂਗੀ ਮੈਂ ।

ਆਵਾਜ਼ ਨਹੀਂ ਮਾਰੇਗੀ ਬਸ਼ੀਰਨ ।......ਮੁਨਸ਼ੀ ਸਾਲਾ ਪੁੱਠੇ ਦਿਮਾਗ਼ ਦਾ ਆਦਮੀ ਏ...ਮੈਨੂੰ ਕਹੇਗਾ ਕਿ ਤੈਨੂੰ ਕਾਹਦੀ ਗ਼ਰਜ਼ ਏ......ਤੂੰ ਕਿਉਂ ਨਹੀਂ ਆਪ ਅਵਾਜ਼ ਮਾਰਦੀ......ਨਹੀਂ ਨਹੀਂ ! ਤੂੰਹੀਓਂ ਹੀ ਆਵਾਜ਼......।

ਪਈ ਰਹਿੰਦੀ ਹੈ ਚਮੇਲੀ ਕੁਝ ਦੇਰ । ਫਿਰ ਘਿਸਰਦੀ ਹੋਈ ਆ ਜਾਂਦੀ ਹੈ ਸੀਖਾਂ ਦੇ ਕੋਲ । ......ਮੁਨਸ਼ੀ ! ਓ ਮੁਨਸ਼ੀ !......ਮੁਨਸ਼ੀ......ਓ ਮੁਨਸ਼ੀ !

ਅਤੇ ਸਾਹ ਫੁਲ ਜਾਂਦਾ ਹੈ । ਪਰ ਫਿਰ ਵੀ ਆਵਾਜ਼ਾਂ ਮਾਰੀ ਜਾਂਦੀ ਹੈ ।......ਮੁਨਸ਼ੀ......! ਓ ਮੁਨਸ਼ੀ !

ਗੁਆਚ ਜਾਂਦੀ ਹੈ ਆਵਾਜ਼......ਮੁੜ ਕੇ ਨਹੀਂ ਆਉਂਦੀ । ਬਾਰ ਬਾਰ ਉਹੋ ਆਵਾਜ਼...... ਉਹੀ ਖਾਲੀਪਣ......ਨਹੀਂ ਹੁੰਦਾ ਖ਼ਤਮ ।......ਮੁਨਸ਼ੀ !......ਅਤੇ ਇਕ ਲੰਮਾ ਡੂੰਘਾ ਸਾਹ । ......ਫਿਰ ਉਹੀ ਆਵਾਜ਼......ਮੁਨਸ਼ੀ !

ਸੀਖਾਂ ਦੇ ਦਰਵਾਜ਼ੇ ਕੋਲ ਆ ਖੜੀਆਂ ਹੁੰਦੀਆਂ ਹਨ ਨੂਰਨ ਅਤੇ ਬਸ਼ੀਰਨ ।

—ਬਸ਼ੀਰਨ ਬਾਈ !......ਹੱਫ ਕੇ ਬੋਲਦੀ ਹੈ ਚਮੇਲੀ ।......ਮੈਥੋਂ ਨਹੀਂ ਹੁਣ ਬੋਲਿਆ ਜਾਂਦਾ......।

ਉਠਦੀ ਹੈ ਕਿਸੇ ਤਰ੍ਹਾਂ ।...... ਮੈਂ ਫਿਰ ਜਾਂਦੀ ਆਂ । ਜ਼ਰਾ ਪਾਣੀ ਤਾਂ ਦੇਈਂ ਮੈਨੂੰ......।

ਲੰਮੇ ਵਰਾਂਡੇ ਵਿਚ ਚਲੀ ਜਾਂਦੀ ਹੈ ਦੂਰ ਤਕ......ਲੜਖੜਾਉਂਦੀ ਹੋਈ । ਨੂਰਨ ਅਤੇ ਬਸ਼ੀਰਨ ਦੇਖਦੀਆਂ ਰਹਿੰਦੀਆਂ ਹਨ ਇਕ ਦੂਸਰੇ ਨੂੰ । ਅੱਖਾਂ ਵਿਚ......ਖੌਫ ।......ਸੱਚੀਂ ! ਕੀ ਹੋ ਗਿਆ ਏ ਏਹਨੂੰ ?

ਦੇਖਦੀਆਂ ਹਨ ਇਕ ਦੂਸਰੇ ਵੱਲ ਚੰਦਰੀ ਅਤੇ ਸ਼ਾਂਤੀ ਵੀ ।......ਝਾੜਾ ਲਗ ਗਿਆ ਏ ਵਿਚਾਰੀ ਨੂੰ......।

ਹੈਰਾਨ ਹੈ ਚੰਦਰੀ ।......ਪੰਦਰਾਂ ਵਾਰ ਤਾਂ ਮੈਂ ਜਾਂਦਿਆਂ ਦੇਖਿਆ ਏ ਏਹਨੂੰ ।

ਮੰਗੂ ਨਿਕਲ ਆਈ ਹੈ ਬਾਹਰ । ......ਕੀ ਹੋ ਗਿਆ ਏ ਏਹਨੂੰ ?

—ਝਾੜਾ ਲਗ ਗਿਆ ਏ ।

ਜਨਾ ਵੀ ਆ ਗਈ......ਨਫ਼ੀਸਾ ਵੀ ।

—ਇਹ ਸਾਲਾ ਭੜੂਆ ਸੁਣਦਾ ਈ ਨਹੀਂ ।

—ਇਹ ਕੌਣ ?

—ਇਹੋ ਮੁਨਸ਼ੀ ਦਾ ਬੱਚਾ ! ਸਾਲੀ ਹਵਾਲਦਾਰਨੀ ਵੀ ਨਹੀਂ ਸੁਣਦੀ । ਇੰਜ ਰਹੀ ਤਾਂ ਓਹ ਮਰ ਜਾਏਗੀ ਏਥੇ ਈ......।

ਮੰਗੂ ਖੜੀ ਹੋ ਜਾਂਦੀ ਹੈ ਸੀਖਾਂ ਨੂੰ ਫੜ ਕੇ......ਮੁਨਸ਼ੀ ! ਓ ਮੁਨਸ਼ੀ !

ਹੋਰ ਜ਼ੋਰ ਨਾਲ ਚੀਕਦੀ ਹੈ......ਮੁਨ...ਸ਼ੀ ! ਓ ਮੁਨਸ਼ੀ...ਸ਼ੀ !

ਹੋਰ ਕਈ ਆਵਾਜ਼ਾਂ ਗੂੰਜਦੀਆਂ ਹਨ । ਹੌਲੀ ਹੌਲੀ ਤੁਰਦੀ ਆਉਂਦੀ ਹੈ ਇਕ ਹਵਾਲਦਾਰਨੀ ......ਕੀ ਏ ? ਹੰਗਾਮਾ ਕਿਉਂ ਮਚਾਇਆ ਹੋਇਆ ਜੇ ?

ਤੈਨੂੰ ਕਿੰਨ ਬੁਲਾਇਆ ਏ ? ਮੁਨਸ਼ੀ ਨੂੰ ਭੇਜ ਓਥੋਂ । ਵੱਡੀ ਆਈ......ਹੰਗਾਮਾ ਕਿਉਂ ਮਚਾਇਆ ਜੇ !

ਖੜੀ ਹੈ ਮੰਗੂ......ਉਸੇ ਤਰ੍ਹਾਂ । ਉੱਪਰੋਂ ਹੇਠਾਂ ਤਕ ਦੇਖਦੀ ਹੈ ਹਵਾਲਦਾਰਨੀ......ਤੂੰ ਕੌਣ ਏਂ ?

—ਤੇਰੇ ਬਾਪ ਦੀ ਅੰਮਾਂ !......ਪਿਛੋਂ ਆਉਂਦੀ ਹੈ ਆਵਾਜ਼ । ਫਿਰ ਹਾਸਾ । ਚਿੜ ਜਾਂਦੀ ਹੈ ਹਵਾਲਦਾਰਨੀ ।......ਇਕ ਇਕ ਦਾ ਮੂੰਹ ਤੋੜ ਦਿਆਂਗੀ......ਯਾਦ ਰੱਖਣਾ । ਕੀ ਸਮਝਦੀਆਂ ਓ ਆਪਣੇ ਆਪ ਨੂੰ ?

ਸਮਝਾਉਂਦੀ ਹੈ ਬਸ਼ੀਰਨ......ਅਸਾਂ ਕਾਹਨੂੰ ਬੁਰਾ ਭਲਾ ਕਹਿਣਾ ਏ ਤੈਨੂੰ । ਅੰਦਰ ਉਸ ਬਾਈ ਨੂੰ ਝਾੜਾ ਲਗ ਗਿਆ ਏ......ਕਰਕੇ ਬੁਲਾਇਆ ਏ । ਮੁਨਸ਼ੀ ਨੂੰ ਕਹਿ ਕੇ ਉਹਨੂੰ ਹਸਪਤਾਲ ਭਿਜਵਾਉਣਾ ਏ ।

ਇਕ ਪਲ ਸੰਨਾਟਾ ।......ਝਾੜਾ ? ਕਿਉਂ ਲਗ ਗਿਆ ਏ ਝਾੜਾ ?

—ਕਿਉਂ ਲਗਾ ਏ ਝਾੜਾ......!......ਚੀਕਦੀ ਹੈ ਮੰਗੂ । ......ਝਾੜਾ ਵੀ ਤੈਥੋਂ ਪੁੱਛ ਕੇ ਲਗੂ ਭਲਾ ?

ਬਸ਼ੀਰਨ ਰੋਕ ਦੇਂਦੀ ਹੈ ਮੰਗੂ ਨੂੰ । ......ਓਹਦੀ ਤਬੀਅਤ ਠੀਕ ਨਹੀਂ ਏ......ਹਸਪਤਾਲ ਭੇਜਣਾ ਪਵੇਗਾ......ਜਾ ਜ਼ਰਾ ਮੁਨਸ਼ੀ ਨੂੰ ਹੀ ਕਹਿ ਦੇ ।

ਪਰ ਖ਼ੁਦ ਹੀ ਤੁਰਿਆ ਆ ਰਿਹਾ ਹੈ ਮੁਨਸ਼ੀ ।......ਕੀ ਗੱਲ ਏ ? ਕਿਉਂ ਚੀਕ ਰਹੀਆਂ ਓ ?

—ਚਮੇਲੀ ਦੀ ਤਬੀਅਤ ਖਰਾਬ ਏ ਮੁਨਸ਼ੀ ਸਾਹਿਬ ! ਉਹਨੂੰ ਝਾੜਾ ਲਗ ਗਿਆ ਏ ।

—ਚਮੇਲੀ ਨੂੰ ਬਾਅਦ ਵਿਚ ਦੇਖਾਂਗਾ......ਪਹਿਲਾਂ ਤੁਸੀਂ ਹਟੋ ਪਿਛੇ ਸਾਰੀਆਂ...... ਕਾਇਦਾ ਪਤਾ ਏ ਤੁਹਾਨੂੰ ? ਦਰਵਾਜ਼ੇ ਤੋਂ ਪੰਜ ਗਜ਼ ਦੂਰ ਰਹਿਣਾ । ਨੇੜੇ ਨਹੀਂ ਆਉਣਾ......ਹਟੋ ਪਿਛਾਂਹ......ਹਟੋ ਪਿਛੇ ਕਿਹਾ ਏ ਨਾ......!

ਹੱਟ ਜਾਂਦੀਆਂ ਹਨ ਦੋ ਚਾਰ । ਪਰ ਖੜੀ ਹੈ ਮੰਗੂ ਆਪਣੀ ਜਗ੍ਹਾ......ਸੀਖਾਂ ਫੜੀ ।

—ਤੈਨੂੰ ਕੀ ਚਾਹੀਦਾ ਏ ?......ਅੱਖਾਂ ਪਾੜ ਕੇ ਦੇਖਦਾ ਹੈ ਮੁਨਸ਼ੀ ।

—ਤੈਨੂੰ ਚਾਹੁੰਨੀ ਆ......ਮੇਰੇ ਰਾਜੇ ।

ਹੱਸਦੀਆਂ ਹਨ ਸਾਰੀਆਂ......ਲੈਲਾ......ਚੰਦਰੀ......ਸ਼ਾਂਤੀ......ਆਂਟੀ......।

ਜਨਾ ਹਟਾਉਂਦੀ ਹੈ ਮੰਗੂ ਨੂੰ ।......ਚਲ ! ਛੱਡ ਵੀ......ਜਾਣ ਦੇ...... ।

ਹੱਟ ਜਾਂਦੀ ਹੈ ਮੰਗੂ ।......ਪਰ ਬੁੜਬੜਾਂਦੀ ਜਾਂਦੀ ਹੈ ।......ਇਨਸਾਨ ਨੇ ਇਹ ਲੋਕ ! ਗ਼ਰੀਬ ਦੀ ਜ਼ਿੰਦਗੀ ਦੀ ਭਲਾ ਕੀ ਪਰਵਾਹ ਏ......ਕੋਈ ਮਰੇ ਕੋਈ ਜੀਵੇ......ਇਹਨਾਂ ਨੂੰ

ਕਾਹਦਾ ਦਰਦ......!

ਅਤੇ ਘੂਰ ਘੂਰ ਕੇ ਦੇਖਦਾ ਹੈ ਮੁਨਸ਼ੀ......ਪਰ ਬੋਲਦਾ ਕੁਝ ਨਹੀਂ ।......ਕਿੱਥੇ ਏ ? ......ਕਿਥੇ ਏ ਉਹ ਚਮੇਲੀ ?

ਸਾਰੀਆਂ ਹੱਟ ਜਾਂਦੀਆਂ ਹਨ......ਲੰਮ ਸਲੰਮੇ ਬਰਾਂਡੇ ਵਿਚ......ਦੂਰ ਲੰਮੀ ਪਈ ਹੈ ਚਮੇਲੀ......ਅੱਖਾਂ ਬੰਦ । ਸੀਖਾਂ ਵਿਚੋਂ ਦੇਖ ਰਿਹਾ ਹੈ ਮੁਨਸ਼ੀ । ਚੁਪ ਚਾਪ ਖੜੀ ਹੈ ਹਵਾਲ-ਦਾਰਨੀ । ਕਿੱਥੋਂ ਆ ਰਹੀ ਏ ਇੰਨੀ ਬੋ......ਕਿੰਨੀ ਅਜੀਬ......ਪਹਿਲਾਂ ਵੀ ਇੰਜ ਈ ਆਉਂਦੀ ਰਹਿੰਦੀ ਏ......।

ਅੱਛਾ ਅੱਛਾ ! ਕਰਦਾ ਆਂ ਇੰਤਜ਼ਾਮ......ਭੇਜਦਾ ਆਂ ਉਹਨੂੰ......! ਘੁੰਮ ਕੇ ਵਾਪਸ ਮੁੜ ਜਾਂਦਾ ਹੈ ਮੁਨਸ਼ੀ । ਚਲੀ ਜਾਂਦੀ ਹੈ ਹਵਾਲਦਾਰਨੀ । ਰਹਿ ਜਾਂਦੀ ਹੈ ਮੰਗੂ......ਮੂੰਹ ਬਣਾਉਂਦੀ ਹੋਈ......ਬੁੜਬੁੜਾਉਂਦੀ ਹੋਈ......ਸਾਲਾ ਭਾੜੇ ਦਾ ਟੱਟੂ......।

ਚੁੱਪ ਚਾਪ ਬੈਠੀ ਹੈ ਕਾਲੀ ਕੁੜੀ। ਮੂੰਹ ਉਤਰਿਆ ਹੋਇਆ ।......ਲੈਲਾਬਾਈ ! ਮੈਨੂੰ ਤਾਂ ਇਹੋ ਚਿੰਤਾ ਏ ਕਿ ਬਾਬੂ ਭਾਈ ਨਹੀਂ ਮਿਲਿਆ ਸੈਯਦ ਨੂੰ । ਮੇਰਾ ਇਕ ਟੈਮ ਦਾ ਖਾਣਾ ਗਿਆ ......ਦੂਜੇ ਟੈਮ ਫਿਰ ਉਹੀ ਗੱਲ......।

ਲੰਘੀ ਜਾ ਰਿਹਾ ਹੈ ਦਿਨ......ਜਮ੍ਹਾਂ ਹੋਏ ਪਾਣੀ ਵਿਚ ਹੀ ਨਿਚੋੜ ਨਿਚੋੜ ਕੇ ਸੁੱਕਣੇ ਪਾ ਦਿੱਤੇ ਹਨ ਕਪੜੇ ਜੰਗਲਿਆਂ ਉਪਰ । ਧੋਤੀਆਂ......ਲਹਿੰਗੇ......ਬਲਾਊਜ਼......। ਇਕੋ ਇਕ ਹੀ ਹਨ ਸਾਰੀਆਂ ਕੋਲ......ਨੰਗੀਆਂ ਹੋ ਗਈਆਂ ਹਨ । ਕਈਆਂ ਲਪੇਟ ਲਏ ਹਨ ਹਵਾਲਾਤ ਦੇ ਕੰਬਲ......ਮਾਂਗਣੂਆਂ ਵਾਲੇ । ਸੁੱਕ ਜਾਣਗੇ ਕਪੜੇ । ਫਿਰ ਪਾ ਲੈਣਗੀਆਂ । ਪਰ ਲੈਲਾ ਦੇ ਦੇ ਹੱਥ ਵਿਚ ਹੈ ਪੁਰਾਣੀ ਪੈਨਸਿਲ ਜਿਸ ਨਾਲ ਹਿਸਾਬ ਲਿਖਦੀ ਹੈ ਭੱਤੇ ਵਾਲੇ ਦਾ ।......ਅਤੇ ਇਕ ਪੋਸਟ ਕਾਰਡ । ਟੁੱਟੀ ਫੁੱਟੀ ਹਿੰਦੀ-ਉਰਦੂ-ਮਰਾਠੀ ਵਿਚ ਚਿੱਠੀ ਲਿਖ ਰਹੀ ਹੈ ।...... ਨਰਾਇਣ ਰਾਮਭਾਊ ਘਾਡਗੇ । ......ਬੋਲੀ ਜਾਂਦੀ ਹੈ ਸੁਭੱਦਰਾਂ......ਯਾਂਸ ਸਪਰੇਮ......।

—ਇਹ ਕੀ ਬੋਲ ਰਹੀ ਏਂ ?......ਸਿਰ ਉਠਾ ਕੇ ਦੇਖਦੀ ਹੈ ਲੈਲਾ ।......ਇਹ ਸਭ ਲਿਖਣਾ ਨਹੀਂ ਆਉਂਦਾ ਮੈਨੂੰ । ਸਿੱਧੀ ਸਾਦੀ ਗੱਲ ਦੱਸ ਜੋ ਲਿਖਣੀ ਏ......।

—ਤੂੰ ਆਪੇ ਹੀ ਲਿਖ ਦੇ ਕੁਝ......।

—ਕੁਝ ਵੀ ।......ਹੱਸਦੀ ਹੈ ਲੈਲਾ ।......ਮੇਰੇ ਪਿਆਰੇ ਨਾਰਾਇਣ ਰਾਮਭਾਊ । ਮੈਨੂੰ ਬਹੁਤ ਯਾਦ ਆਉਂਦੀ ਏ ਤੇਰੀ । ਤੂੰ ਆ ਅਤੇ ਲੈ ਜਾ ਮੈਨੂੰ ਏਥੋਂ......।

ਠੀਕ......ਇਹੋ ਲਿਖ ਦੇ ।

ਹੱਸੀ ਜਾਂਦੀ ਹੈ ਲੈਲਾ । ਨਹੀਂ, ਇਹ ਨਹੀਂ ਲਿਖੇਗੀ । ਲਿਖਦੀ ਹੈ......ਅਤੇ ਪੜ੍ਹਦੀ ਹੈ । ......ਨਰਾਇਣ ਨੂੰ ਲਿਖਿਆ ਸੁਭੱਦਰਾਂ ਨੇ । ਮੈਂ ਏਥੇ ਦੇਈਵਾੜਾ ਦੇ ਪੋਲੀਸ ਸਟੇਸ਼ਨ ਵਿਚ ਆਂ । ਮੇਰੀ ਸੌ ਰੁਪਿਆਂ ਦੀ ਜ਼ਮਾਨਤ ਮੰਗੀ ਏ......ਤੂੰ ਜਿਵੇਂ ਹੋਵੇ ਮੈਨੂੰ ਏਥੋਂ ਕੱਢ । ਨਹੀਂ ਤਾਂ ਮੁਕੱਦਮਾ

ਚਲਣ ਤਕ ਏਥੇ ਈ ਡੱਕੀ ਰਹਾਂਗੀ......ਹਰ ਹੀਲੇ ਛੁਡਾ ਮੈਨੂੰ......ਮੇਰਾ ਤੂੰਹੀਓਂ ਸਹਾਰਾ ਏਂ...... ।

ਟੋਕਦੀ ਹੈ ਸੁਭੱਦਰਾਂ ।......ਲੈਲਾ ਬਾਈ......ਇਹ ਵੀ ਲਿਖ ਦੇ ਨਾਂ ਕਿ......ਮੈਂ ਹੋਰ ਕਿਹਨੂੰ ਲਿਖਾਂ......ਕੋਈ ਵੀ ਤਾਂ ਨਹੀਂ ਜਿਸ ਨੂੰ ਲਿਖ ਸਕਾਂ......ਕਹਿ ਸਕਾਂ......।

ਠੀਕ ਹੈ । ਇਹੀ ਲਿਖ ਦੇਵੇਂਗੀ ਲੈਲਾ ।......ਹੋਰ ਕੋਈ ਹੈ ਵੀ ਤਾਂ ਨਹੀਂ......ਕਿਸ ਨੂੰ ਲਿਖਾਂ......ਕਿਸ ਨੂੰ ਸੁਣਾਵਾਂ !......ਤੂੰ ਨਹੀਂ ਆਏਂਗਾ......ਤਾਂ ਮੈਂ ਏਥੇ ਈ ਸੜਦੀ ਰਹਾਂਗੀ ......ਕੋਈ ਨਹੀ ਕੱਢੇਗਾ ਮੈਨੂੰ ਏਥੋਂ......।

ਕਾਰਡ ਭਰ ਜਾਂਦਾ ਹੈ......ਪਰ ਖਤਮ ਨਹੀਂ ਹੁੰਦੀਆਂ ਸੁਭਦਰਾਂ ਦੀਆਂ ਗੱਲਾਂ......ਹੁਣ ?

—ਪਤਾ ਕੀ ਏ ਉਹਦਾ ?......ਪੁੱਛਦੀ ਹੈ ਲੈਲਾ ।

—ਪਤਾ ?......ਸੋਚਾਂ ਵਿਚ ਪੈ ਜਾਂਦੀ ਹੈ ਸੁਭੱਦਰਾਂ ।......ਪਤਾ ਤਾਂ ਕੋਈ ਵੀ ਨਹੀਂ ਉਹਦਾ......ਉਹ ਤਾਂ ਫੁੱਟਪਾਥ ਤੇ ਹੀ ਸੌਂਦਾ ਏ ਲੈਲਾ ਬਾਈ ।

—ਤਾਂ ਫਿਰ ਇਹ ਖ਼ਤ ਕਿਵੇਂ ਪਹੁੰਚੇਗਾ ਉਹਦੇ ਕੋਲ ?

ਦੋਵੇਂ ਸੋਚਾਂ ਵਿਚ ਪੈ ਜਾਂਦੀਆਂ ਹਨ ।

—ਅੱਛਾ......ਕਿਥੇ ਕੰਮ ਕਰਦਾ ਏ ਉਹ ?

—ਕੰਮ ?......ਕਿਹੜਾ ਕੰਮ ! ਉਹ ਕੋਈ ਨੌਕਰੀ ਥੋੜ੍ਹਾ ਕਰਦਾ ਏ......ਬੇਕਾਰ ਏ ਓਹ। ਕਦੀ ਕੁਛ......ਕਦੀ ਕੁਛ......ਜਾਂ ਕਦੀ ਕਦੀ ਪਾਕਟ ਮਾਰ ਲੈਂਦਾ ਏ ।

ਹਨੇਰਾ ਨਹੀਂ ਹੋਇਆ ਪੂਰੀ ਤਰ੍ਹਾਂ ਪਰ ਘਟੀ ਜਾ ਰਿਹਾ ਹੈ ਉਜਾਲਾ । ਉਸੇ ਤਰ੍ਹਾਂ ਪਈ ਹੈ ਚਮੇਲੀ । ਭਿੰਨ-ਭਿੰਨਾ ਰਹੀਆਂ ਹਨ ਮੱਖੀਆਂ । ਫਿਰ ਕਤਾਰ ਲਗ ਗਈ ਹੈ । ਪਿਚਕੀਆਂ ਹੋਈਆਂ ਥਾਲੀਆਂ ਅਤੇ ਗਿਲਾਸ । ਫਿਰ ਉਹੀ ਉਡੀਕ......ਭੱਤੇ ਵਾਲੇ ਦੀ । ਫਿਰ ਉਹੀ ਭੁੱਖ......ਫਿਰ ਉਹੀ ਅੱਗ । ਪਰ ਨਵੀਂ ਕੁੜੀ ਅਜੇ ਵੀ ਸੁਣਾਈ ਜਾ ਰਹੀ ਹੈ ਕਹਾਣੀਆਂ ।......ਹੰਸਾ......ਬਾ ......ਬਾਪੂ......ਮੋਟਾ ਭਾਈ......ਛੋਟਾ ਭਾਈ ।......ਨਹੀਂ ਸੁਣਦੀ ਮੈਨਾ । ਕਿਧਰੇ ਹੋਰ ਦੇਖ ਰਹੀ ਹੈ...... ਕੁਝ ਹੋਰ ਸੋਚ ਰਹੀ ਹੈ । ਫਿਰ ਆਪਣੇ ਆਪ ਹੀ ਸ਼ੁਰੂ ਕਰ ਦੇਂਦੀ ਹੈ ਬੋਲਣਾ । ......ਇਹ ਪੋਪਟ......ਇਹ ਸਾਲਾ ਨਹੀਂ ਮੰਨੇਗਾ......।

ਕਹਾਣੀਆਂ ਰੁਕ ਜਾਂਦੀਆਂ ਹਨ । ਸਿਰ ਉਠਾ ਕੇ ਦੇਖਦੀ ਹੈ ਨਵੀਂ ਕੁੜੀ ।......ਕੀ ਬੋਲੀ ਜਾ ਰਹੀ ਏਂ ਮੈਨਾ ਬਾਈ ?......ਕੌਣ ਨਹੀਂ ਮੰਨੇਗਾ ?

ਅਤੇ ਮੈਨਾ ਪਹਿਲੀ ਵਾਰ ਦੇਖਦੀ ਹੈ ਨਵੀਂ ਕੁੜੀ ਨੂੰ । ਅਤੇ ਦੇਂਦੀ ਹੈ ਜੁਆਬ ।...... ਇਹੋ ਸਾਲਾ ਪੋਪਟ......ਏਥੇ ਨਹੀਂ ਰਹਿਣ ਦਏਗਾ ਮੈਨੂੰ ਲੈ ਜਾਏਗਾ ਏਥੋਂ......।

ਹੈਰਾਨੀ ਹੈ ਕੁੜੀ ਦੀਆਂ ਅੱਖਾਂ ਵਿਚ ।......ਤੂੰ ਇਥੇ ਈ ਰਹਿਣਾ ਚਾਹੁੰਦੀ ਏਂ ਮੈਨਾਬਾਈ ? ਬਾਹਰ ਜਾਣਾ ਨਹੀਂ ਚਾਹੁੰਦੀ ?

ਅੱਥਰੂ ਹਨ ਜਾਂ ਨਹੀਂ ਮੈਨਾ ਦੀਆਂ ਅੱਖਾਂ ਵਿਚ......ਪਰ ਆਵਾਜ਼ ਭਾਰੀ ਹੋ ਗਈ ਹੈ ।

......ਕੀ ਰੱਖਿਆ ਏ ਉਥੇ ਮੇਰੇ ਲਈ ? ਉਹੀਓ ਰੰਡੀਪੁਣਾ......ਉਹੀਓ ਧੰਦਾ......ਉਹੀਓ ਰੋਣਾ ਧੋਣਾ......ਤੰਗੀ । ਉਥੋਂ ਨਾਲੋਂ ਤਾਂ ਏਥੇ ਚੰਗੀ ਆਂ ।

ਅਤੇ ਦੋਵੇਂ ਖਾਮੋਸ਼ ਰਹਿੰਦੀਆਂ ਹਨ ਕਾਫ਼ੀ ਦੇਰ ਤਕ । ਕਾਫੀ ਦੇਰ ਤਕ......ਬੋਲਣ ਨੂੰ ਜੀਅ ਨਹੀਂ ਕਰਦਾ । ਮਜਬੂਰਨ ਬੋਲਦੀ ਹੈ ਮੈਨਾ......ਮੈਨੂੰ ਲਗਦੈ ਕਲ੍ਹ ਲੈ ਜਾਏਗਾ ਮੈਨੂੰ ਏਥੋਂ......ਜ਼ਮਾਨਤ ਪੱਪਟ ਨੇ ਕਰਵਾ ਹੀ ਲੈਣੀ ਏ......ਏਥੇ ਨਹੀਂ ਰਹਿਣ ਦੇਏਗਾ......ਮੈਂ ਜਾਣਦੀ ਆਂ ਉਹਨੂੰ । ਸਾਲਾ ਚੈਨ ਨਹੀਂ ਲੈਣ ਦੇਏਗਾ ਮੇਰੀ ਜਾਨ ਨੂੰ ਹਰਾਮੀ ਦੀ ਔਲਾਦ ! ਇਹ ਦਾ ਕਦੀ ਭਲਾ ਨਾ ਹੋਵੇ । ਸਾਲਾ ਕੁੱਤਾ......ਹਰਾਮਜ਼ਾਦਾ ਕਮੀਨਾ ! ਮੁਰਦਾ ਨਿਕਲੇਗਾ ਮਾਂ...... ਬੇਸ਼ਰਮ !

ਅਤੇ ਉਦਾਸ ਹੋ ਜਾਂਦੀ ਹੈ ਨਵੀਂ ਕੁੜੀ । ਜਦੋਂ ਚਲੀ ਜਾਏਗੀ ਮੈਨਾ ਵੀ......ਤਾਂ ਕੀ ਕਰੇਗੀ ? ਕਿਸ ਨਾਲ ਗੱਲ ਕਰੇਗੀ ?

ਖੋਲ੍ਹਿਆ ਜਾ ਰਿਹਾ ਹੈ ਸੀਖਾਂ ਵਾਲਾ ਦਰਵਾਜ਼ਾ । ਆ ਗਿਆ ਹੈ ਮੁਨਸ਼ੀ......ਨਾਲ ਹਨ ਹਵਾਲਦਾਰਨੀਆਂ । ਚਮੇਲੀ ਹਸਪਤਾਲ ਜਾਏਗੀ । ਹੁਣ......ਚਾਰ ਘੰਟਿਆਂ ਬਾਅਦ......ਬੇਸੁਰਤ ਪਈ ਹੈ ।......ਚਮੇਲੀ ! ਓ ਚਮੇਲੀ !

ਬੜੀ ਮੁਸ਼ਕਿਲ ਨਾਲ ਖੋਲ੍ਹਦੀ ਹੈ ਅੱਖਾਂ......ਮੁਸ਼ਕਿਲ ਨਾਲ ਨਿਕਲਦੀ ਹੈ ਆਵਾਜ਼...... ਕੀ ਏ ਯਾਰ ?

ਕੰਨ ਦੇ ਕੋਲ ਮੂੰਹ ਲਿਜਾ ਕੇ ਬੋਲਦੀ ਹੈ ਬਸ਼ੀਰਨ......ਹਸਪਤਾਲ ਨਹੀਂ ਜਾਣਾ ਤੂੰ ?

—ਨਹੀਂ !......ਏਥੇ ਈ ਰਹਾਂਗੀ ਮੈਂ...।

ਭਿਨ ਭਿਨ...... ਉਡ ਰਹੀਆਂ ਹਨ ਮੱਖੀਆਂ ।

—ਕੀ ਕਹਿੰਦੀ ਏ ?......ਪੁੱਛਦਾ ਹੈ ਮੁਨਸ਼ੀ ।

—ਕਹਿੰਦੀ ਏ ਏਥੇ ਈ ਰਹਾਂਗੀ......ਹਸਪਤਾਲ ਜਾਣ ਦੀ ਤਾਕਤ ਨਹੀਂ ਉਸ ਵਿਚ ।

—ਕਿਵੇਂ ਨਹੀਂ ਹੈ ਤਾਕਤ ! ਹਸਪਤਾਲ ਜਾਣਾ ਪਵੇਗਾ ਉਹਨੂੰ । ਉਠ ਜਲਦੀ ! ਟੈਮ ਨਹੀਂ ਮੇਰੇ ਕੋਲ......।

ਪਰ ਨਹੀਂ ਉਠਦੀ ਚਮੇਲੀ । ਹੌਲੀ ਹੌਲੀ ਹਿਲਾਉਂਦੀ ਹੈ ਹੱਥ । ਨਹੀਂ ਜਾਏਗੀ ਕਿਧਰੇ ਵੀ......ਏਥੇ ਈ ਮਰੇਗੀ । ਗੁੱਸਾ ਆ ਰਿਹਾ ਹੈ ਮੁਨਸ਼ੀ ਨੂੰ । ਏਥੇ ਨਹੀਂ ਮਰਨ ਦੇਏਗਾ...... ਹਸਪਤਾਲ ਜਾਣਾ ਪਵੇਗਾ ।......ਉਠ ਜਲਦੀ......ਕਿਹਾ ਏ ਨਾ ਮੈਂ......ਟੈਮ ਨਹੀਂ ਮੈਨੂੰ । ਹੁਣੇ ਹਸਪਤਾਲ ਜਾਣ ਲਈ ਟਾਹਰਾਂ ਮਾਰ ਰਹੀ ਸੀ......ਹੁਣ ਕਹਿੰਦੀ ਏ ਨਹੀਂ ਜਾਣਾ......ਕੀ ਤੇਰਾ ਰਾਜ ਏ ਇਥੇ ? ਉਠ ਛੇਤੀ ਕਰ ।

ਹੁਣ ਵੀ ਨਹੀਂ ਉਠੇਗੀ ਚਮੇਲੀ......ਨਹੀਂ ਜਾਏਗੀ ਕਿਧਰੇ ਵੀ । ਕਤਾਰ ਵਿਚ ਖੜੀਆਂ ਔਰਤਾਂ ਪੁੱਛ ਰਹੀਆਂ ਹਨ......ਸਭ ਦੀਆਂ ਸਭ ।......ਕੀ ਹੋਇਐ ?......ਕੀ ਗੱਲ ਏ ?......ਚਮੇਲੀ ਨੂੰ ਇਹ ਲਿਜਾਉਣ ਲਈ ਆਏ ਨੇ......ਚਾਰ ਘੰਟਿਆਂ ਬਾਅਦ । ਕਹਿੰਦੀ

ਏ ਨਹੀਂ ਜਾਣਾ ।......ਸਾਲੇ ਹਰਾਮੀ ਨੇ ਇਹ ਲੋਕ......ਕੋਈ ਫਿਕਰ ਨਹੀਂ ਇਨ੍ਹਾਂ ਨੂੰ ।...... ਆਦਮੀ ਚਾਹੇ ਜੀਏ ਚਾਹੇ ਮਰੇ ।

ਪਰ ਸਮਝਾ ਰਹੀ ਹੈ ਬਸ਼ੀਰਨ......ਜਾ ! ਚਲੀ ਜਾ ਚਮੇਲੀ ! ਕੋਈ ਹਰਜ ਨਹੀਂ ਜਾਣ ਵਿਚ ।......ਚਲ ! ਮੈਂ ਪਹੁੰਚਾ ਦੇਣੀ ਆਂ ਤੈਨੂੰ ।......ਨੂਰਨ......ਤੂੰ ਫੜ ਏਧਰੋਂ ਸੰਭਾਲ ਕੇ......ਬਹੁਤ ਕਮਜ਼ੋਰ ਹੋ ਗਈ ਏ......ਕੀ ਕਰੀਏ ਬਾਬਾ ! ਅਸਾਂ ਲੋਕਾਂ ਦੀ ਤਾਂ ਜ਼ਿੰਦਗੀ ਈ ਐਸੀ ਏ......ਅਸੀਂ ਮਰ ਵੀ ਜਾਈਏ ਤਾਂ ਕਿਸੇ ਨੂੰ ਕੀ ਫਰਕ ਪੈਣਾ ਏ......ਇਕ ਦੂਜੇ ਦੀ ਮਦਤ ਕਰੋ......ਇਹੀ ਬਹੁਤ ਏ । ਸੰਭਾਲ ਕੇ......ਹੌਲੇ ਹੌਲੇ ਚੱਲ......ਆਸਤੇ ਆਸਤੇ !

ਦੇਖ ਰਹੀਆਂ ਹਨ ਕਤਾਰ ਵਿਚ ਖੜੀਆਂ ਔਰਤਾਂ । ਚਮੇਲੀ......ਪੀਲੀ ਪਿੱਚ......ਜਿਵੇਂ ਕੋਈ ਮੁਰਦਾ ਹੋਵੇ । ਬਸ਼ੀਰਨ ਅਤੇ ਨੂਰਨ......ਤੁਰਾ ਕੇ ਲਿਜਾ ਰਹੀਆਂ ਹਨ ਮੁਰਦੇ ਨੂੰ । ਮੁਨਸ਼ੀ ਅਤੇ ਹਵਾਲਦਾਰਨੀਆਂ ਅੱਗੇ ਅੱਗੇ । ਖੁਲ੍ਹਦਾ ਹੈ ਦਰਵਾਜ਼ਾ......ਅਤੇ ਬੰਦ ਹੋ ਜਾਂਦਾ ਹੈ । ਦੇਖਦੀਆਂ ਰਹਿ ਜਾਂਦੀਆਂ ਹਨ ਦੋਵੇਂ......ਸਾਰੀਆਂ । ਚਲੀ ਗਈ ਚਮੇਲੀ......ਮੈਲੀਆਂ ਕੰਧਾਂ ਤੋਂ ਪਾਰ । ਹੁਣ ਨਹੀਂ ਦਿਸ ਰਹੀ ।

ਵਿਚਾਰੀ ! ਜੀਵੇਗੀ ਜਾਂ ਮਰੇਗੀ......ਕੌਣ ਜਾਣੇ ।......ਬੋਲੀ ਜਾ ਰਹੀਆਂ ਹਨ ਕਤਾਰ ਵਾਲੀਆਂ ਔਰਤਾਂ ।......ਕੀ ਕਰੀਏ ! ਆਪਣੇ ਆਪਣੇ ਨਸੀਬ ! ਅਸਾਂ ਦੇ ਤਾਂ ਨਸੀਬ ਈ ਗਾਂਡੂ ਨੇ ......ਪਰ ਇਨਸਾਨ ਦਾ ਵੀ ਤਾਂ ਕੋਈ ਫਰਜ਼ ਹੁੰਦਾ ਏ । ਇਹ ਲੋਕ ਇਨਸਾਨ ਨਹੀਂ......ਜਾਨਵਰ ਨੇ । ਆਪਣੇ ਸੁਖ ਆਰਾਮ ਦੀ ਚਿੰਤਾ......ਦੂਸਰਾ ਜਾਵੇ ਢੱਠੇ ਖੂਹ ਵਿਚ । ਵਿਚਾਰੀ ਚਮੇਲੀ......!

ਜ਼ਿੰਦਗੀ ਅਤੇ ਨਸੀਬ ਦੀਆਂ ਕਹਾਣੀਆਂ......ਕੰਧਾਂ ਅਤੇ ਦਰਵਾਜ਼ਿਆਂ ਦਾ ਖਾਲੀਪਣ ਭਰਨ ਲਈ । ਇਕ ਕੋਸ਼ਿਸ਼......ਬੇਕਾਰ......ਬੇਮਤਲਬ । ਲੰਮੀਆਂ ਸੀਖਾਂ ਵਿਚ ਗੁਜ਼ਰਨ ਵਾਲਾ ਵਕਤ......ਝੂਠਾ ਅਤੇ ਗ਼ਲਤ । ਰੌਸ਼ਨੀ......ਇਕ ਵਹਿਮ । ਸਿਰਫ ਹਨੇਰਾ......ਕਈ ਰੰਗਾਂ ਕਈ ਰੂਪਾਂ ਵਿਚ । ਜਾਂਦਾ ਨਹੀਂ......ਬਹਾਨੇ ਕਰਦਾ ਹੈ......ਉਥੇ ਈ ਹੈ ਭੇਸ ਬਦਲ ਬਦਲ ਕੇ । ਸੱਚ......ਉੱਚੀਆਂ ਛੱਤਾਂ ਉਪਰ ਲਟਕਦਾ ਹੋਇਆ ਮਕੜੀ ਦਾ ਜਾਲਾ......ਗੰਦੇ ਫਰਸ਼ ਤੇ ਰੀਂਗਦਾ ਹੋਇਆ ਕੀੜਾ ।......ਇਕ ਕਤਾਰ......ਪਿਚਕੀ ਹੋਈ......ਵਾਰ ਵਾਰ ਬਣਦੀ ਹੈ ......ਵਾਰ ਵਾਰ ਟੁੱਟਦੀ ਹੈ ।

ਅਤੇ ਕਹਾਣੀਆਂ ਫਿਰ ਵੀ ਖਤਮ ਨਹੀਂ ਹੁੰਦੀਆਂ......ਉਹੋ ਨਵੀਂ ਕੁੜੀ ਅਤੇ ਉਹੀ ਮੈਨਾ ਵਾਰ ਵਾਰ ਉਹੀ ਕਹਾਣੀ ।......ਹੰਸਾ......ਮੇਰੀ ਸਹੇਲੀ । ਬਹੁਤ ਭੋਲੀ ਕੁੜੀ । ਕੀ ਪਤਾ ਉਸ ਵਿਚਾਰੀ ਨੂੰ ਦੁਨੀਆਂ ਵਿਚ ਕਿਹੋ ਕਿਹੋ ਜਿਹੇ ਲੋਕ ਹੁੰਦੇ ਨੇ । ਉਪਰੋਂ ਕੁਝ......ਅੰਦਰੋਂ ਕੁਝ । ਜਿਸ ਕਿਹਾ......ਉਹਦੀ ਈ ਮੰਨ ਲਈ......ਭਰੋਸਾ ਕਰ ਲਿਆ । ਧੋਖਾ ਹੋ ਗਿਆ ਉਸ ਨੂੰ...... ਐਸਾ ਧੋਖਾ......ਕਿ ਸਾਰੀ ਜ਼ਿੰਦਗੀ ਨਰਕ ਬਣ ਗਈ ਉਹਦੀ । ਹੁਣ ਕੀ ਹੋਵੇਗਾ ? ਕੁਝ ਨਹੀਂ ਹੋਵੇਗਾ ।......ਹੰਸਾ......ਬਹੁਤ ਭੋਲੀ ਕੁੜੀ !......ਵਿਚਾਰੀ......!

ਅਤੇ ਫਿਰ ਅਖਾਂ ਵਿਚ ਅੱਥਰੂ। ਟਪਕਣ......ਜਾਂ ਉਥੇ ਹੀ ਥੰਮ੍ਹ ਜਾਣ ? ਕਿਹਦੇ ਲਈ ? ਹੰਸਾ ਲਈ ? ਹੰਸਾ......ਜੋ ਆਪਣਾ ਨਾਂ ਨਹੀਂ ਦਸੇਗੀ। ਭਟਕਦੀ ਰਹੇਗੀ ਵੱਖਰੇ ਵੱਖਰੇ ਨਾਵਾਂ-ਰੂਪਾਂ ਵਿਚ ! ਕਹਾਣੀਆਂ ਸੁਣਾਏਗੀ ਹੰਸਾ ਦੀਆਂ। ਹੰਸਾ......ਜੋ ਖਾ ਗਈ ਧੋਖਾ ! ਭੋਲੀ-ਭਾਲੀ ......ਕਿਉਂਕਿ ਦੁਨੀਆਂ ਨੂੰ ਪਹਿਚਾਣਦੀ ਨਹੀਂ ਸੀ। ਪਰ ਕੁਝ ਨਹੀਂ ਹੋ ਸਕਦਾ ਹੁਣ। ਜ਼ਿੰਦਗੀ ਦੁਬਾਰਾ ਪਰਤ ਨਹੀਂ ਸਕਦੀ। ਮਾਂ ਅਤੇ ਬਾਪੂ......ਪਿੰਡ ਦੀ ਜੂਹ......ਅਤੇ ਨਦੀ। ਖੱਟੀਆਂ ਅੰਬੀਆਂ ਅਤੇ ਮਿੱਠੀਆਂ ਅੰਬੀਆਂ......ਹਵਾ ਅਤੇ ਖ਼ੁਸ਼ਬੂ। ਬਹੁਤ ਪਿਛੇ ਰਹਿ ਗਿਆ ਸਭ ਕੁਝ।

ਅਤੇ ਸਿਰ ਉਠਾ ਕੇ ਬੋਲਦੀ ਹੈ ਮੈਨਾ......ਜਿਵੇਂ ਆਪਣੇ ਆਪ ਨਾਲ ਗੱਲਾਂ ਕਰ ਰਹੀ ਹੋਵੇ......ਬਾਰਾਂ ਸਾਲ ਪਿਛਾਂਹ ਪਰਤ ਕੇ।......ਦੇਖ ! ਕੀ ਨਾਂ ਏ ਤੇਰਾ ?......ਬੰਬਈ ਏ ਨਾ ......ਬੰਬਈ......ਕੀ ਆਖਰਾਂ ਦੀ ਭੀੜ ਏ ਏਥੇ......ਬਾਜ਼ਾਰ ਨੇ......ਬਹੁਤ ਵੱਡੇ ਵੱਡੇ ......ਬਾਜ਼ਾਰ ਕਾਹਦੇ......ਇਕ ਭੱਠੀ ਹੈ......ਬਹੁਤ ਵੱਡੀ ਭੱਠੀ। ਅਤੇ ਦੂਰੋਂ ਦੂਰੋਂ...... ਪਿੰਡਾਂ ਦੀਆਂ ਭੋਲੀਆਂ ਕੁੜੀਆਂ ਨੂੰ ਲਿਆ ਲਿਆ ਕੇ ਇਸ ਭੱਠੀ ਵਿਚ ਸੁੱਟਿਆ ਜਾਂਦਾ ਹੈ। ਸਿੱਧੀਆਂ ਭੋਲੀਆਂ ਕੁੜੀਆਂ......ਤੇਰੇ ਵਰਗੀਆਂ......ਹੰਸਾ ਵਰਗੀਆਂ। ਭੋਲੀਆਂ ਨਹੀਂ ਹੋਣਗੀਆਂ......ਤਾਂ ਗ਼ਰੀਬ ਹੋਣਗੀਆਂ। ਰੋਟੀ ਨਹੀਂ......ਟਿਕਾਣਾ ਨਹੀਂ। ਇਕ ਵਾਰ ਡਿੱਗੇ ਇਸ ਭੱਠੀ ਵਿਚ......ਉਮਰ ਭਰ ਲਈ ਸੜਨਾ......ਕੋਈ ਰਸਤਾ ਨਹੀਂ......ਇਹ ਲੋਕ ਤੁਹਾਨੂੰ ਨਿਕਲਣ ਨਹੀਂ ਦੇਣਗੇ।......

ਰਾਤ ਦਾ ਹਨੇਰਾ ਫੈਲਣ ਤੋਂ ਪਹਿਲਾਂ ਫਿਰ ਆ ਜਾਂਦਾ ਹੈ ਭੱਤੇਵਾਲਾ। ਅਤੇ ਹੜਬੜਾ ਕੇ ਬੋਲਦੀ ਹੈ ਲੈਲਾ......ਜਲਦੀ ਬੋਲ ਸੁਭੱਦਰਾਂ ਕੀ ਪਤਾ ਲਿਖਵਾਣਾ ਈ। ਭੱਤੇਵਾਲਾ ਆ ਗਿਆ ਏ। ਮੈਂ ਜਾਣਾ ਏ ਹਿਸਾਬ ਲਿਖਣ।

ਅਤੇ ਸੁਭੱਦਰਾਂ ਨਹੀਂ ਜਾਣਦੀ ਕੀ ਥਹੁ-ਪਤਾ ਹੈ ਉਸ ਆਦਮੀ ਦਾ......ਜਿਸ ਦੇ ਸਿਵਾਏ ਹੋਰ ਕਿਸੇ ਨੂੰ ਲਿਖ ਨਹੀਂ ਸਕਦੀ......ਕਹਿ ਨਹੀਂ ਸਕਦੀ।......ਨਾਰਾਇਣ ਰਾਮਭਾਊ ਘਾਡਗੇ।......ਸੋਚੀ ਜਾਂਦੀ ਹੈ। ਅੱਛਾ ! ਇੰਜ ਲਿਖ ਦੇ ਲੈਲਾ ਬਾਈ ਕਿ......ਮਿਲੇ ਨਾਰਾਇਣ ਰਾਮਭਾਊ ਘਾਡਗੇ ਨੂੰ......ਬੋਰੀ ਲੈਨ ਦਾ ਫੁਟਪਾਥ......ਭੀਮਜੀ ਭਾਈ ਬਾਣੀਏ ਦੀ ਦੁਕਾਨ ਦੇ ਸਾਹਮਣੇ ਵਾਲੀ ਜਗ੍ਹਾ......ਕਮਾਠੀਪੁਰਾ ਨਾਕਾ......।

ਅਤੇ ਸਿਰ ਉਠਾ ਕੇ ਪੁੱਛਦੀ ਹੈ ਲੈਲਾ।......ਪਰ ਉਥੇ ਤਾਂ ਉਹ ਰਾਤ ਨੂੰ ਸੌਂਦਾ ਏ ਨਾ ?

—ਹਾਂ !......ਨਹੀਂ ਜਾਣਦੀ ਕਿ ਹੁਣ ਕੀ ਜੁਆਬ ਦੇਵੇ।......ਪਰ ਜੇ ਕੋਈ ਦੇ ਦੇਵੇ ਉਹਨੂੰ ਤਾਂ ਦੇ ਹੀ ਦੇਵੇ......।

ਅਤੇ ਲੈਲਾ ਲਿਖ ਦੇਂਦੀ ਹੈ ਪਤਾ..... ਕਿ ਸ਼ਾਇਦ ਪਹੁੰਚ ਹੀ ਜਾਵੇ......ਆ ਜਾਏ ਇਕ ਨਾਰਾਇਣ ਰਾਮਭਾਊ......ਛੁਡਾ ਕੇ ਲੈ ਜਾਏ ਸੁਭੱਦਰਾਂ ਨੂੰ......ਜੋ ਹੁਣ ਇਕ ਇਕ ਦਿਨ ਰਾਹ ਦੇਖੇਗੀ ਉਸ ਦੇ ਆਉਣ ਦਾ।

ਅਤੇ ਆਵਾਜ਼ਾਂ ਫਿਰ ਉਹੀ। ਸੀਖਾਂ ਦੇ ਪਾਰ ਫਿਰ ਵੰਡੀ ਜਾ ਰਹੀਆਂ ਹਨ ਰੋਟੀਆਂ ......ਦਾਲ......ਤਰਕਾਰੀ। ਹਿਸਾਬ......ਦਿਨ ਅਤੇ ਰਾਤ ਦੀਆਂ ਰੋਟੀਆਂ ਦਾ......ਫਿਰ ਸ਼ੁਰੂ ਹੋ ਜਾਂਦਾ ਹੈ।......ਇਕ ਹੋਰ ! ਇਕ ਰੋਟੀ ਹੋਰ ਦੇ ਦੇ ਨਾ !......ਨਹੀਂ ! ਹਿਸਾਬ ਪੂਰਾ ਹੋ ਚੁੱਕਿਆ ਹੈ। ਹੁਣ ਨਹੀਂ ਮਿਲੇਗੀ ਰੋਟੀ।......ਥੋੜ੍ਹੀ ਤਰਕਾਰੀ ਈ ਦੇ ਦੇ ! ......ਨਹੀਂ ! ਦੋ ਰੁਪਏ ਦਾ ਭੱਤਾ ਖਤਮ ! ਹੁਣ ਕੁਝ ਨਹੀਂ ਮਿਲ ਸਕਦਾ।

ਅੱਗੇ ਸਰਕਦੀ ਹੋਈ ਕਤਾਰ ਵਿਚ ਕਿਧਰੇ ਖੜੀ ਹੈ ਕਾਲੀ ਕੁੜੀ। ਧੱਕ ਧੱਕ ਕਰ ਰਿਹਾ ਹੈ ਦਿਲ। ਹੁਣੇ ਪਤਾ ਲਗ ਜਾਏਗਾ ਕਿ ਬਾਬੂ ਭਾਈ ਮਿਲਿਆ ਸੀ ਜਾਂ ਨਹੀਂ। ਨਾ ਮਿਲਿਆ ਤਾਂ ਫਿਰ ? ਫਿਰ ਇਕ ਵਕਤ ਦਾ ਖਾਣਾ ਹੋਰ......ਕਿੰਨੇ ਵਕਤ ਦੇ ਕਿੰਨੇ ਖਾਣੇ ਹੋਰ।......ਮੇਰੇ ਰੱਬਾ ! ਮਿਲ ਗਿਆ ਹੋਵੇ ਬਾਬੂ ਭਾਈ ! ਬਸ ! ਹੋਰ ਕੁਝ ਨਹੀਂ ਮੰਗਦੀ......।

ਜਲਦੀ ਜਲਦੀ ਹੱਥ ਚਲਾਊਂਦਾ ਹੈ ਭੱਤੇਵਾਲਾ। ਫਾਲਤੂ ਵਕਤ ਨਹੀਂ ਹੈ ਉਸ ਕੋਲ। ......ਲੈ ਫੜ......ਤੇਰਾ ਤੰਮਾਕੂ......ਚਲ ਅਗੇ......ਤੇਰੀ ਨਸਵਾਰ......ਗਏ ਪੰਝੀ ਪੈਸੇ। ਬਾਕੀ ਬਚਦਿਆਂ ਦੀ ਰੋਟੀ ਦੇ ਰਿਹਾ ਹੈ......ਰੋਟੀ......ਦਾਲ ਅੱਗੇ ਤੁਰ।......ਤੂੰ ਕਿਹੜੀ ਏਂ ? ਅੱਛਾ......ਫੜ ਆਪਣੇ ਦੋ ਪਾਨ......ਇਹ ਬੀੜੀਆਂ ਦਾ ਬੰਡਲ......ਬਾਕੀ ਦਿਆਂ ਦਾ ਖਾਣਾ......ਤੂੰ ਵੀ ਚੱਲ ਲੈਲਾਬਾਈ ! ਇਸ ਬਾਈ ਦੇ ਹਿਸਾਬ ਵਿਚ ਕਿੰਨੇ ਨੇ ? ......ਠੀਕ ! ਸੱਤ ਰੋਟੀਆਂ ਤੇਰੇ ਵੱਲ ਜ਼ਿਆਦਾ ਹੋ ਗਈਆਂ ਨੇ......ਹੁਣ ਕਲ ਨਹੀਂ ਦਿਆਂਗਾ ਖਾਣਾ......ਪਾਨ ਸੁਪਾਰੀ ਵੀ ਗਈ। ਹਿਸਾਬ ਪੂਰਾ ਰਹਿਣਾ ਚਾਹੀਦਾ ਏ......ਅੱਗੇ ਤੁਰ ਵੀ......।

ਅਤੇ ਹੁਣ ਵਾਰੀ ਹੈ......ਕਾਲੀ ਕੁੜੀ......ਕਾਲੀ ਤਾਰਾ ਦੀ। ਸਹਿਮੀ ਹੋਈ। ਦੇਖ ਰਹੀ ਹੈ ਭੱਤੇਵਾਲੇ ਵੱਲ।......ਪੁੱਛ ਰਹੀ ਹੈ ਅੱਖਾਂ ਨਾਲ......ਮਿਲਿਐ ਬਾਬੂ-ਭਾਈ ?

ਅਤੇ ਹੱਥ ਰੋਕ ਕੇ ਦੇਖ ਰਿਹਾ ਹੈ ਸੈਯਦ।......ਤੂੰਹੀਓਂ ਏਂ ਨਾ ਜਿਸ ਮੈਨੂੰ ਭੇਜਿਆ ਸੀ ਉਧਰ......ਕੀ ਕਿਹਾ ਸੀ......ਬੰਬਈ ਸੈਂਟਰਲ ਦਾ ਝੌਂਪੜ-ਪੱਟੀ ਵਿਚ...... ?

ਸਹਿਮੀ ਹੋਈ ਸਿਰ ਹਿਲਾਊਂਦੀ ਹੈ ਤਾਰਾ।......ਹਾਂ......ਮੈਂ ਈ ਭੇਜਿਆ ਸੀ ਉਧਰ ......ਕੀ ਹੋਇਐ ? ਮਿਲਿਐ ਬਾਬੂ ਭਾਈ ?

ਫਿਰ ਪੁੱਛਦਾ ਹੈ ਸੈਯਦ......ਉਹੀਓ ਨਾ......ਪਤਲਾ......ਦੁੱਬਲਾ ਜਿਹਾ...... ਬੜੀਆਂ ਬੀੜੀਆਂ ਪੀਂਦਾ ਏ...... ?

ਹਾਂ......ਹਾਂ......ਉਹੀਓ।

ਅਚਾਨਕ ਢਿੱਲੀ ਪੈ ਜਾਂਦੀ ਹੈ ਸੈਯਦ ਦੀ ਆਵਾਜ਼......ਮੈਂ ਉਹਨੂੰ ਕਿਹਾ ਕਿ ਤਾਰਾ ਨੂੰ ਪੁਲਿਸ ਨੇ ਫੜਿਐ......ਤਾਂ ਉਹ ਬੋਲਿਆ ਕਿ ਮੈਂ ਨਹੀਂ ਜਾਣਦਾ ਕਿਸੇ ਤਾਰਾ ਵਾਰਾ ਨੂੰ......।

ਕਾਲੀ ਕੁੜੀ ਦੀ ਸਮਝ ਵਿਚ ਨਹੀਂ ਆਉਂਦਾ ਕੁਝ......ਕੀ ਕਿਹਾ ਏ ? ਉਹ ਮੈਨੂੰ ਜਾਣਦਾ ਈ ਨਹੀਂ ?

ਖੁਸ਼ਕ ਹਾਸਾ ਹੱਸਦਾ ਹੈ ਭੱਤੇਵਾਲਾ ! ......ਆਹੋ ! ਮੈਂ ਤਾਂ ਉਹਨੂੰ ਕਈ ਵਾਰੀ ਕਿਹਾ ਕਿ ਉਹ ਕਾਲੀ ਕੁੜੀ......ਪਤਲੀ ਜਿਹੀ......ਤਾਰਾ ਬਾਈ। ਜ਼ਰਾ ਮੁਸੀਬਤ ਵਿਚ ਫਸ ਗਈ ਏ......ਤੈਨੂੰ ਬੁਲਾਇਆ ਏ......ਡਰ ਨਾ......ਇਕ ਵਾਰ ਚਲ ਉਧਰ। ......ਪਰ ਉਹ ਮੰਨਿਆ ਈ ਨਹੀਂ। ਕਹਿਣ ਲਗਾ ਮੈਂ ਨਹੀਂ ਜਾਣਦਾ ਤਾਰਾ ਨੂੰ......ਅਤੇ ਨਾ ਹੀ ਮੇਰੇ ਕੋਲ ਟੈਮ ਏ......ਮੈਂ ਆਪਣਾ ਧੰਦਾ ਵੀ ਕਰਨਾ ਏ...... ।

ਕਾਲੀ ਕੁੜੀ......ਕੁਝ ਨਹੀਂ ਸੁਣ ਰਹੀ......ਖੜੀ ਹੈ ਪੱਥਰ ਬਣ ਕੇ......ਕੁਝ ਹੋਰ ਵੀ ਦਸਦਾ ਹੈ ਭੱਤੇਵਾਲਾ। ਕੀ ਦੱਸਦਾ ਹੈ......ਪਤਾ ਨਹੀਂ। ਦੋ ਰੋਟੀਆਂ ਥਮਾ ਦੇਂਦਾ ਹੈ। ਗਲਾਸ ਵਿਚ ਦਾਲ।......ਹੱਥ ਹਿਲਾ ਕੇ ਕਹਿੰਦੀ ਹੈ ਲੈਲਾ......ਜਾ ! ਪਰੇ ਹੋ ਜਾ...... ਦੂਜਿਆਂ ਨੂੰ ਵੀ ਲੈ ਲੈਣ ਦੇ...... ।

ਹਿਲਦੀ ਹੈ ਕਾਲੀ ਕੁੜੀ। ਬੁਲ੍ਹ ਫਰਕਦੇ ਹਨ......ਬਹੁਤ ਨਿੰਮ੍ਹੇ ਨਿੰਮ੍ਹੇ।......ਸਾਲਾ ! ਮਾਂ...... ! ......ਅੱਖਾਂ ਵਿਚੋਂ ਸ਼ਾਇਦ ਟਪਕ ਪਵੇ ਇਕ ਅੱਥਰੂ......ਅਤੇ ਬੁਲ੍ਹ ਫਿਰ ਹਿਲਦੇ ਹਨ......ਸਾਲਾ ! ਮਾਂ......!......ਅਤੇ ਬੁਲ੍ਹ ਵਾਰ ਵਾਰ ਹਿਲ ਰਹੇ ਹਨ......ਪਰ ਨਹੀਂ ਆਉਂਦੀ ਆਵਾਜ਼।

ਕਤਾਰ ਅਗੇ ਸਰਕਦੀ ਹੈ। ......ਪਾਵ ਅਤੇ ਤਰਕਾਰੀ। ......ਮੈਨੂੰ ਦਾਲ ਅਤੇ ਰੋਟੀ......। ਪਿਆਜ਼ ਦੇ ਥੋੜ੍ਹਾ। ......ਇਕ ਹਰੀ ਮਿਰਚ ਦੇਈਂ ਮੈਨੂੰ......ਬਸ ਇਕੋ ਈ......ਸਿਰਫ ਇਕੋ......ਜ਼ਿਆਦਾ ਨਹੀਂ। ਕਲ ਨਾ ਮੈਨੂੰ ਮੱਛੀ-ਕਰੀ ਲਿਆ ਦੇਈਂ...... ਦਾਲ ਖਾ ਖਾ ਰੱਜ ਗਈ ਆਂ......ਮੈਨੂੰ ਮੱਛੀ-ਕਰੀ ਲਿਆ ਦੇਏਂਗਾ ਨਾ ? ਏ ਸੈਯਦ......ਇਕ ਟੈਮ ਦਾ ਖਾਣਾ ਰੱਖ ਲੈ......ਪਰ ਮੱਛੀ-ਕਰੀ ਲਿਆ ਦੇਈਂ......ਬੜੇ ਦਿਨ ਹੋ ਗਏ ਨੇ...... ਸ਼ਕਲ ਵੀ ਨਹੀਂ ਦੇਖੀ ਮੱਛੀ ਦੀ।......ਗੱਲਾਂ ਘੱਟ ਕਰ......ਬਹੁਤ ਬੜ ਬੜ ਕਰਦੀ ਆਂ ......ਆਪਣਾ ਸਾਮਾਨ ਲੈ ਤੇ ਛੇਤੀ ਪਰੇ ਹੋ।

ਦੁਪਹਿਰ ਦੀ ਭੁੱਖ ਅਤੇ ਦਿਨ ਦਾ ਦਰਦ......ਕਿੱਥੇ ਚਲੇ ਗਏ ਦੋਵੇਂ ? ਹੱਥਾਂ ਵਿਚ ਗਿਲਾਸ ਅਤੇ ਦੋ ਰੋਟੀਆਂ......ਕਾਲੀ ਕੁੜੀ ਅਜੇ ਵੀ ਖੜੀ ਹੈ ਉਸੇ ਤਰ੍ਹਾਂ। ਇਕ ਹੋਰ ਦਰਦ ਆ ਗਿਆ ਹੈ ਕਿਧਰੋਂ। ......ਸਾਲਾਂ ! ਮਾਂ......! ......ਬੁਲ੍ਹਾਂ ਵਿਚੋਂ ਬਾਹਰ ਨਹੀਂ ਆਉਂਦੀ ਆਵਾਜ਼। ......ਕੀ ਹੋ ਗਿਆ ! ਇੰਜ ਤਾਂ ਕਦੀ ਸੋਚਿਆ ਵੀ ਨਹੀਂ ਸੀ।......ਅਤੇ ਸਮਝਾ ਰਹੀ ਹੈ ਸੁਭੱਦਰਾਂ......ਭੱਤੇ ਵਾਲੇ ਵੀਰਾ ! ਇਹ ਕਾਰਡ ਅੱਜ ਈ ਡੱਬੇ ਵਿਚ ਪਾ ਦੇਈਂ...... ਭੁਲੀ ਨਾ। ਨਹੀਂ ਤਾਂ ਮੈਂ ਏਥੇ ਰਾਹ ਈ ਵੇਖਦੀ ਰਹਿ ਜਾਵਾਂਗੀ......ਤੇ ਉਧਰ ਕਾਰਡ ਚਲਾ ਜਾਏਗਾ ਕੂੜੇ ਦੇ ਢੇਰ ਉਤੇ। ......ਅਤੇ ਵਾਰ ਵਾਰ ਸਮਝਾਉਂਦਾ ਹੈ ਸੈਯਦ......ਜ਼ਰੂਰ ਪਾਏਗਾ......ਨਹੀਂ ਭੁਲੇਗਾ। ......ਪਰ ਭਰੋਸਾ ਨਹੀਂ ਸੁਭੱਦਰਾਂ ਨੂੰ। ਡਰ ਲਗਦਾ ਹੈ ਅੰਦਰੋਂ ਅੰਦਰ......ਕਿਧਰੇ ਭੁਲ ਗਿਆ ਤਾਂ...... !

ਬਹੁਤ ਉਪਰ ਟਿੰਮਟਿੰਮਾਂਦੇ ਹੋਏ ਬਲਬ ਦੀ ਰੌਸ਼ਨੀ......ਜ਼ਮੀਨ ਤਕ ਨਹੀਂ ਪੁਜ ਰਹੀ।

ਉਪਰ ਉਜਾਲਾ। ਥੱਲੇ......ਨਾ ਹਨੇਰਾ......ਨਾ ਉਜਾਲਾ। ਕੀ ਹੈ ? ਸਭ ਦਿਖਾਈ ਦੇ ਰਿਹਾ ਹੈ ......ਪਰ ਕੁਝ ਦਿਖਾਈ ਨਹੀਂ ਦੇਂਦਾ। ਸੀਖਾਂ ਅੰਦਰ ਬੰਦ ਬਹੁਤ ਸਾਰੀਆਂ ਔਰਤਾਂ......ਪਰ ਕੌਣ ਕੌਣ ਹਨ ? ਸਾਰੀਆਂ ਇਕੋ ਜਿਹੀਆਂ। ਹਨੇਰੇ ਅਤੇ ਉਜਾਲੇ ਦੇ ਵਿਚਕਾਰ ਹਿਲਦੀਆਂ ਹਨ......ਅਤੇ ਨਹੀਂ ਹਿਲਦੀਆਂ। ਬੋਲਦੀਆਂ ਹਨ......ਅਤੇ ਹੋ ਜਾਂਦੀਆਂ ਹਨ ਖਾਮੋਸ਼। ਬਹੁਤ ਦੇਰ ਹੋ ਗਈ ਹੈ......ਚਲਾ ਗਿਆ ਹੈ ਭੱਤੇਵਾਲਾ। ਧੋਤੇ ਗਏ ਹਨ ਭਾਂਡੇ। ਅੱਧੀ ਅੱਧੀ ਬੀੜੀ ਪੀ ਕੇ ਲੰਮੀਆਂ ਪੈ ਗਈਆਂ ਹਨ ਆਮ੍ਹੋ ਸਾਹਮਣੇ। ਬਹੁਤ ਦੇਰ ਹੋ ਗਈ। ਕੁਝ ਵੀ ਬਚਿਆ ਹੁਣ। ਕੋਈ ਕੰਮ ਨਹੀਂ। ਕਿਸੇ ਦਾ ਇੰਤਜ਼ਾਰ ਨਹੀਂ। ਸਿਰਫ ਕਹਾਣੀਆਂ...... ਸਵੇਰ ਤਕ ......ਗੁਜ਼ਰੇ ਹੋਏ ਵਕਤ ਦੀਆਂ। ਸੈਂਕੜਿਆਂ ਵਾਰ......ਬਾਰ ਬਾਰ......ਉਹੀ। ਰਾਤ ਦੇ ਡੁਬਦਿਆਂ ਪਹਿਰਾਂ ਵਿਚ ਜਾਗਦੀਆਂ ਹੋਈਆਂ ਆਵਾਜ਼ਾਂ। ਨੀਂਦ ਨਹੀਂ ਆਏਗੀ......ਕਹਾਣੀਆਂ ਜਾਰੀ ਰਹਿਣਗੀਆਂ......ਜ਼ਿੰਦਗੀ ਦੀਆਂ ਕਹਾਣੀਆਂ। ਪਹਿਲਾਂ ਸੁਣਾਉਣਗੀਆਂ ਦੂਸਰਿਆਂ ਲਈ......ਵਾਰ ਵਾਰ। ਫਿਰ ਆਪਣੇ ਲਈ......ਵਾਰ ਵਾਰ। ਪਹਿਲਾਂ ਸੁਣਨਗੀਆਂ ਦੂਸਰਿਆਂ ਦੀਆਂ ਕਹਾਣੀਆਂ......ਫਿਰ ਸਿਰਫ ਆਪਣੀਆਂ। ਆਪਣੀ ਆਪਣੀ ਆਵਾਜ਼......ਆਪਣੇ ਆਪਣੇ ਗੁਬਾਰ......ਟਿੰਮ-ਟਿੰਮਾਂਦੇ ਬਲਬਾਂ ਦੇ ਥੱਲੇ ਹਨੇਰੇ ਅਤੇ ਉਜਾਲੇ ਵਿਚ......ਬਾਰ ਬਾਰ ਉਠਣਗੇ......ਫਿਰ ਵੀ ਖਤਮ ਨਹੀਂ ਹੋਣਗੇ...... ।

ਬੀਤ ਜਾਂਦੀ ਹੈ ਅੱਧੀ ਰਾਤ ਏਸ ਤਰ੍ਹਾਂ। ਕਹਾਣੀਆਂ ਵਾਲੀਆਂ ਥੱਕ ਜਾਂਦੀਆਂ ਹਨ ਅਤੇ ਊਂਘਣ ਲਗਦੀਆਂ ਹਨ। ਫਿਰ ਵੀ ਸੁਣਾਈ ਜਾਂਦੀਆਂ ਹਨ। ਊਂਘਣ ਵਾਲੀਆਂ ਦੀਆਂ ਕਹਾਣੀਆਂ ਜਾਗ ਰਹੀਆਂ ਦੀਆਂ ਕਹਾਣੀਆਂ ਨਾਲੋਂ ਜ਼ਿਆਦਾ ਸਪਸ਼ਟ......ਜ਼ਿਆਦਾ ਸਾਫ। ਹੁਣ ਖੁਲ੍ਹਦਾ ਹੈ ਸੀਖਾਂ ਵਾਲਾ ਦਰਵਾਜ਼ਾ ਅਤੇ ਇਕ......ਦੋ......ਤਿੰਨ......ਦਸ...... ਪੰਦਰਹਾਂ......ਔਰਤਾਂ ਅਤੇ ਲੜਕੀਆਂ......ਹੋਰ ਧਕੇਲ ਦਿੱਤੀਆਂ ਜਾਂਦੀਆਂ ਹਨ ਅੰਦਰ। ਖਾਮੋਸ਼ੀ ਵਿਚ ਫੈਲਿਆ ਹੋਇਆ ਇਕ ਨਵਾਂ ਹੰਗਾਮਾ। ਜਾਗ ਉਠਦੀਆਂ ਹਨ ਊਂਘਣ ਵਾਲੀਆਂ। ਨਵੀਆਂ ਆਈਆਂ ਫੈਲ ਜਾਂਦੀਆਂ ਚਾਰੋਂ ਪਾਸੇ। ਜਗ੍ਹਾ ਲੱਭਦੀਆਂ ਹਨ ਬੈਠਣ ਦੀ......ਸੌਣ ਦੀ। ਲੜਦੀਆਂ ਹਨ ਅਤੇ ਕੱਢਦੀਆਂ ਹਨ ਗਾਲ੍ਹਾਂ। ......ਤੇਰੇ ਪਿਉ ਦੀ ਜਗ੍ਹਾ ਏ......ਪੈਰ ਸੁੰਗੇੜ ਕੇ ਪਵੋ......ਇਹ ਤੇਰੀ ਰੀਜ਼ਰਵ ਜਗ੍ਹਾ ਏ ਕੋਈ......ਹੱਟ ਪਰੇ ਸੌਣ ਦੇ ਮੈਨੂੰ ਏਧਰ......। ਸੌਣ ਵਾਲੀਆਂ......ਲੇਟਣ ਵਾਲੀਆਂ......ਹੋਰ ਜ਼ੋਰ ਦੀ ਕੱਢਦੀਆਂ ਹਨ ਗਾਲ੍ਹਾਂ। ......ਏ......ਏ......ਏਥੇ ਕੀ ਮੇਰੇ ਸਿਰ ਤੇ ਸੌਵੇਂਗੀ ! ਦਫਾ ਹੋ ਏਥੋਂ।...... ਜਾਪਦਾ ਹੈ ਹੋਵੇਗੀ ਮਾਰ ਕੁਟਾਈ......ਪਰ ਕੁਝ ਨਹੀਂ ਹੁੰਦਾ। ਕੁਝ ਦੇਰ ਤਕ ਰਹਿੰਦਾ ਹੈ ਖੱਪਖਾਨਾ। ਫਿਰ ਹੌਲੀ ਹੌਲੀ ਮੁੱਕ ਜਾਂਦਾ ਹੈ। ਫਿਰ ਸ਼ੁਰੂ ਹੋ ਜਾਂਦੀਆਂ ਹਨ ਕਹਾਣੀਆਂ...... ਪੁਰਾਣੀਆਂ ਅਤੇ ਨਵੀਆਂ ਦੇ ਦਰਮਿਆਨ। ......ਕਿਥੇ......ਕਿੱਥੇ ਛਾਪਾ ਮਾਰਿਆ ਨੇ ਅੱਧੀ ਰਾਤ ਦੇ ਟੈਮ ? ਕਿੰਨਿਆਂ ਨੂੰ ਫੜਿਐ ? ਮਾਰਿਆ ਕੁਟਿਆ ਵੀ ਨੇ ?......ਤੂੰ ਕਿੰਨੇ ਦਿਨਾਂ ਦੀ ਏਂ ਏਥੇ ?......ਪਹਿਲੀ ਵਾਰੀ ਆਈ ਏਂ ? ਨਾਂ ਕੀ ਏ ਤੇਰਾ ?......ਠੀਕ ਏ ਠੀਕ ਏ। ਪੈਰ

ਵਿਛਾ ਲੈ ਅਤੇ ਸੌਂ ਜਾ ! ਦੋ ਘੰਟਿਆਂ ਬਾਅਦ ਤਾਂ ਦਿਨ ਚੜ੍ਹ ਜਾਣਾ ਏ......ਥੋੜ੍ਹੇ ਜਿਹੇ ਟੈਮ ਕੀ ਹੀ ਤਾਂ ਗੱਲ ਏ।......ਅੱਛਾ......ਅੱਛਾ......ਘਰ ਵਾਲੀ ਨੂੰ ਫੜਿਆ ਏ ਕਿ ਨਹੀਂ ? ਉਹਨੂੰ ਫੜਣ ਗਏ ਤਾਂ ਸਨ। ਆ ਆ ! ਤੂੰ ਏਥੇ ਈ ਪੈ ਜਾ...... ।

ਹੌਲੀ ਹੌਲੀ ਫਿਰ ਸਭ ਹੋਣ ਲਗਦੀਆਂ ਹਨ ਖਾਮੋਸ਼। ਕਹਾਣੀਆਂ ਫਿਰ ਵੀ ਖਤਮ ਨਹੀਂ ਹੁੰਦੀਆਂ। ਉਬਾਸੀਆਂ ਉਪਰ ਉਬਾਸੀਆਂ। ਸਭ ਸੌਂ ਜਾਣਗੀਆਂ ਹੁਣ। ਪਾਸਾ ਪਰਤ ਕੇ ਪੁੱਛਦੀ ਹੈ ਬਸ਼ੀਰਨ......ਨੂਰਨ ! ਸੌਂ ਗਈ ਏਂ ?

ਜਾਗ ਰਹੀ ਹੈ ਨੂਰਨ......ਨਹੀਂ ਆਪਾ !

ਇਕ ਲੰਬੀ ਉਬਾਸੀ......ਅਤੇ ਕਹਾਣੀ ਸ਼ੁਰੂ ਕਰ ਦੇਂਦੀ ਹੈ ਬਸ਼ੀਰਨ। ......ਇਹੋ ਸੋਚਦੀ ਰਹਿੰਦੀ ਆ ਮੈਂ......ਜਿਉਂ ਸੋਚਣਾ ਸ਼ੁਰੂ ਕਰਦੀ ਹਾਂ ਤਾਂ ਫਿਰ ਖਤਮ ਹੀ ਨਹੀਂ ਹੁੰਦੀਆਂ ਸੋਚਾਂ......ਇਹ ਟੈਮ ਤਾਂ ਨਿਕਲ ਗਿਆ......ਪਰ ਅਗੇ ਕਿਵੇਂ ਹੋਏਗਾ ? ਜਿਸਮ ਜਵਾਬ ਦੇਈ ਜਾ ਰਿਹੈ। ਮੈਂ ਕਹਿੰਦੀ ਆਂ ਨੂਰਨ......ਦੋ ਸਾਲਾਂ ਅੰਦਰ ਉਹ ਸਮਾਂ ਵੀ ਆ ਜਾਏਗਾ ਮੇਰਾ ......ਕਿ ਹਵਾਲਦਾਰ ਫੜਨਗੇ ਨਹੀਂ ਮੈਨੂੰ। ਏਥੇ ਰਹਿ ਕੇ ਮਹੀਨਾ ਵੀਹ ਦਿਨ ਜੋ ਆਰਾਮ ਨਾਲ ਖਾਣ ਨੂੰ ਮਿਲ ਜਾਂਦਾ ਏ......ਉਹ ਵੀ ਨਹੀਂ ਮਿਲੇਗਾ। ਉਦੋਂ ਕੀ ਬਣੂ ਮੇਰਾ ? ਸੋਚਦੀ ਆਂ ਤਾਂ ਸਿਰ ਚਕਰਾਂਦਾ ਏ।

ਨੂਰਨ ਨੂੰ ਫਿਰ ਆ ਗਈ ਨੀਂਦਰ। ਅਗੋਂ ਕੀ ਕਹਿੰਦੀ ਹੈ ਬਸ਼ੀਰਨ......ਨਹੀਂ ਸੁਣਦੀ। ਪਰ ਬਸ਼ੀਰਨ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਜਾਰੀ ਰੱਖਦੀ ਹੈ ਕਹਾਣੀ......ਆਪਣੇ ਆਪ ਨੂੰ ਹੀ ਸੁਣਾਂਦੀ ਜਾਂਦੀ ਹੈ। ਗੁਜ਼ਰੇ ਹੋਏ ਦਿਨ ਡਰਾਉਂਦੇ ਨਹੀਂ......ਪਰ ਡਰਾ ਰਹੇ ਹਨ ਆਉਣ ਵਾਲੇ। ਰਾਤ ਦੇ ਹਨੇਰੇ ਤੋਂ ਬਾਅਦ ਜੋ ਆ ਰਿਹਾ ਹੈ......ਸਵੇਰ ਦਾ ਉਜਾਲਾ ਨਹੀਂ ......ਇਕ ਹੋਰ ਗਹਿਰੀ ਰਾਤ ਦਾ ਹਨੇਰਾ ਹੈ।

ਇਕ ਹੋਰ ਲੰਬੀ ਉਬਾਸੀ। ਚੁਟਕੀ ਵਜਾਉਂਦੀ ਹੈ ਮੈਨਾ ਅਤੇ ਚੁੱਪ ਹੋ ਜਾਂਦੀ ਹੈ। ਦੋਵੇਂ ਪਈਆਂ ਹਨ......ਸੌਂ ਰਹੀਆਂ ਹਨ......ਪਰ ਸੌਂ ਨਹੀਂ ਸਕੀਆਂ। ਕਹਾਣੀਆਂ ਸੁਣਾ ਸੁਣਾ ਕੇ ਚੁੱਪ ਹੋ ਗਈ ਹੈ ਨਵੀਂ ਕੁੜੀ। ਕੁਝ ਬਾਕੀ ਨਹੀਂ ਰਿਹਾ ਹੁਣ। ਹੋ ਸਕਦਾ ਹੈ ਕੱਲ ਚਲੀ ਜਾਏ ਮੈਨਾ। ਤਦ ਕੌਣ ਸੁਣੇਗਾ ? ਪਾਸਾ ਪਰਤਦੀ ਹੈ ਮੈਨਾ। ......ਸੁਣ ! ਕੀ ਨਾਂ ਏ ਤੇਰਾ...... ਮੇਰੀ ਗੱਲ ਸੁਣ......ਸੁਣ ਰਹੀ ਏਂ ?

ਪਾਸਾ ਪਰਤਦੀ ਹੈ ਕੁੜੀ ਵੀ। .....ਕੀ ਕਿਹਾ ਏ ਤੂੰ ਮੈਨਾਬਾਈ

—ਇਹ ਕਹਿ ਰਹੀ ਸਾਂ......ਕਿ ਚਲੀ ਗਈ ਤਾਂ ਕੱਲ ਚਲੀ ਜਾਵਾਂਗੀ ਮੈਂ। ਪਰ ਇਕ ਗੱਲ ਦੱਸਦੀ ਆਂ ਤੈਨੂੰ......ਯਾਦ ਰੱਖੀਂ......।

—ਕਿਹੜੀ ਗੱਲ ਮੈਨਾਬਾਈ ?

—ਤੂੰ ਇਨ੍ਹਾਂ ਨੂੰ ਆਪਣੇ ਘਰ ਦਾ ਪਤਾ ਦੱਸ ਦੇ। ਵਾਪਸ ਮੁੜ ਜਾਂ......।

ਚੁੱਪ ਹੈ ਕੁੜੀ। ਜਵਾਬ......ਤਾਂ ਪਹਿਲਾਂ ਹੀ ਦੇ ਚੁੱਕੀ ਹੈ। ਪਰ ਫਿਰ ਕਹਿੰਦੀ ਹੈ ਇਕ

ਵਾਰ।......ਇਹ ਨਹੀਂ ਹੋ ਸਕਦਾ ਮੈਨਾਬਾਈ ! ਮੈਂ ਤੈਨੂੰ ਦੱਸਿਆ ਤਾਂ ਏ......ਕਿ ਉਧਰ ਗਈ ਤਾਂ ਜ਼ਿੰਦਾ ਨਹੀਂ ਰਹਾਂਗੀ।......ਅਤੇ ਬਾਪੂ......ਅਤੇ ਛੋਟਾ ਭਾਈ ਵੀ......।

ਫਿਰ ਵੀ ਸਮਝਾਉਂਦੀ ਹੈ ਮੈਨਾ ।..... ਮੇਰੀ ਗੱਲ ਨੂੰ ਸਮਝ ਲੈ......ਤੂੰ ਪਤਾ ਨਹੀਂ ਦਸੇਂਗੀ ਤਾਂ ਇਹ ਤੈਨੂੰ ਹੋਮ ਵਿਚ ਭੇਜ ਦੇਣਗੇ। ਇਕ ਵਾਰ ਹੋਮ ਵਿਚ ਚਲੀ ਗਈ......ਤਾਂ ਬਣ ਜਾਏਂਗੀ ਪੂਰੀ ਰੰਡੀ। ਕੋਈ ਵੀ ਆਏਗਾ......ਲੈ ਜਾਏਗਾ ਤੈਨੂੰ ਰੁਪਿਆ ਤਾਰ ਕੇ। ਵੇਚ ਦੇਣਗੇ ਇਹ ਲੋਕ ਤੈਨੂੰ। ਓਥੇ ਕਾਗਜ਼ਾਂ ਵਿਚ ਲਿਖ ਦੇਣਗੇ......ਤੇਰਾ ਭਰਾ ਲੈ ਗਿਆ......ਤੇਰਾ ਬਾਪ ਲੈ ਗਿਆ। ਸਮਝ ਗਈ ਏਂ ? ਇਹ ਲੋਕ ਜੋ ਛਾਪੇ ਮਾਰਦੇ ਨੇ......ਏਸੇ ਲਈ ਤਾਂ ਮਾਰਦੇ ਨੇ !

ਚੁੱਪ ਹੈ ਨਵੀਂ ਕੁੜੀ। ਸਮਝ ਗਈ......ਕਿ ਨਹੀਂ ਸਮਝੀ। ਦੋਵੇਂ ਬਰਾਬਰ। ਫਿਰ ਵੀ ਬੋਲਦੀ ਜਾਂਦੀ ਹੈ ਮੈਨਾ ।......ਤੈਨੂੰ ਦੇਖਦੀ ਆਂ......ਤਾਂ ਮੈਨੂੰ ਇੰਜ ਲਗਦੈ......ਕਿ ਜਿਵੇਂ ਮੈਂ ਹੋਵਾਂ......ਤਦੇ ਹੀ ਕਹਿੰਦੀ ਆਂ। ਏਥੇ ਆਪਣੀ ਜ਼ਿੰਦਗੀ ਬਰਬਾਦ ਨਾ ਕਰ। ਪਤਾ ਦਸ ਦੇ ਅਤੇ ਚਲੀ ਜਾ ਮੁੜ ਕੇ। ਇਹ ਸਭ ਬੇਕਾਰ ਗੱਲਾਂ ਨੇ ਕਿ ਕੋਈ ਕੰਮ ਕਰਾਂਗੀ... ਭਾਂਡੇ ਮਾਂਜਾਂਗੀ। ਇਹ ਲੋਕ ਤਾਂ ਆਪਣੇ ਕੋਲੋਂ ਇਕੋ ਹੀ ਕੰਮ ਲੈਣਗੇ .... ਇਹ ਸਮਝ ਲੈ ਤੂੰ।

ਸੁਣੀ ਜਾਂਦੀ ਹੈ ਕੁੜੀ..... ਪਰ ਨਹੀਂ ਟੁੱਟਦੀ ਚੁੱਪ......।

ਫਿਰ ਫੈਲ ਰਹੀ ਹੈ ਬੋ......ਬਹੁਤ ਜ਼ਿਆਦਾ। ਕੋਲ ਸੁੱਤੀ ਹੋਈ ਵੱਲ ਇਸ਼ਾਰਾ ਕਰਦੀ ਹੈ ਮੰਗੂ। ਇਹਦੇ ਕੋਲੋਂ ਈ ਆ ਰਹੀ ਏ ਬੋ। ਗਰਮੀ ਏ ਏਹਨੂੰ..... ਸੜ੍ਹਾਂਦ ਮਾਰ ਰਹੀ ਏ।...... ਉਠ ਜਨਾ......ਚਲ ਦੂਜੇ ਪਾਸੇ......ਇਥੇ ਨੀਂਦ ਨਹੀਂ ਆਏਗੀ ਸਾਨੂੰ......।

ਹਨੇਰੇ ਕੋਨੇ ਵਿਚ ਪਈ ਕਾਲੀ ਕੁੜੀ ਵਾਰ ਵਾਰ ਕਹਿੰਦੀ ਹੈ..... ਨਹੀਂ ਨਹੀਂ ! ਮੈਨੂੰ ਵਿਸ਼ਵਾਸ ਨਹੀਂ ਆਉਂਦਾ......ਬਾਬੂ ਭਾਈ ਇੰਜ ਨਹੀਂ ਕਹੇਗਾ ਲੈਲਾਬਾਈ !

ਹੁਣ ਕੋਈ ਜਵਾਬ ਨਹੀਂ ਦੇਂਦੀ ਲੈਲਾ। ਫਿਰ ਵੀ ਬੋਲੀ ਜਾਂਦੀ ਹੈ ਕਾਲੀ ਤਾਰਾ।...... ਮੈਨੂੰ ਲਗਦੈ ਕਿ ਡਰ ਗਿਆ ਏ ਉਹ......ਚੋਰੀ ਦਾ ਮਾਲ ਵੇਚਦਾ ਏ ਨਾਂ......ਕੱਲ ਮੈਂ ਫਿਰ ਨਹੀਂ ਲਵਾਂਗੀ ਆਪਣਾ ਖਾਣਾ। ਸੈਯਦ ਨੂੰ ਕਹਾਂਗੀ ਕਿ ਇਕ ਵਾਰ ਫਿਰ ਜਾ......ਉਹਨੂੰ ਕਹਿ ਕਿ ਡਰਨ ਦੀ ਕੋਈ ਲੋੜ ਨਹੀਂ।......ਤੂੰ ਸੌਂ ਗਈ ਏਂ ਲੈਲਾਬਾਈ ? ਭਾਵੇਂ ਬਾਬੂ ਭਾਈ ਏਥੋਂ ਨਾ ਕੱਢੇ ਮੈਨੂੰ......ਪਰ ਇਕ ਵਾਰ ਮਿਲਣ ਤਾਂ ਆਵੇ......!

ਅਤੇ ਖਾਮੋਸ਼ ਦੇਖਦੀ ਰਹਿੰਦੀ ਹੈ ਲੈਲਾ......ਸਾਹਮਣੇ......ਜਿਥੇ ਕੁਝ ਵੀ ਨਹੀਂ ਹੈ।

ਦੌੜਦੀ ਹੋਈ ਨੀਲੀ ਗੱਡੀ ਵਿਚ ਬੈਠੀਆਂ ਹਨ ਰੀਮਾਂਡ ਵਾਲੀਆਂ......ਜ਼ਮਾਨਤ ਵਾਲੀਆਂ। ਚਾਰੋਂ ਪਾਸੇ......ਲੋਹੇ ਦੀਆਂ ਜਾਲੀਆਂ। ਜਾਲੀਆਂ ਦੇ ਉਸ ਪਾਸੇ......ਹਵਾਲਦਾਰਨੀਆਂ। ਸਿਰਾਂ ਤੋਂ ਨੀਵੀਆਂ ਖਿੜਕੀਆਂ। ਬਾਹਰ ਦੇਖਣ ਲਈ ਝੁਕਣਾ ਪੈਂਦਾ ਹੈ ਨੀਵਾਂ। ਦੌੜ ਰਹੀਆਂ ਹਨ ਗੱਡੀਆਂ। ਦੌੜ ਰਹੀਆਂ ਹਨ ਸੜਕਾਂ......ਸੜਕਾਂ ਉਪਰ ਸਾਰੀ ਦੁਨੀਆਂ। ਚੁੱਪ ਚਾਪ ਬੈਠੀ ਹੈ ਮੈਨਾ..... ਚੁੱਪ ਚਾਪ ਬੈਠੀਆਂ ਹਨ ਸਭ ਦੀਆਂ ਸਭ......ਮੋਟੇ ਚਸ਼ਮਿਆਂ ਵਾਲੀ ਬੁੱਢੀ ਵੀ। ਕਮਾਨੀ ਦੀ ਜਗ੍ਹਾ ਬੰਨ੍ਹਿਆਂ ਹੋਇਆ ਧਾਗਾ।......ਰੋਜ਼ ਇੰਜ ਹੀ......ਜਦ ਜਾਂਦੀਆਂ ਹਨ

ਅਦਾਲਤ......ਚੁੱਪ ਹੁੰਦੀਆਂ ਹਨ ਸਭ ਦੀਆਂ ਸਭ । ਸਿਰ ਝੁਕਾਈ ਦੇਖਦੀਆਂ ਰਹਿੰਦੀਆਂ ਹਨ ਦੌੜਦੀਆਂ ਹੋਈਆਂ ਸੜਕਾਂ ਨੂੰ । ਜਾਲੀਆਂ ਦੇ ਦਰਵਾਜ਼ੇ ਦੇ ਉਸ ਪਾਸੇ......ਊਂਘਦੀਆਂ ਜਾਪਦੀਆਂ ਹਨ ਹਵਾਲਦਾਰਨੀਆਂ ।

—ਕੀ ਹੋਇਆ ਈ ਨੀ ?

—ਕੁਛ ਨਹੀਂ......।

—ਕੀ ਕਹੇਗਾ ਮੈਜਿਸਟਰੇਟ ?......ਜਾਓ ! ਛੱਡ ਦਿਉ ਸਾਰਿਆਂ ਨੂੰ......ਇਨ੍ਹਾਂ ਦਾ ਕੋਈ ਕਸੂਰ ਨਹੀਂ । ਇਨ੍ਹਾਂ ਦੀ ਥਾਂ ਫੜ ਲਵੋ ਇੰਨਸਪੈਕਟਰਾਂ ਨੂੰ......ਸਾਬ੍ਹ ਲੋਕਾਂ ਨੂੰ...... ਹਵਾਲਦਾਰਾਂ ਨੂੰ । ਬੰਦ ਕਰ ਦਿਓ ਸਾਰਿਆਂ ਨੂੰ......ਇਹੋ ਨੇ ਅਸਲੀ ਗੁਨਾਹਗਾਰ । ਕਦੋਂ ਹੋਵੇਗਾ ਅਜਿਹਾ ਨਿਆਂ ?......ਕਦੀ ਨਹੀਂ......ਕਦੀ ਨਹੀਂ । ਕਦੋਂ ਆਏਗਾ ਇਹੋ ਜਿਹਾ ਮੈਜਿਸਟਰੇਟ ?......ਕਦੀ ਨਹੀਂ......।

ਚੁੱਪ ਖਤਮ ਨਹੀਂ ਹੁੰਦੀ......ਅਤੇ ਆ ਜਾਂਦੀ ਹੈ ਅਦਾਲਤ । ਖੜੀ ਹੈ ਗੱਡੀ......ਪਰ ਦਰਵਾਜ਼ਾ ਅਜੇ ਵੀ ਬੰਦ । ਜਾਲੀਆਂ ਵਿਚੋਂ ਝਾਕ ਰਹੀਆਂ ਹਨ ਸਭ । ਢੇਰ ਸਾਰੀਆਂ ਆਵਾਜ਼ਾਂ... ...ਘੁੰਮ ਰਹੇ ਹਨ ਬਹੁਤ ਸਾਰੇ ਆਦਮੀ......ਕਾਲੇ ਕੋਟਾਂ ਵਾਲੇ......ਸਫੇਦ ਪੈਂਟਾਂ ਵਾਲੇ । ਨੀਲੀ ਵਰਦੀ ਵਾਲੇ ਹਵਾਲਦਾਰ । ਖਾਕੀ ਵਰਦੀ ਵਾਲੇ ਇੰਨਸਪੈਕਟਰ । ਸਫੇਦ ਸਾੜ੍ਹੀਆਂ ਵਾਲੀਆਂ ਹਵਾਲਦਾਰਨੀਆਂ । ਪੀ ਰਹੇ ਹਨ ਚਾਹ......ਬੀੜੀਆਂ......ਸਿਗਰੇਟ......ਪਾਨ । ਠਹਾਕੇ ਵਜ ਰਹੇ ਹਨ ।......ਧੌਣ ਥੱਕ ਜਾਂਦੀ ਹੈ ਦੇਖਦੇ ਦੇਖਦੇ ।......ਕਦੋਂ ਖੁਲ੍ਹੇਗਾ ਦਰਵਾਜ਼ਾ ? ਕਦੋਂ ਨਿਕਲਣਗੇ ਇਹ ਲੋਕ ਗੱਡੀ ਵਿਚੋਂ ?

ਕਾਲੇ ਪੱਥਰਾਂ ਦੀ ਇਮਾਰਤ । ਬਹੁਤ ਸਾਰੇ ਲੋਕ......ਦਰਵਾਜ਼ਿਆਂ ਅਤੇ ਕੰਧਾਂ ਕੋਲ... ...ਵੱਡੇ ਕਮਰਿਆਂ ਅੰਦਰ ਬਾਹਰ......ਇੰਤਜ਼ਾਰ ਕਰ ਰਹੇ ਹਨ ਕਿਸੇ ਫੈਸਲੇ ਦਾ । ਡਰੇ ਹੋਏ ਹਨ......ਪਰ ਬੱਚ ਨਹੀਂ ਸਕਣਗੇ । ਆਉਣਾ ਪਵੇਗਾ ਵਾਰ ਵਾਰ......ਫੈਸਲਾ ਛੱਡੇਗਾ ਨਹੀਂ । ਹਰ ਜਗ੍ਹਾ......ਹਰ ਪਾਸੇ......ਪਹੁੰਚ ਜਾਏਗਾ ਅਤੇ ਜਕੜ ਲਵੇਗਾ । ਪਰ ਵਾਰ ਵਾਰ ਕਿਉਂ ਹੁੰਦਾ ਹੈ ? ਇਕ ਵਾਰ ਕਿਉਂ ਨਹੀਂ ਹੋ ਜਾਂਦਾ ? ਇਹ ਜ਼ਰੂਰੀ ਹੈ......ਬਾਰ ਬਾਰ ਹੋਣਾ ਜ਼ਰੂਰੀ ਹੈ । ਨਹੀਂ ਤਾਂ ਖਤਮ ਹੋ ਜਾਏਗਾ ਫੈਸਲਾ......ਖਤਮ ਹੋ ਜਾਣਗੇ ਫੈਸਲਾ ਕਰਨ ਵਾਲੇ । ਕਾਲੀ ਇਮਾਰਤ......ਕਾਲੇ ਕੋਟ......ਕਾਲੇ ਨਹੀਂ ਰਹਿਣਗੇ ।

ਦਰਵਾਜ਼ਾ ਅਜੇ ਵੀ ਬੰਦ ਹੈ । ਗੱਡੀ ਦੇ ਅੰਦਰ ਬੰਦ ਹਨ ਸਾਰੀਆਂ ਦੀਆਂ ਸਾਰੀਆਂ । ਫਿਰ......ਫਿਰ ਦੁੱਖਣ ਲਗਦੀ ਹੈ ਧੌਣ । ਫਿਰ ਵੀ ਬੰਦ ਨਹੀਂ ਹੁੰਦਾ ਝੁਕ ਕੇ ਦੇਖਣਾ...... ਟਹਿਲਣ ਵਾਲੇ ਸਾਹਿਬ ਲੋਕਾਂ ਨੂੰ ਅਤੇ ਠਹਾਕੇ ਮਾਰ ਰਹੇ ਸਾਹਿਬ ਲੋਕਾਂ ਨੂੰ । ਪੌੜੀਆਂ ਚੜ੍ਹਨ ਵਾਲੇ ਲੋਕ ਅਤੇ ਉਤਰਣ ਵਾਲੇ ਲੋਕ । ਫਾਟਕ ਉਪਰ ਵਕਤ ਗੁਜ਼ਾਰਨ ਵਾਲੇ ਲੋਕ । ਹਰ ਆਉਣ ਵਾਲੇ ਦੇ ਪਿਛੇ ਪੈ ਜਾਂਦੇ ਹਨ ਕਾਲੇ ਕੋਟਾਂ ਵਾਲੇ ਵਕੀਲ । ਖਿੱਚਦੇ ਹਨ ਆਪਣੇ ਆਪਣੇ ਵੱਲ ।......ਯੈੱਸ ਜੈਂਟਲ ਮੈਨ ! ਕਮ ਟੂ ਮੀ......ਟੂ ਮੀ......ਟੂਮੀ......ਝਾਕ ਰਹੇ ਹਨ ਉਧੜੇ ਰੇਸ਼ੇ ਚੌੜੇ ਪੌਂਚਿਆਂ ਵਾਲੀਆਂ

ਪੈਂਟਾਂ ਵਿਚੋਂ । ਕਾਲੇ ਕੋਟਾਂ ਉਪਰ ਲਗੇ ਹੋਏ ਤੋਪੇ ! ਅੱਧਖੜ ਅਤੇ ਬੁੱਢੇ ਜਿਸਮ......ਵਕਤ ਨਾਲ ਕਦਮ ਮਿਲਾਉਣ ਦੀ ਕੋਸ਼ਿਸ਼ ਵਿਚ ਘਸੀਟਦੇ ਹੋਏ ।......ਯੈੱਸ ! ਸਾਨੂੰ ਦਸੋ...... ਅਸੀਂ ਕਰ ਦਿਆਂਗੇ ਹਜ਼ੂਰ ਤੁਹਾਡਾ ਕੰਮ । ਕੀ ਏ ? ਐਫੀਡੈਵਿਟ ? ਨੋਟਿਸ ? ਪਟੀਸ਼ਨ ? ਦੋ ਰੁਪਏ ਨਹੀਂ......ਤਾਂ ਇਕ ਰੁਪਿਆ ਈ ਦੇ ਦੇਣਾ ।......ਚਲੋ ਪੰਜਾਹ ਪੈਸੇ ਈ ਸਹੀ......।

ਅੰਦਰੋਂ ਝਾਕ ਰਹੀਆਂ ਹਨ ਰੰਡੀਆਂ......ਝੌਂਪੜ-ਪੱਟੀ ਵਾਲੀਆਂ ।......ਸੱਚ...... ਅਸੀਂ ਵੀ ਤਾਂ ਇੰਜ ਹੀ ਕਰਦੀਆਂ ਆਂ । ਹੈ ਨਾ !

ਕੂਹਣੀ ਮਾਰਦੀ ਹੈ ਨਾਲ ਵਾਲੀ ।......ਓ ਦੇਖ ! ਉਹੀਓ ਏ ਨਾ ਤੇਰਾ ਮਰਦ । ਕੱਲ ਆਇਆ ਸੀ ਓਧਰ......।

ਸਾਹਮਣੇ ਵਾਲੀ ਸੀਟ ਤੇ ਚਲੀ ਜਾਂਦੀ ਹੈ । ਧੌਣ ਝੁਕਾ ਕੇ ਦੇਖਦੀ ਹੈ ਮੈਨਾ । ਸਾਹਮਣੇ ਪੌੜੀਆਂ ਕੋਲ ਖੜਾ ਹੈ ਪੱਪਟ......ਨਾਲ ਹੈ ਰਾਜੂ । ਪਾਟਾ ਹੋਇਆ ਪਜਾਮਾ......ਪਾਟਾ ਹੋਇਆ ਜਾਂਘੀਆ......ਭੀੜ ਵਿਚ ਗੁਆਚਾ ਹੋਇਆ । ਨਾਲ ਹੀ ਖੜਾ ਹੈ ਹਾਜੀ ਸੇਠ ਦੇ ਮੁਨਸ਼ੀ ਦਾ ਆਦਮੀ ।......ਪੱਪਟ ! ਸਾਲਾ......ਬੇਸ਼ਰਮ......ਹਰਾਮੀ......।

ਚਲੋ ! ਉਤਰੋ ਥੱਲੇ ।......ਖੁਲ੍ਹ ਗਿਆ ਦਰਵਾਜ਼ਾ । ਮਾਰ ਰਹੀਆਂ ਹਨ ਆਵਾਜ਼ਾਂ ਸਫੇਦ ਸਾੜ੍ਹੀਆਂ ਵਾਲੀਆਂ ਹਵਾਲਦਾਰਨੀਆਂ ।......ਉਤਰੋ ਜਲਦੀ......ਜਲਦੀ......।

ਨਹੀਂ ਉਤਰਿਆ ਜਾ ਰਿਹਾ ਮੋਟੇ ਚਸ਼ਮਿਆਂ ਵਾਲੀ ਬੁੱਢੀ ਕੋਲੋਂ । ਦਿਖਾਈ ਨਹੀਂ ਦੇ ਰਿਹਾ......ਕੋਈ ਫੜੇ ਉਸਦਾ ਹੱਥ । ਸੱਤਰ ਸਾਲ ਦੀ ਉਮਰ ਵਿਚ ਕਰੇਗੀ ਚੋਰੀ । ਕਾਨੂੰਨ ਛੱਡੇਗਾ ਨਹੀਂ । ਰਪੋਟ ਹੋ ਗਈ......ਚੋਰੀ ਕੀਤੀ ਹੈ ਬੁੱਢੀ ਨੌਕਰਾਣੀ ਨੇ ।

—ਚਲ ! ਜਲਦੀ ਉਤਰ ਨਾ......।

ਧੋਤੀ ਨਹੀਂ ਹੈ । ਲਪੇਟ ਰੱਖੀ ਹੈ ਪਾਟੀ ਚਾਦਰ । ਕਹਿ ਰਹੀ ਹੈ......ਕਿਉਂ ਇੰਨੀ ਭਾਜੜ ਪਾਈ ਏ......ਉਤਰਦੀ ਆਂ......ਪਰ ਕਿਧਰ ਉਤਰਾਂ ? ਦਿਖਾਈ ਨਹੀਂ ਦੇਂਦਾ ਮੈਨੂੰ ਕੁਝ ਵੀ......।

ਇਕ ਲਕੜੀ ਸੀ......ਫੜ ਫੜ ਕੇ ਤੁਰਦੀ ਸਾਂ । ਹਵਾਲਾਤ ਵਿਚ ਕੋਈ ਨਹੀਂ ਰੱਖ ਸਕਦਾ । ਕਾਨੂੰਨ ਕਾਨੂੰਨ ਹੈ । ਖੋਹ ਲਈ ।......ਚਲ ! ਬਿਨਾਂ ਲਕੜੀ ਦੇ ਹੀ ਚਲ ਹੁਣ......।

ਖੜੀਆਂ ਹਨ ਇਕ ਪਾਸੇ । ਘੇਰ ਰੱਖਿਆ ਹੈ ਹਵਾਲਦਾਰਾਂ ਅਤੇ ਹਵਾਲਦਾਰਨੀਆਂ ਨੇ । ਨੀਲੀ ਵਰਦੀ ਅਤੇ ਸਫੇਦ ਸਾੜ੍ਹੀਆਂ । ਹੋ ਰਹੀ ਹੈ ਗਿਣਤੀ । ਇਕ...ਦੋ...ਦਸ...ਬਾਰਾਂ... ਪੂਰੀਆਂ । ਸਭ ਠੀਕ......ਚੱਲੋ ਉੱਪਰ......ਏ ! ......ਓਧਰ ਨਹੀਂ ਏਧਰ । ਸਭ ਚੜ੍ਹਦੀਆਂ ਹਨ । ਚੜ੍ਹਿਆ ਨਹੀਂ ਜਾਂਦਾ ਬੁੱਢੀ ਕੋਲੋਂ । ਬਹੁਤ ਮੋਟੇ ਸ਼ੀਸ਼ਿਆਂ ਵਿਚੋਂ......ਕੁਝ ਦਿਖਾਈ ਨਹੀਂ ਦੇਂਦਾ । ਮੋਤੀਆ ਉਤਰੀਆਂ ਅੱਖਾਂ ਵਿਚੋਂ ਦਿਖਾਈ ਦਿੰਦੇ ਹਨ ਸਿਰਫ ਧੱਬੇ......ਚਲਦੇ ਫਿਰਦੇ ਅਤੇ ਠਹਿਰੇ ਹੋਏ ।......ਏ......ਏ......ਕੋਈ ਮੇਰਾ ਹੱਥ ਈ ਚਾ ਫੜੇ......ਬਸ......।

ਬਹੁਤ ਵੱਡੇ ਇਜਲਾਸ ਵਿਚ ਬਹੁਤ ਵੱਡੀ ਭੀੜ......ਅੱਗੇ ਅਤੇ ਪਿੱਛੇ। ਭੇਡਾਂ ਬਕਰੀਆਂ ਵਾਂਗ ਹੱਕ ਕੇ ਲਿਆ ਦਿੱਤੀਆਂ ਹਨ......ਖੜੀਆਂ ਕਰ ਦਿੱਤੀਆਂ ਹਨ ਇਕ ਜਗ੍ਹਾ......ਸਭ ਦੀਆਂ ਸਭ। ਸਾਹਮਣੇ......ਪੁਲਸ ਦੇ ਸਾਬ੍ਹ। ਪਿੱਛੇ ਹੱਥਕੜੀਆਂ ਅਤੇ ਗੁਨਾਹਗਾਰ। ਪਾਟੇ ਕਪੜਿਆਂ ਥੱਲੋਂ ਉਭਰਦੀਆਂ ਹੱਡੀਆਂ। ਸੁੱਕੇ ਚਿਹਰੇ......ਵਧੀਆਂ ਹੋਈਆਂ ਦਾੜ੍ਹੀਆਂ। ਗੁਨਾਹ......ਜੋ ਜ਼ਿੰਦਗੀ ਤੋਂ ਪਹਿਲਾਂ ਹੀ ਹੋ ਗਿਆ ਸੀ......ਕਦੀ ਮਾਫ਼ ਨਹੀਂ ਹੋਵੇਗਾ। ਸਫ਼ੇਦ ਕਾਲਰ ਅਤੇ ਕਾਲੇ ਕੋਟ......ਖਾਕੀ ਵਰਦੀਆਂ ਅਤੇ ਨੀਲੀਆਂ ਵਰਦੀਆਂ......ਸਭ ਇਕ ਪਾਸੇ ਹਨ। ਪਾਟੇ ਕਪੜੇ ਅਤੇ ਹੱਡੀਆਂ......ਸੁੱਕੇ ਚਿਹਰੇ......ਹੱਥਕੜੀਆਂ......ਦੂਜੇ ਪਾਸੇ। ਇਸ ਪਾਸੇ ਅਤੇ ਉਸ ਪਾਸੇ। ਉਸ ਪਾਸੇ ਉੱਚੀਆਂ ਕੁਰਸੀਆਂ......ਇਸ ਪਾਸੇ ਕਟਹਿਰੇ......। ਪੇਸ਼ਕਾਰ ਅਤੇ ਅਹਿਲਕਾਰ। ਥੱਲਿਓਂ ਥੱਲੇ ਸਰਕਣ ਵਾਲੇ ਨੋਟ। ਚਪੜਾਸੀਆਂ ਦੀਆਂ ਟੋਲਦੀਆਂ ਹੋਈਆਂ ਅੱਖਾਂ। ਹਰ ਕਦਮ ਅਤੇ ਹਰ ਕੁਰਸੀ......ਇਕ ਨੋਟ। ਉੱਚੀ ਕੁਰਸੀ ਦਾ ਇਨਸਾਫ਼ ਖੁਲ੍ਹੀਆਂ ਅੱਖਾਂ ਨੂੰ ਬੰਦ ਮੰਨ ਲੈਂਦਾ ਹੈ। ਜੋ ਦੇਖਣਾ ਚਾਹੁੰਦਾ ਹੈ......ਉਹੀ ਦੇਖਦਾ ਹੈ। ਜੋ ਸੁਣਨਾ ਚਾਹੁੰਦਾ ਹੈ......ਉਹੀ ਸੁਣਦਾ ਹੈ।

ਚੁਪ......ਚੁਪ......ਚੁਪ ......।...ਚੀਕਦਾ ਹੈ ਚਪੜਾਸੀ। ਸਭ ਚੁੱਪ ਹਨ ਅਤੇ ਖੜੇ ਹਨ। ਬੈਠ ਜਾਂਦਾ ਹੈ ਕਾਲਾ ਲਿਬਾਸ ਉੱਚੀ ਕੁਰਸੀ ਉੱਪਰ। ਬੈਠ ਜਾਂਦੀ ਹੈ ਖਲੋਤੀ ਦੁਨੀਆ। ਸਰਕਦੇ ਹੋਏ ਕਾਗਜ਼ ਅਤੇ ਗੂੰਜਦੀਆਂ ਹੋਈਆਂ ਆਵਾਜ਼ਾਂ।......ਆ ਆ ਕੇ ਖੜੇ ਹੋਈ ਜਾਂਦੇ ਹਨ ਲੋਕ। ਪਹਿਲਾ ਕਟਹਿਰਾ......ਖਾਕੀ ਵਰਦੀ। ਦੂਜਾ ਕਟਹਿਰਾ......ਗੁਨਾਹਗਾਰ......ਪਾਟੇ ਕਪੜੇ ਅਤੇ ਸੁੱਕੇ ਚਿਹਰੇ। ਸਾਰੀਆਂ ਆਵਾਜ਼ਾਂ ਇਕ ਪਾਸੇ......ਦੂਜੇ ਪਾਸੇ ਖਾਮੋਸ਼ੀ। ਪਹਿਲਾ ਰੀਮਾਂਡ... ਦੂਜਾ ਰੀਮਾਂਡ। ਜ਼ਮਾਨਤ......ਸੌ ਰੁਪਿਆ......ਦੋ ਸੌ ਰੁਪਿਆ। ਜ਼ਾਮਨ ਮਿਲਿਆ? ਨਹੀਂ। ਚਲੋ ਤੀਸਰਾ ਰੀਮਾਂਡ।......ਚਲੋ ਜੇਲ੍ਹ ਕਸਟੱਡੀ......।

ਸਰਕ ਕੇ ਮੈਨਾ ਕੋਲ ਪਹੁੰਚ ਜਾਂਦਾ ਹੈ ਪੋਪਟ। ਨਹੀਂ ਬੋਲਦੀ ਮੈਨਾ। ਜਾਰੀ ਹਨ ਆਵਾਜ਼ਾਂ... ਸ਼ੰਕਰ ਗਜਾਨਨ ਸੁਤਾਰ!......ਕਾਕਾ ਡੋਂਗਰੇ!......ਸੋਨੂੰ ਸਖਾਰਾਮ ਕਾਬਲੀ!......ਆਨੰਦੀ ਬਾਈ ਜਾਗੋਰਾਵ!......ਗੱਲ ਕਰਨ ਦੀ ਕੋਸ਼ਿਸ਼ ਕਰਦਾ ਹੈ ਪੋਪਟ।......ਓਹ ਹਾਮਦ ਭਾਈ ਆਇਆ ਏ ਨਾ......ਹੁਣੇ ਹੋ ਜਾਏਗੀ ਤੇਰੀ ਜ਼ਮਾਨਤ। ਫਿਰ ਛੱਡ ਦੇਣਗੇ ਤੈਨੂੰ......।

ਮੂੰਹ ਘੁਮਾ ਲੈਂਦੀ ਹੈ ਮੈਨਾ। ਪਰ ਕੋਲ ਆ ਜਾਂਦਾ ਹੈ ਰਾਜੂ।......ਮਾਂ! ਓ ਮਾਂ!

ਹੁਣ ਮੂੰਹ ਨਹੀਂ ਫੇਰ ਸਕਦੀ ਮੈਨਾ।......ਕੀ ਏ ਵੇ? ਤੂੰ ਕਿਉਂ ਆਇਆ ਏਂ ਏਥੇ? ਮੇਰੀ ਜਾਨ ਖਾਣ ਨੂੰ......।

ਪਰੇਡ ਜਾਰੀ ਹੈ......ਆਵਾਜ਼ਾਂ ਜਾਰੀ ਹਨ।......ਅਗਰੀਪਾੜਾ ਪੋਲੀਸ ਸਟੇਸ਼ਨ। ......ਨੰਦੂ ਪ੍ਰਸਾਦ ਪਰਦੇਸੀ। ਫਰੀਦ ਮਲਬਾਰੀ। ਸੁਲੇਮਾਨ ਖਾਨ। ਸ਼ੰਕਰ ਸੇਠੀ......।

ਫਿਰ ਕੋਸ਼ਿਸ਼ ਕਰਦਾ ਹੈ ਪੋਪਟ।......ਹਾਮਦ ਭਾਈ......ਬਹੁਤ ਭਲਾ ਆਦਮੀ ਹੈ। ਕਿੰਨੀ ਤਕਲੀਫ਼ ਉਠਾਈ ਏ ਮੇਰੇ ਲਈ! ਕੱਲ੍ਹ ਕਿੰਜ ਦੌੜਦਾ ਆਇਆ ਸੀ। ਸਾਹਿਬ ਲੋਕਾਂ ਨੂੰ ਆਪ

ਮਿਲਿਆ......ਇਹੋ ਜਿਹੇ ਆਦਮੀ ਨੂੰ ਇਨਸਾਨ ਨਹੀਂ ਕਹਿਣਾ ਚਾਹੀਦਾ......ਦੇਵਤਾ ਕਹਿਣਾ ਚਾਹੀਦਾ ਏ......।

ਥੋੜ੍ਹੀ ਦੇਰ ਲਈ ਰੁਕ ਜਾਂਦੀਆਂ ਹਨ ਆਵਾਜ਼ਾਂ......ਫਿਰ ਸ਼ੁਰੂ ਹੋ ਜਾਂਦੀਆਂ ਹਨ। ......ਡੋਂਗਰੀ ਪੁਲੀਸ ਸਟੇਸ਼ਨ।......ਕਟਹਿਰੇ ਵਿਚ ਖਾਕੀ ਵਰਦੀ ਦਾ ਸੈਲੂਟ।......ਮੂਸਾ ਨੂਰ ਮੁਹੰਮਦ! ਹੁਸੈਨ ਅਲੀ।......ਹਾਤਮ ਮੀਆਂ!......ਟੋਨੀ ਮੇਂਜੀ!......ਵਾੜੀਲਾਲ ਜੇਠਾਭਾਈ......!

ਹੁਣ ਵੀ ਚੁਪ ਹੈ ਮੈਨਾ। ਫਿਰ ਇਕ ਵਾਰ......ਹਾਮਦ ਭਾਈ ਨੇ ਮੈਨੂੰ ਪੈਸੇ ਦਿੱਤੇ ਨੇ...... ਬੱਸ ਵਾਸਤੇ। ਏਥੋਂ ਭਿੰਡੀ ਬਾਜ਼ਾਰ ਤਕ ਆਪਾਂ ਪੈਦਲ ਚਲਾਂਗੇ......ਫਿਰ ਉਥੋਂ ਬੱਸ ਫੜ ਲਵਾਂਗੇ। ਭਿੰਡੀ ਬਾਜ਼ਾਰ ਤੋਂ ਇਨ੍ਹਾਂ ਪੈਸਿਆਂ ਵਿਚ ਆਪਾਂ ਤਿੰਨੇ ਪਹੁੰਚ ਜਾਵਾਂਗੇ। ਹਾਮਦ ਭਾਈ ਨੇ ਮੇਰੀ ਬਹੁਤ ਮਦਦ ਕੀਤੀ ਏ। ਹਾਮਦ ਭਾਈ ਨਾ ਹੁੰਦਾ......ਤਾਂ ਬੜੀ ਤਕਲੀਫ ਹੁੰਦੀ। ਹਾਮਦ ਭਾਈ......।

ਹੁਣ ਬੋਲ ਉਠਦੀ ਹੈ ਮੈਨਾ......ਉੱਚੀ ਸਾਰੀ।......ਆਪਣੀ ਮਾਂ ਦੀ......ਵਿਚ ਪਾ ਹਾਮਦ ਭਾਈ ਨੂੰ। ਮੈਨੂੰ ਨਾ ਦੱਸ ਇਹ ਸਭ ਕੁਝ...... ਗੱਲ ਨਾ ਕਰ ਮੇਰੇ ਨਾਲ......।

ਹੱਥਕੜੀਆਂ ਵਿਚ ਬੰਦ ਨੰਗੇ ਸਰੀਰ......ਪਾਟੇ ਜਾਂਘੀਆਂ ਵਿਚ......ਵਾਪਸ ਮੁੜਦੇ ਹਨ। ਰੀਮਾਂਡ......ਤਰੀਕ......ਜੇਲ੍ਹ ਕਸਟੱਡੀ। ਲੰਬੀਆਂ ਜ਼ੰਜੀਰਾਂ......ਮੋਟੀਆਂ ਰੱਸੀਆਂ ......ਡਾਂਟਦੇ ਹੋਏ ਹਵਾਲਦਾਰ......ਚੀਕਦਾ ਹੋਇਆ ਚਪੜਾਸੀ। ਖਾਮੋਸ਼ੀ। ਫਿਰ ਆਵਾਜ਼। ਸਭ ਚਲੀਆਂ ਗਈਆਂ ਕਟਹਿਰੇ ਤਕ......ਸਿਰਫ ਮੈਨਾ ਰਹਿ ਗਈ......ਅਤੇ ਕੋਲ ਆ ਜਾਂਦਾ ਹੈ ਪੋਪਟ......ਘੁੰਮ ਕੇ ਖੜੀ ਹੋ ਜਾਂਦੀ ਹੈ ਮੈਨਾ। ਕੀ ਕਹੇ......ਸਮਝ ਨਹੀਂ ਆਉਂਦਾ। ਮੂੰਹ ਖੋਲ੍ਹਦਾ ਹੈ ਕਈ ਵਾਰ......ਚੁੱਪ ਹੋ ਜਾਂਦਾ ਹੈ। ਪਰ ਨਹੀਂ ਰਹੇਗਾ ਚੁੱਪ। ਕਹਿ ਦੇਵੇਗਾ। ......ਮੈਨਾ! ਓ ਮੈਨਾ! ਇਕ ਗੱਲ ਸੁਣ......ਸਿਰਫ ਇਕ ਗੱਲ। ਹੁਣ ਹੋਰ ਮੈਂ ਕੁਝ ਨਹੀਂ ਕਹਿਣਾ......ਇਕੋ ਈ ਗੱਲ ਕਹਾਂਗਾ......ਤੂੰ ਇਕ ਵਾਰ ਅਜ਼ਮਾ ਲੈ......।

ਪਰ ਨਹੀਂ ਘੁੰਮਦੀ ਮੈਨਾ। ਖਾਮੋਸ਼ ਖੜੀ ਰਹਿੰਦੀ ਹੈ ਉਸੇ ਤਰ੍ਹਾਂ।......ਫਿਰ ਬੋਲਦਾ ਹੈ......ਨਹੀਂ ਦੇਖਣਾ ਤੂੰ ਮੇਰੇ ਵੱਲ......ਤਾਂ ਨਾ ਦੇਖ......ਪਰ ਮੇਰੀ ਗੱਲ ਤਾਂ ਸੁਣ! ਧਿਆਨ ਨਾਲ ਸੁਣ। ਮੈਂ ਤੈਨੂੰ ਚਾਂਸ ਦੀ ਗੱਲ ਕਹੀ ਸੀ ਨਾ? ਕਿਹਾ ਸੀ ਕਿ ਮੈਨੂੰ ਇਕ ਚਾਨਸ ਦੇਹ......ਸਿਰਫ ਇਕੋ ਚਾਂਸ......ਹੁਣ ਮੈਂ ਕਹਿੰਨਾ ਆਂ ਮੈਨਾਬਾਈ......ਨਹੀਂ! ਤੂੰ ਮੈਨੂੰ ਕੋਈ ਚਾਂਸ ਨਾ ਦੇਹ......ਇਕ ਵੀ ਨਾਂਹ। ਮੈਨੂੰ ਮਾਂ ਦੀ ਕਸਮ......ਬਾਪ ਦੀ ਕਸਮ! ਸੱਚੀਂ! ਚਾਂਸ ਦੀ ਗੱਲ ਕਦੀ ਵੀ ਨਹੀਂ ਕਰਾਂਗਾ ਮੈਂ। ਤੂੰ ਜਿਵੇਂ ਕਹੇਂਗੀ ......ਵੈਸਾ ਈ ਕਰਾਂਗਾ। ......ਜੋ ਕਹੇਂਗੀ......ਉਹੀ ਕੰਮ ਕਰਾਂਗਾ। ਇਕ-ਦਮ ਸੱਚ ਕਹਿ ਰਿਹਾ ਆਂ! ਜ਼ਰਾ ਫਰਕ ਨਹੀਂ ਆਵੇਗਾ......ਤੂੰ ਅਜ਼ਮਾ ਲਈਂ।......ਕੀ ਕਿਹਾ ਏ ਮੈਂ? ਸੁਣੀ ਏ ਮੇਰੀ ਗੱਲ? ਏ......!

ਚੁੱਪ ਹੈ ਮੈਨਾ। ਬਹਿਸ ਸ਼ੁਰੂ ਹੋ ਗਈ ਹੈ। ਆਵਾਜ਼ਾਂ ਬੰਦ। ਵਾਪਸ ਮੁੜ ਰਹੇ ਹਨ ਜਾਣ ਵਾਲੇ। ਚੁੱਪ ਹੈ ਪੋਪਟ......ਪਰ ਫਿਰ ਵੀ ਬੋਲ ਰਿਹਾ ਹੈ। ......ਮੈਂ ਬਹੁਤ ਸੋਚਿਆ ਏ...... ਮੈਨਾ! ਕਿਹਦੇ ਵਾਸਤੇ ਚਾਂਸ ਮੰਗਦਾ ਸਾਂ ਮੈਂ? ਆਪਣੇ ਵਾਸਤੇ? ਨਹੀਂ। ਮੈਂ ਚਾਂਸ ਮੰਗਦਾ ਆਂ ਤੇਰੇ ਵਾਸਤੇ......ਇਸ ਰਾਜੂ ਵਾਸਤੇ। ਤੈਨੂੰ ਏਥੋਂ ਲੈ ਜਾਵਾਂ......ਵਧੀਆ ਖੋਲੀ ਵਿਚ ਰੱਖਾਂ ......ਤੈਨੂੰ ਆਰਾਮ ਦਾ ਜੀਵਨ ਮਿਲੇ......ਇਹੀ ਚਾਹੁੰਦਾ ਆਂ ਮੈਂ......ਹੋਰ ਕੁਝ ਨਹੀਂ। ਪਰ ਨਹੀਂ! ਹੁਣ ਨਹੀਂ ਮੰਗਦਾ ਮੈਂ ਚਾਂਸ। ਮਟਕਾ ਨਹੀਂ! ਨੰਬਰ ਨਹੀਂ! ਜੂਆ ਨਹੀਂ! ਕੁਛ ਨਹੀਂ। ਜੋ ਤੂੰ ਕਹੇਂਗੀ......ਉਹੀ ਕਰਾਂਗਾ ਮੈਂ। ਮਿਹਨਤ ਕਰਾਂਗਾ......ਜੁੱਤੀਆਂ ਪਾਲਸ਼ ਕਰਾਂਗਾ......ਤੇਰਾ ਧੰਦਾ ਅੱਜ ਤੋਂ ਈ ਬੰਦ। ਸੁਣਨੀ ਏਂ ਨਾ? ਕੀ ਕਿਹਾ ਏ ਮੈਂ? ਮਾਂ ਦੀ ਸਹੁੰ ਮੈਨੂੰ! ਬਾਪ ਦੀ ਸਹੁੰ! ਜਿਹਦੀ ਕਹੇਂ ਉਹਦੀ ਸਹੁੰ। ਤੇਰਾ ਧੰਦਾ ਬੰਦ ਮੈਨਾ। ਮੈਂ ਸੱਚ ਕਹਿੰਨਾ ਆਂ......।

ਮੁੜ ਆਈਆਂ ਰੀਮਾਂਡ ਵਾਲੀਆਂ......ਕਟਹਿਰੇ 'ਚੋਂ। ਇਕ ਤਾਂ ਮੋਟੇ ਚਸ਼ਮਿਆਂ ਵਿਚੋਂ ਕੁਝ ਨਹੀਂ ਦਿਸਦਾ......ਕਿੱਥੇ ਜਾਣਾ ਏ? ਕੁਝ ਸੁਣਿਆ ਨਹੀਂ......ਕੀ ਆਵਾਜ਼ ਆਈ ਉੱਚੀ ਕੁਰਸੀ ਤੋਂ।......ਮੈਨੂੰ ਕੀ ਕਿਹਾ? ਕਦੋਂ ਛੱਡਣਗੇ? ਦੱਸੋ ਨਾ ਮੈਨੂੰ ਵੀ......ਕਦੋਂ ਛੱਡਣਗੇ? ਮੇਰੀ ਲੜਕੀ......ਮੈਨੂੰ ਦੇਣਗੇ ਕਿ ਨਹੀਂ?

ਕੋਈ ਨਹੀਂ ਦਿੰਦਾ ਜਵਾਬ। ਹਵਾਲਦਾਰਨੀਆਂ ਹੱਕ ਰਹੀਆਂ ਹਨ ਸਭਨਾਂ ਨੂੰ। ਜਾ ਰਹੀਆਂ ਹਨ ਸਭ ਹੇਠਾਂ। ਸਿਰਫ ਮੈਨਾ ਖੜੀ ਹੈ ਚੁੱਪ ਚਾਪ।......ਕੀ ਕਹਿੰਦੇ ਪੋਪਟ? ਸੱਚ ਬੋਲਦੇ? ਇਕ ਦਮ ਸੱਚ?......ਨਹੀਂ! ਸਾਲਾ ਝੂਠਾ! ਉੱਲੂ ਬਣਾਉਂਦਾ ਏ ਮੈਨੂੰ......!

ਅਤੇ ਪੋਪਟ ਅੱਜੇ ਵੀ ਤੱਕੀ ਜਾ ਰਿਹਾ ਹੈ ਉਸੇ ਤਰ੍ਹਾਂ......ਜਿਥੇ ਮੈਨਾ ਖੜੀ ਹੈ...... ਚੁੱਪ ਚਾਪ......।

4

ਇਕੋ ਹੀ ਗੱਲ......ਹਰ ਸਵੇਰੇ......ਹਰ ਸ਼ਾਮ। ਹਸੀਨਾ ਆਈ? ਚਮਕਦੀ ਹੋਈ ਧੁੱਪ ਅਤੇ ਝੁਲਸੀ ਹੋਈ ਹਵਾ ਦੇ ਨਾਲ......ਹਰ ਗੱਲ......ਇਕੋ ਹੀ ਗੱਲ......ਹਰ ਰਾਤ ਹਸੀਨਾ ਨਹੀਂ ਆਈ?

ਫਿਰ ਕਟਿਆ ਗਿਆ ਕੋਈ ਰੇਲ ਦੀ ਪਟੜੀ ਉਤੇ। ਜਾਨਵਰ ਜਾਂ ਆਦਮੀ?

ਆਦਮੀ ਦੌੜਦੇ ਹੋਏ......ਹੱਫਦੇ ਹੋਏ......ਠਹਿਰੇ ਹੋਏ .....ਮੁੜ੍ਹਕਾ ਪੂੰਝਦੇ ਹੋਏ...... ਦੇਖਦੇ ਹਨ ਅਸਮਾਨ ਵੱਲ। ਨਹੀਂ ਆਏ ਬੱਦਲ। ਕਿਉਂ ਨਹੀਂ ਆਏ? ਕਦੋਂ ਆਉਣਗੇ?

ਕੂੜੇ ਦੇ ਢੇਰ ਉਤੇ ਘੁੰਮ ਘੁੰਮ ਕੇ ਅਜੇ ਵੀ ਢੂੰਡ ਰਿਹਾ ਹੈ ਪਾਗਲ......ਇਕ ਦੁਨੀਆਂ ......ਜਿਸ ਨੂੰ ਢੂੰਡਦੇ ਹੋਏ ਹੋ ਗਿਆ ਪਾਗਲ .....ਨਹੀਂ ਮਿਲੀ ਅਜੇ ਤਕ। ਦੁਨੀਆਂ...... ਜਿਸ ਨੇ ਕੂੜਾ ਬਣਾ ਕੇ ਸੁੱਟ ਦਿਤਾ ਕੂੜੇ ਦੇ ਢੇਰ ਉਪਰ। ਪਾਟੇ ਹੋਏ ਕਪੜੇ। ਜੰਮੀਆਂ ਹੋਈਆਂ ਮੈਲ ਦੀਆਂ ਤੈਹਾਂ ਦਰ ਤੈਹਾਂ। ਚਿਪਕੇ ਹੋਏ ਵਾਲ। ਇਕ ਪਾਗਲ ਜਿਸਮ।......ਖੰਭ ਹਿਲਾਉਂਦੀਆਂ ਕੁਕੜੀਆਂ। ਪੂਛਾਂ ਹਿਲਾਉਂਦੇ ਹੋਏ ਕੁੱਤੇ। ਗੰਦੇ ਸੂਰ। ਇਕ ਕੁੱਤੀ......ਖੁਰਕ ਖਾਧੇ ਜ਼ਖਮਾਂ ਨੂੰ ਚੱਟਦੀ ਹੋਈ। ਟੁੱਟੇ ਡੱਬੇ......ਸੜੀਆਂ ਸਿਗਰਟਾਂ......ਜੂਠ, ਅਤੇ ਗੰਦਗੀ। ਥੁੱਕ ਅਤੇ ਬਲਗਮ। ਢੂੰਡਦਾ ਰਹੇਗਾ ਕੂੜੇ ਦੇ ਢੇਰ ਉਪਰ......ਕਿਉਂਕਿ ਨਾ ਢੂੰਡਣਾ ਨਾਉਮੀਦੀ......ਹਾਰ......।

ਬੱਦਲ ਨਹੀਂ ਆਏ। ਬੱਦਲ ਨਹੀਂ ਆਉਣਗੇ। ਫੈਲਿਆ ਹੈ ਸਿਰਫ ਖਾਲੀ ਆਸਮਾਨ ......ਜਿਸ ਦੇ ਹੇਠਾਂ......ਡੁਬਦੇ ਹੋਏ ਜਹਾਜ਼......ਡੁੱਬਦਾ ਹੋਇਆ ਸਾਗਰ......ਡੁੱਬਦੇ ਹੋਏ ਟਾਪੂ......ਡੁੱਬਦੇ ਹੋਏ ਆਦਮੀ......।

ਕਾਲੀ ਚਟਾਨ ਦੇ ਪਿਛੇ ਲੁਕਿਆ ਹੋਇਆ ਆਦਮੀ......ਜੱਬਾਰ। ਬੀੜੀ ਦਾ ਆਖਰੀ ਕਸ਼......ਆਖਰੀ ਕੋਸ਼ਿਸ਼।......ਰੋਜ਼ੀ! ਜਾ ਕੇ ਦੇਖੀਂ ਇਕ ਵਾਰੀ......ਆਈ ਕਿ ਨਹੀਂ ਆਈ ਹਸੀਨਾ।

ਇਕ ਲਹਿਰ ਟਕਰਾਉਂਦੀ ਹੈ ਕੰਧ ਦੇ ਨਾਲ ਅਤੇ ਮੁੜ ਜਾਂਦੀ ਹੈ। ਬਹੁਤ ਗਰਮੀ। ਸਵੇਰੇ ਸ਼ਾਮ ਰਗੜਾ ਅਤੇ ਪਾਵ ਖਾਂਦੇ ਹਨ ਇਕੱਠਿਆਂ। ਸਾਹਮਣੇ ਸਫੇਦ ਇਮਾਰਤਾਂ ਦੀਆਂ ਬੱਤੀਆਂ......ਜਗਦੀਆਂ ਹਨ ਅਤੇ ਬੁਝ ਜਾਂਦੀਆਂ ਹਨ। ਜੱਬਾਰ ਦੇਖਦਾ ਰਹਿੰਦਾ ਹੈ। ਇਕ......ਦੋ......ਤਿੰਨ......ਚਾਰ। ਥੱਲਿਉਂ ਉਪਰ ਜਾਂਦੇ ਹਨ ਪਾਈਪ। ਜੱਬਾਰ......ਕਾਲੀ ਚਟਾਨ ਦੇ ਪਿਛਿਉਂ ਨਿਕਲ ਕੇ ਘੁੰਮ ਆਉਂਦਾ ਹੈ ਉਸ ਪਾਸੇ। ਉਸ ਪਾਸੇ ਕੋਈ ਨਹੀਂ ਹੈ ਜੋ ਪਛਾਣੇਗਾ। ਏਧਰ......ਝੌਂਪੜੀਆਂ ਵਲ......ਨਹੀਂ ਜਾ ਸਕਦਾ। ਸਭ ਪਛਾਣ ਲੈਣਗੇ। ਉਸ ਦਿਨ ਗਿਆ ਸੀ ਹਨੇਰੇ ਵਿਚ ਲੁਕਦਾ ਹੋਇਆ। ਦੇਖ ਲਿਆ......ਪਛਾਣ ਲਿਆ ਕਈਆਂ ਨੇ......। ਚਲੀ ਗਈ......ਨਹੀਂ ਵਾਪਸ ਮੁੜੀ ਅਜੇ ਤਕ ਹਸੀਨਾ। ਜਾਨ ਗੁਆ ਲਵੇਗੀ। ਅਮਜਦ ਨੂੰ ਵੀ ਲੈ ਗਈ ਹੈ ਨਾਲ।......ਹਰਾਮਜ਼ਾਦੀ! ਤੇਰਾ ਕਦੀ ਭਲਾ ਨਹੀਂ ਹੋਏਗਾ। ਕਦੀ ਨਹੀਂ......ਕਦੀ ਨਹੀਂ!......ਰੋ ਪਵੇਗਾ ਜਿਵੇਂ......।

ਫਿਰ ਪੈ ਜਾਂਦੀ ਹੈ ਰਾਤ। ਆਉਣ ਲਗਦੀਆਂ ਹਨ ਫਿਰ ਰੰਡੀਆਂ। ਜਮੀਲਾ......ਨੈਨਾ......ਮੰਗਲਾ। ਚਕਰ ਕੱਟਦ ਹਨ ਕਾਲੀ ਰੇਤ ਵਾਲੇ ਮਜ਼ਦੂਰ। ਕਿਸਤੱਈਆ ਦੇ ਗਲਾਸਾਂ ਦੇ ਦੌਰ ਚਲ ਰਹੇ ਹਨ। ਓਧਰ ਝੌਂਪੜੀ ਅੰਦਰ......ਪਾਟੀ ਹੋਈ ਦਰੀ ਦਾ ਬਿਸਤਰਾ......ਜਿਸ ਉਪਰ ਪਲਾਸਟਿਕ ਦਾ ਕਪੜਾ......ਕਪੜੇ ਉਪਰ......ਚਲੇ ਇਕ ਦੇ ਬਾਅਦ ਦੂਜਾ।......ਥੱਕ ਗਈ ਹੈ ਪਾਰਬਤੀ। ਚਲਾ ਗਿਆ ਤੀਸਰਾ ਆਦਮੀ। ਚੌਥਾ......ਜ਼ਰਾ ਠਹਿਰ! ਇਕ ਗਲਾਸ ਪਿਆ ਦੇ ਮੈਨੂੰ......ਫਿਰ ਕਰੀਂ। ਸਾਰਾ ਜਿਸਮ ਟੁੱਟ ਰਿਹਾ ਏ।......

ਰਗੜਾ ਅਤੇ ਪਾਵ......ਅਤੇ ਬੀੜੀਆਂ। ਲੰਗੜਾਉਂਦੀ ਹੋਈ ਲੈ ਆਈ ਹੈ ਰੋਜ਼ੀ। ਨਹੀਂ ਆਈ ਹਸੀਨਾ। ਹਨੇਰੇ ਵਿਚ ਤੱਕਦਾ ਰਹਿੰਦਾ ਹੈ ਜੱਬਾਰ।......ਰੋਜ਼ੀ! ਦੋ ਚਾਰ ਰੁਪਏ ਜੋ ਮੇਰੇ ਕੋਲ ਸਨ......ਖਤਮ ਹੋ ਗਏ ਨੇ। ਹੁਣ ਵਾਪਸ ਜਾਣ ਲਈ ਵੀ ਇਕ ਪੈਸਾ ਨਹੀਂ ਏ! ਕੀ ਕਰਾਂ ਮੈਂ? ਮੈਨੂੰ ਕੁਝ ਸਮਝ ਨਹੀਂ ਆਉਂਦਾ। ਮੈਨੂੰ ਲਗਦੈ......ਹੁਣ ਹੱਥ ਮਾਰਨਾ ਪਏਗਾ ਕਿਧਰੇ ਵੀ।

ਪਾਟੀ ਹੋਈ ਚਟਾਈ। ਚੁਪ ਚਾਪ ਪਈ ਹੈ ਮੈਨਾ। ਨਹੀਂ......ਹੁਣ ਨਹੀਂ ਜਾਏਗੀ। ਹੁਣ ਨਹੀਂ ਕਰੇਗੀ ਉਹੋ ਕੁਝ। ਸਮਝਾ ਰਿਹਾ ਹੈ ਪੱਪਟ।......ਇਹ ਨਹੀਂ ਤਾਂ ਉਹ......ਕੁਝ ਤਾਂ ਕਰਾਂਗਾ ਈ ਮੈਂ। ਅੰਬਾਂ ਦੀ ਪੇਟੀ ਘੁੰਮ ਘੁੰਮ ਕੇ ਵੇਚਾਂਗਾ। ਮਾਲਕ ਦੇ ਪੈਸੇ ਮਾਲਕ ਨੂੰ......ਬਾਕੀ ਬਚੇ ਆਪਣੇ। ਇਹ ਨਹੀਂ ਤਾਂ ਸਟੋਵ ਰੀਪੇਅਰਿੰਗ ਦਾ ਕੰਮ ਕਰਾਂਗਾ। ਦੋ ਚਾਰ ਰੁਪਏ ਰੋਜ਼ ਦੀ ਕਮਾਈ ਕਿਧਰੇ ਨਹੀਂ ਗਏ। ਨਹੀਂ ਤਾਂ ਜਾਵਾਂਗਾ ਲੋਕਲ ਗੱਡੀ ਵਿਚ। ਕੁਝ ਵੀ ਵੇਚ

ਲਵਾਂਗਾ ਉਧਰ......ਕੰਘਾ......ਕਲਮ......। ਚਾਰ ਪੰਜ ਰੁਪਏ ਤਾਂ ਬਣ ਈ ਜਾਣਗੇ। ਰਾਜੂ ਨੂੰ ਵੀ ਲੈ ਜਾਵਾਂਗਾ ਆਪਣੇ ਨਾਲ। ਕਿਉਂ ਰਾਜੂ? ਹੈ ਨਾ? ਤੂੰ ਵੀ ਵੇਚੀਂ ਕੁਛ ਨਾ ਕੁਛ।......ਤੂੰ ਘਬਰਾ ਨਾ ਮੈਨਾ। ਸਭ ਠੀਕ ਹੋ ਜਾਏਗਾ। ਮੇਰੇ ਉਪਰ ਭਰੋਸਾ ਰੱਖ ਤੂੰ। ਕਿਉਂ ਓਏ ਰਾਜੂ......ਹੈ ਨਾ?

ਬੁਝੀ ਹੋਈ ਮੈਨਾ ਦੇਖ ਰਹੀ ਹੈ ਸਾਹਮਣੇ। ਝੂਠ ਹੈ ਸਭ। ਇੰਜ ਕਦੀ ਵੀ ਨਹੀਂ ਹੋਇਆ......ਕਦੀ ਵੀ ਨਹੀਂ ਹੋਵੇਗਾ। ਇਕ ਸੁਫਨਾ ਦਿਖਾ ਰਿਹਾ ਹੈ ਕੋਈ। ਨਹੀਂ। ਹੁਣ ਨਹੀਂ। ਹੁਣ ਸੁਫਨਾ ਨਹੀਂ ਦੇਖੇਗੀ ਮੈਨਾ। ਪਰ ਖੁਸ਼ ਹੈ ਰਾਜੂ।......ਤੂੰ ਕਿਉਂ ਫਿਕਰ ਕਰਦੀ ਏਂ ਮਾਂ? ਕਿਉਂ ਨਹੀਂ ਮੰਨਦੀ......?......ਮੈਂ ਅਤੇ ਬਾਪੂ ਸਭ ਠੀਕ ਕਰ ਲਵਾਂਗੇ।

ਤਲੇ ਹੋਏ ਪਕੌੜੇ! ਭੁਜਿਆ ਕਬਾਬ। ਸ਼ਰਾਬੀ। ਕਾਲਾ ਧੂੰਆਂ ਮਾਰਦਾ ਹੈ ਤੇਲ ਮਿੱਟੀ ਦਾ! ਕਤਾਰ ਲੰਬੀ......ਖਾਲੀ ਪਾਈਪਾਂ ਦੇ......ਲੰਬੇ ਪਰਛਾਵੇਂ......ਚਲੇ ਗਏ ਹਨ ਦੂਰ। ਇਕ ਆਵਾਜ਼......ਕਰਹਾਉਂਦੀ ਹੋਈ। ਦਰਦ ਹੋ ਰਿਹਾ ਹੈ ਬਹੁਤ ਜ਼ਿਆਦਾ। ਕੌਣ ਹੈ ਪਾਈਪ ਦੇ ਅੰਦਰ?......ਭੜੂਆ! ਕੌਣ ਆਇਆ ਸੀ? ਕਰ ਗਿਆ......ਢਿੱਡ।......ਗੁੜ ਅਤੇ ਕਾਲਾ ਤਿਲ ਕਿਸ ਦਸਿਆ ਸੀ? ਝੂਠ! ਬਿਲਕੁਲ ਝੂਠ। ਜੋ ਕੁਝ ਦਸਿਆ ਸੀ......ਸਭ ਝੂਠ ਨਿਕਲਿਆ।......ਹਾਏ! ਏਨੀ ਦਰਦ......ਦਰਦ ਵਰਗੀ ਦਰਦ......!......ਰੱਬਾ......ਕਿਥੇ ਏਂ ਤੂੰ? ਕੁਝ ਦੇ ਮੇਰੇ ਹੱਥਾਂ ਵਿਚ। ਦਬਾ ਦਿਆਂ! ਮਸਲ ਦਿਆਂ! ਹਾਏ ਓਏ!

ਕਸੀ ਜਾ ਰਹੀ ਹੈ ਜਬਾੜਾ। ਦੰਦਾਂ ਉਤੇ ਦੰਦ। ਨਹੀਂ ਸਹਿਆ ਜਾਂਦਾ ਹੁਣ......।

ਦਾਰੂ ਚਾੜ੍ਹਦੇ ਹੋਏ ਮਜ਼ਦੂਰ ਦੇਖਦੇ ਹਨ ਇਕ ਦੂਜੇ ਵੱਲ।......ਕੌਣ ਏ? ਕਿਹੜਾ ਚੀਕਦਾ ਏ ਪਾਈਪਾਂ ਵਿਚ?

—ਉਹੀ ਏ ਨਾ......ਮਤੀਅਨ......ਰੰਡੀ। ਢਿੱਡ ਹੋਇਆ ਹੋਇਆ ਸੀ। ਬੱਚਾ ਜੰਮ ਰਿਹਾ ਏ ਓਹਨੂੰ......।

—ਬੱਚਾ? ਕਿਹਦਾ ਬੱਚਾ?

—ਉਹਨੂੰ ਆਪ ਨੂੰ ਵੀ ਨਹੀਂ ਪਤਾ।

ਕਾਲੀ ਚਟਾਨ ਦੇ ਹਨੇਰੇ ਵਿਚ ਕੁਝ ਸੁਣਾਈ ਨਹੀਂ ਦੇਂਦਾ। ਪਰ ਖ਼ਾਮੋਸ਼ ਜੱਬਾਰ ਦੇਖਦਾ ਰਹਿੰਦਾ ਹੈ ਸਫੇਦ ਰੋਸ਼ਨੀ ਵਾਲੀਆਂ ਇਮਾਰਤਾਂ ਨੂੰ। ਕੋਈ ਆਵਾਜ਼? ਨਹੀਂ! ਕੋਈ ਆਵਾਜ਼ ਨਹੀਂ। ਸਿਰਫ ਰੋਜ਼ੀ ਬੋਲ ਰਹੀ ਹੈ।......ਨਹੀਂ......ਨਹੀਂ! ਤੂੰ ਹੱਥ ਨਾ ਮਾਰੀਂ ਕਿਧਰੇ ਵੀ! ਕੀ ਸਮਝਿਆ? ਇਕ ਤਾਂ ਤੂੰ ਉਂਜ ਹੀ ਸ਼ਹਿਰੋਂ ਕੱਢਿਆ ਹੋਇਆ ਏਂ......ਉਤੋਂ ਚੋਰੀ ਕਰੇਂਗਾ। ਡਬਲ ਗੁਨਾਹ। ਨਹੀਂ! ਤੂੰ ਇੰਜ ਨਾ ਕਰੀਂ ਜੱਬਾਰ!

—ਇੰਜ ਨਾ ਕਰਾਂ ਤਾਂ ਕੀ ਕਰਾਂ? ਡੁਬ ਕੇ ਮਰ ਜਾਵਾਂ? ਉਹ ਛਨਾਰ ਤਾਂ ਪਤਾ ਨਹੀਂ ਕਿੱਥੇ ਏ। ਕਿੱਥੇ ਲੈ ਗਈ ਏ ਮੇਰੇ ਮੁੰਡੇ ਨੂੰ......ਪਤਾ ਨਹੀਂ। ਜੇਬ ਖਾਲੀ। ਕਿੰਨਾ ਕੁ ਚਿਰ ਏਥੇ ਲੁਕ ਕੇ ਉਹਦਾ ਰਾਹ ਦੇਖਾਂ ਮੈਂ?

—ਨਹੀਂ......ਨਹੀਂ ! ਤੂੰ ਇੰਜ ਨਾ ਘਬਰਾ । ਸਵੇਰ ਹੋਣ ਦੇ । ਮੈਂ ਕਰਾਂਗੀ ਕੁਛ ਵੀ ।

ਘੁੱਪ ਹਨੇਰੇ ਵਿਚ ਚਿਹਰਾ ਦਿਖਾਈ ਨਹੀਂ ਦੇਂਦਾ ।......ਤੂੰ ਕਰੇਂਗੀ ਕੁਛ ਵੀ ! ਕੀ ਕਰੇਂਗੀ ਤੂੰ ?

ਕੋਈ ਚਿਹਰਾ ਦਿਖਾਈ ਨਹੀਂ ਦੇਂਦਾ ।......ਕਰਾਂਗੀ......ਜੋ ਅੱਜ ਤਕ ਨਹੀਂ ਕੀਤਾ । ਪਰ ਤੂੰ ਨਾ ਪੁਛ ਮੈਨੂੰ । ਏਥੇ ਈ ਬੈਠ ਕੇ ਰਸਤਾ ਦੇਖ ਉਹਦਾ । ਚਾਰ ਦਿਨ......ਅੱਠ ਦਿਨ ......ਫਿਕਰ ਨਾ ਕਰ । ਉਸ ਨੂੰ ਮਿਲ ਕੇ ਅਤੇ ਗੱਲ ਕਰਕੇ ਈ ਜਾਈਂ । ਚੰਗਾ...... ?

ਹੁਣ ਸਿਰਫ ਇਕ ਆਵਾਜ਼ ਸੁਣਾਈ ਦੇ ਰਹੀ ਹੈ । ਬਹੁਤ ਤੇਜ਼......ਪਾਈਪ ਦੀ ਆਵਾਜ਼ । ਜਮੀਲਾ ਅਤੇ ਨੈਨਾ......ਸੁਣ ਰਹੀਆਂ ਹਨ ਵਾਰ ਵਾਰ......ਪਰ ਸੁਣਨਾ ਨਹੀਂ ਚਾਹੁੰਦੀਆਂ । ਸਾਹਮਣੇ ਖੜੇ ਕੁਲੀ ਤੱਕ ਰਹੇ ਹਨ । ਨਿਬੜ ਜਾਏਗਾ ਸੌਦਾ । ਮਰੀਅਮ ਬਹੁਤ ਚੀਕ ਰਹੀ ਹੈ । ਸੁਣਨਾ ਪਵੇਗਾ ।......ਕੌਣ ਏ ? ਕੌਣ ਚੀਕਦਾ ਏ ਓਧਰ ?

ਚੁੱਪ ਰਹਿ ਕੇ ਬੋਲਦੀ ਹੈ ਜਮੀਲਾ ।......ਮਰੀਅਮ । ਦਰਦ ਹੋ ਰਿਹਾ ਹੈ ਉਹਨੂੰ ।

ਭੁੱਲ ਜਾਣਾ ਚਾਹੁੰਦੀਆਂ ਹਨ ਦੋਵੇਂ......ਕਿਉਂਕਿ ਆਉਂਦਾ ਹੈ ਇਕ ਕੁਲੀ......ਸੀਟੀ ਵਜਾਉਂਦਾ......ਅੱਖ ਮਾਰਦਾ ਨਿਕਲ ਜਾਂਦਾ ਹੈ ।......ਉਫ ! ਦਰਦਨਾਕ ਆਵਾਜ਼...... ਨਹੀਂ ਸੁਣੀ ਜਾਂਦੀ ਜਮੀਲਾ ਕੋਲੋਂ ।......ਤੂੰ ਫਸਾ ਇਨ੍ਹਾਂ ਲੋਕਾਂ ਨੂੰ......ਮੈਂ ਹੁਣੇ ਆਉਣੀ ਆਂ ਓਹਨੂੰ ਦੇਖ ਕੇ । ਮੇਰੀ ਵੀ ਗੱਲ ਕਰ ਲਈਂ । ਚੰਗਾ......?

ਲੰਬਾ ਪਾਈਪ । ਇਕ ਹਨੇਰੀ ਸੁਰੰਗ । ਕੁਝ ਸੁਣਾਈ ਨਹੀਂ ਦੇਂਦਾ । ਸਿਰਫ ਆਵਾਜ਼ਾਂ ਆਉਂਦੀਆਂ ਜਾਂਦੀਆਂ ਹਨ ਲਗਾਤਾਰ ।

ਮਰੀਅਮ !......ਮਰੀਅਮ ! ਕਿੱਥੇ ਏਂ ਤੂੰ ?

ਕੌਣ ਏ ?......ਨੀ ਮੈਨੂੰ ਬਚਾ ਲੈ......ਰੱਬਾ......ਮੈਂ ਮਰੀ ।......ਹਾਏ ! ਢਿੱਡ ਕਰਕੇ ਚਲਾ ਗਿਆ......ਸਾਲਾ !......ਰੱਬਾ......ਹਾਏ ਰੱਬਾ ! ਕਿੱਥੇ ਏਂ ਤੂੰ ?

ਹੈਰਾਨ ਹੈ ਜਮੀਲਾ । ਅੰਦਰ ਜਾਂਦੀ ਹੈ ।......ਮਰੀਅਮ !......ਮੈਂ ਜਮੀਲਾ । ਕੀ ਚਾਹੀਦਾ ਏ......ਦੱਸ ਮੈਨੂੰ ।

ਜਮੀਲਾ ......! ਹੱਫ ਕੇ ਬੋਲਦੀ ਹੈ ।...... ਮੈਂ ਗਈ ਜਮੀਲਾ......ਮੇਰੀ ਜਾਨ ਨਿਕਲਦੀ ਏ ।......ਬਹੁਤ...... ਬਹੁਤ ਦਰਦ ਹੋ ਰਹੀ ਏ ।......ਹੱਫ ਜਾਂਦੀ ਹੈ ।......ਤੂੰ......ਤੂੰ ਬੈਠ ਮੇਰੇ ਕੋਲ ! ਛੱਡ ਕੇ ਨਾ ਜਾ ਮੈਨੂੰ । ਰੱਬਾ......ਹੇ ਰੱਬਾ !

ਪਿਛੇ ਦੇਖਦੀ ਹੈ ਜਮੀਲਾ......ਪਾਈਪ ਦੇ ਬਾਹਰ । ਬਿਜਲੀ ਦੇ ਖੰਭੇ ਦੀ ਧੁੰਦਲੀ ਰੌਸ਼ਨੀ ਵਿਚ ਕੁਲੀਆਂ ਨੂੰ ਫਸਾ ਰਹੀ ਹੈ ਨੈਨਾ । ਬੈਠ ਜਾਂਦੀ ਹੈ ।......ਦੱਸ ਕਿਹਨੂੰ ਬੁਲਾ ਕੇ ਲਿਆਵਾਂ ਤੇਰੇ ਲਈ ?

ਬੈਠ ਜਾਂਦੀ ਹੈ ਜਮੀਲਾ । ਹੱਥ ਫੇਰਦੀ ਹੈ ਮਰੀਅਮ ਦੇ ਮੱਥੇ ਉਪਰ । ਦੇਖਦੀ ਰਹਿੰਦੀ ਹੈ

ਫੂਲੇ ਢਿੱਡ ਨੂੰ...... ਜੋ ਕੰਬੀ ਜਾ ਰਿਹਾ ਹੈ ਬਾਰ ਬਾਰ ।......ਮਰੀਅਮ । ਤੂੰ ਉਸ ਝੌਂਪੜੀ ਵਿਚੋਂ ਏਥੇ ਕਿਉਂ ਆ ਗਈ ਏਂ ?

ਅੱਖਾਂ ਬੰਦ ਹਨ ਮਰੀਅਮ ਦੀਆਂ ।... ਓ......ਉਥੇ ਉਨ੍ਹਾਂ ਦੇ ਧੰਦੇ ਦਾ ਟੈਮ ਏ ਨਾ ......ਏਸ ਲਈ ਏਥੇ ਆ ਗਈ ਮੈਂ । ਜਮੀਲਾ ! ਜਮੀਲਾ ! ਮੈਥੋਂ ਦਰਦ ਸਹੀ ਨਹੀਂ ਜਾ ਰਹੀ......।

ਕੰਮ ਸ਼ੁਰੂ ਹੋ ਗਿਆ ਹੈ । ਰੇਤ ਦੇ ਜਹਾਜ਼ਾਂ ਉਪਰ ਜਗ ਪਈਆਂ ਹਨ ਮਸ਼ਾਲਾਂ । ਲੰਬੇ ਲੰਬੇ ਪਟੜੇ......ਉੱਚੇ ਉੱਚੇ ਪਾਲ......ਪਾਟੇ ਹੋਏ । ਉੱਚੀ ਉੱਚੀ ਬੱਲੀਆਂ । ਸਭ ਕੁਝ ਕੰਬ ਕੰਬ ਉਠਦਾ ਹੈ ਮਸ਼ਾਲਾਂ ਦੀਆਂ ਰੌਸ਼ਨੀਆਂ ਵਿਚ ।

ਹਨੇਰੇ ਵਿਚ ਹਨੇਰੇ ਦਾ ਅਸਮਾਨ । ਅਤੇ ਸਾਗਰ......ਜਿਵੇਂ ਕੁਝ ਨਹੀਂ......ਇਕ ਖਾਲੀ-ਪਨ । ਜੋ ਹੈ... ਸਿਰਫ ਰੋਸ਼ਨੀ ਵਿਚ । ਇਸ ਤੋਂ ਬਾਅਦ ਕੁਛ ਨਹੀਂ ।

ਹੁਣ ਉਠਣਾ ਚਾਹੁੰਦੀ ਹੈ ਜਮੀਲਾ !......ਨਾ ਨਾ ! ਤੂੰ ਮੈਨੂੰ ਛੱਡ ਕੇ ਨਾ ਜਾ । ......ਚੀਕਦੀ ਹੈ ਮਰੀਅਮ ।......ਮੇਰੇ ਸਿਰ ਦੀ ਸਹੁੰ ਤੈਨੂੰ......ਨਾ ਜਾਈਂ । ਮੈਂ ਜ਼ਿੰਦਾ ਨਹੀਂ ਬਚਾਂਗੀ । ਹਾਏ ! ਫਿਰ ਜ਼ੋਰ ਪੈ ਰਿਹਾ ਹੈ । ਰੱਬਾ ! ਕਿੱਥੇ ਜਾਵਾਂ ਮੈਂ......?

ਜਮੀਲਾ ਝੁੰਜਲਾ ਰਹੀ ਹੈ ਮਨ ਹੀ ਮਨ । ਏਹ ਸਾਲੀ ਨੈਨਾ ਦੀ ਬੱਚੀ ਇਕੱਲੀ ਈ ਹਜ਼ਮ ਕਰ ਜਾਏਗੀ ਤਿੰਨਾਂ ਚਾਰਾਂ ਨੂੰ । ਹਰਾਮਜ਼ਾਦੀ ਕੁੱਤੀ ! ਉੱਚੀ ਸਾਰੀ ਬੋਲਦੀ ਹੈ......ਮਰੀਅਮ ! ਮੈਨੂੰ ਜਾਣ ਦੇ ਨਾ ਇਕ ਵਾਰ......!

ਨਾ ਨਾ ! ਤੂੰ ਨਾ ਜਾ ਛੱਡ ਕੇ ਮੈਨੂੰ......ਤੇਰੇ ਅੱਗੇ ਹੱਥ ਜੋੜਦੀ ਆਂ... . ਪੈਰ ਫੜਦੀ ਆਂ । ਬਚਾ ਲੈ ਮੈਨੂੰ......ਬਹੁਤ ਦਰਦ ਏ । ਹਾਏ ਓਏ !

ਖਿੱਝ ਜਾਂਦੀ ਹੈ ਜਮੀਲਾ ।... ਜਾਣ ਨਹੀਂ ਦੇਏਂਗੀ ਮੈਨੂੰ ਤਾਂ ਕਿਸੇ ਨੂੰ ਬੁਲਾ ਕੇ ਕਿਵੇਂ ਲਿਆਵਾਂਗੀ ? ਮੈਨੂੰ ਨਹੀ ਪਤਾ ਕਿੰਜ ਜੰਮਦਾ ਏ ਬੱਚਾ । ਤੂੰ ਇੰਜ ਸੱਚੀਂ ਮਰ ਜਾਏਂਗੀ ! ਨਹੀਂ ਤਾਂ ਜਾਣ ਦੇ ਮੈਨੂੰ ਇਕ ਵਾਰੀ । ਮੈਂ ਬੁਲਾ ਕੇ ਲਿਆਉਣੀ ਆਂ ਕਿਸੇ ਨੂੰ......।

ਜ਼ੋਰ ਫੜ ਰਹੀ ਹੈ ਦਰਦ । ਹੱਫ ਜਾਂਦੀ ਹੈ ਮਰੀਅਮ ।......ਤੈਨੂੰ ਸਹੁੰ ਰੱਬ ਦੀ......ਜ਼ਰੂਰ ਆਈਂ ਵਾਪਸ । ਇਕੱਲਿਆਂ ਨਾ ਛੱਡ ਕੇ ਜਾ ਮੈਨੂੰ । ਹਾਏ ...ਰੱਬਾ !

ਬੁਲ੍ਹਾ ਹਵਾ ਦਾ......ਕੰਬ ਜਾਂਦੀਆਂ ਹਨ ਮਸ਼ਾਲਾਂ ਇਕੱਠੀਆਂ । ਚੀਕਦਾ ਹੈ ਮੁਕਾਦਮ । ਉੱਪਰ-ਹੇਠਾਂ ਝੂਲਦੇ ਹਨ ਪਟੜੇ । ਜਾਂਘੀਏ ਪਾਈ ਸਰੀਰੋਂ ਨੰਗੇ ਮਜ਼ਦੂਰਾਂ ਦੀ ਕਤਾਰ ਭਰੇ ਟੋਕਰੇ ਲਿਆਈ ਦੌੜਦੀ ਹੈ... . ਖਾਲੀ ਲਈ ਮੁੜਦੇ ਹਨ । ਚੀਕੀ ਜਾਂਦਾ ਹੈ ਮੁਕਾਦਮ......ਨੁੱਕਰ ਵਿਚ ਖੜਾ । ਕੰਬੀ ਜਾਂਦੀਆਂ ਹਨ ਮਸ਼ਾਲਾਂ ।

ਚਾਰੋਂ ਪਾਸੋਂ ਤੱਕਦੀ ਹੈ ਜਮੀਲਾ !...ਨੈਨਾ ! ਮਾਂ...ਚੌਹਾਂ ਨੂੰ ਲੈ ਕੇ ਗ਼ਾਇਬ ਹੋ ਗਈ ਹੈ । ਇਹਦੀ ਮਾਂ ਦੀ......। ਲੱਭਦੀ ਹੈ ਹਰ ਜਗ੍ਹਾ । ਕਿਧਰੇ ਨਹੀਂ । ਕਸਤੱਈਆਂ ਦੇ ਦਾਰੂ ਦੇ ਖਾਲੀ ਕਨਸਤਰ । ਵਾਪਸ ਜਾ ਰਹੇ ਹਨ । ਪੀ ਰਿਹਾ ਹੈ ਸਿਗਰੇਟ ਖ਼ੁਦ ।......ਗਈ ਨੈਨਾ ! ਕਿਸ ਨੂੰ

ਫਸਾਏ ਜਮੀਲਾ ?......ਮਰੀਅਮ ਮਰ ਜਾਏਗੀ। ਮਰੀਅਮ ਦੇ ਨਸੀਬ ਈ ਖ਼ਰਾਬ ਨੇ। ਨਹੀਂ ਤਾਂ ਰੰਡੀਆਂ ਨੂੰ ਵੀ ਕਦੇ ਬੱਚੇ ਹੋਏ ਨੇ। ਕਦੀ ਠਹਿਰੇ ਵੀ ਤਾਂ ਆਪੇ ਡਿੱਗ ਜਾਂਦਾ ਏ......ਦੇ ਦੇ ਕੇ ਸਰੀਰ ਤਾਂ ਸਾਰਾ ਢਿੱਲਾ ਪੈ ਜਾਂਦਾ ਏ। ਬੱਚਾ ਠਹਿਰੇਗਾ ਵੀ ਤਾਂ ਦੋ ਮਹੀਨੇ......ਬਸ ਆਪਣੇ ਆਪ ਬਾਹਰ ਆ ਜਾਏਗਾ। ਪਰ ਜਿਹਦੇ ਨਸੀਬ ਖ਼ਰਾਬ ਹੋਣ ਉਹਦਾ ਸਭ ਕੁਝ ਹੋ ਜਾਂਦਾ ਏ। ......ਸੋਚਦੀ ਜਾਂਦੀ ਤੁਰੀ ਜਾਂਦੀ ਹੈ ਜਮੀਲਾ।......ਕਿਹਨੂੰ ਕਵ੍ਹਾਂ ? ਕਿਹਨੂੰ ਫੜਾਂ ?......ਨੈਨਾਂ ਮਾਂ......। ਚਾਰਾਂ ਨੂੰ ਹਜ਼ਮ ਕਰ ਗਈ, ਸਾਲੀ......!

ਖ਼ਤਮ ਹੋ ਗਿਆ ਆਖ਼ਰੀ ਸ਼ੋਅ। ਦੌੜ ਰਹੀਆਂ ਹਨ ਮੋਟਰਾਂ.........ਟੈਕਸੀਆਂ। ਹਨੇਰੇ ਫੁੱਟ ਪਾਥਾਂ ਉੱਪਰ ਭੀੜ ਹੀ ਭੀੜ। ਗੁਆਚ ਗਈ ਆਵਾਜ਼ ਹਨੇਰੇ ਪਾਈਪ ਦੀ। ਕੋਈ ਨਹੀਂ ਸੁਣੇਗਾ। ਰਾਤ ਦੇ ਹਨੇਰੇ ਵਿਚ ਦਿਨ ਦੀਆਂ ਆਵਾਜ਼ਾਂ। ਇੰਜ ਹੀ ਕਰਾਹੁੰਦੀ ਜਾਏਗੀ ਮਰੀਅਮ। ਇਧਰੋਂ-ਉਧਰ ਭਟਕਦੀ ਰਹੇਗੀ ਜਮੀਲਾ। ਨਹੀਂ ਪਤਾ ਕਿਸ ਨੂੰ ਢੂੰਡ ਰਹੀ ਹੈ.....।

ਖਾਮੋਸ਼ੀ ਹੁਣ ਫਿਰ। ਚਲੇ ਗਏ ਜਾਣ ਵਾਲੇ। ਸੀਖਾਂ ਵਾਲੇ ਕਬਾਬ ਭੁੰਨ ਭੁੰਨ ਕੇ ਖ਼ਤਮ ਹੋ ਗਏ। ਦਾਰੂ ਵਾਲੇ......ਲੜਖੜਾਂਦੇ ਹੋਏ......ਪਹੁੰਚ ਗਏ ਆਪਣੀਆਂ ਮੰਜ਼ਿਲਾਂ ਉੱਤੇ। ਕੀ ਬੀਤਿਆ ਮਰੀਅਮ ਨਾਲ ?......ਜ਼ਿੰਦਾ ਰਹੀ ਕਿ ਮਰ ਗਈ ?......ਸਾਹਮਣੇ ਕੌਣ ? ਪਾਰਬਤੀ। ਕਬਾਬ ਖਾ ਕੇ ਆ ਰਹੀ ਹੈ ਸਾਲੀ ? ਧੰਦਾ ਵਾਹਵਾ ਹੋਇਐ ਅੱਜ......ਤਾਂਹੀਓਂ। ਚੀਕ ਰਹੀ ਹੈ......ਕਿਉਂ ਨੀ ਜਮੀਲਾ ? ਕਿਉਂ ਖੜੀ ਏਂ ਏਥੇ ?......ਕੋਲ ਆ ਜਾਂਦੀ ਹੈ......ਲੜ-ਖੜਾਂਦੀ ਹੋਈ। ਸਿਗਰਟ ਪੀ ਰਹੀ ਹੈ ਅੱ। ਦਾਰੂ ਵੀ ਚੜ੍ਹਾਇਆ ਹੋਇਆ ਹੈ। ......ਕੀ ਹੋਇਐ ? ਨਹੀਂ ਮਿਲਿਆ ਕੋਈ ਵੀ ? ਮੈਂ ਤਾਂ ਚਾਰਾਂ ਨੂੰ ਨਿਪਟਾ ਆਈ ਹਾਂ। ਦੋ ਪੈਗ ਵੀ...... ਕਬਾਬ ਵੀ ਖਾਧਾ ਏ। ਤੈਨੂੰ ਨਹੀਂ ਮਿਲਿਆ ਕੋਈ ?

ਖਿਝਦੀ ਹੈ ਜਮੀਲਾ।......ਓ ਮਾਂ......ਨੈਨਾ ਦੀ ਬੱਚੀ ਲੈ ਗਈ ਮੇਰੇ ਗਾਹਕ। ਮੈਂ... ਉਧਰ ਗਈ ਸਾਂ ਮਰੀਅਮ ਨੂੰ ਵੇਖਣ। ਓਹਦੇ ਬੱਚਾ ਹੋ ਰਿਹਾ ਹੈ। ਏਹ ਸਾਲੀ ਏਥੋਂ ਗਾਇਬ ਹੋ ਗਈ ਉਨ੍ਹਾਂ ਸਾਰਿਆਂ ਨੂੰ ਲੈ ਕੇ......।

ਫਿਰ ਉਹੀ ਆਵਾਜ਼ ਸੜਕ ਦੇ ਪਾਰ। ਤਿੱਖਾ ਨਸ਼ਾ......ਗਾਲ੍ਹਾਂ......ਅਤੇ ਗਾਲ੍ਹਾਂ...... ਅਜਨਬੀ ਦੇ ਨਾਂ। ਅਜਨਬੀ......ਆਦਮੀ......ਦੁਨੀਆਂ......ਧਰਤੀ......ਅਸਮਾਨ...... ਭਗਵਾਨ......ਸਭ ਕੁਝ। ਹਮੇਸ਼ਾ ਵਾਂਗ।......ਤ...ਤ...ਤ...ਤੇਰੀ ਮਾਂ ਦੀ......। ਤ...ਤ...ਤ......ਤੇਰੀ ਭੈਣ ਦੀ......ਨ...ਨ...ਨ ਮਿਲ।......ਹਾਂ ਹਾਂ ਨ ਨ ਨਾਂ ਮਿਲ। ......ਆ ਆ ਆਪਣੀ ਮਾਂ......। ਹਾਂ ...ਮ...ਮ. ਮੈਂ ਕਹਿੰਨਾ...... ਆਪਣੀ ਮਾਂ......। ਬ ਬ ...ਬੋਤ ਕੀਤੀ ਕੋਸ਼ਿਸ਼......ਨਹੀਂ ਮਿਲਿਆ . ਮ...ਮ . ਮੈਨੂੰ ਘੰਟੇਂ ਤੋਂ। ਹਾਂ...... ਕਹਿੰਨਾ ਆਂ......ਮ......ਮ......ਮੇਰੇ ਘੰਟੇ ਨੂੰ......ਕ...ਰ .. ਕੀ ਸਮਝਦੈਂ ਤੂੰ ਮੈਨੂੰ ? ਮ...ਮ......ਮੈਂ ਪੁੱਛਦਾ ਆਂ......ਕੀ ਸਮਝਦੈਂ ਤੂੰ ਮੈਨੂੰ ? ਮ...ਮ...ਮੈਂ ਤੈਨੂੰ ਆਪਣਾ...ਬ

...ਬ...ਬਾਲ ਸਮਝਦਾਂ।......ਹਾਂ ਹਾਂ ! ਤ...ਤ...ਤੈਨੂੰ ਆਪਣਾ ਬ...ਬ...ਬਾਲ ਸਮਝਦਾਂ। ਹੂੰ ! ਹੂ !

ਪਾਈਪ ਦੀ ਆਵਾਜ਼ ਹੋਰ ਉੱਚੀ ਹੈ। ਜਮੀਲਾ ਅਤੇ ਪਾਰਬਤੀ ਖੜੀਆਂ ਹਨ।

ਤੈਨੂੰ ਕੁਛ ਪਤੈ......ਏਹ ਬੱਚਾ ਕਿੰਜ ਪੈਦਾ ਹੁੰਦਾ ਏ !......ਪੁੱਛਦੀ ਹੈ ਜਮੀਲਾ।

ਹਾਂ ! ਪਤਾ ਏ ! ਸੱਚੀਂ ! ਮੈਨੂੰ ਨਹੀਂ ਪੈਦਾ ਹੋਇਆ ਤਾਂ ਕੀ ਹੋਇਆ ! ਪਰ ਮੈਨੂੰ ਸਭ ਪਤੈ। ਮੇਰੀ ਮਾਂ ਤਾਂ ਪਿੰਡ ਵਿਚ ਇਹੋ ਧੰਦਾ ਕਰਦੀ ਸੀ। ਫਿਕਰ ਨਾ ਕਰ ਤੂੰ......।

ਕੀ ਦੇਖਦੀ ਹੈ ਜਮੀਲਾ......ਨਸ਼ੇ ਵਿਚ ਹੈ ਪਾਰਬਤੀ। ਨਹੀਂ ਬੋਲ ਰਹੀ ਹੈ।......ਇਕ ਕੰਮ ਕਰ ਤੂੰ ਜਮੀਲਾ। ਉਧਰ ਝੌਂਪੜੀ ਵਿਚ ਜਾ ! ਬੱਤੀ ਲੈ ਕੇ ਆ ਕਿਧਰੋਂ ਵੀ। ਮੋਮਬੱਤੀ ਜਾਂ ਦੀਵਾ। ਕੁਝ ਵੀ। ਇਕ ਛੁਰੀ ਵੀ ਲੈ ਕੇ ਆ। ਕੋਈ ਪਾਟਾ ਪੁਰਾਣਾ ਕਪੜਾ ਵੀ ਮੰਗ ਕੇ ਲੈ ਆ। ਜਲਦੀ ਕਰ। ਮੈਂ ਏਥੇ ਈ ਖੜੀ ਆਂ ਇਹਦੇ ਕੋਲ......।

ਚਲੀ ਜਾਂਦੀ ਹੈ ਜਮੀਲਾ। ਖੜੀ ਰਹਿ ਜਾਂਦੀ ਹੈ ਪਾਰਬਤੀ। ਹਨੇਰੇ ਪਾਈਪ ਦੇ ਅੰਦਰ ਦਰਦ ਦੀਆਂ ਪੀੜਾਂ......ਪਸਲੇਟੀਆਂ ਮਾਰਦੀ ਹੈ ਮਰੀਅਮ। ਕੁਝ ਫੜਨ ਦੀ ਕੋਸ਼ਿਸ਼ ਕਰਦੀ ਹੈ ਕੱਸ ਕੇ। ਪਰਤ ਆਉਂਦੀਆਂ ਹਨ ਖਾਲੀ ਹਥੇਲੀਆਂ। ਦੂਜੇ ਪਾਸੇ ਪਸਲੇਟੀ ਮਾਰਦੀ ਹੈ। ਫਿਰ ਕੁਛ ਫੜਨ ਦੀ ਕੋਸ਼ਿਸ਼ ਬੇਕਾਰ। ਫਿਰ ਏਧਰ। ਫਿਰ ਉਧਰ। ਤੁੰਨ ਲੈਂਦੀ ਹੈ ਮੂੰਹ ਵਿਚ ਮੈਲੀ ਧੋਤੀ ਦਾ ਪੱਲਾ। ਹੁਣ......ਕੋਈ ਆਵਾਜ਼ ਨਹੀਂ। ਸਿਰਫ ਇਕ ਤੜਫਨ।......ਰੱਬਾ ! ਰੱਬਾ ! ਕਿੱਥੇ ਏਂ ਤੂੰ ? ਕਿੱਥੇ ਏਂ ਤੂੰ ? ਕਿਉਂ......ਕਿਉਂ ਪੈਦਾ ਕਰਦਾ ਏਂ ਸਭ ਨੂੰ ? ਰੰਡੀ ਦੇ......ਢਿੱਡੋਂ ਬੱਚੇ ਨੂੰ ? ਰੱਬਾ ! ਰੱਬਾ !

ਚੁੱਪ ਚਾਪ ਖੜੀ ਹੈ ਪਾਰਬਤੀ। ਲੱਥ ਗਿਆ ਦੋ ਪੈਗਾਂ ਦਾ ਨਸ਼ਾ। ਅੰਦਰ ਦੇਖਦੀ ਹੈ ਕਦੀ ਕਦੀ ਬਾਹਰ। ਡਰ ਗਈ ਹੈ...... ਕਿਉਂਕਿ ਪਾਈਪ ਦੇ ਹਨੇਰੇ ਵਿਚ ਕੋਈ ਆਵਾਜ਼ ਨਹੀਂ। ਵਾਰ ਵਾਰ ਦੇਖਦੀ ਹੈ ਬਾਹਰ। ਕਿੱਥੇ ਹੈ ਜਮੀਲਾ ? ਆਈ ਕਿ ਨਹੀਂ ਆਈ ? ਅੰਦਰ ਮੂੰਹ ਕਰ ਕੇ ਆਵਾਜ਼ ਮਾਰਦੀ ਹੈ ਇਕ ਵਾਰ......ਮਰੀਅਮ ! ਮਰੀਅਮ !......ਕੰਨੀਂ ਪੈਂਦੀ ਹੈ ਇਕ ਛੋਟੀ ਜਿਹੀ ਚੀਸ !

ਜਗਦੀਆਂ ਹੋਈਆਂ ਮਸ਼ਾਲਾਂ ਦੀਆਂ ਕੰਬਦੀਆਂ ਹੋਈਆਂ ਰੋਸ਼ਨੀਆਂ। ਚੀਕੀ ਜਾ ਰਿਹਾ ਹੈ ਮੁਕਾਦਮ......ਢੋਈ ਜਾ ਰਹੇ ਹਨ ਮਜ਼ਦੂਰ। ਹਿਲੀ ਜਾਂਦੇ ਹਨ ਤਖਤੇ......ਉਪਰ ਹੇਠਾਂ। ਖਾਮੋਸ਼.. ...ਜਹਾਜ਼ਾਂ ਦੇ ਪਾਲ। ਬਲੀਆਂ ਅਤੇ ਰੱਸੀਆਂ। ਕਿਥੇ ਜਾ ਕੇ ਠਹਿਰ ਗਏ ਹਵਾਵਾਂ ਦੇ ਬੁਲ੍ਹੇ ? ਕਦੋਂ ਤਕ ਤਪਦਾ ਰਹੇਗਾ ਆਕਾਸ਼ ? ਜ਼ੋਰ ! ਹੋਰ ਜ਼ੋਰ ਲਗਾ ਰਹੀ ਹੈ ਮਰੀਅਮ। ਦੰਦਾਂ ਉਪਰ ਦੰਦ ਪੀਹ ਲਏਗੀ। ਰੋਕ ਲਵੇਗੀ ਸਾਹ ਨੂੰ। ਸਰੀਰ ਨੂੰ ਪੱਥਰ ਬਣਾ ਲਵੇਗੀ......। ਮੁੜ ਆਈ ਹੈ ਜਮੀਲਾ !

ਹਨੇਰੇ ਅਸਮਾਨ ਉਪਰ......ਪੈਦਾ ਹੋ ਰਿਹਾ ਹੈ ਇਕ ਸਿਤਾਰਾ। ਲੰਬੇ ਪਾਈਪ ਦੀ ਗੋਲ

ਸੁਰੰਗ ਵਿਚ ਕੰਬਦੀ ਜਾਂਦੀ ਹੈ ਚਿਮਨੀ । ਦੇਖ ਰਹੀ ਹੈ ਇਕ ਟੱਕ......ਜਮੀਲਾ ਅਤੇ ਪਾਰਬਤੀ । ਖੁਲ੍ਹ ਗਈ ਮੈਲੀ ਸਾੜੀ । ਦੋ ਥਰਥਾਉਂਦੀਆਂ ਲੱਤਾਂ ਵਿਚਕਾਰ......ਫੈਲੀ ਜਾ ਰਿਹਾ ਹੈ ਜਿਸਮ । ਰਿਸਦਾ ਜਾ ਰਿਹਾ ਹੈ ਗੰਦਾ ਪਾਣੀ । ਗੰਦਾ ਖ਼ੂਨ......ਲਕੀਰਾਂ ਬਣ ਕੇ ਫੈਲੀ ਜਾ ਰਿਹਾ ਹੈ ।... ਰੱਬਾ ! ਰੱਬਾ ! ਕਿੱਥੇ ਏਂ ਤੂੰ ?......ਹੋਰ ਨਹੀਂ......ਹੁਣ ਹੋਰ ਨਹੀਂ ।

ਜੋ ਆਏ ਸਨ......ਚਲੇ ਗਏ । ਸੜਕਾਂ ਖ਼ਾਲੀ......ਗਲੀਆਂ ਸੁਨਸਾਨ । ਝੌਂਪੜੀਆਂ ਦੇ ਦੀਵੇ ਬੁਝਣ ਲਗਦੇ ਹਨ ! ਸੌਣ ਲਗਦੀਆਂ ਹਨ ਥੱਕੀਆਂ ਹੋਈਆਂ ਰੰਡੀਆਂ । ਹੋ ਗਿਆ ਪੈਦਾ ......ਕਾਲੇ ਆਸਮਾਨ ਉਪਰ ਇਕ ਨਵਾਂ ਤਾਰਾ । ਕਾਲੀ ਰੋਸ਼ਨੀ ਦਾ ਕਾਲਾ ਸਿਤਾਰਾ । ਦੇਖਦੀ ਸੀ ਜਮੀਲਾ । ਇਕ ਜਿਸਮ ਨੇ ਸੁੱਟ ਦਿਤਾ ਇਕ ਨਵਾਂ ਜਿਸਮ । ਇਕ ਜੰਗ ਖਾਧਾ ਚਾਕੂ ਚਲਿਆ । ਪਾਰਬਤੀ ਨੇ ਕੱਟ ਦਿਤਾ ਨਾੜੂ । ਇਕ ਕਮਜ਼ੋਰ ਆਵਾਜ਼......ਇਕ ਕਮਜ਼ੋਰ ਰੋਣਾ......ਘੁੱਟ ਕੇ ਰਹਿ ਗਿਆ ਹੈ ਪਾਈਪ ਦੇ ਅੰਦਰ......।...... ਮੁੰਡਾ ।......ਇਕ ਹੋਰ ਗੋਲ ਘੇਰਾ ਆ ਗਿਆ ਜਿਸਮ ਦੇ ਬਾਹਰ । ਫਿਰ ਉਹੀ ਚਾਕੂ । ਚਿਮਨੀ ਤੋਂ ਲੈ ਕੇ ਮਿੱਟੀ ਦਾ ਤੇਲ ਲਾ ਦਿੱਤਾ ਬੱਚੇ ਦੇ ਢਿੱਡ ਉਤੇ......ਜਿਥੋਂ ਕਟਿਆ ਸੀ ਨਾੜੂ ।

ਪਸੀਨਾ ਅਤੇ ਖ਼ੂਨ ਅਤੇ ਗੰਦਾ ਪਾਣੀ । ਗੰਦੇ ਕਪੜੇ ਨਾਲ ਪੂੰਝ ਰਹੀਆਂ ਹਨ ਦੋਵੇਂ...... ਜਮੀਲਾ ਅਤੇ ਪਾਰਬਤੀ । ਕਮਜ਼ੋਰ ਢਿੱਲੀ ਆਵਾਜ਼......ਰੋਂਦੀ ਜਾਏਗੀ ਲਗਾਤਾਰ । ਕੋਈ ਨਹੀਂ ਸੁਣੇਗਾ । ਸਿਰਫ ਆ ਰਹੀ ਹੈ ਆਵਾਜ਼......ਗਾਲ੍ਹਾਂ ਦੀ ਕਿਸੇ ਅਜਨਬੀ ਦੇ ਨਾਂ ।......ਤ ਤ ਤੇਰੀ ਮਾਂ ਦੀ ! ਤ ਤ ਤੇਰੀ ਭੈਣ ਦੀ । ਸ ਸ ਸਾਲਾ ਆਪਣੀ ਮਾਂ ।......ਨ ਨ ਨਹੀਂ ਮਿਲਦਾ ......ਨ ਨ ਨਾ ਮਿਲ । ਮ ਮ ਮੇਰੇ ਘੰਟੇ ਨੂੰ ।

ਹਨੇਰੇ ਅਸਮਾਨ ਉਪਰ......ਕਾਲਾ ਸਿਤਾਰਾ......ਕਾਲੀ ਰੋਸ਼ਨੀ ਖਿਲਾਰੀ ਜਾਂਦਾ ਹੈ .....।

ਫਿਰ ਹੋ ਗਿਆ ਸਵੇਰਾ । ਫਿਰ ਆ ਗਏ ਲੋਕ ਬੱਸਾਂ ਅਤੇ ਮੋਟਰਾਂ ਉਪਰ...... ਫੁਟਪਾਥਾਂ ਅਤੇ ਸਟੇਸ਼ਨਾਂ ਉਪਰ । ਆਦਮੀਆਂ ਹੀ ਆਦਮੀਆਂ ਦੀਆਂ ਕਤਾਰਾਂ । ਭਿਖਾਰੀਆਂ ਦੀਆਂ ਲੰਮੀਆਂ ਕਤਾਰਾਂ । ਰਾਤ ਬੜੀ ਦੇਰ ਤਕ ਨਹੀਂ ਸੁੱਤਾ ਸੀ......ਹੁਣ ਵੀ ਸੌਂ ਰਿਹਾ ਹੈ ਜੱਬਾਰ ।

ਚੰਗਾ, ਜੱਬਾਰ ! ਓ ਜੱਬਾਰ ।......ਰੋਜ਼ੀ ਦੀ ਆਵਾਜ਼ ।......ਮੈਂ ਚਲੀ ਆਂ......ਚੰਗਾ।

ਪਾਸਾ ਪਰਤ ਲੈਂਦਾ ਹੈ ।

ਸੁਣਦਾ ਏਂ ਨਾ ਮੇਰੀ ਗੱਲ ? ਮੈਂ ਚਲੀ ਆਂ । ਦੁਪਹਿਰ ਨੂੰ ਮੁੜ ਕੇ ਆਵਾਂਗੀ । ਤੂੰ ਜਾਈਂ ਨਾ ਕਿਧਰੇ ਵੀ । ਸਮਝ ਗਿਆ ?

ਪਰ ਹੁਣ ਵੀ ਸੌਂ ਰਿਹਾ ਹੈ । ਕਿਵੇਂ ਜਗਾਏ ਰੋਜ਼ੀ ? ਆਪਣੀਆਂ ਟੇਢੀਆਂ ਉਂਗਲੀਆਂ ਨਾਲ ਹਿਲਾ ਵੀ ਨਹੀਂ ਸਕਦੀ ।

ਜੱਬਾਰ ! ਜੱਬਾਰ ! ਇਕ ਮਿੰਟ । ਮੇਰੀ ਸਿਰਫ ਗੱਲ ਸੁਣ । ਫਿਰ ਸੌਂ ਜਾਵੀਂ ।......ਕੀ ? ਜੱਬਾਰ !

ਫਿਰ ਪਾਸਾ ਪਰਤਦਾ ਹੈ । ਅੱਧ ਖੁਲ੍ਹੀਆਂ ਅੱਖਾਂ ਨਾਲ ਦੇਖਦਾ ਹੈ । ਕੀ ਏ ? ਕੀ ਕਹਿਣਾ ਈ ?

—ਮੈਂ ਤਾਂ ਇਹੀ ਕਹਿਣਾ ਏ ਕਿ ਤੂੰ ਜਾਈਂ ਨਾ ਕਿਧਰੇ ਵੀ । ਮੈਂ ਦੁਪਹਿਰ ਤੋਂ ਪਹਿਲਾਂ ਈ ਆ ਜਾਵਾਂਗੀ । ਤੂੰ ਏਥੇ ਈ ਰਹੀਂ । ਸਮਝ ਗਿਆ ?

—ਆਹੋ !

ਲੰਗੜਾਉਂਦੀ ਹੋਈ ਤੁਰਨਾ ਸ਼ੁਰੂ ਕਰ ਦੇਂਦੀ ਹੈ । ਰਾਤ ਨੂੰ ਕੋਲ ਆ ਕੇ ਫਿਰ ਬਹੁਤ ਦੂਰ ਚਲਾ ਗਿਆ ਸਾਗਰ । ਕਾਲੇ ਪੱਥਰਾਂ ਦੇ ਕੋਲ ਚਿੱਕੜ ਈ ਚਿਕੜ । ਉਸ ਪਾਸੇ ਚਿੱਕੜ ਵਿਚ ਦੂਰ ਤਕ ਬੈਠੇ ਹੋਏ ਲੋਕ । ਇਸ ਪਾਸੇ ਰੇਲ ਦੀਆਂ ਪਟੜੀਆਂ ਦੇ ਕਿਨਾਰੇ ਦੂਰ ਤਕ ਬੈਠੀਆਂ ਹੋਈਆਂ ਔਰਤਾਂ......ਰੰਡੀਆਂ । ਪੀਲੀ ਰੋਸ਼ਨੀ ਵਿਚ ਡੁੱਬੀ ਸਾਰੀ ਦੁਨੀਆਂ ।

ਹੋਰ ਤੇਜ਼ ਤੁਰਨਾ ਚਾਹੁੰਦੀ ਹੈ । ਤੁਰ ਨਹੀਂ ਸਕਦੀ । ਦੋਵੇਂ ਪੈਰਾਂ ਦੇ ਵਿਚਕਾਰ ਦੀਆਂ ਉਂਗਲੀਆਂ ਅੱਧੀਆਂ ਅੱਧੀਆਂ । ਖ਼ੂਨ ਵਗ ਰਿਹਾ ਹੈ । ਦੂਜੀਆਂ ਉਂਗਲਾਂ ਵਿਚ ਵੀ ਫੈਲ ਰਹੇ ਹਨ ਜ਼ਖਮ । ਮੈਲੇ ਮੈਲੇ ਕਪੜੇ ਲਪੇਟ ਲਏ ਹਨ ਦੋਵਾਂ ਪੈਰਾਂ ਵਿਚ । ਹੱਥਾਂ ਵਿਚ ਵੀ । ਤੁਰਨਾ ਚਾਹੁੰਦੀ ਹੈ ਤੇਜ਼......ਤੁਰ ਨਹੀਂ ਹੁੰਦਾ ।

ਪਰ ਗੱਡੀਆਂ ਦੌੜ ਰਹੀਆਂ ਹਨ ਹੁਣ ਤੋਂ । ਕਿਵੇਂ ਪਾਰ ਕਰੇਗੀ ਸੜਕ ਜਲਦੀ ਜਲਦੀ ? ਜੱਬਾਰ ਦੇ ਪੈਸੇ ਹੋ ਗਏ ਖਤਮ । ਨਹੀਂ ਨਹੀਂ ! ਹੁਣ ਕਰੇਗੀ ਉਹੀ ਜੋ ਅੱਜ ਤਕ ਨਹੀਂ ਕੀਤਾ । ਭੀਖ ਮੰਗੇਗੀ । ਵਾਪਸ ਨਹੀਂ ਜਾਣ ਦੇਵੇਗੀ ਉਹਨੂੰ......ਜਦ ਤਕ ਵਾਪਸ ਮੁੜ ਨਹੀਂ ਆਉਂਦੀ ਹਸੀਨਾ ।

ਦਰਵਾਜ਼ਾ ਅਜੇ ਵੀ ਬੰਦ ਹੈ......ਝੌਂਪੜੀਆਂ ਦੀ ਵਿੰਗੀ ਟੇਢੀ ਕਤਾਰ ਦੇ ਵਿਚਕਾਰ । ਹੁਣ ਵੀ ਲਟਕ ਰਿਹਾ ਹੈ । ਪੁਰਾਣਾ ਜੰਦਰਾ । ਨਹੀਂ ਆਈ ਹਸੀਨਾ । ਕਦੋਂ ਆਏਗੀ ? ਵੱਧਦੀ ਜਾ ਰਹੀ ਹੈ ਭੀੜ । ਸਟੇਸ਼ਨ......ਸਾਰੀ ਦੁਨੀਆ......ਜਿਥੇ ਦੁਨੀਆ ਇਕ ਸਟੇਸ਼ਨ । ਫੇਰੀ ਵਾਲੇ ਅਤੇ ਫੁਟਪਾਥ ਵਾਲੇ । ਚੀਕਣ ਵਾਲੇ ਅਤੇ ਚੁੱਪ ਹੋ ਜਾਣ ਵਾਲੇ । ਅੰਨ੍ਹੇ ਅਤੇ ਕੋਹੜੇ, ਲੰਗੜੇ ਅਤੇ ਅਪਾਹਿਜ । ਜ਼ਿੰਦਾ ਰਹਿ ਕੇ ਮਰ ਜਾਣ ਵਾਲੇ ।......ਓ ਬਾਬੂ ! ਬਾਬੂ ! ਬਾਬੂ ਸਾਬ੍ਹ ! ਸੇਠ ਸਾਬ੍ਹ ! ਤੇਰਾ ਬੱਚਾ ਸੁਖੀ ਰਹੇ......ਪਰਮਾਤਮਾ ਤੈਨੂੰ ਬਰਕਤ ਪਾਏ !! ਨੌਕਰੀ... ...ਧੰਦਾ......ਰੋਜ਼ੀ......ਰੁਜ਼ਗਾਰ । ਹਾਜੀ ਮਲੰਗ ਬਾਬਾ .....ਪੈਸਾ......ਦੋ ਪੈਸਾ...... ਪੰਜ ਪੈਸਾ । ਜੋ ਦੇ ਉਸਦਾ ਭਲਾ......ਨਾ ਦੇ ਉਸ ਦਾ ਵੀ ਭਲਾ । ਹੈ ਕੋਈ ਸਖੀ ?...... ਦਾਤਾ......ਰੱਬ ਦੇ ਨਾਂ 'ਤੇ......ਪੌਲੀ ਦੇ ਚਾਰ ! ਪੌਲੀ ਦੇ ਚਾਰ ! ਲੁੱਟ ਲਓ...... ਲੁਟਾ 'ਤੇ ।......ਮੁੱਲ ਵਨ ਰੁਪੀਜ਼ ! ਵਨ ਰੁਪੀਜ਼ ! ਵਨ ਰੁਪੀਜ਼ ਓਨਲੀ......।

ਚੁੱਪ ਚਾਪ ਖੜੀ ਹੈ ਰੋਜ਼ੀ । ਕਿਥੇ ਕਿਸ ਨੁੱਕਰ ਵਿਚ ਬੈਠੇ ? ਉਸ ਪਾਸੇ ਜਿੱਥੇ ਇਕ ਅੰਨ੍ਹਾ ਬੈਠਾ ਹੈ ? ਇਸ ਪਾਸੇ ਜਿਸ ਦੇ ਦੋਵੇਂ ਪੈਰ ਕਟੇ ਹੋਏ ਹਨ ? ਇਕ ਪਾਸੇ......ਜਿਸ ਦੇ ਹੱਥ ਪੈਰ ਟੇਢੇ ਹਨ । ਏਧਰ......ਕੋਹੜਾ ! ਬੋ ਆ ਰਹੀ ਹੈ ।......ਬੈਠ ਜਾਂਦੀ ਹੈ ਇਕ ਕੋਨੇ ਵਿਚ ।

ਅਖਬਾਰ ਦਾ ਇਕ ਮੈਲਾ ਟੁੱਕੜਾ ਵਿਛਾ ਲੈਂਦੀ ਹੈ ਸਾਹਮਣੇ। ਇਕ ਬੁੱਢੀ......ਉਮਰ ਅਤੇ ਭੁੱਖ ਦਾ ਬੋਝ। ਚੀਕ ਰਹੀ......ਏ ਬਾਬੂ ਸਾਬ੍ਹ ! ਏ ਭਾਈ ! ਸਾਬ੍ਹ ! ਏ ਭਾਈ ! ਸਿਰਫ ਪੰਜ ਪੈਸੇ ! ਚਾਹ ਲਈ। ਸਵੇਰ ਤੋਂ ਭੁੱਖੀ ਭਾਣੀ ਆਂ।......ਏ ਵੀਰਾ ! ਭਰਾਵਾ ! ਬੁੱਢੀ ਉਤੇ ਤਰਸ......।

ਤੇਜ਼ ਦੌੜਦੇ ਹੋਏ ਪੈਰ ਰੁਕ ਕੇ ਕੁਛ ਦੇਂਦੇ ਨਹੀਂ। ਪੁਲ ਦੀਆਂ ਪੌੜੀਆਂ ਚੜ੍ਹਦੇ ਉਤਰਦੇ ਬੋਝਲ ਹੋ ਜਾਂਦੇ ਹਨ। ਗੱਡੀਆਂ ਠਹਿਰਦੀਆਂ, ਨਾ ਠਹਿਰਦੀਆਂ ਲੰਘ ਜਾਂਦੀਆਂ ਹਨ। ਸ਼ੋਰ ਘਟਦਾ ਨਹੀਂ ਵੱਧਦਾ ਜਾਂਦਾ ਹੈ। ਚੀਕ ਰਹੀ ਹੈ ਬੁੱਢੀ ਰੋਜ਼ੀ ਨੂੰ......ਏ ਏਥੇ ਨਾ ! ਨਾ ਬੈਠ ਏਥੇ ! ਸੁਣਦੀ ਨਹੀਂ ਤੂੰ ?

ਅਖਬਾਰ ਦੇ ਖਾਲੀ ਟੁਕੜੇ ਵੱਲ ਵੇਖਦੀ ਰਹਿ ਜਾਂਦੀ ਹੈ। ਰੋਜ਼ੀ।......ਕਿੱਥੇ ਬੈਠਾਂ ਫਿਰ ?

ਦੌੜਦੀਆਂ ਹੋਈਆਂ ਆਵਾਜ਼ਾਂ ਵਿਚਕਾਰ ਚੀਕਦੀ ਹੈ ਬੁੱਢੀ......ਕਿਧਰੇ ਵੀ ਬੈਠ...... ਪਰ ਏਥੇ ਨਾ ਬੈਠ......।

—ਕਿਉਂ ?

—ਕਿਉਂ ਵਿਉਂ ਨਾ ਪੁੱਛ ਮੈਨੂੰ। ਦੂਜੇ ਪਾਸੇ ਜਾ ਕੇ ਬੈਠ ਜਾ। ਤੂੰ ਜਦੋਂ ਦੀ ਬੈਠੀ ਏਂ ਏਥੇ......ਇਕ ਪੈਸਾ ਵੀ ਨਹੀਂ ਮਿਲਿਆ ਮੈਨੂੰ......।

ਪਰ ਉਠਦੀ ਨਹੀਂ ਰੋਜ਼ੀ। ਭੱਜਦੇ ਹੋਏ ਪੈਰਾਂ ਕੋਲ ਪਏ ਅਖਬਾਰ ਦੇ ਖਾਲੀ ਟੁਕੜੇ ਨੂੰ ਵੇਖਦੀ ਰਹਿੰਦੀ ਹੈ......ਏ ਬਾਬੂ ! ਸੇਠ ਸਾਹਿਬ ! ਭਾਈ......ਗਰੀਬ 'ਤੇ ਤਰਸ ਕਰ। ਪਰਮਾਤਮਾ ਦੇ ਨਾਂ......। ਭੀੜ ਦੀਆਂ ਵਧਦੀਆਂ ਕਤਾਰਾਂ ਸੰਗ ਵਧਦੀਆਂ ਆਵਾਜ਼ਾਂ। ਫਿਰ ਢੇਰ ਚਿਰ......।

—ਏ......ਮੈਂ ਤੈਨੂੰ ਸਮਝਾਇਆ......ਇਥੋਂ ਚਲੀ ਜਾ। ਉਧਰ ਬੈਠ ਕਿਧਰੇ ਵੀ। ਉਸ ਨੁੱਕਰ ਵਿਚ। ਏਥੇ ਤੈਨੂੰ ਵੀ ਕੁਝ ਨਹੀਂ ਮਿਲੇਗਾ ਅਤੇ ਮੈਨੂੰ ਵੀ......।

ਮੋੜ ਲੈਂਦੀ ਹੈ ਅਖਬਾਰ ਦੇ ਖਾਲੀ ਟੁਕੜੇ ਨੂੰ। ਉਠ ਕੇ ਖੜੀ ਹੋ ਜਾਂਦੀ ਹੈ। ਲੰਗੜਾਉਂਦੀ ਹੋਈ ਜਾਂਦੀ ਹੈ ਦੂਜੀ ਨੁੱਕਰ ਵਿਚ। ਬੈਠਣ ਦੀ ਕੋਸ਼ਿਸ਼ ਕਰਦੀ ਹੈ। ਇਕ ਵਿਲਕਵੀਂ ਆਵਾਜ਼ ......ਏਥੇ ਨਹੀਂ......।

ਧੜ ਦੇ ਕੋਲੋਂ ਕੱਟ ਗਈਆਂ ਹਨ ਦੋਵੇਂ ਲੱਤਾਂ। ਲਾਲ ਅੱਖਾਂ ਨਾਲ ਤੱਕ ਰਿਹਾ ਹੈ। ਇਕ ਛੋਟੇ ਫਟੇ ਉਪਰ ਛੋਟੇ ਛੋਟੇ ਚਾਰ ਪਹੀਏ। ਸਰਕਦਾ ਜਾਂਦਾ ਹੈ ਹੱਥਾਂ ਦੇ ਭਾਰ। ਫਟੀ ਹੋਈ ਨੀਲੀ ਕਮੀਜ਼ ! ਰੇਲ ਦਾ ਪੋਰਟਰ ਹੋਣ ਦੀ ਨਿਸ਼ਾਨੀ।......ਨਈਂ ਨਈਂ ! ਇੱਥੇ ਨਾ ਬੈਠੀਂ ਤੂੰ......।

—ਕਿਉਂ ਨਾ ਬੈਠਾਂ ?

—ਤੁਹਾਡੇ ਕੋਹੜਿਆਂ ਲਈ ਉਸ ਪਾਸੇ......ਓਧਰ ! ਏਥੇ ਨਈਂ।......ਏ ਦਾਤਾ ! ਏ

ਭਾਈ।......ਤੂੰ ਦੌੜ ਏਥੋਂ......ਮੇਰਾ ਧੰਦਾ ਖੋਟਾ ਨਾ ਕਰ......।

ਸਾਲਾ ਮਾਂ......ਮੁੜਦੀ ਹੈ ਲੰਗੜਾਉਂਦੀ ਹੋਈ......।

ਹੁਣ ਚੜ੍ਹ ਗਿਆ ਹੈ ਸੂਰਜ। ਹੋਰ ਤੇਜ਼ੀ ਨਾਲ ਦੌੜ ਰਹੇ ਹਨ ਪੈਰ। ਤੇਜ਼ ਗੱਡੀਆਂ ਅਤੇ ਤੇਜ਼ ਆਵਾਜ਼ਾਂ। ਕੇਲੇ......ਸੰਤਰੇ......ਅੰਬ......ਅੰਡਰਵੀਅਰ......ਬਨੈਣਾਂ......ਰੁਮਾਲ... ...ਪਲਾਸਟਿਕ......ਖਿਡੌਣੇ......ਪਿੰਨ......ਰਬੜ.. ...ਕੰਘੇ......ਬਾਲ ਪੈੱਨ......ਰੀਫਿਲ ......ਵਨ ਰੁਪੀਜ਼......ਵਨ ਰੁਪੀਜ਼।

ਬੈਠੀ ਹੈ ਇਕ ਕੋਨੇ ਵਿਚ ਚੁੱਪ ਚਾਪ। ਨਹੀਂ ਫੈਲਾਇਆ ਅਖਬਾਰ। ਸਿਰਫ਼ ਸੁਣਨ ਲਗੀ ਆਵਾਜ਼ਾਂ।......ਮਾਂ ਦੀ......।......ਜਿਥੇ ਵੀ ਜਾਓ......ਕਹਿੰਦੇ ਨੇ ਏਥੇ ਨਹੀਂ ਬੈਠਣਾ। ਏਥੇ ਨਹੀਂ ਬੈਠਣਾ ਤਾਂ ਕਿੱਥੇ ਬੈਠੀਏ !......ਹੁਣ ਉਠ ਪਿਆ ਹੋਵੇਗਾ ਜੱਬਾਰ......।

ਖੇਡ ਰਹੇ ਹਨ ਮੰਗਤੇ-ਬਾਲ। ਥੱਕ ਜਾਂਦੇ ਹਨ ਖੇਡਦੇ ਖੇਡਦੇ। ਮੰਗਣ ਲਗਦੇ ਹਨ ਭੀਖ।......ਏ ਬਾਬੂ ਪੈਸਾ......ਸਿਰਫ ਇਕ ਪੈਸਾ। ਏ ਰਾਜੇਸ਼ ਖੰਨਾ ਬਾਬੂ ਸਾਬ੍ਹ ! ਏ ਦੇਵਾ ਨੰਦ ਬਾਬੂ ਸਾਬ੍ਹ। ਇਕ ਪੰਜ ਪੈਸਾ......ਸਿਰਫ ਇਕ ਪੰਜ ਪੈਸਾ। ਸਿਰਫ ਇਕ......। ਭੀਖ ਮੰਗਦੇ ਮੰਗਦੇ ਥੱਕ ਜਾਂਦੇ ਹਨ। ਫਿਰ ਖੇਡਣ ਲਗ ਪੈਂਦੇ ਹਨ।......ਏ ਮੇਰੀ ਹਮਜੋਲੀ ਆ... ਖੇਲੇ ਆਂਖ ਮਚੋਲੀ ਆ......। ਦੌੜਦੇ ਹਨ ਇਸ ਪਾਸੇ......ਉਸ ਪਾਸੇ ਪੁਲ ਦੇ ਹੇਠਾਂ ...ਅਤੇ ਉਪਰ......ਦੌੜਦੀ ਹੋਈ ਭੀੜ ਦੇ ਵਿਚਕਾਰ। ਥੱਕ ਜਾਂਦੇ ਹਨ।.. ...ਬਾਬੂ ਸਾਬ੍ਹ। ਇਕ ਪੈਸਾ......ਰੱਬ ਤੁਹਾਡੇ ਬੱਚਿਆਂ ਨੂੰ ਸਲਾਮਤ ਰਖੇਗਾ। ਏ ਬਾਬੂ ਸਾਬ੍ਹ।......ਸੋਨੀਆ... ...ਰਾਮਾ......ਮੰਮਦ ..।

ਦੋਵੇਂ ਪਾਸੇ ਬੈਠੇ ਹੋਏ ਕੋਹੜੇ......ਔਰਤਾਂ ਅਤੇ ਆਦਮੀ ! ਨੱਕ ਫਿਸਿਆ ਹੋਇਆ...... ਉਂਗਲਾਂ ਸੜੀਆਂ ਹੋਈਆਂ। ਫੁਲਿਆ ਹੋਇਆ ਜਿਸਮ। ਫੈਲੇ ਹੋਏ ਛਾਲੇ ਲਿਬੜੇ ਹੋਏ ਕਪੜੇ ਅਤੇ ਫੈਲੀ ਹੋਈ ਬੋ। ਹੌਲੀ ਹੌਲੀ ਦਬਾਉਂਦੇ ਹਨ ਆਪਣੇ ਜ਼ਖਮਾਂ ਨੂੰ। ਹੌਲੀ ਹੌਲੀ ਪੂੰਝਦੇ ਹਨ ਖੂਨ। ਚੁਪ ਹਨ......ਅਤੇ ਬੋਲਦੇ ਹਨ। ਤੱਕੀ ਜਾਂਦੀ ਹੈ ਰੋਜ਼ੀ।......ਜ਼ਮੀਨ ਉਤੇ ਵਿਛਾ ਦਿਤੇ ਹਨ ਕਪੜੇ। ਸੌਂ ਗਏ ਛੋਟੇ ਛੋਟੇ ਬੱਚੇ। ਇਕ ਸੜਿਆ ਹੋਇਆ ਕੇਲਾ ਚੁੱਕ ਲਿਆਇਆ ਹੈ ਕਿਧਰੋਂ। ਗਲੀ ਹੋਈ ਉਂਗਲੀ ਨਾਲ ਰਗੜ ਕੇ ਛਿੱਲਣ ਦੀ ਕੋਸ਼ਿਸ਼ ਕਰਦਾ ਹੈ......ਨਹੀਂ ਛਿਲਿਆ ਜਾਂਦਾ। ਫਿਰ ਕੋਸ਼ਿਸ਼ ਕਰਦਾ ਹੈ......ਅਸਫਲ !

—ਤੂੰ ਨਵੀਂ ਆਈ ਏਂ ਏਥੇ। ਕਿਥੋਂ ਆਈ ਏਂ ?

ਇਕ ਪੰਜ ਪੈਸੇ ਦਾ ਸਿੱਕਾ ਸੁੱਟ ਦਿੱਤਾ ਹੈ ਕਿਸੇ ਨੇ। ਪਹਿਲਾ ਸਿੱਕਾ। ਦੇਖਦੀ ਰਹਿੰਦੀ ਹੈ ਰੋਜ਼ੀ। ਚੁੱਕੇ ਜਾਂ ਨਾ ਚੁੱਕੇ।

—ਤੂੰ ਅੱਜ ਈ ਆਈ ਏਂ ਨਾ ਏਧਰ, ਹੈ ਨਾ ?

—ਹਾਂ......ਅੱਜ ਈ।

ਹੱਸਦਾ ਹੈ ਕੋਹੜਾ ।... ..ਤਾਂਹੀਓਂ......ਤੇਰੀ ਸ਼ਕਲ ਦੇਖਦਿਆਂ ਈ ਮੈਂ ਕਹਿ ਦਿੱਤਾ ਸੀ ਕਿ ਤੂੰ ਨਵੀਂ ਆਈਂ ਏਂ ਏਧਰ ।

ਕੇਲਾ ਛਿਲਿਆ ਨਹਾਂ ਜਾਂਦਾ । ਉਂਜ ਹੀ ਖਾ ਲਿਆ ਜਿਵੇਂ ਕਿਵੇਂ । ਫੂਲ ਗਿਆ ਸਾਰਾ ਸਰੀਰ । ਜਿਵੇਂ ਅੰਦਰੋਂ ਪੋਲਾ ਹੋ ਗਿਆ ਹੋਵੇ । ਦੋ ਛੇਕਾਂ ਨੇੜੇ ਉਭਰਿਆ ਹੋਇਆ ਨੱਕ । ਗਲ ਕੇ ਜੜ੍ਹਾਂ ਤਕ ਪਹੁੰਚ ਗਈਆਂ ਹਨ ਉਂਗਲਾਂ । ਖਾਣਾ ਬੰਦ ਨਹੀਂ ਕਰਦਾ । ਬਹੁਤ ਕੁਝ ਜਮ੍ਹਾਂ ਕਰ ਲਿਆਇਆ ਹੈ ਪੁਰਾਣੇ ਕਪੜਿਆਂ ਵਿਚ । ਸੜਿਆ ਹੋਇਆ ਅੰਬ......ਸੁੱਟੀ ਹੋਈ ਜੂਠ...... ਡਬਲ ਰੋਟੀਆਂ ਦੇ ਛਿਲਕੇ......।

—ਸਵੇਰ ਵੇਲੇ ਏਥੇ ਪੈਸੇ ਨਹੀਂ ਮਿਲਦੇ......ਸਭ ਭੱਜੇ ਜਾਂਦੇ ਹਨ । ਕਿਸੇ ਨੂੰ ਰਕਣ ਦਾ ਟੈਮ ਨਹੀਂ । ਸੰਧਿਆਂ ਵੇਲੇ ਰੁਪਿਆ ਦੋ ਰੁਪਿਆ ਬਣ ਜਾਂਦੇ ਨੇ ।......ਤੂੰ ਖਾਏਂਗੀ ?

ਉਂਗਲੀਆਂ ਦੇ ਠੂਠ ਰਗੜੀ ਜਾ ਰਿਹਾ ਹੈ ਸੜੇ ਹੋਏ ਅੰਬਾਂ ਵਿਚ । ਖਾਏਗੀ ਰੋਜ਼ੀ ? ਭੁੱਖ ਲਗੀ ਹੈ । ਜੱਬਾਰ ਉਠ ਗਿਆ ਹੋਵੇਗਾ । ਸਾਹਮਣੇ ਪਿਆ ਹੈ ਪੰਜ ਪੈਸੇ ਦਾ ਸਿੱਕਾ । ਅੱਠ ਪੈਸੇ ਦਾ ਛੋਟਾ ਪਾਵ । ਦੋ ਪਾਵ ਅਤੇ ਦੋ ਚਾਲੂ ਚਾਹ ।......ਫਿਰ ਸੁੱਟਿਆ ਕਿਸੇ ਇਕ ਸਿੱਕਾ । ਹੱਥ ਵਧਾ ਕੇ ਚੁੱਕ ਲੈਂਦੀ ਹੈ । ਹੱਸਦਾ ਹੈ ਕੋਹੜਾ । ਸੁੱਟਿਆ ਤਾਂ ਮੇਰੇ ਵੱਲ ਸੀ......ਪਰ ਡਿੱਗਿਆ ਤੇਰੇ ਕੋਲ । ਤੇਰਾ ਨਸੀਬ......।

ਦਸ ਵਜ ਗਏ ਹੁਣ । ਧੁੱਪ ਚੜ੍ਹ ਆਈ ਖ਼ੂਬ । ਪਰ ਭੀੜ ਘੱਟਦੀ ਨਹੀਂ । ਮੁੰਡੇ ਉਲਟ-ਬਾਜ਼ੀਆਂ ਮਾਰ ਰਹੇ ਹਨ ਅਤੇ ਗਾ ਰਹ ਹਨ......ਮੇਰੇ ਸਪਨੋਂ ਕੀ ਰਾਨੀ ! ਹਾਏ...ਹਾਏ ! ਹੁਲਾ ਹੂ ! ਹਾਏ ਹਾਏ ! ਮੇਰੇ ਸਪਨੋਂ ਕੀ ਰਾਨੀ । ਬਾਬੂ ਸਾਬੂ ! ਇਕ ਪੈਸਾ......।

—ਮੈਂ ਤੈਨੂੰ ਕਿਹਾ ਏ......ਓਧਰ ਮਸਜਿਦ ਦੇ ਕੋਲ ਟਰਾਈ ਕਰ । ਚਾਹ-ਪਾਣੀ ਦਾ ਬੰਦੋਬਸਤ ਹੋ ਜਾਏਗਾ । ਏਥੇ ਇਕ ਪੈਸਾ ਚਾਹ ਲਈ ਮਿਲਣਾ ਵੀ ਨਸੀਬਾਂ ਵਿਚ ਕਿੱਥੇ !

—ਤੂੰ ਰੋਜ਼ ਏਥੇ ਬੈਠਦਾ ਏਂ ਆ ਕੇ ?

ਆ ਕੇ ਕੀ ਭਲਾ ? ਮੈਂ ਤਾਂ ਰਹਿੰਨਾ ਈ ਏਥੇ ਆਂ । ਰਾਤੀਂ ਵੀ ਇੱਥੇ ਹੀ ਪੈ ਜਾਂਦਾ ਆਂ... ਏਹ ਜਗ੍ਹਾ ਏ ਆਪਣੇ ਸੌਣ ਦੀ ।

ਚੁੱਪਚਾਪ ਸੋਚਦੀ ਰਹਿੰਦੀ ਹੈ ।......ਤੈਨੂੰ ਖਾਣ ਪੀਣ ਲੱਭ ਜਾਂਦਾ ਏ ਏਥੇ ?

ਫਿਰ ਹੱਸਦਾ ਹੈ ।......ਮੇਰਾ ਇਸ ਭੀਖ ਉੱਪਰ ਭਲਾ ਕਦੋਂ ਚਲਦੈ ? ਮਿਲਿਆ ਤਾਂ ਮਿਲ ਗਿਆ......ਨਾ ਮਿਲਿਆ ਤਾਂ ਨਾ ਈ ਮਿਲਿਆ । ਆਪਾਂ ਉੱਥੇ ਜਾ ਕੇ ਸਭ ਚੁੱਕ ਲਿਆਈਦਾ ਹੈ......ਇਹ ਖਾਣਾ ।

ਦੋਹਾਂ ਹਥੇਲੀਆਂ ਵਿਚ ਥਮ੍ਹਾ ਕੇ ਚੂਸਦਾ ਹੈ ਗਿੱਟਕ ਨੂੰ । ਦੇਖਦੀ ਰਹਿੰਦੀ ਹੈ ਰੋਜ਼ੀ । ਆਉਂਦੇ ਹੋਏ ਪੈਰ......ਜਾਂਦੇ ਹੋਏ ਪੈਰ......ਆਉਂਦੇ ਰਹਿੰਦੇ ਹਨ......ਜਾਂਦੇ ਰਹਿੰਦੇ ਹਨ......।

ਗੋਲ ਪਾਈਪ ਵਿਚ ਰੋਈ ਜਾਂਦਾ ਹੈ ਕਾਲਾ ਬੱਚਾ । ਕਿਸੇ ਕਾਲੇ ਮਜ਼ਦੂਰ ਦੀ ਔਲਾਦ । ਗਾਲ੍ਹਾਂ

ਕੱਢਦੀ ਹੈ ਮਰੀਅਮ......ਕਿਉਂ ਆਇਐਂ ? ਤੂੰ ਸਾਲਾ ਮਰਦੂਦ ? ਮੇਰੀ ਜ਼ਿੰਦਗੀ ਨੂੰ ਨਰਕ ਬਣਾਉਣ ਲਈ ? ਕਿਸ ਬੁਲਾਇਆ ਸੀ ਤੈਨੂੰ ? ਹੁਣ ਮੈਂ ਤੈਨੂੰ ਸਾਂਭਾਂ ਕਿ ਧੰਦਾ ਕਰਾਂ । ਹਰਾਮੀ ਦੀ ਔਲਾਦ ।

ਪਰ ਕੁਝ ਨਹੀਂ ਸਮਝਦਾ । ਰੋਈ ਜਾਂਦਾ ਹੈ ਛੋਟਾ ਆਦਮੀ । ਰੋਈ ਜਾਂਦਾ ਹੈ । ਮਿੱਟੀ ਦੇ ਪਿਆਲੇ ਵਿਚ ਦੁੱਧ ਲਿਆਈ ਹੈ ਪਾਰਬਤੀ । ਇਕ ਮੈਲੇ ਕਪੜੇ ਦੀ ਬੱਤੀ ਬਣਾਕੇ ਡੁਬੋਂਦੀ ਹੈ ਦੁੱਧ ਵਿਚ । ਲਾ ਦੇਂਦੀ ਹੈ ਬੱਚੇ ਦੇ ਮੂੰਹ ਨਾਲ । ਚੂਸਣ ਲਗਦਾ ਹੈ । ਰੋਣਾ ਬੰਦ । ਸਮਝਾ ਰਹੀ ਹੈ ਪਾਰਬਤੀ ।......ਏਹਨੂੰ ਕਿਉਂ ਗਾਲ੍ਹਾਂ ਕੱਢਦੀ ਏਂ ? ਏਸ ਵਿਚਾਰੇ ਨੂੰ ਕੀ ਪਤਾ ਸੀ ? ਕਿੰਨਾ ਭੋਲਾ ਮੁੰਡਾ ਏ ।

ਪਈ ਪਈ ਹੋਰ ਖਿੱਝਦੀ ਹੈ ਮਰੀਅਮ......। ਭੋਲਾ ਏ ਤਾਂ ਕੀ ਮੈਂ ਦੇਖਾਂ ਏਹਦੀ ਸ਼ਕਲ ਬੈਠ ਕੇ ? ਅੱਜ ਨਹੀਂ ਤਾਂ ਕੱਲ ......ਨਹੀਂ ਤਾਂ ਪਰਸੋਂ......ਮੈਨੂੰ ਨਿਕਲਣਾ ਪਏਗਾ ਏਥੋਂ । ਇਹ ਨੂੰ ਕਿੱਥੇ ਛੱਡਾਂਗੀ ? ਸਾਲਾ ਆ ਗਿਆ ਮੇਰੀ ਜਾਨ ਲੈਣ ਨੂੰ । ਰਹਿਣ ਦੇ ਨਾ ! ਕਿਉਂ ਦੁੱਧ ਪਿਆਉਂਦੀ ਏਂ ਤੂੰ ! ਮਰਨ ਦੇ ਸਾਲੇ ਨੂੰ......!

ਚੁੱਪਚਾਪ ਦੇਖਦੀ ਰਹਿੰਦੀ ਹੈ ਪਾਰਬਤੀ ।......ਮੈਂ ਦਸਾਂ ਮਰੀਅਮ ! ਇਹ ਬੱਚਾ ਜ਼ਿੰਦਾ ਰਹਿਣ ਲਈ ਨਹੀਂ ਆਇਆ । ਆਪਣੇ ਆਪ ਈ ਮਰ ਜਾਏਗਾ......ਤੂੰ ਕਿਉਂ ਫਿਕਰ ਕਰਦੀ ਏਂ ?

ਚੀਕਦੀ ਏ ਮਰੀਅਮ......ਜਿਵੇਂ ਭੰਨ ਲਵੇਗੀ ਆਪਣਾ ਸਿਰ ।......ਕਦੋਂ ਮਰੇਗਾ ? ਮੈਨੂੰ ਮਾਰ ਕੇ ਹੀ ਮਰੇਗਾ......ਇੰਜ ਨਹੀਂ ਮਰਦਾ......।

ਭੁੱਖ ਨਾਲ ਤਿਲਮਿਲਾ ਰਹੀ ਹੈ ਅੰਦਰੋ ਅੰਦਰ । ਕੁਝ ਮਿਲ ਜਾਂਦਾ ਖਾਣ ਨੂੰ ! ਪਰ ਨਹੀਂ ਮਿਲੇਗਾ । ਗੰਦੇ ਕਪੜੇ ਦੀ ਬੱਤੀ ਚੂਸੀ ਜਾ ਰਿਹਾ ਹੈ ਕਾਲਾ ਬੱਚਾ ।......ਅੰਨ੍ਹਾ ਹੈ ਰੱਬ ਵੀ । ਰੰਡੀ ਦਾ ਧੰਦਾ ਕਰਨ ਵਾਲੀ ਨੂੰ ਦੇ ਦਿਤਾ ਬੱਚਾ......।

ਸੜਕ......ਘੁੰਮ ਰਹੀਆਂ ਹਨ ਰੰਡੀਆਂ......ਦਿਨ ਦਿਹਾੜੇ । ਹੁਣ ਕੋਈ ਫਰਕ ਨਹੀਂ । ਦਿਨ ਹੋ ਗਿਆ ਰਾਤ । ਹਰ ਵੇਲਾ ਧੰਦੇ ਦਾ ਵੇਲਾ । ਜਿਵੇਂ ਹੱਥ ਫੜ ਲੈਣਗੀਆਂ ਤੁਰਦੇ ਆਦਮੀ ਦਾ ।......ਸਾਹਬ ! ਓ ਸਾਹਬ ! ਆਓ ਨਾ......ਹੋ ਜਾਏ ਫਿਰ......! ਗਾਲ੍ਹਾਂ ਕੱਢਦੇ ਹਨ ਸਾਹਿਬ ਲੋਕ ।......ਪੁਲੀਸ......ਗੌਰਮਿੰਟ......ਮਿਨਿਸਟਰ......ਸਭ ਹਰਾਮਖ਼ੋਰ ! ਕੁਝ ਨਹੀਂ ਕਰਦੇ । ਭਲੇ ਆਦਮੀਆਂ ਦਾ ਜੀਊਣਾ ਮੁਸ਼ਕਿਲ । ਨੂੰਹਾਂ-ਧੀਆਂ ਨਿਕਲ ਨਹੀਂ ਸਕਦੀਆਂ ਸੜਕ ਉਤੇ । ਬੰਦ ਹੋ ਜਾਂਦੀਆਂ ਹਨ ਸਫੇਦ ਇਮਾਰਤਾਂ ਦੀਆਂ ਖਿੜਕੀਆਂ ।

ਨੈਨਾ ਮਟਕ ਰਹੀ ਹੈ ਸੜਕ ਉਪਰ । ਕਮਰ ਉਪਰ ਜ਼ੋਰ ਦੇਂਦੀ ਹੈ । ਗਾਉਂਦੀ ਹੈ ਉੱਚੀ ਉੱਚੀ ।......ਆ ਜਾ ! ਆ ਜਾ ! ਓ ਮੇਰੇ ਰਾਜਾ......!

ਟੈਕਸੀ ਵਾਲੇ ਰੋਕ ਦੇਂਦੇ ਹਨ ਟੈਕਸੀਆਂ ।......ਆ......! ਬੈਠ ਮੇਰੀ ਗੱਡੀ ਵਿਚ... ...ਘੁੰਮਾ ਲਿਆਈਏ ਸੋਹਣਿਓਂ......।

—ਤੁਰਦਾ ਬਣ ! ਵੱਡਾ ਆਇਆ ! ਰਾਹ ਫੜ ਆਪਣਾ ।

ਪ੍ਰਾਈਵੇਟ ਗੱਡੀ ਆ ਕੇ ਰੁਕਦੀ ਹੈ ।......ਚਲਣਾ ਬਈ ?

ਚੌਂਕ ਕੇ ਦੇਖਦੀ ਹੈ ਨੈਨਾ ।......ਬਾਬੂ ਡਰੈਵਰ !

ਮੈਂ ਉਧਰ ਚਲਿਆ ਆਂ......ਸਾਬ੍ਹ ਲਈ ਸਾਮਾਨ ਲਿਆਉਣ । ਚਲ......ਘੁੰਮਾ ਲਿਆਵਾਂ ਤੈਨੂੰ......।

ਬੈਠ ਜਾਂਦੀ ਹੈ ਨੈਨਾ । ਠੂਠ ਦਿਖਾਉਂਦੀ ਹੈ ਸਲਮਾ ਅਤੇ ਹੀਰਾ ਨੂੰ । ਚੀਕਦੀ ਹੈ...... ਆ ਜਾ ! ਆ ਜਾ ! ਓ ਮੇਰੇ ਰਾਜਾ......!......ਅੱਜ ਕਲ ਤੂੰ ਬਹੁਤ ਵੱਡਾ ਆਦਮੀ ਹੋ ਗਿਆ ਏਂ ਬਾਬੂ .....ਹੈ ਨਾ ! ਦਿਸਣੋਂ ਵੀ ਗਿਆ ।

ਕੌਣ ? ਮੈਂ ? ਵੱਡਾ ਆਦਮੀ ?......ਆ ਨਾ ! ਏਥੇ ਨੇੜੇ ਸਰਕ ਆ......ਤੇਜ਼ ਦੌੜਦੀ ਹੈ ਗੱਡੀ ।

ਘੁੰਮਦੀਆਂ ਹੋਈਆਂ ਸੜਕਾਂ ਉਪਰ ਸੂਰਜ ਦੀ ਰੋਸ਼ਨੀ ਹੋਰ ਤੇਜ਼ । ਅਜੇ ਵੀ ਨਹੀਂ ਆਏ ਬੱਦਲ । ਕਿਹੋ ਜਿਹੀ ਗਰਮੀ ! ਕਿਹੋ ਜਿਹੀ ਧੁੱਪ ! ਦੌੜਨ ਵਾਲੇ ਘੱਟ ਗਏ ਹਨ । ਗੱਡੀਆਂ ਵੀ ਆ ਰਹੀਆਂ ਹਨ ਠਹਿਰ ਠਹਿਰ ਕੇ । ਸੁਸਤਾ ਰਹੇ ਹਨ ਫੇਰੀ ਵਾਲੇ ਕਿਧਰੇ ਛਾਂ ਵਿਚ । ਰੋਜ਼ੀ ਦੇ ਸਾਹਮਣੇ......ਪਏ ਹਨ ਪੰਝੀ ਪੈਸੇ ।

ਕੋਹੜੇ ਅਤੇ ਮੰਗਤੇ......ਬੱਚੇ ਅਤੇ ਵੱਡੇ......ਉਠ ਕੇ ਤੁਰਨਾ ਸ਼ੁਰੂ ਕਰ ਦੇਂਦੇ ਹਨ ਅਚਾਨਕ । ਮੈਲੇ ਕਪੜਿਆਂ ਬੁਚਕੀਆਂ ਦੀਆਂ......ਅਲਮੋਨੀਅਮ ਦੀਆਂ ਪਤੀਲੀਆਂ...... ਅਖਬਾਰਾਂ ਦੇ ਟੁਕੜੇ......ਸਭ ਕੁਝ ਸਮੇਟੀ ਤੁਰੇ ਜਾ ਰਹੇ ਹਨ ਇਕ ਪਾਸੇ । ਕਿੱਥੇ ਜਾ ਰਹੇ ਨੇ ? ਨਾਲ ਵਾਲਾ ਵੀ ਸਮੇਟ ਰਿਹਾ ਹੈ ਸਭ ਕੁਛ ।......ਤੂੰ ਵੀ ਚਲੇਂਗੀ ?

— ਕਿੱਥੇ ?

—ਉਧਰ । ਖ੍ਵਾਜਾ ਦੀ ਦਰਗਾਹ 'ਤੇ । ਸਭ ਭਿਖਾਰੀਆਂ ਨੂੰ ਖਾਣਾ ਮਿਲੇਗਾ ਖਾਣਾ ? ਇਕ ਜਲੂਸ ਤੁਰ ਪੈਂਦਾ ਹੈ ਮੈਲੀਆਂ ਪੋਟਲੀਆਂ ਦਾ......ਲੰਗੜਾਉਂਦਾ......ਘਿਸੜਦਾ...... ਅੰਨ੍ਹਾ ਰਸਤਾ ਟਟੋਲਦਾ ।

ਲੰਗੜਾਉਂਦੀ ਜਾਂਦੀ ਹੈ ਰੋਜ਼ੀ ।......ਉਧਰ ਕੀ ਦਿੰਦੇ ਨੇ ਖਾਣ ਨੂੰ ?

ਲੰਗੜਾਉਂਦਾ ਜਾਂਦਾ ਹੈ ਕੋਹੜਾ ।......ਕੀਮਾ ਦੇਂਦੇ ਨੇ......ਪਾਵ......ਹੋਵੇ ਤਾਂ ਹਲਵਾ ਵੀ ਦੇ ਦੇਂਦੇ ਨੇ ।

ਲੰਗੜਾਉਂਦਾ ਜਾਂਦਾ ਹੈ ਪੂਰਾ ਕਾਫ਼ਲਾ । ਇਕ ਪੋਰਟਰ ਜੋ ਘਸੀਟ ਕੇ ਜਾ ਰਿਹਾ ਹੈ ਦੋਵਾਂ ਹੱਥਾਂ ਦੇ ਬਲ਼ । ਇਕ ਔਰਤ ਜਿਸ ਦੀ ਗੋਦ ਵਿਚ ਚਿਪਕਿਆ ਹੋਇਆ ਬੱਚਾ । ਇਕ ਬੱਚਾ ਜੋ ਸਰਕ ਰਿਹਾ ਹੈ ਫੌੜੀਆਂ ਦੇ ਸਹਾਰੇ । ਮੋਟਰਾਂ......ਬੱਸਾਂ ਅਤੇ ਲਾਰੀਆਂ । ਦੁਕਾਨਾਂ ਅਤੇ ਠੇਲ੍ਹੇ... ...ਹੱਥ ਗੱਡੀਆਂ । ਉਸ ਪਾਸੇ......ਉਸ ਪਾਰ । ਖ੍ਵਾਜਾ ਦੀ ਦਰਗਾਹ......ਸਾਗਰ ਦੇ ਕੋਲ ।

ਰਸਤਾ ਛੋਟਾ......ਪਰ ਬਹੁਤ ਲੰਬਾ......ਕਿਉਂਕਿ ਲੜਖੜਾਉਂਦੇ ਜਾਂਦੇ ਹਨ ਕਦਮ । ਧੁੱਪ ਬਹੁਤ ਤੇਜ਼ । ਗਰਮੀ ਅਤਿ ਦੀ । ਕਿਉਂਕਿ ਨਹੀਂ ਆਏ ਬੱਦਲ ਅਜੇ ਤਕ । ਕਿੱਥੇ ਹੋਵੇਗਾ ਜੱਬਾਰ ? ਉਠ ਕੇ ਚਲਾ ਗਿਆ ਹੋਵੇਗਾ ਕਿਧਰੇ । ਨਹੀਂ । ਕਿਧਰੇ ਜਾਏਗਾ ਨਹੀਂ । ਦੇਖ ਲਵੇਗਾ ਕੋਈ । ਅੰਦਰ ਹੋ ਜਾਵੇਗਾ ਦੁਬਾਰਾ । ਪਿਆ ਹੋਵੇਗਾ ਉਥੇ ਈ ਕਾਲੇ ਪੱਥਰਾਂ ਵਿਚਕਾਰ ।...... ਨਹੀਂ ! ਤੂੰ ਜਾਈਂ ਨਾ ਜੱਬਾਰ ! ਪੈਸਾ ਵੀ ਨਹੀਂ ਤੇਰੇ ਕੋਲ । ਮੈਂ ਆਈ ਹੁਣੇ ਈ......।

ਹੋਰ ਤੇਜ਼ ਲੰਗੜਾਉਂਦੀ ਹੈ ਰੋਜ਼ੀ । ਪੁੱਛਦੀ ਹੈ ਘੁੰਮ ਕੇ......ਕਿੰਨਾ ਦਿੰਦੇ ਨੇ ਖਾਣ ਨੂੰ ? ਪੂਰਾ ਢਿੱਡ ਭਰਕੇ......ਕਿ ਥੋੜ੍ਹਾ ?

—ਢਿੱਡ ਭਰ ਕੇ ਦਿੰਦੇ ਨੇ......ਅਤੇ ਘੱਟ ਵੀ । ਸਭ ਦੇਣ ਵਾਲੇ 'ਤੇ ਨਿਰਭਰ ਏ । ਤੂੰ ਹੌਲੇ ਹੌਲੇ ਚੱਲ......ਏਨੀ ਤੇਜ਼ ਕਿਉਂ ਦੌੜਦੀ ਏਂ ?

ਗਲੀਆਂ ਰਹਿ ਗਈਆਂ ਪਿਛੇ । ਸੜਕ ਰਹਿ ਗਈ ਪਿਛੇ ! ਆ ਗਏ ਆਖਰੀ ਸਿਰੇ । ਦੂਰ ਦਿਖਾਈ ਦੇਂਦੀ ਹੈ ਦਰਗਾਹ । ਚਾਰੇ ਪਾਸੇ ਭੀੜ......ਆਦਮੀਆਂ ਦੀ..... ਕੁੱਤਿਆਂ ਦੀ......ਕਾਵਾਂ ਦੀ । ਚਾਰੇ ਪਾਸੇ... ਫੁੱਲ ਹੀ ਫੁੱਲ । ਹੌਲੀ ਹੌਲੀ ਧੁਖ ਰਹੀਆਂ ਹਨ ਧੂਫ-ਬੱਤੀਆਂ......ਧੂੰਆਂ ਫੈਲ ਰਿਹਾ ਹੈ ਘੁੰਮ ਘੁੰਮ ਕੇ । ਮਜ਼ਾਰ ਉਪਰ ਸਾਫ ਚੱਦਰ । ਧਾਗੇ ਵਿਚ ਪਰੋਏ ਫੁੱਲਾਂ ਦੀਆਂ ਲਕੀਰਾਂ ।......ਮੁਹੰਮਦ.. ...ਅਲੀ ।......ਪਿਛੇ ਹੱਟ ! ਪਿਛੇ ਹੱਟ ! ਏ ਮਾਂ......! ਇਕ ਧਰਾਂਗਾ......ਉਧਰ ਲੈਨ ਵਿਚ......ਏਥੇ ਨਈਂ । ਕੋਹੜੇ ਉਧਰ...... ਮੰਗਤੇ ਉਧਰ । ਸਭ ਕਤਾਰ ਵਿਚ (ਕੁੱਤੇ ਅਤੇ ਕਾਂ ਵੀ) । ਬਿਸਮਿਲਾ ਅਲ ਰਹਿਮਾਨ ਅਲ ਰਹੀਮ । ਨਸਰਮਨ ਅੱਲਾਹ ਫ਼ਤਹ ਕਰੀਮ......।

—ਏ ਦਾਤਾ ! ਏ ਸਖੀ ! ਮੈਨੂੰ ਦੇ......ਮੈਨੂੰ ਵੀ ਦੇ......।

—ਸਖੀ ! ਮੈਨੂੰ ਵੀ......ਏਧਰ......ਕੱਲ ਦਾ ਭੁੱਖਾ ਆਂ......।

—ਏ ਮੈਨੂੰ ਵੀ । ਅੱਲਾ ਤੈਨੂੰ ਬਰਕਤ ਪਾਵੇ......।

—ਹੱਟ ਏਧਰੋਂ ।......ਮੈਨੂੰ......ਸਵੇਰ ਦਾ ਪਿਆ ਆਂ ਤੇਰੇ ਦਰ 'ਤੇ......।

—ਏ ਏ ਏ ! ਧੱਕੇ ਕਿਉਂ ਮਾਰਦੈਂ ?......ਏ ਵੀਰਾ ! ਬੁੱਢੀ 'ਤੇ ਵੀ ਤਰਸ ਖਾ...... ਬਹੁਤ ਭੁੱਖੀ ਆਂ ।......ਦੇ ਦੇ......।

—ਦੋ ਦੋ ਵਾਰੀ ਲੈ ਗਈ ਏ । ਹੁਣ ਫਿਰ ਆਈ ਏ ।......ਨਾ ਵੀਰਾ ! ਏਹਨੂੰ ਨਾ ਦਈਂ... ...ਮੈਨੂੰ ਦੇਈਂ......।

ਇਨਲਾਹਯੂਹਿਬੁਲ ਮੁਹਸਿਨੀਨ । ਕੰਧਾਂ ਉਪਰ ਲਿਖੇ ਹਰਫ਼ ।......ਬਣ ਗਈ ਕਤਾਰ । ਬੈਠ ਗਏ ਕੋਹੜੇ ।......ਕੀਮਾ ਅਤੇ ਪਾਵ......ਏਧਰ ਦੇਣਾ......ਓਸ ਪਾਸੇ ਦੇਣਾ । ਖਾ ਰਹੀਆਂ ਹਨ ਔਰਤਾਂ । ਗੰਦੀਆਂ ਧੋਤੀਆਂ ਵਿਚ ਬੰਨ੍ਹ ਰਹੀਆਂ ਹਨ । ਮੰਗਤੇ......ਅਖਬਾਰਾਂ ਦੇ ਟੁਕੜੇ ਲਪੇਟ ਰਹੇ ਹਨ । ਅਲਮੋਨੀਅਮ ਦੇ ਵੱਡੇ ਵੱਡੇ ਪਤੀਲੇ ਖਾਲੀ ਹੋਈ ਜਾ ਰਹੇ ਹਨ ।......ਵੰਡਣ ਵਾਲੇ...... ਡਾਂਟਦੇ ਹਨ......ਹੋਰ ਡਾਂਟਦੇ ਹਨ......ਅਤੇ ਗਾਲ੍ਹਾਂ ।......ਏ ਭੈਣ ਦਿਆ ਖਸਮਾਂ ! ਦੋ ਦੋ ਵਾਰੀ

ਲੈਂਦਾ ਏਂ......ਝੂਠ ਬੋਲਦਾ ਏਂ ਸਾਲਿਆ। ਓਹ ਕੀ ਲੁਕਾਇਆ ਈ ਓਧਰ ? ਕੱਢ। ਕੱਢ......ਤੈਨੂੰ ਕਿਹਾ ਏ......ਨਹੀਂ ਤਾਂ ਮਾਰਾਂਗਾ ਈ ਲੱਤ......।

ਬਤਇਜ਼ੋ ਮਨ ਤਸ਼ਾਆ। ਜਿਹਨੂੰ ਚਾਹੁੰਦਾ ਹੈ......ਇੱਜ਼ਤ ਦੇਂਦਾ ਹੈ......ਮਾਰ ਦੇਂਦਾ ਹੈ ਠੱਪੜ। ਦੇਂਦਾ ਹੈ ਇਕ ਧੱਕਾ। ਡਿੱਗ ਪੈਂਦਾ ਹੈ ਚੋਰੀ ਦਾ ਮਾਲ। ਤਿੰਨ ਪਾਵ ਅਤੇ ਕੀਮਾ... ਹੋਰ ਕੁਛ ਨਹੀਂ। ਖਿੱਲਰ ਜਾਂਦੇ ਹਨ ਜ਼ਮੀਨ ਉਤੇ। ਝਪਟ ਪੈਂਦੇ ਹਨ ਕੁੱਤੇ।

ਡਰ ਜਾਂਦੀ ਹੈ ਰੋਜ਼ੀ। ਦੋ ਪਾਵ ਲੁਕਾ ਰਖੇ ਹਨ। ਕੀਮਾ ਵੀ। ਕਿਧਰੇ ਡਿਗ ਈ ਨਾ ਪੈਣ ਖੁਲ੍ਹ ਕੇ। ਖਿਲਰ ਜਾਣਗੇ ਸਭ ਦੇ ਸਾਹਮਣੇ। ਹੱਟ ਜਾਂਦੀ ਹੈ ਪਰੇ। ਦੋ ਪਾਵ ਅਤੇ ਕੀਮਾ... ਜੱਬਾਰ ਲਈ। ਹੁਣ......ਆਪਣੇ ਲਈ ਮਿਲ ਜਾਂਦਾ ਕੁਛ......ਪਰ ਡਰ ਲਗਦਾ ਹੈ।

ਚੀਕ ਰਿਹਾ ਹੈ ਵੰਡਣ ਵਾਲਾ।......ਇਨ੍ਹਾਂ ਲੋਕਾਂ ਦੇ ਢਿੱਡ ਨੇ ਕਿ ਖੂਹ......ਪਤਾ ਨਹੀਂ ਕਿਵੇਂ ਪਚਾਉਂਦੇ ਨੇ। ਹੱਟ ਪਿਛੇ ! ਪਿਛੇ ਹੱਟ ਕਿਹਾ ਏ ਨਾ। ਸਾਲੇ ਖਾਣਗੇ ਢਿੱਡ ਤੂਸ ਤੂਸ ਕੇ......ਪਰ ਦੁਆ ਦਾ ਇਕ ਲਫ਼ਜ਼ ਵੀ ਨਹੀਂ ਬੋਲਣਗੇ।......ਦੇਂਦਾ ਹੈ। ਦੇਂਦਾ ਹੈ ਇਕ ਪਾਵ ਅਤੇ......ਪਹਿਲਾਂ ਦੁਆ ਦੇ। ਬੋਲ ਦੁਆ......।

ਅੱਲਾ ਬਰਕਤ ਪਾਏ। ਏਧਰ ਵੀ ਛਾ ਬਾਬਾ......।

—ਬਾਲ ਬੱਚੇ ਦੀ ਖ਼ੈਰ। ਇਕ ਏਧਰ ਵੀ ਦੇ ਦੇ...... ।

—ਸੁਖੀ ਰਹੋ। ਭਗਵਾਨ ਤੇਰਾ ਭਲਾ ਕਰੇਗਾ। ਇਕ ਪਾਵ। ਥੋੜ੍ਹਾ ਜਿਹਾ ਕੀਮਾ ਵੀ ਦੇਣਾ......।

ਅਸੀਸਾਂ ਦੇ ਰਹੇ ਹਨ ਮੰਗਤੇ। ਕਿਹਨੂੰ ਦੇ ਰਹੇ ਹਨ ?

—ਤੂੰ ਏਥੇ ਕਿਉਂ ਖੜੀ ਏਂ ?......ਉਹੀ ਫਿਸਿਆ ਹੋਇਆ ਨੱਕ।......ਓਧਰ ਜਾ ਕੇ ਲੈਂਦੀ ਕਿਉਂ ਨਹੀਂ ?

—ਡਰ ਲਗਦਾ ਏ ਮੈਨੂੰ !......ਦੁਬਕੀ ਪਈ ਹੈ ਰੋਜ਼ੀ।

—ਚਲ ਤੂੰ ਮੇਰੇ ਨਾਲ।

ਲੰਗੜਾਉਂਦੇ ਹੋਏ ਦੋਵੇਂ ਫਿਰ ਪਹੁੰਚ ਜਾਂਦੇ ਹਨ ਕਤਾਰ ਵਿਚ।

ਨਸਤਰਮਨ ਅੱਲ੍ਹਾ......ਫ਼ਤਹ ਕਰੀਮ।......ਮਿਲ ਗਿਆ ਕੀਮਾ। ਇਕ ਹੋਰ ਪਾਵ। ਵੱਡੀ ਸਮਗਲਿੰਗ ਵਾਲੀ ਪਾਰਟੀ। ਖੂਬ ਵੰਡਿਆ ਜਾ ਰਿਹਾ ਹੈ।......ਪਰ ਅੱਜ ਨਹੀਂ ਰੁਕੇਗੀ। ਦੌੜ ਰਹੀ ਹੈ ਤੇਜ਼। ਦੌੜ ਨਹੀਂ ਸਕੇਗੀ ਸਿਰਫ ਲੰਗੜਾਉਂਦੀ ਜਾਏਗੀ।......ਜੱਬਾਰ ਹੋਵੇਗਾ ਜਾਂ ਚਲਾ ਗਿਆ ਹੋਵੇਗਾ ?......ਜੀਸਸ !......ਕਰਾਸ ਬਣਾਉਂਦੀ ਹੈ। ਨਾ ਗਿਆ ਹੋਵੇ। ਏਹੋ ਜਿਹਾ ਨਾਸ਼ਤਾ ! ਸੋਚਿਆ ਵੀ ਨਹੀਂ ਸੀ ਸਵੇਰੇ। ਅਤੇ ਕੋਲ ਹਨ ਵੀ ਪੰਜੀ ਪੈਸੇ। ਜੱਬਾਰ ਦੀ ਬੀੜੀ ਦਾ ਬੰਡਲ। ਘਸੀਟਦੀ ਜਾ ਰਹੀ ਹੈ......ਪਰ ਤੁਰੀ ਜਾ ਰਹੀ ਹੈ ਤੇਜ਼......ਹੋਰ ਤੇਜ਼......।

ਸਲਮਾ......ਹੀਰਾ......ਪਾਰਬਤੀ......ਥੱਕ ਕੇ ਬੈਠ ਗਈਆਂ ਹਨ ਦਰਖਤ ਦੇ ਹੇਠਾਂ।

ਬਹੁਤ ਧੁੱਪ। ਮੁੜ੍ਹਕਾ ਪੂੰਝਣ ਵਾਲੇ ਲੋਕ ਵੇਖਦੇ ਹਨ ਅਸਮਾਨ ਵੱਲ ਸਾਫ ਅਤੇ ਖਾਲੀ। ਜਹਾਜ਼ਾਂ ਦੀਆਂ ਕਤਾਰਾਂ......ਦੌੜਦੇ ਹੋਏ ਮਜ਼ਦੂਰ......ਚੀਕਦਾ ਹੋਇਆ ਮੁਕਾਦਮ।......ਜਲਦੀ ......ਬਈ ਜਲਦੀ......ਜਲਦੀ......!

ਖਾਲੀ ਪਈ ਹੈ ਕਾਲੇ ਪੱਥਰਾਂ ਦੀ ਦੁਨੀਆਂ। ਨਹੀਂ ਹੈ ਜੱਬਾਰ। ਚਲਾ ਗਿਆ ਕਿਧਰੇ। ਰੁਕ ਜਾਂਦੇ ਹਨ ਲੰਗੜਾਉਂਦੇ ਹੋਏ ਕਦਮ। ਚਲਾ ਗਿਆ। ਕਿੱਥੇ ਗਿਆ ? ਸਭ ਕੁਝ ਠੰਡਾ ਹੋ ਜਾਂਦਾ ਹੈ ਅੰਦਰ। ਬੈਠ ਜਾਂਦੀ ਹੈ। ਸਾਗਰ ਅਤੇ ਅਸਮਾਨ......ਅਖਬਾਰ ਦੇ ਗੰਦੇ ਟੁਕੜਿਆਂ ਵਿਚ ਲਪੇਟੇ ਹੋਏ......ਪਾਵ ਅਤੇ ਕੀਮਾ ! ਵੇਖਦੀ ਰਹਿੰਦੀ ਹੈ। ਖਾ ਨਹੀਂ ਸਕਦੀ। ਹੈ ਕਿਧਰੇ ਕੋਈ ਐਸੀ ਜਗ੍ਹਾ ਜਿਥੇ ਜਾ ਕੇ ਬੈਠ ਗਿਆ ਹੋਵੇ ? ਹੈ......ਪਰ ਜੱਬਾਰ ਨਹੀਂ ਹੈ ਕਿਧਰੇ। ਸਿਰਫ ਗੰਦੇ ਪਾਣੀ ਦੇ ਛਪੜ ਵਿਚ ਕੁਦ ਕੁਦ ਕੇ ਨਹਾ ਰਹੇ ਹਨ ਨੰਗੇ ਮੁੰਡੇ। ਕੰਬ ਰਹੀਆਂ ਹਨ ਕਿਸ਼ਤੀਆਂ ਸਾਗਰ ਦੇ ਪਾਣੀ ਵਿਚ......।

ਪਾਈਪ ਅੰਦਰ......ਤੱਕ ਰਹੀ ਹੈ ਮਰੀਅਮ ਕਾਲੇ ਬੱਚੇ ਨੂੰ। ਤੱਕਦੀ ਜਾਂਦੀ ਹੈ ਲਗਾਤਾਰ। ਬੋਲੀ ਜਾਂਦੀ ਹੈ......ਜਿਵੇਂ ਕੋਈ ਹੋਵੇ ਉਥੇ। ਪਰ ਹੈ ਕੋਈ ਨਹੀਂ। ਸਿਰਫ ਆਪਣੀ ਹੀ ਆਵਾਜ਼।......ਸਾਲਾ......ਹਰਾਮੀ ! ਮਾਂ......!

ਪਰ ਸਭ ਕੁਝ ਸੁਣੀ ਜਾਂਦਾ ਹੈ ਕਾਲਾ ਬੱਚਾ। ਹਿਲਾਈ ਜਾਂਦਾ ਹੈ ਹੱਥ, ਪੈਰ। ਤੱਕੀ ਜਾਂਦੀ ਹੈ ਮਰੀਅਮ।......ਦੇਖ ! ਦੇਖ ! ਸਾਲਾ ਕਿੰਜ ਕਰ ਰਿਹਾ ਏ ! ਹੱਥ ਚਲਾ ਰਿਹਾ ਏ ਸੂਅਰ ਦੀ ਔਲਾਦ ! ਜੰਮਿਆਂ ਅਜੇ ਮਿੰਟ ਨਹੀਂ ਹੋਇਆ ਅਤੇ ਸਭ ਕੁਛ ਆ ਗਿਆ ਏ ਸਾਲੇ ਨੂੰ।...... ਦੇਖ ! ਦੇਖ ! ਜਿਵੇਂ ਉਠ ਕੇ ਬੈਠ ਜਾਏਗਾ ਹੁਣੇ ਹੀ......ਮਾਂ...... !

ਤੱਕੀ ਜਾਂਦੀ ਹੈ ਅਤੇ ਕੱਢੀ ਜਾਂਦੀ ਹੈ ਗਾਲ੍ਹਾਂ......ਹੌਲੀ ਹੌਲੀ......ਰੁਕ ਰੁਕ ਕੇ। ਨਾਲ ਲਗਦੀ ਸੜਕ ਉਤੇ......ਦੌੜੀ ਜਾਂਦੀਆਂ ਹਨ ਮੋਟਰਾਂ......ਗੱਡੀਆਂ......ਬੱਸਾਂ। ਲੰਘੀ ਜਾ ਰਿਹਾ ਹੈ ਪੂਰਾ ਸ਼ਹਿਰ......ਹੰਗਾਮਾ ਕਰਦਾ ਹੋਇਆ। ਪਰ ਸਭ ਕੁਝ ਠਹਿਰਿਆ ਹੋਇਆ ਹੈ......ਪਾਈਪ ਦੇ ਅੰਦਰ। ਸਿਰਫ ਇਕ ਧੀਮੀ ਆਵਾਜ਼। ਅਤੇ ਮਰੀਅਮ ਦੀ ਨਜ਼ਰ ਨਹੀਂ ਹੱਟਦੀ ਕਾਲੀ ਔਲਾਦ ਤੋਂ।......ਕਿੰਨ ਕਿਹਾ ਸੀ ਤੈਨੂੰ ? ਕਿਉਂ ਆਇਆ ਏਂ ਮੇਰੇ ਕੋਲ ? ਹੋਰ ਕੋਈ ਜਗ੍ਹਾ ਨਹੀਂ ਲੱਭੀ ਤੈਨੂੰ ? ਮੇਰੇ ਕਰਮਾਂ 'ਚ ਈ ਲਿਖਿਆ ਸੈਂ ਤੂੰ। ਦੁੱਧ ਵੀ ਤਾਂ ਨਹੀਂ ਏਥੇ......ਪਤਾ ਏ ਤੈਨੂੰ ? ਫਿਰ ਕਿਉਂ ਆਇਆ ਏਂ ਏਥੇ ਮਰਨ ਵਾਸਤੇ ? ਬੋਲ ਨਾ......ਵੇ ......ਹੱਸਦਾ ਏ ? ਸੱਚ......ਹੱਸਿਆ ਏ ਤੂੰ ? ਏ......ਸਾਲਾ...... ।

ਅਤੇ ਸ਼ੂਕਦੀਆਂ ਲੰਘੀ ਜਾ ਰਹੀਆਂ ਹਨ ਮੋਟਰਾਂ। ਤੇਜ਼......ਹੋਰ ਤੇਜ਼......। ਖਾਮੋਸ਼ੀ। ......ਤੈਨੂੰ ਪਤਾ ਤਾਂ ਏ......ਏਥੇ ਤੂੰ ਜ਼ਿੰਦਾ ਨਹੀਂ ਰਹਿਣ ਵਾਲਾ। ਜੀਉ ਕੇ ਕਰੇਂਗਾ ਵੀ ਕੀ ? ਉਨ੍ਹਾਂ ਸਾਲੇ ਮੁੰਡਿਆਂ ਵਾਂਗ ਹੋਟਲ ਦੀ ਜੂਠ ਖਾਏਂਗਾ......ਦੋ ਦੋ ਬੀੜੀਆਂ ਦਾ ਜੂਆ ਖੇਡੇਂਗਾ। ਤੂੰ ਮਰ ਈ ਜਾਏਂ......ਤਾਂ ਭਲਾ। ਮੇਰੀ ਵੀ ਜਾਨ ਛੁਟ ਜਾਊ। ਤੈਨੂੰ ਲੈ ਕੇ ਬੈਠਾਂਗੀ ਜਾਂ ਗਾਹਕ ਟੋਲਾਂਗੀ......ਬੋਲ ਭਲਾ ਹੁਣ। ਤੂੰ ਬੋਲ......ਬੋਲ ਵੀ ਨਾ ਸਾਲਿਆ ! ਚੁਪ ਕਿਉਂ

ਪਿਆ ਏਂ ਹੁਣ ? ਸਿਰਫ ਹੱਸੇਗਾ......ਸਾਲਾ......ਹੋਰ ਕੁਛ ਨਹੀਂ ਕਰੇਗਾ ।

ਹੋਰ ਗੱਡੀਆਂ......ਹੋਰ ਗੱਡੀਆਂ......ਹੋਰ ਮੋਟਰਾਂ......ਹੋਰ ਆਵਾਜ਼ਾਂ...... ।

ਉਥੇ ਕਾਲੇ ਪੱਥਰਾਂ ਉਤੇ ਲੁੜਕ ਗਈ ਹੈ ਰੋਜ਼ੀ । ਆ ਗਈ ਨੀਂਦ । ਸੌਂ ਗਈ । ਕੀਮਾ ਅਤੇ ਪਾਵ ਹੱਥਾਂ ਵਿਚ । ਚੜ੍ਹ ਗਈਆਂ ਕੀੜੀਆਂ । ਭਿੰਨ-ਭਿੰਨਾ ਰਹੀਆਂ ਹਨ ਮੱਖੀਆਂ । ਖਾਧਾ ਨਹੀਂ......ਬਸ ਸੌਂ ਗਈ ਉਥੇ ਹੀ......ਕੰਧ ਦੀ ਛਾਂ ਥੱਲੇ......ਜੋ ਘੱਟ ਰਹੀ ਹੈ ਹੌਲੀ ਹੌਲੀ । ਫੈਲੀ ਜਾ ਰਹੀ ਹੈ ਧੁੱਪ ਸਾਰੇ ਸਰੀਰ ਉਤੇ ।

ਮੁੜ ਆਇਆ ਹੈ ਜੱਬਾਰ । ਖੜਾ ਦੇਖ ਰਿਹਾ ਹੈ ਰੋਜ਼ੀ ਨੂੰ । ਅੱਧੀ ਧੁੱਪ ਅੱਧੀ ਛਾਂ । ਹੱਥਾਂ ਪੈਰਾਂ ਉਪਰ ਬੰਨ੍ਹੀਆਂ ਗੰਦੀਆਂ ਪੱਟੀਆਂ । ਨੱਕ ਦੇ ਛੇਕ ਫੈਲ ਰਹੇ ਹਨ । ਦੋਹਾਂ ਹੱਥਾਂ ਵਿਚ ਅਖਬਾਰ ਦੇ ਟੁਕੜਿਆਂ ਵਿਚ ਲਪੇਟਿਆ ਖਾਣਾ । ਖੁਲ੍ਹ ਜਾਂਦੀ ਹੈ ਅੱਖ । ਉਠ ਕੇ ਬੈਠ ਜਾਂਦੀ ਹੈ ਅਚਾਨਕ । ਗੰਦੀ ਧੋਤੀ ਦੇ ਪੱਲੇ ਨਾਲ ਪੂੰਝਦੀ ਹੈ ਊਂਘਦੀਆਂ ਅੱਖਾਂ ਨੂੰ । ਇਕ ਲੰਬੀ ਉਬਾਸੀ ਅਤੇ ਇਕ ਧੀਮੀ ਆਵਾਜ਼ ।......ਕਿਧਰ ਚਲਾ ਗਿਆ ਸੈਂ ਤੂੰ ? ਬੈਠ ਨਾ......ਖੜਾ ਕਿਉਂ ਏਂ ?

—ਹਸੀਨਾ ਆ ਗਈ ਮੁੜ ਕੇ । ਉਹਦੇ ਨਾਲ ਈ ਗੱਲਾਂ ਕਰਕੇ ਆਇਆ ਹਾਂ ਮੈਂ !

ਨੀਂਦਰਾਈਆਂ ਅੱਖਾਂ ਵਿਚੋਂ ਨੀਂਦ ਉਡ ਜਾਂਦੀ ਹੈ ।......ਹਸੀਨਾ ਆ ਗਈ ? ਤੈਨੂੰ ਕਿਵੇਂ ਪਤਾ ਲਗਿਆ ਏ ?

ਮੈਂ ਉਧਰ ਗਿਆ ਸਾਂ......ਲੈਨ ਦੇ ਕੋਲ । ਉਧਰ ਦੂਰੋਂ ਦੇਖਿਆ.. ...ਦਰਵਾਜ਼ਾ ਖੁਲ੍ਹਿਆ ਸੀ । ਮੈਂ ਚਲਾ ਗਿਆ ਸਾਂ ਉਹਦੇ ਕੋਲ......।

ਚੁਪ ਹਨ ਦੋਵੇਂ । ਰੋਜ਼ੀ ਦੇ ਕਾਲੇ ਚਿਹਰੇ ਉਪਰ ਕਾਲੀਆਂ ਛਾਈਆਂ ।......ਤੈਨੂੰ ਦੇਖਿਆ ਤਾਂ ਨਹੀਂ ਕਿਸੇ ਨੇ ?

ਦੇਖਿਐ......ਸਭਨਾਂ ਨੇ। ਲੜਾਈ ਵੀ ਹੋਈ ਮੇਰੀ ਹਸੀਨਾ ਨਾਲ......ਉੱਚੀ ਉੱਚੀ । ਇਨ੍ਹਾਂ ਸਭ......ਨੇ ਦੇਖਿਆ ਏ । ਮੈਨੂੰ ਪੁੱਛਦੇ......ਓਏ ਤੂੰ ਤਾਂ ਸ਼ਹਿਰੋਂ ਬਾਹਰ ਕੱਢਿਆ ਹੋਇਆ ਸੈਂ ਨਾ ! ਇੱਥੇ ਕਿਵੇਂ ਆਇਆ ਏਂ ?......ਤੇਰੀ ਮਾਂ ਨੂੰ ਰੋਣ ਆਇਆ ਆਂ ! ਸਾਲਾ !

ਫਿਰ ਚੁੱਪ ਹਨ ਦੋਵੇਂ । ਸਿਰਫ ਕੰਬ ਰਹੇ ਹਨ ਜੱਬਾਰ ਦੇ ਸੁਕੇ ਬੁਲ੍ਹ ।......ਸਾਲੀ ਹਸੀਨਾ ! ਧੋਖੇਬਾਜ਼......!

ਕੀ ਕਹਿੰਦੀ ਸੀ ਹਸੀਨਾ ?......ਚਿਹਰੇ ਤੋਂ ਨਹੀਂ ਹਟਦੀਆਂ ਰੋਜ਼ੀ ਦੀਆਂ ਅੱਖਾਂ ।

ਪਰ ਗੁੱਸੇ ਨਾਲ ਫਰਕਦੇ ਬੁਲ੍ਹ ਅਚਾਨਕ ਢਿੱਲੇ ਪੈ ਜਾਂਦੇ ਹਨ ਅਤੇ......ਬਲਦੀਆਂ ਅੱਖਾਂ ਵਿਚ ਜਿਵੇਂ ਆ ਜਾਂਦਾ ਹੈ ਪਾਣੀ ।

—ਕੀ ਹੋਇਐ ? ਕੀ ਕਿਹਾ ਹਸੀਨਾ ਨੇ ?

ਕੋਈ ਜਵਾਬ ਨਹੀਂ ਦਿੰਦਾ ਜੱਬਾਰ ।......ਰੋਜ਼ੀ ! ਮੈਨੂੰ......ਮੈਨੂੰ ਅਮਜਦ ਦੀ ਬਹੁਤ

ਚਿੰਤਾ ਏ......ਅੱਬਾ ਅੱਬਾ ਕਹਿ ਕੇ ਮੇਰੀਆਂ ਲੱਤਾਂ ਨਾਲ ਚੰਬੜ ਗਿਆ......।

ਅਚਾਨਕ ਹਲਕੀ ਜਿਹੀ ਕੰਬ ਗਈ ਆਵਾਜ਼ ਅਤੇ ਚੁੱਪ ਹੋ ਗਿਆ ਜੱਬਾਰ । ਪਿਆ ਰਹਿ ਗਿਆ ਪੁਰਾਣੇ ਅਖਬਾਰ ਦਾ ਗੰਦਾ ਟੁਕੜਾ । ਕੀੜੀਆਂ ਦੀ ਕਤਾਰ ਖ਼ਤਮ ਨਹੀਂ ਹੋਈ । ਇਕ ਚੁੱਪ ਤਣੀ ਰਹੀ ਸਿਰਫ ।

—ਫਿਰ ?

—ਫਿਰ ਕੀ ?

— ਹਸੀਨਾ ਕੀ ਕਿਹਾ ਤੈਨੂੰ ?

ਫਿਰ ਚੁੱਪ ।......ਹਸੀਨਾ ਬੋਲੀ......ਮੈਂ ਓਹਨੂੰ ਧੋਖਾ ਦਿੱਤਾ ਏ......ਮੈਂ ਉਹਨੂੰ ਭੁੱਖਾ ਰੱਖਿਆ......ਅਮਜਦ ਨੂੰ ਭੁੱਖਾ ਰਖਿਆ । ਮਹੀਨੇ ਭਰ ਤੋਂ ਖਾਣਾ ਨਹੀਂ ਖਾਧਾ । ਕਹਿੰਦੀ ਹੈ ਕਿ ਮੈਂ ਉਹਦੀ ਜ਼ਿੰਦਗੀ ਬਰਬਾਦ ਕੀਤੀ ਏ......।

ਫਿਰ ਚੁੱਪ ।......ਫਿਰ ਤੂੰ ਕੀ ਕਿਹਾ ਉਹਨੂੰ ?

ਮੈਂ ਕਿਹਾ ਕਿ ਜੇ ਮੇਰੇ ਕੋਲ ਪੈਸਾ ਨਹੀਂ ਤਾਂ ਮੇਰਾ ਕੀ ਗੁਨਾਹ ਏ ? ਮੈਨੂੰ ਸ਼ਹਿਰੋਂ ਬਾਹਰ ਕੱਢ ਦਿਤਾ ਏ......ਮੈਂ ਕਰਾਂ ਵੀ ਤਾਂ ਕੀ ਕਰਾਂ ? ਚੋਰੀਆਂ ਕੀਤੀਆਂ ਮੈਂ......ਕਿਹਦੇ ਲਈ ? ਹਸੀਨਾ ਅਤੇ ਅਮਜਦ ਲਈ ਹੀ ਨਾ ? ਇਸ ਵਿਚ ਮੇਰਾ ਕੀ ਗੁਨਾਹ ? ਤੂੰਹੀਓਂ ਦੱਸ......ਕੀ ਗੁਨਾਹ ਏ ਮੇਰਾ ?

ਕੋਈ ਜਵਾਬ ਨਹੀਂ ਦੇਂਦੀ ਰੋਜ਼ੀ । ਦੇਖਦੀ ਰਹਿੰਦੀ ਹੈ ਤੁਰਦੀਆਂ ਕੀੜੀਆਂ ਨੂੰ......ਫਿਰ ਉਸ ਕੀ ਜੁਆਬ ਦਿੱਤਾ ?

—ਬੋਲੀ ਕਿ ਮੈਨੂੰ ਕੁਝ ਪਤਾ ਨਹੀਂ । ਮੈਨੂੰ ਰੋਟੀ ਦੇ......ਮੁੰਡੇ ਨੂੰ ਰੋਟੀ ਦੇ......ਮੇਰੇ ਕੋਲ ਰਹਿ......ਤਾਂ ਤੇ ਤੂੰ ਮੇਰਾ ਮਰਦ......ਨਹੀਂ ਤਾਂ ਮਰਦ ਵਰਦ ਕੋਈ ਨਹੀਂ । ਮੈਂ ਉਹਨੂੰ ਬੜਾ ਸਮਝਾਇਆ ਕਿ ਦੇਖ......ਮੇਰੇ ਕੋਲ ਪੈਸਾ ਨਹੀਂ......ਮੇਰਾ ਇਹ ਟੈਮ ਜ਼ਰਾ ਖਰਾਬ ਏ......ਅਤੇ ਉਤੋਂ ਮੈਨੂੰ ਸ਼ਹਿਰ-ਨਿਕਾਲਾ ਏ ! ਮੈਂ ਏਥੇ ਆ ਕੇ ਕਿੰਜ ਰਵਾਂ !......ਤਾਂ ਬੋਲੀ ਕਿ ਮੈਨੂੰ ਵੀ ਨਾਲ ਲੈ ਚਲ । ਮੈਂ ਕਿਹਾ ਕਿ ਏਹਦੇ ਵਾਸਤੇ ਪੈਸੇ ਚਾਹੀਦੇ ਨੇ ਅਤੇ ਉਧਰ ਮੇਰਾ ਕੋਈ ਟਿਕਾਣਾ ਵੀ ਨਹੀਂ ......ਮੈਂ ਤੈਨੂੰ ਕਿੱਥੇ ਰਖਾਂਗਾ ।......ਤਾਂ ਸਾਲੀ ਗਰਮ ਹੋ ਗਈ ਇਕ ਦਮ । ਗਰਜੀ......ਕਿ ਤੂੰ ਫਿਰ ਕੀ ਲੈਣ ਆਇਆ ਏਂ ਏਥੇ ? ਆਪਣਾ ਬੂਥਾ ਦਿਖਾਉਣ ਵਾਸਤੇ ! ਤੂੰ ਕੌਣ ਹੁੰਨਾ ਏਂ ਮੈਨੂੰ ਏਹ ਪੁਛਣ ਵਾਲਾ ਕਿ ਮੈਂ ਕਿੱਥੇ ਗਈ ਸਾਂ ਇੰਨੇ ਦਿਨ ?...... ਬਸ ਆ ਗਿਆ ਮੈਨੂੰ ਵੀ ਗੁੱਸਾ । ਇਕ ਧਰੀ ਸਾਲੀ ਦੇ ਮੂੰਹ ’ਤੇ । ਮਾਂ......! ਸਾਲੀਏ ਤੂੰ ਜਾ ਕੇ ਸੌਂਵੇਂ ਦੂਜਿਆਂ ਕੋਲ ਅਤੇ ਮੈਨੂੰ ਕਵੇਂ ਕਿ ਮੈਂ ਕੌਣ ਹੁੰਦਾ ਆਂ ਪੁੱਛਣ ਵਾਲਾ ! ਤੇਰੀ ਜਾਨ ਪੀ ਲਵਾਂਗਾ......ਖੂਨ ਕਰ ਦਿਆਂਗਾ ਤੇਰਾ......ਯਾਦ ਰੱਖੀਂ । ਤੂੰ ਸਮਝਦੀ ਕੀ ਏਂ ?

ਭਰੀਆਂ ਅੱਖਾਂ ਵਿਚ ਫਿਰ ਗੁੱਸੇ ਦੀ ਚਮਕ । ਫਿਰ ਛਾ ਗਈ ਚੁੱਪ । ਕੁਦ ਕੁਦ ਕੇ ਹੁਣ ਵੀ ਨਹਾ ਰਹੇ ਹਨ ਨੰਗੇ ਮੁੰਡੇ ।......ਕੀ ਕਿਹਾ ਮੈਂ......ਸੁਣਿਆ ਏਂ ?

ਕੀ......ਚੌਂਕ ਕੇ ਪੁੱਛਦਾ ਹੈ ਜੱਬਾਰ।

ਮੈਂ ਪੁਛਿਆ ਏ ਭੁੱਖ ਤਾਂ ਲਗੀ ਹੋਏਗੀ ਤੈਨੂੰ। ਏਹ ਪਾਵ ਅਤੇ ਕੀਮਾ ਲੈ ਆਈ ਆਂ ਮੈਂ......।

ਭੁੱਖ ?......ਯਾਦ ਆ ਜਾਂਦਾ ਹੈ। ਹਾਂ......ਭੁੱਖਾ ਆਂ। ਅਚਾਨਕ ਜ਼ੋਰ ਨਾਲ ਭੁੱਖ ਮਹਿਸੂਸ ਹੋਣ ਲਗਦੀ ਹੈ।......ਕੀ ਲਿਆਈ ਏਂ ਤੂੰ ? ਲਿਆ ਕੱਢ......।

ਅਤੇ ਅਚਾਨਕ ਬਹੁਤ ਖੁਸ਼ ਹੋ ਜਾਂਦੀ ਹੈ ਰੋਜ਼ੀ। ਜਲਦੀ ਜਲਦੀ ਝਾੜਦੀ ਹੈ ਕੀੜੀਆਂ ਨੂੰ। ਨਾਲ ਨਾਲ ਦੱਸੀ ਜਾਂਦੀ ਹੈ......ਕਿੰਜ ਗਈ ਅਤੇ ਕਿਵੇਂ ਲੈ ਕੇ ਆਈ ਕੀਮਾ ਅਤੇ ਪਾਵ। ਕਿਜ ਦੌੜੀ ਦੌੜੀ ਆਈ......ਕਿ ਜੱਬਾਰ ਨੂੰ ਦਿਆਂਗੀ। ਜਾ ਕੇ। ਖਾਂਦਾ ਹੈ ਜੱਬਾਰ। ਖਾਈ ਜਾਂਦੀ ਹੈ ਰੋਜ਼ੀ......ਅਤੇ ਬੋਲੀ ਜਾਂਦੀ ਹੈ ਨਾਲੋਂ ਨਾਲ। ਪਰ ਜੱਬਾਰ ਚੁੱਪ। ਸੋਚੀ ਜਾਂਦਾ ਹੈ। ਅਚਾਨਕ ਬੋਲ ਉਠਦਾ ਹੈ ਵਿਚਕਾਰੋਂ।......ਰੋਜ਼ੀ ! ਹੁਣ ਮੈਨੂੰ ਜਲਦੀ ਜਲਦੀ ਕੁਝ ਕਰਨਾ ਪਵੇਗਾ......ਨਹੀਂ ਤਾਂ ਹਵਾਲਦਾਰ ਸਾਲਾ ਫੜ ਕੇ ਲੈ ਜਾਏਗਾ ਮੈਨੂੰ। ਸਭਨਾਂ ਨੂੰ ਪਤਾ ਏ ਕਿ ਮੈਂ ਏਧਰ ਆਇਆ ਆਂ ਲੜ ਕੇ......।

ਅਤੇ ਰੋਜ਼ੀ ਦੀ ਖੁਸ਼ੀ ਖਤਮ ਹੋ ਜਾਂਦੀ ਹੈ ਅਚਾਨਕ। ਦੇਖਦੀ ਰਹਿੰਦੀ ਹੈ ਜ਼ਮੀਨ ਵੱਲ। ਭੋਰੀ ਜਾਂਦੀ ਹੈ ਡਬਲ ਰੋਟੀ। ਹੌਲੀ ਹੌਲੀ ਖਾਈ ਜਾਂਦੀ ਹੈ......ਹੁਣ ਕੀ ਕਰੇਂਗਾ ਤੂੰ ? ਦੌੜ ਜਾਏਂਗਾ ?

ਦੌੜਨਾ ਤਾਂ ਪਏਗਾ ਈ। ਪਰ ਮੈਂ ਹਸੀਨਾ ਅਤੇ ਅਮਜਦ ਨੂੰ ਵੀ ਲੈ ਕੇ ਈ ਜਾਵਾਂਗਾ। ਏਧਰ ਨਹੀਂ ਰਹਿਣ ਦਿਆਂਗਾ ਹਸੀਨਾ ਨੂੰ......!

ਮੂੰਹ ਵੱਲ ਦੇਖਦੀ ਰਹਿ ਜਾਂਦੀ ਹੈ ਰੋਜ਼ੀ।......ਹਸੀਨਾ ਨੂੰ ਲੈ ਜਾਏਂਗਾ ਏਥੋਂ ? ਪਰ ਕਿਵੇਂ ਲੈ ਜਾਏਂਗਾ ? ਪੈਸੇ ਕਿੱਥੇ ਨੇ ਤੇਰੇ ਕੋਲ ?

ਉਹੀ ਤਾਂ ਸੋਚ ਰਿਹਾ ਆਂ ਮੈਂ।......ਨਹੀਂ ਮੈਂ ਸੋਚ ਲਿਆ ਏ......ਜਾਂ ਇਸ ਪਾਸੇ ਜਾਂ ਉਸ ਪਾਸੇ। ਪਰ ਹਸੀਨਾ ਨੂੰ ਰੰਡੀ ਨਹੀਂ ਬਣਨ ਦਿਆਂਗਾ ਮੈਂ।

ਪਰ ਤੈਨੂੰ ਕਿੰਜ ਪਤਾ ਲਗਾ ਏ ? ਓਹ ਤਾਂ ਸਿਰਫ ਇਹੋ ਕਹਿੰਦੀ ਹੈ ਕਿ ਮਲਾਡ ਗਈ ਸਾਂ ਦੱਸ ਕੇ।

ਮੈਨੂੰ ਸਭ ਪਤਾ ਲਗ ਗਿਆ ਏ ਕਿ ਕਿਹਦੇ ਕੋਲ ਗਈ ਸੀ। ਏਹ ਸਾਲੇ ਗਾਂਡੂ ਲੋਕ ! ਇਨ੍ਹਾਂ ਦੀ ਮਾਂ ਨੂੰ......। ਉਹਨੂੰ ਪੈਸੇ ਦਾ ਲਾਲਚ ਦੇਣਗੇ..... ਮਹੀਨਾ ਦੋ ਮਹੀਨਾ ਆਪਣੇ ਕੋਲ ਵੀ ਰੱਖਣਗੇ......ਬਾਅਦ ਵਿਚ ਧੱਕੇ ਮਾਰਨਗੇ। ਫਿਰ ਉਹ ਭੁੱਖੀ ਮਰੇਗੀ ਅਤੇ ਕਿਸੇ ਹੋਰ ਦੂਜੇ ਕੋਲ ਜਾਏਗੀ......ਫਿਰ ਤੀਜੇ ਕੋਲ......ਇੰਜ ਈ ਚੌਥੇ ਕੋਲ। ਨਹੀਂ ! ਮੈਂ ਸੋਚ ਲਿਆ ਏ......ਭਾਵੇਂ ਕੁਝ ਹੋ ਜਾਏ......ਪਰ ਮੈਂ ਉਹਨੂੰ ਇਥੋਂ ਲੈ ਕੇ ਈ ਜਾਵਾਂਗਾ। ਕਿੰਜ ਖੜਾਂਗਾ ......ਮੈਂ ਸਭ ਸੋਚ ਲਿਆ ਏ। ਹੁਣ ਫਿਕਰ ਨਹੀਂ ਮੈਨੂੰ......।

ਡਰ ਜਾਂਦੀ ਹੈ ਰੋਜ਼ੀ।......ਨਾ ਨਾ ! ਮੈਂ ਤੈਨੂੰ ਠੀਕ ਈ ਸਮਝਾਂਦੀ ਆਂ......ਇਕ ਤਾਂ

ਤੂੰ ਸ਼ਹਿਰੋਂ ਕੱਢਿਆ ਹੋਇਆ ਏਂ। ਦੂਜਾ ਤੂੰ ਚੋਰੀ ਆਇਆ ਏਂ ਏਧਰ। ਸਭਨਾਂ ਨੂੰ ਪਤਾ ਏ ......ਅਤੇ ਹੁਣ ਤੂੰ ਜੇ ਕਿਧਰੇ ਵੀ ਹੱਥ ਮਾਰੇਂਗਾ ਤਾਂ ਬਹੁਤ ਬੁਰਾ ਹੋ ਜਾਏਗਾ। ਮੇਰੀ ਗੱਲ ਮੰਨ। ਤੂੰ ਹੁਣੇ ਨੱਸ ਜਾ ਏਥੋਂ। ਥੋੜ੍ਹੇ ਦਿਨਾਂ ਬਾਅਦ ਫਿਰ ਆ ਜਾਵੀਂ। ਹੁਣ ਜੇ ਏਥੇ ਰਹੇਂਗਾ ਤਾਂ ਉਹ ਸਾਲੇ ਤੈਨੂੰ ਹਰ ਹਾਲਤ ਵਿਚ ਫੜ ਕੇ ਲੈ ਜਾਣਗੇ......।

ਨਹੀਂ ਨਹੀਂ !......ਸਾਹਮਣੇ ਦੇਖਦਾ ਰਹਿੰਦਾ ਹੈ ਕੁਝ।......ਮੈਂ ਸੋਚ ਲਿਐ। ਉਹਨੂੰ ਸਾਲੀ ਨੂੰ ਪੈਸਾ ਚਾਹੀਦਾ ਏ ਨਾ ? ਮੈਂ ਪੈਸੇ ਦਿਆਂਗਾ।......ਅਤੇ ਨਾਲ ਲੈ ਕੇ ਜਾਵਾਂਗਾ। ਏਥੇ ਕਦੀ ਨਹੀਂ ਛੱਡਾਂਗਾ ਓਹਨੂੰ।......ਪਰ ਇਹ ਸਭ ਕੁਛ ਜਲਦੀ ਜਲਦੀ ਕਰਨਾ ਪਏਗਾ ਮੈਨੂੰ।

ਆ ਗਈ ਕਿਧਰੋਂ ਛੋਟੀ-ਜਿਹੀ ਬੱਦਲੀ। ਬਿਨਾਂ ਬੋਲੇ ਵਰਸਣ ਲਗੀ ਚੁੱਪ ਚਾਪ। ਅਚਾਨਕ ਦੌੜਨ ਲਗੇ ਏਧਰ ਓਧਰ......ਖੁਸ਼ੀ ਨਾਲ ਨੱਚਦੇ ਨੰਗੇ ਮੁੰਡੇ। ਪਰ ਜਲਦੀ ਹੀ ਖਿੰਡ ਗਈ ਬੱਦਲੀ। ਚੜ੍ਹ ਗਈ ਧੁੱਪ......ਹਲਕੀ ਹਲਕੀ......ਧੁੰਦਲੀ ਧੁੰਦਲੀ। ਚੁੱਪ ਹੋ ਗਏ ਸਭ ਲੋਕ।

ਅਤੇ ਪਾਈਪ ਦੇ ਕੋਲ ਇਕੱਠੀਆਂ ਹੋ ਗਈਆਂ ਰੰਡੀਆਂ......ਸ਼ਾਮ ਤੋਂ ਪਹਿਲਾਂ।

—ਏ ਮਰੀਅਮ ! ਕਿੱਥੇ ਏਂ ਤੂੰ ? ਕਿੱਥੇ ਏ ਤੇਰਾ ਮੁੰਡਾ ?

ਹਾਏ ਨੀ ! ਸਾਲੀ ਓਧਰ ਵੜੀ ਹੋਈ ਏ ਅੰਦਰ ਗੁੰਮ ਵਿਚ। ਨੀ ਨਿਕਲ ਆ ਬਾਹਰ।

ਨਹੀਂ ਨਹੀਂ ! ਪਈ ਰਹਿਣ ਦੇ ਵਿਚਾਰੀ ਨੂੰ। ਕਿਉਂ ਬਾਹਰ ਸੱਦਦੀ ਏਂ ਓਹਨੂੰ ? ਨਾ ਨਾ ਮਰੀਅਮ ! ਤੂੰ ਅੰਦਰੇ ਈ ਰਹਿ......ਆਪਣੇ ਮੁੰਡੇ ਨੂੰ ਈ ਦਿਖਾ ਦੇ ਸਿਰਫ......।

ਪਾਈਪ ਦੇ ਮੂੰਹ ਤਕ ਸਰਕ ਆਉਂਦੀ ਹੈ ਮਰੀਅਮ। ਮੈਲੀ ਧੋਤੀ ਵਿਚ ਲਪੇਟਿਆ ਹੋਇਆ ਬੱਚਾ। ਉਜਾਲੇ ਵਿਚ ਆਉਂਦਿਆਂ ਈ ਮੀਟ ਲੈਂਦਾ ਹੈ ਅੱਖਾਂ।

ਹਾਏ ਅੱਲਾ ! ਦੇਖ......ਦੇਖ ! ਕਿਹੋ ਜਿਹਾ ਮੁੰਡਾ ਏ ਮਰੀਅਮ ਦਾ ! ਕਿੰਨੇ ਛੋਟੇ ਛੋਟੇ ਹੱਥ ਪੈਰ ! ਕਿੰਨੀਆਂ ਛੋਟੀਆਂ ਛੋਟੀਆਂ ਉਂਗਲਾਂ !......ਲੂ......ਲੂ......ਲੂ......ਲਾ...... ਲ ਲ......ਲਾ......ਲਿ......ਲਿ......!

—ਏ ਸਲਮਾ ! ਨੀ ਸਲਮਾ ! ਮੈਨੂੰ ਦੇ ਜ਼ਰਾ ! ਮੈਨੂੰ ਦੇ ਨਾ ਜ਼ਰਾ......ਇਕ ਵਾਰ। ਸਿਰਫ ਇਕ ਵਾਰ। ਬਸ ਇਕ ਮਿੰਟ... । ਔਹ ਲੈ ! ਕਿੰਨਾ ਛੋਟਾ ਜਿਹਾ ਏ ! ਪੁਚ ਪੁਚ ਪੁਚ ! ਹਾਏ ਨੀ ਕਿੰਨਾ ਨਰਮ ਨਰਮ !......ਪੁਚ ਪੁਚ ਪੁਚ।......ਏ ਠੈਰ ਨਾ। ਕਾਹਲੀ ਕਿਉਂ ਪਾਨੀ ਏਂ ! ਥੋੜਾ ਟੈਮ ਰਹਿਣ ਦੇ ਨਾ ਮੇਰੇ ਕੋਲ......।

—ਨਹੀਂ ਨਹੀਂ ! ਬਥੇਰਾ ਹੋ ਗਿਆ ਏ। ਬੱਸ। ਮੈਨੂੰ ਦੇ ਹੁਣ। ਦੇ ਨਾ ! ਕੀ ਕਿਹਾ ਮੈਂ ? ਦੇ ਮੈਨੂੰ ! ਦੇ ਨਾ......।

ਇਕ ਹੱਥ ਤੋਂ ਦੂਜੇ ਹੱਥ......ਦੂਜੇ ਤੋਂ ਤੀਜੇ ਹੱਥ......ਘੁੰਮੀ ਜਾਂਦਾ ਹੈ ਕਾਲਾ ਬੱਚਾ। ਛੱਡਦੀਆਂ ਨਹੀਂ ਰੰਡੀਆਂ। ਚੁੰਮਦੀਆਂ ਹਨ......ਅਤੇ ਚੁੰਮੀ ਜਾਂਦੀਆਂ ਹਨ। ਹੱਥ......ਪੈਰ

ਸਿਰ……ਅੱਖਾਂ……ਕੰਨ……ਵਾਰ ਵਾਰ ਛੂੰਹਦੀਆਂ ਹਨ……ਅਤੇ ਛੂਹੀ ਜਾਂਦੀਆਂ ਹਨ। ਸਿਰਫ ਮਰੀਅਮ ਸੁੰਝੀਆਂ ਅੱਖਾਂ ਨਾਲ ਦੇਖਦੀ ਰਹਿੰਦੀ ਹੈ ਚੁੱਪ ਚਾਪ । ਪਾਰਬਤੀ……ਜਮੀਲਾ ਸਲਮਾ……ਹੀਰਾ……ਥੋੜ੍ਹਾ ਥੋੜ੍ਹਾ ਲੈ ਆਈਆਂ ਹਨ ਮਰੀਅਮ ਦੇ ਲਈ……ਪਾਵ……ਭੁਜੀਆ……ਰਗੜਾ……ਬੱਚੇ ਲਈ ਦੁੱਧ । ਸਾਈਕਲ ਵਾਲੇ ਦੋਧੀ ਤੋਂ ਮੰਗ ਕੇ । ਗਰਮ ਕਰ ਲਿਆ ਚਾਹ ਵਾਲੇ ਮਲਬਾਰੀ ਦੀ ਭੱਠੀ ਤੋਂ । ਥੋੜ੍ਹੀ ਖੰਡ ਵੀ ਲੈ ਲਈ ਉਸੇ ਕੋਲੋਂ ।……ਪਰ ਛੱਡਦੀਆਂ ਨਹੀਂ ਕੁੜੀਆਂ ਬੱਚੇ ਨੂੰ । ਦੁੱਧ ਪਿਆਉਣ ਲਈ ਵੀ ਨਹੀਂ । ਇਕ ਵਾਰ……ਦੋ ਵਾਰ । ਨਹੀਂ ਭਰਦਾ ਦਿਲ ।

ਮੈਨੂੰ ਤਾਂ ਪਤਾ ਈ ਨਹੀਂ ਲਗਾ ਕਿ ਕਦੋਂ ਹੋਇਆ ਏ ਦੁਪਹਿਰੇ ਸੌਂ ਕੇ ਉਠੀ ਤਾਂ ਪਤਾ ਲਗਾ ।

—ਮੈਨੂੰ ਵੀ ਪਤਾ ਈ ਨਹੀਂ ਲਗਾ ।……ਜਾਨਕੀ ਨੇ ਦਸਿਆ ਮੈਨੂੰ ।

—ਮੈਨੂੰ ਪਾਰਬਤੀ ਨੇ ਦਸਿਆ ਸੀ ।……ਲਿਆ ਦੇ ਏਧਰ ।

ਹੁਣ ਰੋ ਰਿਹਾ ਹੈ ਬੱਚਾ । ਸਾਰੀਆਂ ਚੁੱਪ ਹੋ ਰਹੀਆਂ ਹਨ । ਪੁਚਕਾਰਦੀ ਹੈ ਸਲਮਾ ।……ਚੁਪ ਹੋ ਜਾ ਰਾਜੇ ! ਪੁਚ……ਪੁਚ……ਆ ਆ ਆ !

—ਤੇਰੇ ਕੋਲੋਂ ਨਹੀਂ ਹੋਣਾ ਚੁੱਪ । ਮੈਨੂੰ ਦੇ ਦੇ……।

—ਨਹੀਂ ! ਤੇਰੇ ਕੋਲੋਂ ਵੀ ਨਹੀਂ ਹੋਣਾ ਚੁੱਪ । ਮੈਨੂੰ ਦੇ ਦੇ……।

—ਮੈਨੂੰ ਫੜਾ ! ਮੈਂ ਕਰਾਉਣੀ ਆਂ ਚੁੱਪ……।

—ਏ ! ਮੈਨੂੰ ਦੇ ਦੇ……।

ਪਰ ਕਿਸੇ ਕੋਲੋਂ ਨਹਾਂ ਹੁੰਦਾ ਚੁੱਪ । ਫੜਾ ਦਿੱਤਾ ਮਰੀਅਮ ਨੂੰ । ਰੂੰ ਦੀ ਬੱਤੀ……ਦੁੱਧ ਵਿਚ ਡੁਬੋ ਕੇ……ਲਾ ਦਿੱਤੀ ਮੂੰਹ ਨੂੰ । ਸਕ…ਸਕ…ਸਕ ! ਚੁਪ ਹੋ ਗਿਆ ਕਾਲਾ ਆਦਮੀ ।

ਸਲਮਾ ਨੂੰ ਕੂਹਣੀ ਮਾਰਦੀ ਹੈ ਜਾਨਕੀ ।……ਤੈਨੂੰ ਚਾਹੀਦੈ ਐਹੋ ਜਿਹਾ ?

—ਐਹੋ ਜਿਹਾ ਕੀ ?……ਬਾਲ ?

—ਹਾਂ !

—ਜਾ ਜਾ ਆਪਣਾ ਕੰਮ ਕਰ……।

ਚੁੱਪ-ਚਾਪ ਦੇਖਦੀ ਰਹਿੰਦੀ ਹੈ ਸਲਮਾ ।

—ਦੱਸ ਨਾ । ਦਿਲ ਕਰਦਾ ਏ ?

—ਤੈਨੂੰ ਕਿਹਾ ਏ ਨਾ……ਐਵੇਂ ਬਕ ਬਕ ਨਾ ਕਰ ਮੇਰੇ ਨਾਲ ।

ਚੁੱਪ ਹੋ ਜਾਂਦੀ ਹੈ ਜਾਨਕੀ । ਫਿਰ ਬੋਲਣ ਲਗਦੀ ।……ਮੈਂ ਦੱਸਾਂ ? ਮੇਰਾ ਤਾਂ ਜੀਅ ਕਰਦਾ ਏ……।

ਜਾਨਕੀ ਦਾ ਮੂੰਹ ਦੇਖਦੀ ਰਹਿੰਦੀ ਹੈ ਸਲਮਾ ।……ਕੀ ਕਿਹਾ ਏ ਤੂੰ ? ਤੇਰਾ ਜੀਅ ਕਰਦੈ ? ਸਾਲੀ ! ਨਸੀਬ ਧੰਦੇ ਵਾਲਾ ਲਿਖਾ ਕੇ ਲਿਆਈ ਏਂ ਅਤੇ ਮੰਗਦੀ ਏਂ ਬੱਚੇ । ਵਾਹ ਨੀ

ਵਾਹ ! ਆਪਣੀ ਸ਼ਕਲ ਤਾਂ ਦੇਖ ਪਹਿਲਾਂ……।

ਚੁੱਪ ਚਾਪ ਦੇਖਦੀ ਰਹਿੰਦੀ ਹੈ ਜਾਨਕੀ ।……ਮੇਰਾ ਤਾਂ ਬੜਾ ਈ ਜੀਅ ਕਰਦਾ ਏ……ਤਾਂ ਮੈਂ ਕੀ ਕਰਾਂ……।

ਦੂਜੇ ਪਾਸਿਉਂ ਝੌਂਪੜੀਆਂ ਵਿਚੋਂ ਨਿਕਲ ਆਏ ਹਨ ਹੀਜੜੇ । ਕਮਲਾ……ਲਕਸ਼ਮੀ……ਬਿਮਲਾ ।……ਐਹ ਹੈ ! ਕਿੱਥੇ ਏ ਲੂਲੜੂ ? ਏ ਹੈ ਮੇਰੀ ਜੱਚਾ ਰਾਣੀ ! ਕੁਰਬਾਨ ਜਾਵਾਂ……ਬਲਾਵਾਂ ਲੈ ਲਵਾਂ……ਤਾੜੀਆਂ ਮਾਰਦੇ ਹਨ ।……ਏ ਐਹ ਤੇਰਾ ਲਲੂ ! ਜੁਗ ਜੁਗ ਜੀਏ ! ਏ ਬਿਮਲਾ ! ਨੀ ਇਕ ਗਾਣਾ ਤਾਂ ਹੋ ਜਾਏ । ਗਾ ਦੇ ਨਾ……।

ਰੰਡੀਆਂ ਬਣਾ ਰਹੀਆਂ ਹਨ ਮੂੰਹ । ਆ ਗਏ……ਦੇ । ਰਾਤ ਨੂੰ ਸਾਲੇ ਬਣ ਠਣ ਕੇ ਖੜ੍ਹੇ ਹੋ ਜਾਂਦੇ ਨੇ ਹਨੇਰੇ ਵਿਚ । ਨਸ਼ੇ ਵਿਚ ਗੁੱਟ ਕੁਲੀ ਇਨ੍ਹਾਂ ਨੂੰ ਸਮਝ ਲੈਂਦੇ ਹਨ ਰੰਡੀਆਂ……ਲੈ ਜਾਂਦੇ ਹਨ ਝੌਂਪੜੀਆਂ ਵਿਚ । ਧੰਦੇ ਵਾਲੀਆਂ ਦਾ ਧੰਦਾ ਮਾਰਨ ਵਾਲੇ ! ਚੀਕ ਰਹੀ ਹੈ ਪਾਰਬਤੀ……ਏ ! ਏ ! ਦੌੜ ਜਾਓ ਏਧਰੋਂ……ਕਿਉਂ ਆਏ ਓ ਇੱਥੇ ?

ਏ ਹੈ ਭੈਣਾ !……ਕਮਲਾ ਦੀ ਤਾੜੀ ।……ਕਿਉਂ ਨਾਰਾਜ਼ ਹੁੰਦੀ ਏਂ ! ਜਿਹੋ ਜਿਹੀ ਤੂੰ……ਉਵੇਂ ਦੀ ਮੈਂ । ਭਰੋਸਾ ਨਹੀਂ ? ਆ ਦੇਖ ਲੈ……। ਫਿਰ ਇਕ ਤਾੜੀ ।

ਬਿਮਲਾ ਦੀ ਆਵਾਜ਼ ।……ਏ ਮੇਰੀ ਗਗੜੋ ! ਏ ਮੇਰੀ ਰਾਣੀ ! ਏਥੇ ਤੂੰ ਧੰਦਾ ਕਰਦੀ ਏਂ ਨਾ ਮੈਂ । ਫਿਰ ਕਿਉਂ ਲੜਨੀ ਏਂ ? ਲੈ ਗਾ ! ਤੂੰ ਵੀ ਗਾ……।

ਗਾ ਰਹੇ ਹਨ ਹੀਜੜੇ ।……ਗੋਕਲ ਵੱਜਣ ਵਾਜੇ……ਕੱਨਈਆ ਜੀ ਨੇ ਜਨਮ ਲਿਆ……।

ਜਾ ਰਹੇ ਹਨ ਮੰਗਣ ਪੰਜ ਪੰਜ ਪੈਸੇ……ਦੁਕਾਨ ਵਾਲਿਆਂ ਕੋਲੋਂ । ਰੁਕ ਗਏ ਵਿਚਕਾਰ । ਗਾਣ ਲਗੇ ਲੋਰੀਆਂ । ਰੰਡੀਆਂ ਗਾਲ੍ਹਾਂ ਕੱਢ ਰਹੀਆਂ ਹਨ ਮੂੰਹ ਘੁੰਮਾ ਘੁੰਮਾ ਕੇ । ਚੀਕਦੀ ਹੈ ਪਾਰਬਤੀ……ਏ ! ਏ ! ਸੁਣਿਆ ਨਹੀਂ ? ਬੰਦ ਕਰੋ ਹੁਣ……ਬੜਾ ਹੋ ਗਿਆ ਏ ।

ਏ……!……ਚੀਕਦੀ ਹੈ ਜਮੀਲਾ ।……ਕਿਸ ਨੇ ਕਿਹਾ ਸੀ ਤੁਹਾਨੂੰ ਏਧਰ ਆਉਣ ਲਈ……?

ਚੀਕਦੀ ਹੈ ਜਾਨਕੀ ਵੀ ।……ਸਾਲੇ ! ਨਾ ਏਧਰ ਨਾ ਓਧਰ ! ਵਿਚਕਾਰ ਟਰਰ ਟਰਰ ਕਰਦੇ ਨੇ……।

ਨੀ ਭੈਣਾ ! ਤੂੰ ਵਿਗੜਦੀ ਏਂ ? ਅਸੀਂ ਤਾਂ ਤੇਰੇ ਵਰਗੀਆਂ ਈ ਆਂ । ਜੀਅ ਕਰੇ ਤਾਂ…। ਫਿਰ ਤਾੜੀ ਕਮਲਾ ਦੀ ।

—ਜੋ ਤੇਰਾ ਧੰਦਾ ਉਹੀਓ ਮੇਰਾ ਧੰਦਾ ! ਫਿਰ ਕਿਉਂ ਗੁੱਸੇ ਹੋਵੇਂ ਤੂੰ ?

ਚਲ ਬਈ ਚਲ !……ਹੱਥ ਫੜ ਕੇ ਖਿੱਚਦੀ ਹੈ ਲੱਛਮੀ ਦਾ ।……ਇਨ੍ਹਾਂ ਨਹੀਓਂ ਮੰਨਣੀ ਤੇਰੀ ਮੇਰੀ ਗੱਲ । ……ਏ ਵੀਰਾ ! ਏ ਦੁੱਧ ਵਾਲੇ ਵੀਰਾ ! ਠਹਿਰ ਤਾਂ ਜਾ ਮੇਰੇ ਰਾਜਾ ! ਮੈਂ ਆਉਣੀ ਆਂ ਤੇਰੇ ਕੋਲ……।

ਦੌੜ ਰਿਹਾ ਹੈ ਦੌਧੀ ਸਾਈਕਲ ਸਮੇਤ। ਜਾ ਰਹੇ ਹਨ ਹੀਜੜੇ ਪਿਛੇ ਪਿਛੇ......ਗਾਂਉਂਦੇ ਹੋਏ।......ਰੰਗ ਭਰ ਲਾਏ......ਕਿ ਰੰਗ ਭਰ ਗਏ......ਰੇਸ਼ਮ ਕੀ ਸਾੜੀ ਮੇਂ ਰੰਗ ਭਰ ਲਾਏ......।

ਦੌੜੀ ਜਾ ਰਿਹਾ ਹੈ ਦੁੱਧ ਵਾਲਾ ਭਈਆ।

ਡੁੱਬ ਰਿਹਾ ਹੈ ਸੂਰਜ। ਫੈਲੀ ਜਾ ਰਿਹਾ ਹੈ ਹਨੇਰਾ। ਦੂਰੋਂ ਆ ਰਹੀ ਹੈ ਆਵਾਜ਼।

......ਰੰਗ ਭਰ ਲਾਏ......ਰੇਸ਼ਮ ਕੀ ਸਾੜ੍ਹੀ ਮੇਂ......ਰੰਗ ਭਰ ਆਏ......।

ਵਾਪਸ ਜਾ ਰਹੀਆਂ ਹਨ ਰੰਡੀਆਂ ਹੌਲੀ ਹੌਲੀ। ਰੋ ਰਿਹਾ ਹੈ ਮਰੀਅਮ ਦਾ ਕਾਲਾ ਬੱਚਾ......।

ਕੋਨੇ ਵਿਚ ਦੁੱਬਕੀ ਇਕ ਚਿੜੀ ਘੁੰਮਾਉਂਦੀ ਹੈ ਧੌਣ......ਘੁੰਮ ਘੁੰਮ ਕੇ ਦੇਖਦੀ ਹੈ ਚਾਰੇ ਪਾਸੇ......ਕੁਝ ਦਿਖਾਈ ਨਹੀਂ ਦਿੰਦਾ ਸਿਵਾਏ ਹਨੇਰੇ ਦੇ। ਕਿੱਥੇ ਗਿਆ ਆਸਮਾਨ? ਕਿੱਥੇ ਗਿਆ ਦਰਖ਼ਤ......ਆਲ੍ਹਣਾ?

ਘੁੱਪ ਹਨੇਰਾ। ਕਿੱਥੇ ਆਸਮਾਨ.. ...ਉੱਥੇ ਹਨੇਰਾ। ਜਿੱਥੇ ਸਾਗਰ......ਉੱਥੇ ਹਨੇਰਾ। ਜਿਥੇ ਜ਼ਮੀਨ......ਉੱਥੇ ਨਕਲੀ ਰੋਸ਼ਨੀ ਦੇ ਦੀਵੇ ਹਨੇਰਾ ਪਸਾਰੀ ਜਾਂਦੇ ਹਨ। ਦੌੜੀ ਜਾਂਦੇ ਹਨ ਲੋਕ ਹਨੇਰੇ ਦੀਆਂ ਰੋਸਨੀਆਂ ਪਿੱਛੇ।

ਫਿਰ ਆ ਗਈਆਂ ਰੰਡੀਆਂ......ਝੌਂਪੜੀਆਂ ਅਤੇ ਸਫੇਦ ਇਮਾਰਤਾਂ ਦੇ ਵਿਚਕਾਰ ਝੂਠੀ ਰੋਸ਼ਨੀ ਦੀ ਸੜਕ ਉੱਤੇ। ਰੇਤ ਦੇ ਜਹਾਜ਼ਾਂ ਉੱਪਰ ਦੌੜਨ ਤੋਂ ਪਹਿਲਾਂ ਜਮ੍ਹਾਂ ਹੋ ਗਏ ਹਨ ਮਜ਼ਦੂਰ। ਜਗ ਪਈਆਂ ਮਸ਼ਾਲਾਂ। ਦਾਰੂ ਦੇ ਕਨਸਤਰ। ਕਬਾਬ ਅਤੇ ਪਕੌੜਿਆਂ ਦੇ ਖੋਂਚੇ। ਚਾਟ ਦੀਆਂ ਦੁਕਾਨਾਂ। ਜੂਠੇ ਪੱਤੇ। ਝਈਆਂ ਲੈਂਦੇ ਮੁੰਡੇ। ਝੌਂਪੜੀਆਂ ਵਿਚ ਦੀਵਿਆਂ ਦੀ ਮੈਲੀ ਰੋਸ਼ਨੀ। ਵਾਪਸ ਮੁੜ ਆਇਆ ਪੋਪਟ। ਕਿੱਥੇ ਗਈ ਮੈਨਾ?......ਮੈਨਾ! ਓ ਮੈਨਾ!......ਹੁਣ ਕਿਧਰ ਗਈ ਸਾਲੀ?.. ...ਰਾਜੂ! ਓ ਰਾਜੂ!

ਕੋਈ ਜਵਾਬ ਨਹੀਂ : ਝੌਂਪੜੀਆਂ ਦੇ ਸਾਹਮਣੇ ਦੀਵਿਆਂ ਦੀ ਰੋਸ਼ਨੀ ਵਿਚ ਸਿਰਫ ਤੁਰਦੇ ਫਿਰਦੇ ਪਰਛਾਵੇਂ। ਇਸ ਪਾਸੇ ਅੰਦਰ ਜੂਆ, ਉਸ ਪਾਸੇ ਦਾਰੂ ਦੇ ਦੌਰ। ਅਤੇ ਅੱਗੇ......ਮੈਨਾ ਅਤੇ ਬਾਖੂ ਡਰਾਈਵਰ......ਚੰਮੜੇ ਹੋਏ ਇਕ ਦੂਜੇ ਨੂੰ। ਉਸ ਪਾਸੇ ਬਲ ਰਹੇ ਹਨ ਸਟੋਵ। ਬਣ ਰਿਹਾ ਹੈ ਖਾਣਾ। ਬਾਹਰ ਨਿਕਲ ਨਿਕਲ ਕੇ ਖੇਡਦੇ ਹੋਏ ਬੱਚੇ। ਗਰਮੀ......ਹੁੰਮਸ। ਹਵਾ ਨਹੀਂ ਹੈ ਜ਼ਰਾ ਵੀ। ਛੋਟਾ ਬੱਦਲ......ਜੋ ਵੱਸ ਕੇ ਚਲਾ ਗਿਆ... ਫੈਲਾ ਗਿਆ ਚਾਰੇ ਪਾਸੇ ਹੁੰਮਸ। ਹੁਣ ਨਹੀਂ ਆਏਗਾ।

ਕਿੱਥੇ ਹੈ ਮੈਨਾ? ਚਲੀ ਗਈ ਉੱਥੇ ਜਿੱਥੇ ਬਾਜ਼ਾਰੀ ਰੋਸ਼ਨੀਆਂ ਦੀ ਕਤਾਰ ਹੈ?......ਨਹੀਂ। ਤੁਰੀ ਆ ਰਹੀ ਹੈ ਘਸੀਟਦੀ ਹੋਈ ...ਰਾਜੂ ਦਾ ਹੱਥ ਫੜੀ। ਕੱਢ ਰਹੀ ਹੈ ਗਾਲ੍ਹਾਂ। ਰੋ ਰਿਹਾ ਹੈ ਰਾਜੂ।......ਛੱਡ ਦੇ ਮੈਨੂੰ। ਮੈਂ ਕਹਿੰਨਾਂ ਛੱਡ ਮੈਨੂੰ! ਛਡ ਵੀ ਨਾ......।

ਨਹੀਂ ਛੱਡਾਂਗੀ ਮੈਂ। ਨਹੀਂ ਛੱਡਾਂਗੀ। ਸਵੇਰ ਦਾ ਨਿਕਲਿਆ ਏ......ਤੇਰੀ ਸ਼ਕਲ ਨਹੀਂ

ਦੇਖੀ ਅਜੇ ਤਕ। ਸਾਲਾ ਤੂੰ ਆਦਮੀ ਏਂ ਕਿ ਜਾਨਵਰ?

ਹੱਥ ਖਿੱਚੀ ਜਾਂਦਾ ਹੈ ਰਾਜੂ।......ਛੱਡ ਮੇਰਾ ਹੱਥ। ਸਾਲੀ, ਤੂੰ ਕਿਉਂ ਮੇਰਾ ਹੱਥ ਫੜਨੀ ਏਂ? ਨਹੀਂ ਆਉਂਦਾ ਮੈਂ ਘਰ। ਬਾਹਰ ਹੀ ਰਹਾਂਗਾ ਮੈਂ......।

ਝੌਂਪੜੀਆਂ ਦੀਆਂ ਮੈਲੀ ਰੋਸ਼ਨੀਆਂ ਦੇ ਸਾਹਮਣਿਉਂ ਘਸੀਟਦੇ ਹੋਏ ਆ ਜਾਂਦੇ ਹਨ ਕੋਲ। ਦੇਖ ਰਿਹਾ ਹੈ ਪੋਪਟ।......ਕੀ ਹੋਇਆ ਏ? ਕਿਉਂ ਘਸੀਟ ਰਹੀ ਏਂ ਏਹਨੂੰ? ਅਤੇ ਤੂੰ ਕਿਉਂ ਚੀਕਦਾ ਏਂ?

ਚੀਕਦੀ ਹੈ ਮੈਨਾ।......ਏਹ......ਸਵੇਰ ਤੋਂ ਈ ਗ਼ਾਇਬ ਏ। ਓਧਰ ਕੋਹੜਿਆਂ ਵਿਚਕਾਰ ਬੈਠ ਕੇ ਭੀਖ ਮੰਗਦਾ ਸੀ। ਉਨ੍ਹਾਂ ਨਾਲ ਬੈਠ ਕੇ ਸੜਿਆ ਗਲਿਆ ਖਾਣਾ ਖਾਂਦਾ ਸੀ। ਮੈਂ ਆਉਣ ਨੂੰ ਕਿਹਾ......ਤਾਂ ਸਾਲਾ ਪੱਥਰ ਮਾਰਦਾ ਅਤੇ ਗਾਲ੍ਹਾਂ ਕੱਢਦਾ ਸੀ। ਵੇ ਤੂੰ ਮੈਨੂੰ ਮਰ ਖੱਪ ਜਾਣ ਦੇ......ਫਿਰ ਜੋ ਵੀ ਆਏ ਕਰੀਂ......ਜਿਥੇ ਮਰਜ਼ੀ ਜਾਈਂ। ਜਿੰਨਾ ਚਿਰ ਮੈਂ ਜ਼ਿੰਦਾ ਆਂ..... ਉਨੀ ਦੇਰ ਨਹੀਂ ਦੇਖਿਆ ਜਾਂਦਾ ਮੈਥੋਂ......।

ਜਿਵੇਂ ਰੋ ਪਵੇਗੀ ਮੈਨਾ।

—ਕਿਉਂ ਉਏ?......ਡਾਂਟਦਾ ਹੈ ਪੋਪਟ।......ਕਿਉਂ ਗਿਆ ਸੀ ਓਧਰ ਤੂੰ? ਹੁਣ ਗਿਆ ਤਾਂ ਯਾਦ ਰੱਖੀਂ। ਚਲ ਅੰਦਰ......।

ਤਿੰਨੇ ਆ ਜਾਂਦੇ ਹਨ ਅੰਦਰ। ਪੋਪਟ ਲਿਆਇਆ ਹੈ ਖਾਣ ਦੀਆਂ ਚੀਜ਼ਾਂ। ਭੁਜੀਆ...... ਪਾਵ......ਰਗੜਾ......ਚਟਨੀ। ਬਹੁਤ ਵੱਡਾ ਕੰਮ ਕਰ ਦਿੱਤਾ ਏ ਅੱਜ।......ਜਾ ਓਏ। ਪੀਣ ਲਈ ਪਾਣੀ ਤਾਂ ਲੈ ਕੇ ਆ। ਮੈਨਾ! ਤੂੰ ਇਥੇ ਬੈਠ। ਕੀ ਖਾਧਾ ਸੀ ਸਵੇਰੇ? ਕੁਝ ਨਹੀਂ? ਚਲ ਉਠ ਜਲਦੀ ਨਾਲ। ਮੈਨੂੰ ਵੀ ਪਾ ਦੇ......ਰਾਜੂ ਨੂੰ ਵੀ ਦੇ......ਤੇ ਆਪ ਵੀ ਖਾ ਲੈ। ......ਤੂੰਹੀਓਂ ਪਾ ਆਪਣੇ ਹੱਥਾਂ ਨਾਲ......।

ਮੂੰਹ ਘੁੰਮਾ ਕੇ ਜਿਵੇਂ ਪੂੰਝ ਲਈਆਂ ਅੱਖਾਂ। ਚਟਾਈ ਉੱਪਰ ਬੈਠ ਗਈ ਮੈਨਾ। ਦੀਵਾ ਬਲ ਰਿਹਾ ਹੈ। ਪਰਛਾਵੇਂ ਹਿੱਲ ਰਹੇ ਹਨ। ਸਿਰਫ ਪੋਪਟ ਬੋਲ ਰਿਹਾ ਹੈ......ਕਿੰਜ ਇਕ ਮਿਸਤਰੀ ਨੂੰ ਮਨਾਇਆ......ਸਾਰਾ ਦਿਨ ਕੰਮ ਕੀਤਾ। ਪੰਜ ਰੁਪਏ ਮਿਲੇ ਸਨ। ਦੋ ਖਾਣੇ ਵਿਚ ਖਰਚ ਹੋ ਗਏ। ਦੁਪਹਿਰ ਨੂੰ ਕੰਮ ਤੋਂ ਛੁੱਟੀ ਮਿਲੀ। ਬਾਰ੍ਹਾਂ ਆਨੇ ਦੀ ਚੌਲਾਂ ਦੀ ਪਲੇਟ ਖਾਧੀ। ਕੱਲ ਫਿਰ ਜਾਣਾ ਏ ਓਧਰ।

ਰਾਜੂ ਦਾ ਰੋਣਾ ਇਕ ਦਮ ਬੰਦ। ਪਾਵ......ਭੁਜੀਆ ਬਹੁਤ ਸਾਰਾ। ਆਹੋ ਬਾਪੂ! ਮੈਂ ਦੇਖਿਆ ਸੀ ਤੈਨੂੰ। ਤੂੰ ਓਸ ਬਿਲਡਿੰਗ ਦੇ ਨੇੜੇ ਟੋਕਰੀ ਚੁਕਦਾ ਸੈਂ ਨਾ?......ਹੈ ਨਾ?

ਦੌੜ ਕੇ ਲਿਆਉਂਦੀ ਹੈ ਪਾਣੀ। ਮੈਨਾ ਦੇਖ ਰਹੀ ਹੈ ਚੁੱਪ ਚਾਪ। ਕੀ ਹੈ ਇਹ ਸਭ ਕੁਝ। ਝੂਠ। ਪਹਿਲਾਂ ਵੀ ਇੰਜ ਕਈ ਵਾਰ ਹੋ ਚੁੱਕਾ ਹੈ।......ਇਹ ਸਾਲਾ ਪੋਪਟ! ਹੁਣੇ ਕੁਛ ਬਾਅਦ ਵਿਚ ਕੁਛ।......ਹੱਸਦਾ ਹੈ ਪੋਪਟ।......ਹੁਣ ਵੀ ਤੈਨੂੰ ਯਕੀਨ ਨਹੀਂ ਆਇਆ ਅਜੇ ਤਕ? ਤੈਨੂੰ ਯਕੀਨ ਨਹੀਂ ਸੀ ਮੇਰੀਆਂ ਗੱਲਾਂ ਦਾ? ਹੁਣ ਹੋ ਗਿਆ ਏ ਕਿ ਨਹੀਂ? ਪੋਪਟ ਦੀ ਜਾਨ ਜਾ

ਸਕਦੀ ਹੈ ਪਰ ਵਚਨ ਨਹੀਂ ਤੋੜੇਗਾ । ਜੋ ਕਹਿ ਦਿੱਤਾ ਇਕ ਵਾਰ ਸੋ ਹੋ ਕੇ ਰਹੇਗਾ । ਸਮਝੀ ? ਹੁਣ ਤੈਨੂੰ ਝੌਂਪੜੀ ਤੋਂ ਬਾਹਰ ਕਦਮ ਰੱਖਣ ਦੀ ਕੋਈ ਲੋੜ ਨਹੀਂ । ਹੁਣ ਸਭ ਮੈਂ ਆਪੇ ਸਾਂਭ ਲਵਾਂਗਾ । ਸਭ ਕੰਮ ਕਰਾਂਗਾ ਮੈਂ । ਤੈਨੂੰ ਕੁਝ ਕਰਨ ਨਹੀਂ ਦਿਆਂਗਾ ।......ਖਾ ਵੀ ਨਾ ਹੁਣ ! ਨਖਰਾ ਕਿਉਂ ਕਰਦੀ ਏਂ .....?

ਕਾਲੇ ਪੱਥਰਾਂ ਦੇ ਹਨੇਰੇ ਵਿਚ ਆ ਰਿਹਾ ਹੈ ਕੋਈ । ਕੌਣ ? ਪਤਾ ਨਹੀਂ ਲਗਦਾ । ਰੋਜ਼ੀ ਦੁਬਕੀ ਪਈ ਹੈ ਚੁੱਪ ਚਾਪ । ਕੁਝ ਹਿਲਦਾ ਦਿਖਾਈ ਦੇ ਰਿਹਾ ਹੈ ਦੂਰੋਂ । ਕੌਣ ?

ਸਾਗਰ ਦੀਆਂ ਲਹਿਰਾਂ ਚੀਕ ਰਹੀਆਂ ਹਨ ਕਾਲੇ ਪੱਥਰਾਂ ਨਾਲ ਟਕਰਾ ਟਕਰਾ ਕੇ । ਰੋਸ਼ਨੀ ਦੀਆਂ ਗੱਲਾਈਆਂ ਦੂਰ ਦੂਰ......ਨੇੜੇ ਆ ਗਿਆ ਹੈ ।

ਪਰਛਾਵਾਂ । ਬੋਲਦੀ ਹੈ ਰੋਜ਼ੀ......ਕੌਣ ?

—ਮੈਂ ।......ਨੇੜੇ ਆ ਜਾਂਦਾ ਹੈ ਜੱਬਾਰ ।

ਜੱਬਾਰ ! ਆ ਗਿਆ ਤੂੰ ? ਬਹੁਤ ਟੈਮ ਲਾਇਆ । ਦੂਸਰਾ ਕੌਣ ਏ ਤੇਰੇ ਨਾਲ ? ਕੋਈ ਹੋਰ ਖੜਾ ਹੈ ਪਿਛੇ ਹਨੇਰੇ ਵਿਚ ।

ਮੇਰਾ ਸਾਥੀ ਹੈ......ਦੌਲਤ ! ਆ ਜਾ ਬਈ ਇਧਰੇ ਈ । ਇਹ ਉਧਰ ਬਿਲਡਿੰਗ ਵਿਚ ਖਾਣਾ ਪਕਾਂਦਾ ਏ......।

ਹੁਣ ਤਿੰਨੇ ਬੈਠ ਗਏ ਹਨ ਇਕ ਜਗ੍ਹਾ । ਫੁਸਫੁਸਾਉਂਦੀ ਹੈ ਰੋਜ਼ੀ ।......ਸੱਚੀਂ ਜੱਬਾਰ ! ਬਹੁਤ ਡਰ ਲਗਦਾ ਏ ਮੈਨੂੰ......।

ਡਰਨ ਦੀ ਕੋਈ ਲੋੜ ਨਹੀਂ । ਦੌਲਤ ਵੱਲ ਮੂੰਹ ਕਰ ਕੇ......ਦੱਸ ਦੇ ਹੁਣੇ ਜੋ ਤੈਨੂੰ ਸਮਝਾਇਆ ਸੀ......।

ਹੌਲੀ ਹੌਲੀ ਬੋਲਦੇ ਹਨ ਦੋਵੇਂ । ਚੁਪਚਾਪ ਸੁਣੀ ਜਾਂਦੀ ਹੈ ਰੋਜ਼ੀ । ਘੁੱਪ ਹਨੇਰੇ ਵਿਚ ਦਿਸਦਾ ਕੁਝ ਨਹੀਂ । ਸਿਰਫ ਦੌਲਤ ਦੱਸੀ ਜਾਂਦਾ ਹੈ ਕੁਛ । ਜੱਬਾਰ ਪੁਛ ਲੈਂਦਾ ਹੈ ਵਿਚ ਵਿਚ । ਮੁੜ੍ਹਕਾ ਆ ਜਾਂਦਾ ਹੈ ਰੋਜ਼ੀ ਦੇ ਗੰਦੇ ਜਿਸਮ ਉਪਰ !

ਪਿਛੋਂ ?......ਜੱਬਾਰ ਪੁੱਛਦਾ ਹੈ ।

ਵਕਤ ਦਸਦਾ ਹੈ ਦੌਲਤ ।......ਰਾਤ ਨੂੰ......ਢਾਈ ਤਿੰਨ ਵਜੇ ਦੇ ਨੇੜੇ ਤੇੜੇ । ਬਿਲਡਿੰਗ ਦੀ ਪਿਛਲੀ ਗਲੀ......ਰਾਹ ਦੇਖ ਰਿਹਾ ਹੋਵਾਂਗਾ ।

—ਪਰ ਮੈਨੂੰ ਟੈਮ ਦਾ ਕਿੰਜ ਪਤਾ ਲਗੇਗਾ ?

ਸੋਚਣ ਲਗਦਾ ਹੈ ਦੌਲਤ ।......ਟੈਮ ? ਇਕ ਕੰਮ ਕਰ । ਏਸ ਬੋਟ ਦੇ ਕੁਲੀਆਂ ਦਾ ਜ਼ਦੋਂ ਟੈਮ ਖਤਮ ਹੁੰਦਾ ਏ......ਬਸ ਉਦੋਂ ਈ ਆ ਜਾਈਂ ਤੂੰ ! ਓਥੇ ਈ ਮਿਲਾਂਗਾ ਮੈਂ......।

ਸਫੇਦ ਇਮਾਰਤਾਂ ਦੀ ਰੋਸ਼ਨੀ ਦੂਰ ਤਕ ਫੈਲਦੀ ਹੋਈ । ਦੇਖਦਾ ਰਹਿੰਦਾ ਹੈ ਜੱਬਾਰ । ਦੇਖਦੀ ਰਹਿੰਦੀ ਹੈ ਰੋਜ਼ੀ ।......ਇਸ ਪਾਰ ਜਾਂ ਉਸ ਪਾਰ । ਟਕਰਾਉਂਦੀਆਂ ਰਹਿੰਦੀਆਂ ਹਨ ਲਹਿਰਾਂ ਲਗਾਤਾਰ ।

—ਮੈਂ ਜਾਂਦਾ ਆਂ ।......ਘੁੱਪ ਹਨੇਰੇ ਵਿਚ ਉਠ ਖੜਾ ਹੁੰਦਾ ਹੈ ਦੌਲਤ ।

—ਹਾਂ ! ਤੂੰ ਜਾ । ਮੈਂ ਜ਼ਰੂਰ ਮਿਲਾਂਗਾ ਤੈਨੂੰ......ਇਨਸ਼ਾ ਅੱਲਾ ।

ਜਾਣ ਲਗਦਾ ਹੈ ਦੌਲਤ ।

—ਇਕ ਗੱਲ ਸੁਣ !

ਵਾਪਸ ਮੁੜ ਆਉਂਦਾ ਹੈ ।

ਇਕ ਦੋ ਰੁਪਏ ਹੋਣਗੇ ਤੇਰੇ ਕੋਲ ? ਦੇ ਜਾ ਮੈਨੂੰ । ਅੱਜ ਖਾਣਾ ਵੀ ਨਹੀਂ ਖਾਧਾ ਸਵੇਰ ਦਾ......।

ਜੇਬ ਵਿਚ ਹੱਥ ਪਾ ਕੇ ਕੁਝ ਦਿੰਦਾ ਹੈ......।

ਨੰਗਾ ਸੀ ਜਿਹੜਾ ਆਦਮੀ ਉਸ ਦਿਨ......ਅੱਜ ਕਿਧਰੋਂ ਪਾਈ ਫਿਰਦਾ ਹੈ ਪਜਾਮਾ...... ਇਕ ਪੁਰਾਣਾ ਉਧੜਿਆ ਕੋਟ । ਘੁੰਮ ਰਿਹਾ ਹੈ ਸ਼ਾਨ ਨਾਲ ਇਧਰੋਂ ਉਧਰ......ਉਧਰੋਂ ਇਧਰ । ਇਕ ਸਿਗਰੇਟ ਵੀ ਮਿਲ ਗਈ ਹੈ ਕਿਧਰੋਂ । ਦੋਵਾਂ ਉਂਗਲੀਆਂ ਵਿਚਕਾਰ ਫੜੀ ਕੱਸ਼ ਖਿੱਚ ਰਿਹਾ ਹੈ ਹੌਲੀ ਹੌਲੀ । ਕਾਨਾਫੂਸੀ ਕਰ ਰਹੇ ਹਨ ਮੁੰਡੇ ।......ਏ ਗਨੀਆ ! ਦੇਖ ਉਹਨੂੰ ! ਉਸ ਦਿਨ ਸਾਲਾ ਨੰਗਾ ਹੋ ਕੇ ਲੁੰਗੀ ਧੋ ਰਿਹਾ ਸੀ ਨਾ । ਅੱਜ ਸਾਲੇ ਨੂੰ ਪਜਾਮਾ ਅਤੇ ਕੋਟ ਮਿਲ ਗਿਆਂ ਏ ਕਿਧਰੋਂ । ਵੇਖ ਕਿੰਜ ਆਕੜ ਆਕੜ ਤੁਰਦਾ ਏ ਸਾਲਾ !

ਆਹੋ ਉਏ ! ਸਾਲੇ ਕੋਲ ਸਿਗਰੇਟ ਵੀ ਹੈਗੀ ਏ ।

ਚੀਕਦਾ ਏ ਮੁਹੰਮਦ......ਓ-ਇ ! ਨੰਗਾ ਭੂਤ ! ਨੰਗਾ ਭੂਤ !

ਮਾਂ ਦਿਉ ਖਸਮੋਂ ! ਆਓ......ਆਓ ! ਇਕ ਇਕ ਨੂੰ ਸਿੱਝ ਲਵਾਂਗਾਂ ਅੱਜ । ਜਾਨ ਪੀ ਲਵਾਂਗਾ । ਕੋਈ ਹੋਰ ਨਾ ਸਮਝਣਾ......।

ਬੈਠੀਆਂ ਹਨ ਰੰਡੀਆਂ ਬੱਸ ਸਟਾਪ ਦੇ ਹਨੇਰੇ ਵਿਚ । ਵਾਪਸ ਮੁੜ ਆਈ ਹੈ ਹੀਰਾ ।

—ਕਿਤੂੰ ਨੀ ? ਕੀ ਮਿਲਿਆ ?

ਤਿੰਨ ਉਂਗਲਾਂ ਖੜੀਆਂ ਕਰਦੀ ਹੈ ਹੀਰਾ ।......ਤਿੰਨ !

—ਬੱਸ !......ਤਾਅਨਾ ਮਾਰਦੀ ਹੈ ਜਾਨਕੀ ।......ਤਿੰਨ ਈ ?

—ਤਿੰਨ ਨਹੀਂ ਤਾਂ ਹੋਰ ਦੱਸ !......ਆ ਕੇ ਕੋਲ ਖੜੀ ਹੋ ਜਾਂਦੀ ਹੈ ਹੀਰਾ ।......ਮੈਂ ਜਾਣਨੀਆਂ......ਕਿ ਆਪਾਂ ਸੋਹਣੀਆਂ ਤਾਂ ਹੈ ਨਹੀਂ ! ਤਿੰਨ ਦਿੱਤੇ ਤਾਂ ਤਿੰਨ ਈ ਸਹੀ । ਜੇਕਰ ਕੋਈ ਦੋ ਦੇ ਗਿਆ ਤਾਂ ਦੋ ਹੀ ਸਹੀ । ਆਪਣਾ ਰੋਟੀ ਪਾਣੀ ਤੁਰਨਾ ਚਾਹੀਦਾ ਏ ! ਹੋਰ ਕੀ ਲੈਣਾਂ ?

—ਏਥੇ ਤਾਂ ਸਵੇਰ ਦੀ ਬੋਹਣੀ ਵੀ ਨਹੀਂ ਹੋਈ ਅੱਜ !......ਸੜ ਕੇ ਬੋਲਦੀ ਹੈ ਪਾਰਬਤੀ ।

ਪਰ ਹੋਰ ਨੇੜੇ ਆ ਜਾਂਦੀ ਹੈ ਹੀਰਾਂ । ਹੌਲੀ ਹੌਲੀ ਪੁੱਛਦੀ ਤੈਨੂੰ ਪਤਾ ਏ ਇਕ ਗੱਲ ਦਾ ? ਮੈਂ ਤਾਂ ਹੁਣੇ ਸੁਣੀ ਏ......।

ਕੰਨ ਖੜੇ ਹੋ ਗਏ ਸਾਰੀਆਂ ਦੇ ।

—ਪੁਲੀਸ ਦਾ ਛਾਪਾ ਪੈਣਾ ਏ ਅੱਜ ਫਿਰ......।

ਪਲ ਭਰ ਸੰਨਾਟਾ ।

—ਕਿੰਜ ਪਤਾ ਲਗਾ ਏ ਤੈਨੂੰ ?

—ਮੈਂ ਦੇਖ ਕੇ ਆ ਰਹੀ ਆਂ ਹੁਣੇ ਹੁਣੇ ।

—ਪੁਲੀਸ ਨੂੰ ?

—ਨਹੀਂ । ਓਹ ਦਾਰੂ ਵਾਲਾ ਕਿਸਤੱਈਆ ਅਤੇ ਘੜੇ ਵਾਲਾ......ਦੋਵੇਂ ਚਲੇ ਗਏ ਨੇ ਏਥੋਂ । ਕਿਸੱਤਈਆ ਨੇ ਦਾਰੂ ਵਾਲਾ ਪੀਪਾ ਚੁਕ ਲਿਆ ਏ ਅਤੇ ਓਹ ਘੜੇ ਵਾਲਾ ਵੀ ਕਾਗਦ ਵਾਗਦ ਲੈ ਕੇ ਤਿੱਤਰ ਹੋ ਗਿਆ ਏ ।

ਫਿਰ ਖਾਮੋਸ਼ੀ ।

—ਇਨ੍ਹਾਂ ਲੋਕਾਂ ਨੂੰ ਪਤਾ ਲਗ ਜਾਂਦਾ ਏ ਕਿ ਅੱਜ ਛਾਪਾ ਪਵੇਗਾ ਏਧਰ ?

—ਏਹ ਸਾਲੇ ਪੁਲੀਸ ਵਾਲਿਆਂ ਨੂੰ ਮਹੀਨਾ ਭਰਦੇ ਨੇ; ਉਹ ਪਹਿਲਾਂ ਈ ਸੁਨੇਹਾ ਭਿਜਵਾ ਦੇਂਦੇ ਨੇ ।

ਸਿਰ ਉਪਰ ਹੱਥ ਰੱਖੀ ਬੈਠੀਆਂ ਹਨ ਰੰਡੀਆਂ । ਹੁਣ ਕੀ ਹੋਵੇਗਾ ? ਅਜੇ ਤਾਂ ਧੰਦਾ ਸ਼ੁਰੂ ਵੀ ਨਹੀਂ ਕੀਤਾ । ਵਿਹਲੀਆਂ ਹਨ ਸਾਰੀਆਂ ਦੀਆਂ ਸਾਰੀਆਂ । ਸਿਰਫ ਹੀਰਾ ਨੂੰ ਮਿਲੇ ਹਨ ਤਿੰਨ ਰੁਪਏ । ਹੌਲੀ ਹੌਲੀ ਬੋਲ ਰਹੀ ਹੈ ਜਮੀਲਾ......ਆਪਾਂ ਕੋਲ ਪੈਸੇ ਹੁੰਦੇ ਤਾਂ ਅਸੀਂ ਵੀ ਮਹੀਨਾ ਭਰ ਦੇਂਦੇ......ਨੂੰ । ਫਿਰ ਇਹ ਆਪਾਂ ਨੂੰ ਕੁਝ ਨਹੀਂ ਸਨ ਕਹਿ ਸਕਦੇ । ਹੈ ਨਾ ?

ਮਾਂ ਦੀ ਗਾਲ੍ਹ ਕੱਢਦੀ ਹੈ ਪਾਰਬਤੀ ।......ਸਾਲੇ ਸਾਨੂੰ ਫੜਦੇ ਨੇ......ਜਿਹੜੇ ਰੰਡੀਬਾਜ਼ੀ ਕਰਦੇ ਨੇ......ਉਹਨਾਂ ਨੂੰ ਨਹੀਂ ਫੜਦੇ । ਹੋਟਲਾਂ ਵਿਚ ਰੰਡੀਆਂ ਚਲਦੀਆਂ ਨੇ......ਉਹਨਾਂ ਨੂੰ ਨਹੀਂ ਫੜਦੇ । ਇਹਨਾਂ ਦੀ ਮਾਂ ਦੀ......!

ਫਿਰ ਛਾ ਗਿਆ ਸੰਨਾਟਾ । ਹੁਣ ਹੌਲੀ ਹੌਲੀ ਬੋਲ ਰਹੀ ਹੈ ਜਮੀਲਾ । ਗਾਲ੍ਹਾਂ ਕੱਢੀ ਜਾ ਰਹੀ ਹੈ ।......ਏਹ ਸਭ ਪੁਆੜੇ ਨੈਨਾ ਦੇ ਨੇ । ਸਾਲੀ ਰੋਜ਼ ਸੜਕ ਉਪਰ ਖੜੀ ਹੋ ਮਟਕਦੀ ਏ... ਗਾਉਂਦੀ......ਤੁਰਦੇ ਜਾਂਦੇ ਦਾ ਹੱਥ ਫੜ ਲੈਂਦੀ ਏ......ਕਿਸੇ ਫੇਰ ਕੰਮਪਲੇਟ ਕਰ ਦਿਤੀ ਹਊ ਪੁਲੀਸ ਨੂੰ ।

ਹੁਣ ਹੋਣ ਲਗਦੀ ਹੈ ਗਰਮੀ । ਘੁਟਣ ਲਗੇ ਸਾਹ । ਫੁਟਪਾਥਾਂ ਉਪਰ ਵਿੱਛ ਗਏ ਬਿਸਤਰੇ । ਡਾਹ ਲਈਆਂ ਛੋਟੀਆਂ ਛੋਟੀਆਂ ਮੰਜੀਆਂ । ਮੁੜ੍ਹਕੇ ਨਾਲ ਭਿੱਜੇ ਸਰੀਰ ਸੌਣ ਦੀ ਕੋਸ਼ਿਸ਼ ਕਰਨ ਲਗੇ ।

ਸੌਣ ਦੀ ਕੋਸ਼ਿਸ਼ ਕਰਦਾ ਹੈ ਜੱਬਾਰ । ਕੋਸ਼ਿਸ਼ ਕਰਦੀ ਹੈ ਰੋਜ਼ੀ । ਸੁੱਤਾ ਨਹੀਂ ਜਾਂਦਾ ਦੋਵਾਂ ਕੋਲੋਂ । ਰਹਿ ਰਹਿ ਕੇ ਬੋਲ ਪੈਂਦੀ ਹੈ ਰੋਜ਼ੀ ।......ਨਾ ਨਾ ! ਤੂੰ ਇੰਜ ਨਾ ਕਰ ਜੱਬਾਰ...... ਮੈਨੂੰ ਬਹੁਤ ਡਰ ਲਗਦੈ......।

ਤੂੰ ਸੌਂ ਜਾ ਚੁੱਪ ਚਾਪ । ਦੇਖਣ ਲਗਦਾ ਹੈ ਓਧਰ ਜਿੱਥੇ ਦੂਰ ਮਸ਼ਾਲਾਂ ਦੀ ਰੋਸ਼ਨੀ ਵਿਚ ਦੌੜ ਰਹੇ ਹਨ ਮਜ਼ਦੂਰ । ਚੀਕ ਰਿਹਾ ਹੈ ਮੁਕਾਦਮ । ਫਿਰ ਦੂਜੇ ਪਾਸੇ ਜਿਥੇ ਸਫੇਦ ਇਮਾਰਤਾਂ... ਸਫੇਦ ਰੋਸ਼ਨੀ......ਤਰਦੀ ਹੋਈ ਦੁਨੀਆਂ......।

ਸੁੱਤਾ ਪਿਆ ਹੈ ਰਾਜੂ । ਸੌਣ ਦੀ ਕੋਸ਼ਿਸ਼ ਕਰ ਰਹੀ ਹੈ ਮੈਨਾ । ਪਰ ਨਹੀਂ ਸੌਂਦਾ ਪੋਪਟ ।

—ਸੌਂ ਗਈ ਏਂ ? ਮੇਰੀ ਗੱਲ ਤਾਂ ਸੁਣ । ਇੰਨੀਆਂ ਵੱਡੀਆਂ ਵੱਡੀਆਂ ਬੋਰੀਆਂ ਪਿੱਠ ਉਪਰ ਚੁੱਕ ਕੇ ਉਪਰ ਚੜ੍ਹਿਆ ਸਾਂ ਮੈਂ......ਚਾਰ ਚੱਕਰ......ਛੇ ਚੱਕਰ । ਦਿਨ ਭਰ ਕੰਮ ਕੀਤਾ ਤਦ ਜਾ ਕੇ ਕਿਧਰੇ ਪੰਜ ਰੁਪਏ ਮਿਲੇ । ਸਮਝੀ ? ਦੋ ਲਗ ਗਏ ਚਾਹ ਪਾਣੀ ਅਤੇ ਰਾਈਸ ਪਲੇਟ ਦੇ ।......ਮੈਨਾ ! ਏ ਮੈਨਾ ! ਸੁਣਦੀ ਪਈ ਏਂ ਨਾ ਤੂੰ ਮੇਰੀ ਗੱਲ ?

—ਸੁਣ ਰਹੀ ਆਂ । ਦੱਸ ਹੋਰ ਕੀ ਦੱਸਣਾ ਈ ?

—ਦੱਸਣਾ ਕੀ ਐ । ਕੁਛ ਨਹੀਂ । ਸਿਰਫ ਇੰਨਾ ਹੀ ਦੱਸਣਾ ਸੀ ਕਿ ਬਹੁਤ ਜਾਨ ਮਾਰਨੀ ਪਈ ਸੀ......ਤਾਂ ਕਿਧਰੇ ਪੰਜ ਰੁਪਏ ਨਸੀਬ ਹੋਏ । ਸਮਝ ਗਈ ? ਦੱਸ ਵੀ ਨਾ......ਸਮਝੀ ਭਲਾ ।

—ਹਾਂ......ਸਮਝ ਗਈ । ਹੁਣ ਸੌਂ ਜਾ ਤੂੰ ਅਤੇ ਮੈਨੂੰ ਵੀ ਸੌਣ ਦੇ......।

ਲੰਮਾ ਸਾਹ ਭਰਦਾ ਹੈ ਪੋਪਟ ।......ਨਹੀਂ ! ਤੂੰ ਨਹੀਂ ਸਮਝੀ ਮੈਨਾ । ਇੰਨੀ ਜਾਨ ਮਾਰੀ ਅਤੇ ਕਮਾਏ ਸਿਰਫ ਪੰਜ ਰੁਪਏ । ਕੀ ਕਰ ਲਵਾਂਗਾ ਪੰਜਾ ਰੁਪਈਆਂ ਵਿਚ । ਤੇਰਾ ਮੇਰਾ ਢਿੱਡ ਵੀ ਨਹੀਂ ਭਰਨਾ ।

—ਤਾਂ ਫਿਰ ਮੈਂ ਕੀ ਕਰਾਂ ? ਚਾਲੂ ਕਰ ਦਿਆਂ ਆਪਣਾ ਧੰਦਾ ? ਅਤੇ ਤੈਨੂੰ ਲਿਆ ਲਿਆ ਦੇਵਾਂ ਖਾਣ ਲਈ ?

—ਨਹੀਂ ! ਇਹ ਕਦੋਂ ਕਿਹਾ ਏ ਮੈਂ ! ਮੈਂ ਤਾਂ ਸਿਰਫ ਇਹੀ ਕਿਹਾ ਸੀ ਕਿ ਸਾਡੇ ਨਸੀਬਾਂ ਵਿਚ ਸੁਖ ਨਹੀਂ......ਤੂੰ ਮਰੇਂ ਜਾਂ ਮੈਂ ਮਰਾਂ......ਹਾਲ ਤਾਂ ਉਹੀਓ ਰਹਿਣਾ ਏ ।

ਚੁੱਪ ਹੈ......ਪਰ ਬੋਲਦੀ ਹੈ ਮੈਨਾ ।......ਫੇਰ ਤਾਂ ਇਜੇ ਈ ਰਹਿਣਾ ਏ......ਪਤਾ ਏ ਸਭ ਮੈਨੂੰ । ਪਰ ਬਹੁਤ ਕਰ ਚੁਕੀ ਆਂ......ਹੁਣ ਨਹੀਂ ਹੁੰਦਾ ਮੈਥੋਂ ਇਹ ਸਭ ਕੁਛ । ਕੁਝ ਵੀ ਕਰ......ਪਰ ਮੈਨੂੰ ਨਾ ਸੁਣਾ ਹੁਣ......ਕੁਛ ਵੀ ਕਰ । ਪਰ ਮੈਨੂੰ ਨਾ ਕਹੀਂ ਉਧਰ ਜਾਣ ਵਾਸਤੇ । ਸਮਝ ਗਿਆ ?

ਹੌਲੀ ਹੌਲੀ ਦੋਵੇਂ ਪਰਤ ਲੈਂਦੇ ਹਨ ਪਾਸੇ । ਫੇਰੇ ਲੈਂਦੇ ਹਨ ਮੂੰਹ । ਨਵੇਂ ਸਿਰੇ ਤੋਂ ਕੋਸ਼ਿਸ਼ ਕਰਦੇ ਹਨ ਸੌਣ ਦੀ । ਸਭ ਲੋਕ ਕੋਸ਼ਿਸ਼ ਕਰਦੇ ਹਨ......ਝੌਂਪੜੀਆਂ ਅਤੇ ਫੁਟਪਾਥਾਂ ਉਪਰ । ਸਿਰਫ ਸਹਿਮੀਆਂ ਹੋਈਆਂ ਰੰਡੀਆਂ ਦਬੇ ਪੈਰੀਂ ਕੋਸ਼ਿਸ਼ ਕਰਦੀਆਂ ਹਨ ਸਾਮੀ ਫਸਾਉਣ

ਚੀ। ਕਿਸੇ ਨੂੰ......ਕੁਛ ਨਹੀਂ ਮਿਲਿਆ । ਸਿਰਫ ਮੰਗਲਾਂ ਨੂੰ ਮਿਲ ਗਿਆ ਇਕ ਪੁਰਾਣਾ ਮਨਚਲਾ । ਫਸ ਗਿਆ ਅੱਜ । ਲੈ ਕੇ ਚਲੀ ਗਈ ਹਨੇਰੇ ਵਿਚ । ਵੇਖਦੀਆਂ ਰਹਿ ਗਈਆਂ ਸਾਰੀਆਂ ।

ਹੋਰ ਡੂੰਘੀ ਹੋ ਗਈ ਰਾਤ । ਬੁਝਦੀਆਂ ਗਈਆਂ ਬੱਤੀਆਂ । ਇਕ ਬੀੜੀ ਅਤੇ ਹੋਰ ਕਈ ਬੀੜੀਆਂ । ਰੇਤ ਦੇ ਜਹਾਜ਼ਾਂ ਦੀਆਂ ਜਗਦੀਆਂ ਹੋਈਆਂ ਮਸ਼ਾਲਾਂ । ਚੁੱਪ ਹੋ ਗਿਆ ਮੁਕਾਦਮ ਵੀ । ਚਲੇ ਗਏ ਖੋਂਚੇ ਵਾਲੇ......ਕਬਾਬ ਵਾਲੇ । ਖਾਮੋਸ਼ ਹੋ ਗਏ ਸਭ ਲੋਕ ।

ਚੀਕਦੀ ਹੈ ਮੈਨਾ......ਦੇਖ ! ਮੈਨੂੰ ਹੱਥ ਨਾ ਲਾਈਂ ਤੂੰ । ਕਹਿ ਦੇਨੀ ਆਂ ।

ਪਰੇ ਹੱਟ ਜਾਂਦਾ ਹੈ ਪੱਪਟ ।......ਨਹੀਂ ਲਾਉਂਦਾ ਹੱਥ । ਰੌਲਾ ਕਿਉਂ ਪਾਉਣੀ ਏਂ ਤੂੰ ?

ਨਹੀਂ......ਬਸ ਤੂੰ ਹੱਥ ਨਾ ਲਾ ਮੈਨੂੰ । ਜਦੋਂ ਤੂੰ ਹੱਥ ਲਾਉਂਦਾ ਏਂ ਤਾਂ ਮੇਰਾ ਜੀਅ ਕਰਦਾ ਏ ਕਿ ਗੋਲੀ ਨਾਲ ਉਡਾ ਦਿਆਂ ਤੈਨੂੰ ।......ਹਾਂ......!

ਛਿੱਥਾ ਪਿਆ ਪੱਪਟ ......ਪਿਆ ਰਹਿੰਦਾ ਹੈ ਚੁਪਚਾਪ......।

ਹੁਣ ਹੋਰ ਗੁਜ਼ਰ ਜਾਂਦੀ ਹੈ ਰਾਤ । ਹੋਰ ਵੱਧ ਜਾਂਦਾ ਹੈ ਹੁੰਮਸ......ਅਤੇ ਖਾਮੋਸ਼ੀ । ਨਹੀਂ ਆਏ ਪੁਲਿਸ ਵਾਲੇ । ਨਹੀਂ ਆਉਣਗੇ ਸ਼ਾਇਦ । ਸਿਰਫ ਖਾਮੋਸ਼ੀ । ਕਿਸੇ ਗੱਡੀ ਦੀ ਆਵਾਜ਼ । ਫਿਰ ਖਾਮੋਸ਼ੀ । ਕਿਸੇ ਦੇ ਚੀਕਣ ਦੀ ਆਵਾਜ਼ । ਫਿਰ ਖਾਮੋਸ਼ੀ । ਇਕ ਹਵਾਈ ਜਹਾਜ਼ । ਫਿਰ ਖਾਮੋਸ਼ੀ । ......ਨਹੀਂ । ਚੀਕ ਰਹੀ ਹੈ ਮੰਗਲਾ । ਕੱਢ ਰਹੀ ਹੈ ਗਾਲ੍ਹਾਂ ਰਾਤ ਦੇ ਸੰਨਾਟੇ ਵਿਚ । ਸਾਹਮਣੇ ਖੜਾ ਹੈ ਮਨਚਲਾ ਦੰਦ ਕੱਢਦਾ ਹੋਇਆ ।

ਤੇਰੀ ਮਾਂ ਦੀ !......ਸਾੜ੍ਹੀ ਉਪਰ ਚੁੱਕ ਲੈਂਦੀ ਹੈ ਮੰਗਲਾ ।......ਲੈ ਵੜ ਜਾ ਅੰਦਰ ! ਪੈਸੇ ਨਹੀਂ ਸਨ......ਤਾਂ ਆਪਣੀ ਮਾਂ ਸਮਝ ਕੇ ਆਇਆ ਸੀ ਮੇਰੇ ਕੋਲ......।

ਹੋਰ ਜ਼ੋਰ ਨਾਲ ਚੀਕ ਰਹੀ ਹੈ । ਗਲਾ ਪਾਟ ਜਾਏਗਾ । ਛਾਤੀ ਪਾਟ ਜਾਏਗੀ ।...... ਸਾਲਾ......! ਰੰਡੀ ਦੇ ਪੈਸੇ ਮਾਰਦਾ ਏਂ ਤੂੰ ! ਸਾਲਾ ਹਰਾਮੀ ! ਤੂੰ ਖੁਦ ਰੰਡੀ ਦੀ ਔਲਾਦ !... ...ਅਤੇ ਰੰਡੀ ਦੇ ਪੈਸੇ......।

ਜਾਗ ਜਾਗ ਕੇ ਇਕੱਠੇ ਹੋ ਰਹੇ ਹਨ ਫੁਟਪਾਥ ਵਾਲੇ । ਮਨਚਲੇ ਦੀਆਂ ਜੇਬਾਂ ਟੋਲ ਟੋਲ ਕੇ ਦੇਖ ਰਹੀ ਹੈ ਮੰਗਲਾ ।......ਨਹੀਂ......ਨਹੀਂ ਹੈ ਕੁਝ ਵੀ ਕੋਲ । ਧੱਕਾ ਦੇਂਦੀ ਹੈ ਜ਼ੋਰ ਨਾਲ......ਮਾਰਦੀ ਹੈ । ਉਸੇ ਤਰ੍ਹਾਂ ਬੇਸ਼ਰਮ ਹੋਇਆ ਦੰਦ ਕੱਢੀ ਖੜਾ ਰਹਿੰਦਾ ਹੈ ਮਨਚਲਾ । ਆ ਜਾਂਦੀਆਂ ਹਨ ਸਭ ਦੀਆਂ ਸਭ ।

—ਕੀ ਹੋਇਆ ਈ ਮੰਗਲਾ ? ਕੀ ਹੋਇਐ ?

ਰੋਣ ਲਗਦੀ ਹੈ ਮੰਗਲਾ ।......ਏਹ......ਏਹ......ਮੇਰੇ ਪੈਸੇ ਨਹੀਂ ਦੇਂਦਾ । ਮੇਰੇ ਪੈਸੇ......ਰੰਡੀ ਦੇ ਪੈਸੇ ਮਾਰਦਾ ਏ ਸਾਲਾ !

ਜਮੀਲਾ......ਹੀਰਾ......ਜਾਨਕੀ......ਸਭ ਦੀਆਂ ਅੱਖਾਂ ਵਿਚ ਗੁੱਸਾ । ਵੇਖਦੀਆਂ ਹਨ ਮਨਚਲੇ ਵੱਲ......ਉਪਰੋਂ ਹੇਠਾਂ ਤਕ । ਮੈਲੀ ਕਮੀਜ਼ ਅਤੇ ਪਜਾਮਾ ।......ਪਰ ਤੂੰ

ਪਹਿਲਾਂ ਪੈਸੇ ਕਿਉਂ ਨਾ ਧਰਵਾਏ......?

ਰੋਈ ਜਾਂਦੀ ਹੈ ਮੰਗਲਾ ।......ਮੈਥੋਂ ਗਲਤੀ ਹੋ ਗਈ । ਅੱਜ ਚਾਰ ਘੰਟਿਆਂ ਤੋਂ ਕੋਈ ਨਹੀਂ ਸੀ ਮਿਲਿਆ । ਪੁਲਿਸ ਦਾ ਡਰ ਵੀ ਲੱਗ ਰਿਹਾ ਸੀ ਮੈਨੂੰ । ਜਦੋਂ ਇਸ ਕਿਹਾ ਕਿ ਪੈਸੇ ਬਾਅਦ ਵਿਚ ਦਿਆਂਗਾ......ਤਾਂ ਤਿਆਰ ਹੋ ਗਈ ਮੈਂ । ਹਰਾਮੀ ਦੀ ਔਲਾਦ ! ਸਾਲਾ ਬੇਸ਼ਰਮ ! ਰੰਡੀ ਦੇ ਪੈਸੇ......।

ਗੁੱਸਾ ਹੋਰ ਵੱਧ ਗਿਆ ਹੈ ਰੰਡੀਆਂ ਦਾ । ਚੀਕਦੀ ਹੈ ਜਾਨਕੀ......ਮਾਰੋ ਸਾਲੇ ਨੂੰ । ਗਾਂਡੂ ਦਾ ਬੱਚਾ !

ਇਕ ਮਾਰਦੀ ਹੈ ਪਿੱਠ ਉਤੇ । ਇਕ ਹੋਰ......ਇਸ ਪਾਸਿਉਂ । ਇਕ ਹੋਰ......ਉਸ ਪਾਸਿਉਂ । ਏਧਰ ਡਿੱਗ ਜਾਏਗਾ ਮਨਚਲਾ......ਜਾਂ ਓਧਰ ।

ਰੋਕਦੀ ਹੈ ਜਮੀਲਾ ਸਭਨਾਂ ਨੂੰ ।......ਮਾਰੋ ਨਾ ਏਹਨੂੰ । ਇਹਦੇ ਕਪੜੇ ਲਾਹ ਕੇ ਨੰਗਾ ਕਰਕੇ ਭੇਜੋ ਇਹਨੂੰ ।

—ਹਾਂ ਹਾਂ ! ਨੰਗਾ ਕਰੋ ਸਾਲੇ ਨੂੰ......।

ਉਸੇ ਤਰ੍ਹਾਂ ਦੰਦ ਕੱਢੀ ਖੜਾ ਹੈ ਮਨਚਲਾ ।

ਕਿਉਂ ਵੇ !......ਸਾਹਮਣੇ ਆਉਂਦੀ ਹੈ ਪਾਰਬਤੀ ।......ਤੂੰ ਇਹਦੇ ਪੈਸੇ ਕਿਉਂ ਨਹੀਂ ਦੇਂਦਾ ?

ਬੋਲ ਰਿਹਾ ਹੈ ਬੇਵੱਸੀ ਵਿਚ ।......ਮੈਂ ਏਹਨੂੰ ਕਿਹਾ ਸੀ......ਬਾਅਦ ਵਿਚ ਦਿਆਂਗਾ ਇਕੱਠੇ ਕਰਕੇ......।

ਸਾਲਾ ! ਲਏਗਾ ਹੁਣ ਅਤੇ ਪੈਸੇ ਦੇਏਗਾ ਬਾਅਦ ਵਿਚ । ਇੰਜ ਕਦੇ ਹੁੰਦਾ ਏ ਕਿਧਰੇ ?

ਗਾਲ੍ਹਾਂ ਅਤੇ ਆਵਾਜ਼ਾਂ ਦਾ ਇਕ ਤੇਜ਼ ਝੱਖੜ ! ਫਿਰ ਬੋਲ ਰਿਹਾ ਹੈ ਮਨਚਲਾ......ਮੈਂ ਕੀ ਕਰਦਾ ? ਏਹ ਮੈਨੂੰ ਰੋਜ਼ ਆਵਾਜ਼ਾਂ ਮਾਰਦੀ ਸੀ ਪਰ ਮੈਂ ਨਹੀਂ ਸਾਂ ਅਗੋਂ ਬੋਲਦਾ । ਪਰ ਅੱਜ......! ਚੁੱਪ ਹੋ ਜਾਂਦਾ ਹੈ ।

—ਅੱਜ ? ਅੱਜ ਕੀ ਹੋਇਆ ਸੀ ਤੈਨੂੰ ?......ਚੀਕਦੀ ਹੈ ਪਾਰਬਤੀ ।

ਪਤਾ ਨਹੀਂ ਮੈਨੂੰ !......ਜ਼ਮੀਨ ਵੱਲ ਦੇਖਦਾ ਹੈ ਮਨਚਲਾ ।......ਏਸ ਮੇਰਾ ਹੱਥ ਫੜ ਲਿਆ ਤਾਂ ਤਿਆਰ ਹੋ ਗਿਆ ਮੈਂ......ਸਿਰ ਚੁੱਕਦਾ ਹੈ ਇਕ ਦਮ ।......ਪਰ ਮੈਂ ਸੱਚ ਕਹਿੰਦਾ ਆਂ......ਇਕ ਦੋ ਦਿਨਾਂ ਵਿਚ ਲਿਆ ਕੇ ਦੇ ਦਿਆਂਗਾ ਇਹਦੇ ਪੈਸੇ । ਮੈਂ ਕਿਸੇ ਦੇ ਪੈਸੇ ਮਾਰਨ ਵਾਲਾ ਆਦਮੀ ਨਹੀਂ ਆਂ ।

ਫਿਰ ਗਾਲ੍ਹਾਂ ਦੀ ਬੁਛਾੜ......ਚਾਰੇ ਪਾਸਿਉਂ । ਹੌਲੀ ਹੌਲੀ ਗੁੰਮ ਹੋ ਜਾਂਦੀ ਹੈ ।

—ਕਿੱਥੇ ਰਹਿੰਦਾ ਏਂ ਤੂੰ ?......ਪੁੱਛਦੀ ਹੈ ਪਾਰਬਤੀ ।

—ਕਿਧਰੇ ਵੀ ਨਹੀਂ ।

—ਕਿਧਰੇ ਵੀ ਨਹੀਂ ! ਹਰਾਮੀ ਦੀ ਔਲਾਦ ਸੌਂਦਾ ਤਾਂ ਹੋਵੇਗਾ ਕਿਧਰੇ......ਕਿ ਸੌਂਦਾ

ਵੀ ਨਹੀਂ......?

ਸਿਰ ਝੁਕਾ ਲੈਂਦਾ ਹੈ ।......ਜਿਥੇ ਕੰਮ ਮਿਲ ਜਾਵੇ......ਉਥੇ ਈ ਸੌਂ ਜਾਂਦਾ ਆਂ ।

—ਹੁਣ ਕਿੱਥੇ ਕੰਮ ਕਰਦਾ ਏਂ ?

ਓਹ ਪਰੇ ਜਿਥੇ ਬਿਲਡਿੰਗ ਬਣ ਰਹੀ ਏ ਨਾ......ਓਥੇ ਕਰਦਾ ਆਂ । ਪਰ ਮੈਂ ਸੱਚ ਕਹਿੰਦਾ ਆਂ......ਮੈਂ ਇਹਦੇ ਪੈਸੇ ਰੱਖਾਂਗਾ ਨਹੀਂ । ਕੱਲ......ਨਹੀਂ ਤਾਂ ਪਰਸੋਂ......ਮੈਂ ਜ਼ਰੂਰ ਲਿਆ ਕੇ ਦਿਆਂਗਾ ਏਹਦੇ ਪੈਸੇ ।

ਹੁਣ ਜ਼ੋਰ ਨਾਲ ਚੀਕਦੀ ਹੈ ਪਾਰਬਤੀ ।......ਵੱਡਾ ਆਇਆ ਈਮਾਨਦਾਰ ਦਾ ਪੁੱਤਰ......! ਏਹ ਦੱਸ ਮੈਨੂੰ ਪਹਿਲਾਂ ਕਿ ਏਹ ਖਾਏਗੀ ਕੀ ਹੁਣ ? ਭੁੱਖੀ ਮਰੇ ? ਹਾਂ ਹਾਂ ਦੱਸ ਨਾ ! ਅੱਠ ਦਸ ਆਨੇ ਜਿੰਨੇ ਵੀ ਹੈ ਈ......ਦੇ ਦੇ ਹੁਣੇ ਈ । ਬਾਕੀ ਰਹਿੰਦੇ ਬਾਅਦ ਵਿਚ ਦੇ ਦੇਈਂ......।

ਦੰਦ ਕੱਢਦਾ ਹੈ ਫਿਰ ।......ਨਹੀਂ ਹਨ ਮੇਰੇ ਕੋਲ । ਹੁੰਦੇ ਤਾਂ ਮੈਂ ਝੂਠ ਬੋਲਦਾ ?...... ਅਚਾਨਕ ਆ ਜਾਂਦਾ ਹੈ ਕੁਛ ਯਾਦ ।......ਉਧਰ ਰੋਟੀ ਹੈ ਮੇਰੇ ਕੋਲ ਥੋੜ੍ਹੀ ਜਿੰਨੀ......ਸਵੇਰ ਵਾਸਤੇ ਰੱਖੀ ਸੀ ਮੈਂ । ਉਹ ਦੇ ਦਿਆਂਗਾ ਮੈਂ......।

ਫਿਰ ਤੇਜ਼ ਗਾਲ੍ਹਾਂ......ਅਤੇ ਆਵਾਜ਼ਾਂ । ਅਚਾਨਕ ਚੁੱਪ ਹੋ ਜਾਂਦੀਆਂ ਹਨ ਸਭ ਦੀਆਂ ਸਭ । ਅਚਾਨਕ ਇਕ ਘੁਸਰ ਮੁਸਰ । ਚੀਕ ਵਰਗੀ ਆਵਾਜ਼......ਛਾਪਾ ! ਇਕ ਦਮ ਦੌੜਨਾ ਸ਼ੁਰੂ ਕਰ ਦੇਂਦੀਆਂ ਹਨ......ਇਸ ਪਾਸੇ......ਉਸ ਪਾਸੇ......ਹਰ ਪਾਸੇ । ਛਾਪਾ !...... ਰੁਕ ਗਈ ਪੁਲੀਸ ਦੀ ਲਾਰੀ ! ਦੌੜ ਰਿਹਾ ਹੈ ਮਨਚਲਾ । ਉਤਰ ਰਹੇ ਹਨ......ਦੌੜ ਰਹੇ ਹਨ ਸਿਪਾਹੀ......ਇਸ ਪਾਸੇ......ਉਸ ਪਾਸੇ......ਹਰ ਪਾਸੇ ।

ਅੱਧੀ ਰਾਤ ਦਾ ਅੰਨ੍ਹੇਰਾ ਲੁਕਾ ਨਹੀਂ ਸਕੇਗਾ......ਸਭ ਕੁਛ ਦਿੱਸ ਪਵੇਗਾ । ਸੜਕ...... ਗਲੀਆਂ......ਮਕਾਨ......ਸਭ ਲੰਘਦੇ ਜਾਣਗੇ ਪਿਛੇ । ਕੋਈ ਜਗ੍ਹਾ ਨਹੀਂ ਲੁਕਣ ਦੀ । ਰੇਲ ਦੀਆਂ ਪਟੜੀਆਂ ਬਹੁਤ ਦੂਰ । ਪੁਲ ਬਹੁਤ ਦੂਰ । ਸਭ ਕੁਝ ਬਹੁਤ ਦੂਰ । ਨੇੜੇ ਹਨ ਸਿਰਫ ਪੁਲਿਸ ਵਾਲੇ । ਫੁਲ ਰਿਹਾ ਹੈ ਸਾਹ । ਹੁਣੇ ਆਈਆਂ ਕਿ ਆਈਆਂ......ਸ਼ਕੰਜੇ ਵਿਚ ।

ਇਕ ਗਲੀ । ਇਕ ਮੋੜ । ਦੂਸਰੀ ਗਲੀ । ਫਿਰ ਮੋੜ । ਭੱਜੀ ਜਾਂਦੀ ਹੈ ਜਮੀਲਾ । ਨਹੀਂ ਸਮਝ ਆਉਂਦੀ......ਕੀ ਕਰੇ ! ਸੌਂ ਰਹੇ ਹਨ ਲੋਕ ਮੰਜੀਆਂ ਉਪਰ । ਇਕ ਦਮ ਲੇਟ ਜਾਂਦੀ ਹੈ ਇਕ ਮੰਜੀ ਉਪਰ । ਹੜਬੜਾ ਕੇ ਉਠ ਪੈਂਦਾ ਹੈ ਸੌਣ ਵਾਲਾ ।......ਕੌਣ ? ਕੌਣ ? ਕੌਣ ਏਂ ਤੂੰ......? ਉਠ ! ਦੌੜ ਏਥੋਂ । ਸਾਲੀ......।

ਹੱਫ ਜਾਂਦੀ ਹੈ ਜਮੀਲਾ......ਗਿੜ ਗਿੜਾਉਂਦੀ ਹੈ......ਏ ਭਰਾਵਾ ! ਦੋ ਮਿੰਟ । ਸਿਰਫ ਦੋ ਮਿੰਟਾਂ ਲਈ । ਦੋ ਮਿੰਟ ਸੌਣ ਦੇ ਮੈਨੂੰ ਆਪਣੇ ਕੋਲ । ਤੇਰੇ ਪੈਰ ਫੜਦੀ ਆਂ । ਓਸ ਹਵਾਲਦਾਰ ਨੂੰ ਨਿਕਲ ਜਾਣ ਦੇ......ਮੈਂ ਚਲੀ ਜਾਵਾਂਗੀ ਏਥੋਂ......।

ਚੀਕਦਾ ਹੈ ਸੌਣ ਵਾਲਾ ।......ਨਹੀਂ ! ਦੌੜ ਜਾ ਏਥੋਂ ਹੁਣੇ । ਕੌਣ ਏਂ ਤੂੰ ?

ਇਹ ਹੱਫਦੀ ਬੋਲਦੀ ਹੈ ।......ਦੋ ਮਿੰਟ......ਸਿਰਫ । ਏਹ ਬਹੁਤ ਕੁੱਟਦੇ ਨੇ...... ਹਵਾਲਦਾਰ ਲੋਕ । ਤੇਰੇ ਪੈਰ ਫੜਦੀਆਂ......। ਸਾਹ ਨਾਲ ਸਾਹ ਨਹੀਂ ਰਲ ਰਿਹਾ ।

ਹੁਣ ਬਿਸਤਰੇ ਤੋਂ ਪਰੇ ਖੜਾ ਦੂਜਾ ਆਦਮੀ ਚੀਕ ਰਿਹਾ ਹੈ ।......ਏ ਕੌਣ......ਕੌਣ ? ਕਿਹੜਾ ਵੜ ਗਿਆ ਏ ਮੇਰੇ ਬਿਸਤਰੇ ਵਿਚ ਲੁਕ ਕੇ......।

ਉਠ ਰਹੇ ਹਨ ਸਾਰੇ ਸੌਣ ਵਾਲੇ । ਹਨੇਰੇ ਵਿਚ ਖੜੀ ਹੈ ਜਮੀਲਾ......ਹੱਫਦੀ ਹੋਈ । ਚਿਹਰਾ ਪੀਲਾ ਪੈ ਗਿਆ ਹੈ......ਤੁਰੇ ਆ ਰਹੇ ਹਨ ਹਵਾਲਦਾਰ ।

ਕਿਹੋ ਜਿਹੇ ਸਮੇਂ ਆ ਗਏ ਨੇ ਏਨ੍ਹਾਂ ਰੰਡੀਆਂ ਨੂੰ ਜ਼ਰਾ ਸ਼ਰਮ ਹਯਾ ਨਹੀਂ । ਸ਼ਰੀਫਾਂ ਦਾ ਸੌਣਾ ਹਰਾਮ ਕਰ ਦਿੱਤਾ ਏ ।......ਸਾਲਾ......!

ਦੌੜੀਆਂ ਜਾ ਰਹੀਆਂ ਹਨ ਪਾਰਬਤੀ ਅਤੇ ਸਲਮਾ......ਕੋਈ ਨਹੀਂ......ਜੋ ਬਚਾਏਗਾ ! ਇਸ ਪਾਸੇ ਆਦਮੀ ਉਸ ਪਾਸੇ ਆਦਮੀ । ਬਚਾਉਣ ਵਾਲਾ ਕੌਣ ? ਕੋਈ ਨਹੀਂ । ਦੁਕਾਨ ਵਾਲਾ ......ਮਕਾਨ ਵਾਲਾ......ਦਾਰੂ ਵਾਲਾ......ਘੜੇ ਵਾਲਾ । ਸਭ ਦੇਖਦੇ ਰਹਿਣਗੇ । ਦੌੜਦੀਆਂ ਜਾਣਗੀਆਂ ਦੋਵੇਂ ਟੰਡੀਆਂ......ਪਾਰਬਤੀ ਅਤੇ ਸਲਮਾ ।

ਪਰ ਖੜੇ ਹਨ ਹੀ ਜੜੇ...ਸਭ ਮਰਦਾਂ ਤੋਂ ਅਲੱਗ । ਬਚਾ ਲੈਣਗੇ ਦੋਵ੍ਹਾਂ ਨੂੰ ।

ਏ ! ਏ ! ਮੈਨਾ !......ਕਮਲਾ ਦੀ ਆਵਾਜ਼ ।......ਏਧਰ ਆ ਜਾ । ਆ ਜਾ ਏਧਰ । ਜਲਦੀ !

ਠਿਠਕ ਕੇ ਰੁਕ ਜਾਂਦੀਆਂ ਹਨ ਦੋਵੇਂ ।

ਚੰਦਰੀਏ ! ਓਧਰ......ਓਸ ਪਾਸੇ......ਝੌਂਪੜੀ ਵਿਚ ! ਜਲਦੀ ।......ਬਿਮਲਾ ਦੀ ਆਵਾਜ਼ ।

ਹੁਣ ਦੌੜਦੀਆਂ ਹਨ ਦੋਵੇਂ ਹੀਜੜਿਆਂ ਦੀਆਂ ਝੌਂਪੜੀਆਂ ਵੱਲ । ਤਾਲੀਆਂ ਵਜਾ ਰਹੇ ਹਨ । ਗਾ ਰਹੇ ਹਨ ।......ਰੰਗ ਭਰ ਲਾਏ......ਕਿ ਰੰਗ ਭਰ ਲਾਏ......ਰੇਸ਼ਮ ਕੀ ਸਾੜ੍ਹੀ ਮੇਂ ਰੰਗ ਭਰ ਲਾਏ ।......ਏ ! ਹਵਾਲਦਾਰ ! ਤੂੰ ਤਾਂ ਬੜਾ ਖ਼ੂਬਸੂਰਤ ਲਗ ਰਿਹਾ ਏ ਅੱਜ । ਵੇ ਕਿਹਨੂੰ ਲੱਭਣਾ ਏਂ ? ਜ਼ਰਾ ਏਧਰ ਵੀ ਤਾਂ ਤੱਕ ਲੈ ਸੋਹਣਿਉਂ ।......ਫਿਰ ਤਾੜੀਆਂ ।

ਪਰ ਓਧਰ......ਦੂਜੇ ਪਾਸੇ......ਕਿਸੇ ਝੌਂਪੜੀ ਵਿਚ ਵੜ ਗਏ ਹਨ ਹਵਾਲਦਾਰ । ......ਇਕ ਆਦਮੀ ਅਤੇ ਇਕ ਰੰਡੀ । ਭੱਜ ਰਿਹਾ ਹੈ ਆਦਮੀ । ਹੱਥ ਆ ਗਈ ਰੰਡੀ । ਮਾਰ ! ਹੋਰ ਮਾਰ ! ਹੋਰ ਮਾਰ ! ਗਿੜਗਿੜਾਉਂਦੀ ਹੈ......ਨਹੀਂ ਨਹੀਂ ! ਮੈਨੂੰ ਨਾ ਮਾਰੋ । ਵੇ ਵੀਰਾ ! ਵੇ ਹਵਾਲਦਾਰ ਵੀਰਾ ! ਨਾ......ਨਾ ਮਾਰ । ਏਹ ਤਾਂ ਧੰਦਾ ਹੈ ਢਿੱਡ ਦੀ ਅੱਗ ਬੁਝਾਉਣ ਦਾ । ......ਦੋ-ਦੋ ਬੱਚੇ ਨੇ ।......ਨਾ ਨਾ ! ਓਹ ਆਦਮੀ ਬਦੋ ਬਦੀ ਲੈ ਆਇਆ ਸੀ ਮੈਨੂੰ ।...... ਵੇ ਵੀਰਾ ! ਨਾ ਮਾਰ ਮੈਨੂੰ......ਤੇਰੇ ਪੈਰ ਫੜਦੀ ਆਂ......।

ਹੱਥ ਆ ਗਈ ਜਮੀਲਾ । ਲਿਜਾ ਰਹੇ ਹਨ ਘਸੀਟ ਕੇ । ਹਨੇਰੇ ਗੋਲ ਦੀਵਿਆਂ ਦੀ ਮਟਮੈਲੀ ਰੋਸ਼ਨੀ ਵਿਚ ਘਸੀਟੀਆਂ ਜਾ ਰਹੀਆਂ ਹਨ ਹੋਰ ਵੀ ਰੰਡੀਆਂ । ਜਾਨਕੀ......ਹੀਰਾ......ਮੰਗਲਾ

……ਸਾਰੀਆਂ ਆ ਗਈਆਂ ਕਾਬੂ । ਇਕ ਉਪਰ ਦੋ ਦੋ ਹਵਾਲਦਾਰ । ਨਹੀਂ ਭੱਜ ਸਕਣਗੀਆਂ ਅੱਜ । ਖਿੱਚ ਕੇ ਮਾਰਦਾ ਹੈ ਚਪੇੜ ।……ਏ ਸਾਲੀ ! ਠੀਕ ਤਰ੍ਹਾਂ ਤੁਰ……ਤਿਲਾ ਮਿਲਾ ਕੇ ਦੇਖਦੀ ਹੈ ਜਾਨਕੀ……।

ਅਚਾਨਕ ਬੁਝਣ ਲਗਦੀਆਂ ਹਨ ਮਸ਼ਾਲਾਂ । ਉਠ ਬੈਠਦਾ ਹੈ ਜੱਬਾਰ । ਬਹੁਤ ਹੋ ਗਈ ਰਾਤ । ਦੂਰ ਲਹਿਰਾਉਂਦੇ ਪਾਣੀ ਦੇ ਪਾਰ ਦੌੜਨਾ ਬੰਦ ਕਰ ਦਿੱਤਾ ਹੈ ਮਜ਼ਦੂਰਾਂ ਨੇ ! ਬੁਝ ਗਈਆਂ ਮਸ਼ਾਲਾਂ । ਕਾਲੇ ਪਾਣੀ ਵਿਚ ਬੁਝ ਗਏ ਮਸ਼ਾਲਾਂ ਦੇ ਅਕਸ । ਜੋ ਜਾਗ ਰਹੇ ਸਨ ਹੁਣ ਤਕ…… ਸੌਂ ਗਏ । ਸਿਰਫ ਉਨੀਂਦੇ ਮਜ਼ਦੂਰਾਂ ਨੇ ਘੇਰਣਾ ਸ਼ੁਰੂ ਕਰ ਦਿੱਤਾ ਹੈ ਚਾਹ ਅਤੇ ਬੀੜੀ ਵਾਲਿਆਂ ਨੂੰ ।

ਹਾਂ ! ਖਤਮ ਹੋ ਗਈ ਸ਼ਿਫਟ । ਹਨੇਰੇ ਵਿਚ ਆਵਾਜ਼ ਦਿੰਦਾ ਹੈ ਜੱਬਾਰ ।……ਰੋਜ਼ੀ ! ਰੋਜ਼ੀ ! ਰੋਜ਼ੀ !

ਹੁਣੇ ਹੁਣੇ ਲਗੀ ਸੀ ਅੱਖ । ਉਬੜਵਾਹੇ ਉਠ ਬੈਠਦੀ ਹੈ ਰੋਜ਼ੀ । ਅੰਦਾਜ਼ੇ ਨਾਲ ਸਮਝ ਲੈਂਦੀ ਹੈ ਕਿ ਕਿਸ ਪਾਸੇ ਹੈ ਜੱਬਾਰ । ਡਰੀ ਹੋਈ ਆਵਾਜ਼……ਤੇਰਾ ਟੈਮ ਹੋ ਗਿਆ ਜੱਬਾਰ ?

ਹੁਣ ਦੇਖਦੀ ਹੈ ਜਹਾਜ਼ਾਂ ਵਲ । ਹਨੇਰਾ ।……ਹਾਂ ! ਹੋ ਗਿਆ ।

ਦੋਵੇਂ ਖਾਮੋਸ਼ ਬੈਠੇ ਹਨ । ਰੇਲ ਗੱਡੀਆਂ ਨਹੀਂ ਲੰਘਦੀਆਂ ਹੁਣ ।……ਤੂੰ ਜਾਏਂਗਾ ਜੱਬਾਰ ?

—ਹਾਂ !

ਹੋਰ ਹਨੇਰਾ……ਹੋਰ ਖਾਮੋਸ਼ੀ ।

—ਮੈਂ ਚਲਾਂ ਭਲਾ ਤੇਰੇ ਨਾਲ ?

—ਕਿੱਥੇ ?

—ਓਧਰ ਸੜਕ ਤਕ ਚਲਾਂਗੀ । ਉਥੇ ਫੁਟਪਾਥ ਉਪਰ ਸੌਂ ਜਾਵਾਂਗੀ ਕਿਧਰੇ ਈ……।

—ਚਲ !

ਹੁਣ ਚਲ ਰਹੇ ਹਨ ਦੋਵੇਂ……ਹਨੇਰੇ ਪੱਥਰਾਂ ਉਪਰ ਪੈਰ ਰਖਦੇ ਹੋਏ । ਹਨੇਰੇ ਅਸਮਾਨ ਉਪਰ ਲਾਲ ਬੱਤੀਆਂ । ਲੰਘ ਜਾਂਦਾ ਹੈ ਇਕ ਹਵਾਈ ਜਹਾਜ਼ । ਹਾਂ……ਵੱਜ ਗਏ ਦੋ । ਜਲਦੀ ਤੁਰਨ ਦੀ ਕੋਸ਼ਿਸ਼ ਕਰਦਾ ਹੈ ਜੱਬਾਰ । ਲੰਗੜਾਉਂਦੀ ਜਾ ਰਹੀ ਹੈ ਰੋਜ਼ੀ । ਤੁਰਿਆ ਨਹੀਂ ਜਾਂਦਾ ।

ਉਪਰ ਉਸ ਪਾਸੇ……ਜਿਥੇ ਬੁਝ ਗਏ ਹਨ ਦੀਵੇ …..ਸਿਰਫ ਜਾਗ ਰਹੇ ਹਨ ਬਿਜਲੀ ਦੇ ਖੰਭੇ……ਇਕੱਲੇ । ਸੁੱਤੀਆਂ ਹੋਈਆਂ ਮੱਖੀਆਂ । ਸੁੱਤੀ ਹੋਈ ਹਸੀਨਾ……ਨੰਨ੍ਹੇ ਅਮਜਦ ਦੇ ਦੇ ਨਾਲ । ਰੁਕ ਕੇ ਦੇਖਦਾ ਹੈ ਜੱਬਾਰ । ਫੈਲੇ ਹੋਏ ਅਸਮਾਨ ਦੇ ਥੱਲੇ ਫੈਲੀਆਂ ਹੋਈਆਂ ਝੌਂਪੜੀਆਂ …. ਹਸੀਨਾ……ਅਮਜਦ । ਤੁਰ ਪੈਂਦਾ ਹੈ ਦੂਜੇ ਪਾਸੇ । ਉੱਚੀਆਂ ਬੰਦ ਖੁਲੀਆਂ ਖਿੜਕੀਆਂ ਵਿਚ ਭਰ ਰਹੀਆਂ ਹਨ ਰੋਸ਼ਨੀਆਂ । ਆ ਗਈ ਰੋਜ਼ੀ ਕੋਲ ।

ਹੁਣ ਆ ਗਏ ਹਨ ਉਥੇ ਜਿਥੇ ਪਿਛੇ ਰਹਿ ਗਿਆ ਸਾਗਰ । ਖਤਮ ਹੋ ਗਈ ਹਨੇਰੇ ਦੀ ਹੱਦ । ਬਿਜਲੀਆਂ ਦੇ ਖੰਭਿਆਂ ਦਾ ਉਜਾਲਾ ਸ਼ੁਰੂ ਹੋ ਗਿਆ । ਫੁਟ-ਪਾਥਾਂ ਉਪਰ……ਦੁਕਾਨਾਂ ਦੇ

ਤਖਤਿਆਂ ਉਪਰ……ਛੋਟੀਆਂ ਛੋਟੀਆਂ ਮੰਜੀਆਂ ਉਪਰ……ਸੌਂ ਰਹੇ ਹਨ ਲੋਕ……ਬੱਚਿਆਂ ਵਾਂਗ ।

……ਹੌਲੀ ਹੌਲੀ ਕਹਿੰਦਾ ਹੈ ਜੱਬਾਰ ।……ਤੂੰ ਓਧਰ ਜਾ ਕੇ ਸੌਂ ਜਾ ਕਿਧਰੇ ਵੀ । ਮੈਂ ਜਾਂਦਾ ਆਂ ਏਸ ਪਾਸੇ……।

—ਨਹੀਂ ! ਤੂੰ ਜਿੱਥੇ ਜਾਏਂਗਾ……ਉਥੇ ਈ ਜਾ ਕੇ ਪੈ ਜਾਵਾਂਗੀ ਕਿਧਰੇ ਵੀ ।

ਫਿਰ ਤੁਰਨ ਲਗਦੇ ਹਨ ਦੋਵੇਂ ਉਜਾਲੇ ਵਿਚ । ਇਕ ਦੇ ਬਾਅਦ ਇਕ ਲੰਘੀ ਜਾਂਦਾ ਹੈ ਖੰਭਾ……ਬਿਜਲੀ ਦੇ ਚਰਾਗ । ਇਕ ਮੋਟਰ ਸ਼ੂਕਦੀ ਹੋਈ । ਇਕ ਆਵਾਜ਼ ਬਹੁਤ ਨੇੜੇ । ਭੌਂਕ ਰਹੇ ਹਨ ਕੁੱਤੇ । ਆਵਾਜ਼ਾਂ ਬਹੁਤ ਦੂਰ । ਤਾਰਿਆਂ ਭਰਿਆ ਅਸਮਾਨ ! ਚੰਨ ਕਿਧਰੇ ਵੀ ਨਹੀਂ । ਇਕ ਗਲੀ ਦਾ ਮੋੜ । ਰੁਕ ਜਾਂਦਾ ਹੈ ਜੱਬਾਰ ।

—ਬਸ । ਅੱਗੇ ਨਾ ਜਾ ਮੇਰੇ ਨਾਲ ; ਏਥੇ ਈ ਪੈ ਜਾ ਕਿਧਰੇ ਵੀ । ਮੈਂ ਆਉਂਦਾ ਆਂ ਮੁੜ ਕੇ ਥੋੜ੍ਹੇ ਚਿਰ ਵਿਚ……।

ਇਕ ਗੰਦੀ ਬੰਦ ਦੁਕਾਨ ਦਾ ਖਾਲ੍ਹੀ ਪਿਆ ਹੋਇਆ ਤਖ਼ਤਾ ।

ਮੈਨੂੰ ਨੀਂਦ ਨਹੀਂ ਆਏਗੀ ਜੱਬਾਰ । ਪਰ ਮੈਂ ਪਈ ਰਹਿੰਦੀ ਆਂ ਏਥੇ ਈ……ਠੀਕ ਹੈ ! ਜਾ ਤੂੰ ਹੁਣ ।……ਕੀ ਦੱਸਾਂ ਤੈਨੂੰ ! ਮੈਨੂੰ ਤਾਂ ਬੜਾ ਡਰ ਲਗਦਾ ਏ ਤੇਰੇ ਬਾਰੇ । ਪਰ ਫਜ਼ੂਲ… ਫਾਇਦਾ ਕੀ ਗੱਲ ਦੱਸਣ ਦਾ……।

ਧੁੰਦਲੀ ਰੋਸ਼ਨੀ ਵਿਚ ਦੇਖਦਾ ਹੈ ਇਕ ਪਲ । ਅੱਗੇ ਵੱਧ ਜਾਂਦਾ ਹੈ । ਤੁਰੀ ਜਾਂਦਾ ਹੈ…… ਜਦੋਂ ਤਕ ਓਝਲ ਨਹੀਂ ਹੋ ਜਾਂਦਾ ਉਜਾਲਿਆਂ ਵਿਚ । ਹੁਣ ਇਕੱਲੀ ਹੈ ਰੋਜ਼ੀ । ਦੇਖ ਰਹੀ ਹੈ ਦੂਰ……ਨੇੜੇ……ਸਾਗਰ……ਅਸਮਾਨ……ਤਿਖੇ ਉਜਾਲੇ ਵਿਚ ਚਮਕਦੇ ਹੋਏ ਸੁੰਨੇ ਰਸਤੇ । ਆਵਾਜ਼ ਆ ਰਹੀ ਹੈ । ਕੋਈ ਆ ਰਿਹਾ ਹੈ । ਦੁਕਾਨ ਦੇ ਤਖਤੇ ਥੱਲੇ ਲੇਟ ਜਾਂਦੀ ਹੈ ਚੁੱਪਚਾਪ । ਮਿੱਟੀ ਅਤੇ ਜਿੱਲ੍ਹ । ਸੁੱਤੇ ਹੋਏ ਕੀੜਿਆਂ ਦਾ ਜਾਗ ਕੇ ਭੱਜਣਾ । ਪਰ ਲੇਟੀ ਰਹੇਗੀ । ਜਿਵੇਂ ਸੌਂ ਜਾਵੇਗੀ । ਆਏ ਲੋਕ……ਅਤੇ ਲੰਘ ਗਏ । ਦੂਰ ਚਲੀਆਂ ਗਈਆਂ ਆਵਾਜ਼ਾਂ ।

ਲੇਟੀ ਰਹਿੰਦੀ ਹੈ ਫਿਰ ਵੀ । ਨਹੀਂ ਉਠਿਆ ਜਾਂਦਾ । ਗੁਜ਼ਰਨ ਲਗਦੀ ਹੈ ਖਿਆਲਾਂ ਦੀ ਇਕ ਦੁਨੀਆਂ । ਕੀ ਕਰੇਗੀ ਹਸੀਨਾ ਅਤੇ ਕੀ ਕਰੇਗਾ ਜੱਬਾਰ ਵੀ । ਕੀ ਕਰ ਲਏਗਾ ਕੋਈ ਵੀ । ਕਿੱਥੇ ਮੁੰਡਾ …..ਕਿੱਥੇ ਔਰਤ……ਅਤੇ ਕਿੱਥੇ ਖ਼ੁਦ ਆਪ ! ਅਤੇ ਕਿਧਰ ਚਲਾ ਗਿਆ ਚੰਦੂ……ਉਹ ਘਾਟ ਵਾਲਾ ਮੁੰਡਾ । ਫੋਟੋ ਵੀ ਖਿਚਵਾਈ । ਚਲਾ ਗਿਆ ਤਾਂ ਵੀ । ਆਏਗਾ ਜ਼ਰੂਰ । ਕਹਿੰਦਾ ਤਾਂ ਸੀ ਆਵਾਂਗਾ । ਲੈ ਜਾਵਾਂਗਾ । ਬੰਦੋਬਸਤ ਕਰੇਗਾ ਕਿਧਰੇ ਵੀ ਆਪੇ ।…… ਨਹੀਂ ! ਨਹੀਂ ਲੈਣ ਆਵੇਗਾ । ਕੌਣ ਹੱਸਿਆ ਸੀ ? ਕਿਸ ਕਿਹਾ ਸੀ ? ਕੌਣ ਚੰਦੂ ? ਕਿਹਦਾ ਚੰਦੂ ? ਜੋ ਗਿਆ……ਨਹੀਂ ਆਉਂਦਾ ਮੁੜ ਕੇ । ਤੂੰ ਦੇਖਦੀ ਰਹਿ ਰਾਹ……।

ਫਿਰ ਕੋਈ ਤੁਰ ਰਿਹਾ ਹੈ ਸੁੰਝੀਆਂ ਗਲੀਆਂ ਵਿਚ । ਕੋਲ ਆ ਕੇ ਨਿਕਲ ਜਾਂਦਾ ਹੈ ਕਿਸੇ ਹੋਰ ਪਾਸੇ । ਫਿਰ ਕੋਈ ਧੀਮੀ ਜਿਹੀ ਆਵਾਜ਼ । ਫਿਰ ਆ ਗਿਆ ਕੋਈ ।

—ਓ ! ਕੌਣ ? ਜੱਬਾਰ ?......ਉਠ ਕੇ ਬੈਠ ਜਾਂਦੀ ਹੈ ।......ਏ ! ਤੂੰ ਆ ਗਿਆ ! ਇੰਨੀ ਜਲਦੀ ? ਉਹ ਨਹੀਂ ਮਿਲਿਆ ਤੈਨੂੰ ?

ਕੋਲ ਆ ਕੇ ਬੈਠ ਜਾਂਦਾ ਹੈ । ਫੁਸਫੁਸਾਉਂਦਾ ਹੈ ।......ਮਿਲਿਐ । ਕਹਿਣ ਲਗਾ...... ਥੋੜ੍ਹੀ ਦੇਰ ਤਕ ਆਈਂ । ਅਜੇ ਗੋਰਖਾ ਬੈਠਾ ਏ ।

ਇਕ ਪਤਲਾ ਚੰਦਰਮਾ ਨਿਕਲ ਆਇਆ ਹੈ ਕਿਧਰੇ । ਕਾਲੇ ਪਾਣੀ ਵਿਚ ਹਲਕੀ ਜਿਹੀ ਝਿਲਮਿਲ । ਖਾਮੋਸ਼ ਬੈਠੇ ਹਨ ਦੋਵੇਂ । ਹੁਣ ਹੋਰ ਖਾਮੋਸ਼ । ਧੁਖਦੀ ਰਹਿੰਦੀ ਹੈ ਜੱਬਾਰ ਦੀ ਬੀੜੀ । ਫਿਰ ਆ ਰਹੀ ਹੈ ਆਵਾਜ਼ । ਫਿਰ ਆ ਰਿਹਾ ਹੈ ਕੋਈ । ਫੁਸਫੁਸਾਉਂਦੀ ਹੈ ਰੋਜ਼ੀ ।......ਏਧਰ ......ਇਸ ਪਾਸੇ ਲੇਟ ਜਾ ਤੂੰ ।

ਚਾਰੇ ਪਾਸੇ ਦੇਖਦਾ ਹੈ ।......ਤੂੰ ਕਿੱਥੇ ਲੁਕੇਂਗੀ ?

—ਮੈਂ ਉਧਰ ਜਾਂਦੀ ਆਂ ਕਿਸੇ ਪਾਸੇ ।

ਬੀੜੀ ਬੁਝਾ ਦੇਂਦਾ ਹੈ । ਇਕ ਵਾਰ ਦੇਖਦਾ ਹੈ ਦੁਕਾਨ ਦੇ ਤਖਤੇ ਵੱਲ ।......ਆ ਏਥੇ ਈ ਲੇਟ ਤੂੰ । ਬੜੀ ਜਗ੍ਹਾ ਏ ।

ਹੁਣ ਲੇਟੇ ਹਨ ਦੋਵੇਂ ਇਕੋ ਹੀ ਤਖਤੇ ਉਪਰ......ਹਨੇਰੇ ਦੇ ਘੇਰੇ ਅੰਦਰ । ਬੋ ਆ ਰਹੀ ਹੈ ਹਲਕੀ ਹਲਕੀ । ਮਿਲ੍ਹ ਦੀ......ਰੋਜ਼ੀ ਦੇ ਬੰਨ੍ਹੇ ਹੋਏ ਜ਼ਖਮਾਂ ਦੀ ।

ਲੰਘ ਗਏ ਲੋਕ । ਹੁਣ ਵੀ ਲੇਟੇ ਹਨ ਦੋਵੇਂ । ਪੁੱਛਦੀ ਹੈ ਰੋਜ਼ੀ......ਕੀ ਵਜਿਆ ਹੋਊ ਜੱਬਾਰ ?

ਪਰ ਜੱਬਾਰ ਸੌਂ ਗਿਆ ਹੈ ਅਸਮਾਨ ਦੇ ਤਾਰਿਆਂ ਵਿਚ ।......ਵਜੇ ਹੋਣਗੇ ਜਿੰਨੇ ਮਰਜ਼ੀ । ਕੀ ਕਰਨਾ ਏ ਸੋਚ ਕੇ !

ਹੁਣ ਵੀ ਦੇਖੀ ਜਾ ਰਿਹਾ ਹੈ ਅਸਮਾਨ ਵੱਲ । ਬੋਲਦਾ ਹੈ ਥੋੜ੍ਹੀ ਦੇਰ ਬਾਅਦ ।......ਮੈਨੂੰ ਲਗਦਾ ਏ......ਏਹ ਜਿਹੜੇ ਲੋਕ ਹਨ ਨਾ......ਜਿਨ੍ਹਾਂ ਦੇ ਘਰ ਹੁਣ ਅਸੀਂ ਵੜਾਂਗੇ......ਪੁਲਿਸ ਨੂੰ ਕੁਝ ਨਹੀਂ ਕਹਿਣਗੇ : ਦੌਲਤ ਵੀ ਏਹੀ ਕਹਿੰਦਾ ਸੀ......।

—ਕਿਉਂ ਨਹੀਂ ਕਹਿਣਗੇ ਪੁਲੀਸ ਨੂੰ ?

—ਏਹ ਪੈਸਾ ਕਾਲਾ ਏ...... ਕਾਲਾ । ਮੈਨੂੰ ਤਾਂ ਨਹੀਂ ਲਗਦਾ ਕਿ ਓਹ ਪੁਲੀਸ ਨੂੰ ਖਬਰ ਕਰਨਗੇ ।......ਕਰਨਗੇ ਤਾਂ ਕਰੀ ਜਾਣ । ਮੈਂ ਤਾਂ ਅਮਜਦ-ਹਸੀਨਾ ਨੂੰ ਲੈ ਕੇ ਇਥੋਂ ਨਿਕਲ ਜਾਣਾ ਹੈ ।

ਲੰਬੀ ਖਾਮੋਸ਼ੀ । ਕਿਸੇ ਮੋਟਰ ਦੇ ਸ਼ੂਕਦੇ ਲੰਘ ਜਾਣ ਦੀ ਆਵਾਜ਼ ।

ਜੱਬਾਰ ! ਮੈਨੂੰ ਤਾਂ ਬੜਾ ਡਰ ਲਗਦਾ ਏ । ਤੈਨੂੰ ਨਹੀਂ ਲਗਦਾ ?

ਲੇਟਿਆ ਹੈ ਪੱਥਰ ਵਾਂਗ ।......ਲਗਦਾ ਏ...... ਬਹੁਤ ਲਗਦਾ ਏ । ਇਨ੍ਹਾਂ ਪੁਲੀਸ ਵਾਲੇ ......ਦੀ ਮਾਰ......ਤੌਬਾ । ਪਰ ਮੈਂ ਕਰਾਂ ਤਾਂ ਕੀ ਕਰਾਂ ! ਦੂਜਾ ਕੋਈ ਰਸਤਾ ਵੀ ਤਾਂ ਨਹੀਂ ਮੇਰੇ ਕੋਲ ।

ਦੌੜਦੀ ਆਉਂਦੀ ਹੈ ਇਕ ਸਫੇਦ ਬਿੱਲੀ । ਭੌਂਕਦਾ ਹੋਇਆ ਪਿਛੇ ਲਗਾ ਹੈ ਕੁੱਤਿਆਂ ਦਾ ਝੁੰਡ । ਫਿਰ ਖਾਮੋਸ਼ੀ ।

ਰੋਜ਼ੀ ! ਏਹ ਸੋਚਿਆ......ਓਹ ਸੋਚਿਆ......ਸਭ ਕੁਛ ਸੋਚਿਆ ਮੈਂ । ਰੋਜ਼ੀ ! ਕੁਝ ਪੱਲੇ ਨਹੀਂ ਪੈਂਦਾ । ਸੱਚ ਕਹਿੰਨਾ ਆਂ ਮੈਂ । ਹਾਰ ਕੇ ਇੰਜ ਸੋਚਿਆ ਏ......ਦੂਜਾ ਕੋਈ ਰਾਹ ਈ ਨਹੀਂ । ਮੈਂ ਸੋਚ ਸੋਚ ਹਾਰ ਗਿਆ ਵਾਂ ।

ਫਿਰ ਇਕ ਆਵਾਜ਼ । ਇਕ ਹਵਾਈ ਜਹਾਜ਼ । ਪਏ ਰਹਿੰਦੇ ਹਨ ਦੋਵੇਂ ਖਾਮੋਸ਼ । ਇਕ ਲੰਬੀ ਲਕੀਰ । ਟੁੱਟ ਗਿਆ ਇਕ ਤਾਰਾ । ਹੁਣ ਵੀ ਪਏ ਹਨ ਚੁੱਪ ਚਾਪ । ਚੁੱਪ ਚਾਪ ਚੁਫੇਰਾ । ਸਿਰਫ ਚੀਕ ਰਿਹਾ ਹੈ ਇਕ ਝੀਂਗਰ । ਗੁੰਮ ਸੁੰਮ......ਹੁਣ ਉਠ ਕੇ ਬੈਠ ਗਏ ਹਨ ਦੋਵੇਂ । ਬੁਝੀ ਹੋਈ ਬੀੜੀ ਫਿਰ ਧੁਖ ਪੈਂਦੀ ਹੈ......ਫਿਰ ਬੁਝ ਜਾਂਦੀ ਹੈ । ਹੁਣ ਉਠ ਕੇ ਖੜਾ ਹੋ ਜਾਂਦਾ ਹੈ ਜੱਬਾਰ ।

—ਮੈਂ ਚਲਿਆ ਆਂ ਰੋਜ਼ੀ !

ਇਕ ਨਜ਼ਰ ਚਾਰੇ ਪਾਸੇ । ਵੱਧ ਜਾਂਦਾ ਹੈ ਅਗੇ । ਇਕ ਕਰਾਸ ਬਣਾਉਂਦਾ ਹੈ ਛਾਤੀ ਉਪਰ ਇਮਾਰਤ ਦੇ ਪਿਛੇ ਗਾਇਬ ਹੋ ਜਾਂਦਾ ਹੈ ਜੱਬਾਰ ।

ਗੁਜ਼ਰਦੀ ਜਾਂਦੀ ਹੈ ਰਾਤ ਹੌਲੇ ਹੌਲੇ । ਤਾਰੇ ਸਰਕਦੇ ਜਾਂਦੇ ਹਨ । ਦੌੜੇ ਆਉਂਦੇ ਹਨ ਬੱਦਲਾਂ ਦੇ ਟੁਕੜੇ । ਠਹਿਰਦੇ ਨਹੀਂ, ਨਿਕਲ ਜਾਂਦੇ ਹਨ ਅੱਗੇ । ਠਹਿਰੀ ਹੋਈ ਹਵਾ ਰੁਮਕ ਕੇ ਠਹਿਰ ਜਾਂਦੀ ਹੈ ਫਿਰ । ਬੰਦ ਅੱਖਾਂ ਦੇ ਸਾਹਮਣੇ ਆਉਂਦੇ ਹਨ ਲੋਕ......ਜੋ ਕਦੀ ਨਹੀਂ ਆਉਂਦੇ । ਰੋਜ਼ੀ......ਨਾ ਸੁੱਤੀ......ਨਾ ਜਾਗਦੀ । ਸਿਰਫ ਦੇਖਦੀ ਰਹਿੰਦੀ ਹੈ ਲੰਘਦੇ ਹੋਏ ਲੋਕਾਂ ਨੂੰ । ਲੋਕ......ਜੋ ਬਹੁਤ ਪਹਿਲਾਂ ਆਏ ਸਨ......ਜੋ ਬਹੁਤ ਬਾਅਦ ਵਿਚ ਆਏ ਸਨ । ਜੋ ਚਲੇ ਗਏ......ਫਿਰ ਮੁੜ ਕੇ ਨਹੀਂ ਆਏ । ਸਿਰਫ ਨਵੇਂ ਲੋਕ ਆਉਂਦੇ ਰਹੇ ।......ਬੰਦ ਅੱਖਾਂ ਦੀ ਧੁੰਦ ਦੇ ਸਾਹਮਣੇ......ਕਿਧਰੇ ਸੀ ਇਕ ਮੰਗਲੋਰ । ਖੁਲ੍ਹੀਆਂ ਅੱਖਾਂ ਦੇ ਉਜਾਲੇ ਵਿਚ ਕਤਾਰ ਝੌਂਪੜੀਆਂ ਦੀ । ਹੱਦਾਂ......ਨਾ ਖਤਮ ਹੋਣ ਵਾਲੀਆਂ । ਤਖ਼ਤੇ ਉਪਰ ਪਰਤਦੀ ਹੋਈ ਪਾਸੇ । ਫਿਰ ਇਕ ਆਹਟ । ਖੋਲ੍ਹ ਦੇਂਦੀ ਹੈ ਅੱਖਾਂ । ਸਾਹਮਣੇ ਖੜਾ ਹੈ ਜੱਬਾਰ । ਬੈਠ ਜਾਂਦੀ ਹੈ ਉਠ ਕੇ ।

ਕਿਉਂ ? ਕੀ ਹੋਇਆ ?

ਕੁਝ ਨਹੀਂ ।......ਚਿਹਰਾ ਦਿਖਾਈ ਨਹੀਂ ਦੇਂਦਾ ਪਰ ਆਵਾਜ਼ ਘਬਰਾਈ ਹੋਈ...... ਅਜੇ ਹੋਰ ਟੈਮ ਲੰਘ ਜਾਣ ਦਈਏ ।

ਹੀਜੜਿਆਂ ਦੀ ਝੌਂਪੜੀ ਵਿਚ ਸਲਮਾ ਅਤੇ ਪਾਰਬਤੀ......ਉਂਘਦੀਆਂ ਹੋਈਆਂ...... ਕਮਲਾ ਅਤੇ ਬਿਮਲਾ ਨਹੀਂ ਹਨ......ਸਿਰਫ ਲਕਸ਼ਮੀ । ਲਕਸ਼ਮੀ ਦੀ ਅਵਾਜ਼ ।......ਮੈਂ ਹੀਜੜਾ ਨਹੀਂ । ਪਰ ਕੰਮ ਕੋਈ ਨਹੀਂ ਲੱਭਦਾ......ਪੈਸਾ ਨਹੀਂ । ਏਸੇ ਵਜ੍ਹਾ ਕਰਕੇ ਮੈਂ ਆ ਗਿਆ ਕਮਲਾ ਬਿਮਲਾ ਦੇ ਨਾਲ । ਭਿੱਖ ਮੰਗਣ ਨਾਲੋਂ ਤਾਂ ਏਹੀ ਠੀਕ......।

ਹੁਣ ਰਾਤ ਸ਼ਾਇਦ ਢਲ ਰਹੀ ਹੈ । ਜੱਬਾਰ ਫੂਕੀ ਜਾਂਦਾ ਹੈ ਬੀੜੀਆਂ । ਖਾਮੋਸ਼ੀ ਦੇ ਦੌਰਾਨ

ਬੋਲ ਉਠਦਾ ਹੈ ਕਦੀ ਕਦੀ ।......ਏਹ ਸਾਲਾ ਦੌਲਤ ! ਕਿੰਨਾ ਈ ਟੈਮ ਹੋ ਗਿਆ ਏ ! ਸਾਲਾ ਕਹਿੰਦਾ ਕੁਝ......ਕਰਦਾ ਕੁਝ......।

ਖਾਮੋਸ਼ੀ ਦੌਰਾਨ ਬੋਲਦੀ ਹੈ ਰੋਜ਼ੀ......ਲੇਟਿਆ ਰਹਿ ਥੋੜ੍ਹੀ ਦੇਰ ਇੱਥੇ ਈ ।

ਨਹੀਂ !......ਅਚਾਨਕ ਉਠ ਖੜਾ ਹੁੰਦਾ ਹੈ ।......ਜਾਣਾ ਏ ਮੈਂ ! ਗਾਇਬ ਹੋ ਜਾਂਦਾ ਹੈ ਇਮਾਰਤਾਂ ਦੇ ਪਿਛੇ ।

ਕਈ ਵਾਰ ਹੁੰਦਾ ਹੈ......ਆ ਜਾਂਦਾ ਹੈ... ਫਿਰ ਗ਼ਾਇਬ ਹੋ ਜਾਂਦਾ ਹੈ । ਪਰ ਫਿਰ ਆ ਜਾਂਦਾ ਹੈ । ਫਿਰ ਗ਼ਾਇਬ ਹੋ ਜਾਂਦਾ ਹੈ । ਗਾਲ੍ਹਾਂ ਨਿਕਲਦੀਆਂ ਹਨ......ਰਹਿ ਜਾਂਦੀਆਂ ਹਨ ਦਬ ਕੇ । ਰੋਜ਼ੀ ਪਰਤਦੀ ਹੈ ਵਾਰ ਵਾਰ ਪਾਸੇ......ਗੁੰਮ ਸੁੰਮ ਹਨੇਰੇ ਵਿਚ। ਰਾਤ ਗੁਜ਼ਰਦੀ ਜਾਂਦੀ ਹੈ ਚੁੱਪ ਚਾਪ । ਫਿਰ ਕੋਈ ਆਵਾਜ਼ । ਫਿਰ ਕੋਈ ਆਹਟ । ਅੱਖਾਂ ਖੋਲ੍ਹ ਕੇ ਵੇਖਦੀ ਹੈ ।...... ਨਹੀਂ । ਨਹੀਂ ਹੈ ਜੱਬਾਰ । ਕੋਈ ਹੋਰ ਹੈ ।

ਫਿਰ ਰਾਤ । ਬੰਦ ਅੱਖਾਂ । ਨਾ ਪਰਤਣ ਵਾਲਿਆਂ ਦੀਆਂ ਤਸਵੀਰਾਂ । ਫਿਰ ਕੋਈ ਆਹਟ । ਆ ਗਿਆ ਜੱਬਾਰ ? ਨਹੀਂ । ਫਿਰ ਕੋਈ ਦੂਸਰੀ ਆਵਾਜ਼ । ਦੇਰ ਹੋ ਗਈ ਇਸ ਵਾਰ । ਨਹੀਂ ਆਇਆ ਅਜੇ ਤਕ ।

ਇਕ ਮੋਟਰ ਲੰਘ ਜਾਂਦੀ ਹੈ । ਇਕ ਹੋਰ ਲੰਘ ਜਾਂਦੀ ਹੈ । ਥੋੜ੍ਹੇ ਚਿਰ ਬਾਅਦ ਇਕ ਹੋਰ ਲੰਘਦੀ ਹੈ । ਇਕ ਆਦਮੀ । ਫਿਰ ਇਕ ਆਦਮੀ । ਫਿਰ ਇਕ ਹੋਰ ਆਦਮੀ । ਘੱਟ ਰਹੀ ਹੈ ਰਾਤ । ਨਹੀਂ ਆਇਆ ਜੱਬਾਰ । ਕੀ ਹੋਇਆ ? ਕਿੱਥੇ ਚਲਾ ਗਿਆ ? ਜਦ ਹਨੇਰਾ ਖਤਮ ਹੋ ਜਾਏਗਾ ਥੋੜ੍ਹੀ ਦੇਰ ਬਾਅਦ..... ਜਦ ਉਜਾਲਾ ਪਸਰ ਜਾਏਗਾ ਚੁਫੇਰੇ..... ਕਿੱਥੇ ਲੱਭੇਗੀ ਉਹਨੂੰ ?

ਆਵਾਜ਼ ਫਿਰ ਆ ਰਹੀ ਹੈ । ਇਮਾਰਤਾਂ ਦੇ ਪਿਛੇ ਹੈ ਚਾਰ ਚੁਫੇਰੇ । ਕਾਹਲੀ ਕਾਹਲੀ ਵੱਧ ਰਿਹਾ ਹੈ ਅਗੇ । ਤੇਜ਼ੀ ਹੋਰ ਤੇਜ਼ੀ । ਖੜੀ ਹੋ ਜਾਂਦੀ ਹੈ ਰੋਜ਼ੀ । ਆ ਰਿਹਾ ਹੈ ਤੇਜ਼ੀ ਨਾਲ । ਚੇਹਰੇ ਉਪਰ ਘਬਰਾਹਟ ਦੇ ਨਿਸ਼ਾਨ । ਮੁੜ੍ਹਕਾ । ਤੇਜ਼ ਸਾਹ ।

ਕੀ ਹੋਇਆ ?

—ਕੁਝ ਨਹੀਂ । ਮੈਂ ਓਧਰ ਜਾਂਦਾ ਆਂ......ਟੇਸ਼ਨ 'ਤੇ । ਤੂੰ......ਤੂੰ ਹਸੀਨਾ ਅਤੇ ਅਮਜਦ ਨੂੰ ਭੇਜ ਦੇ ਜਲਦੀ ਨਾਲ । ਅਤੇ......ਅਤੇ ਤੂੰ ਵੀ ਆ ਜਾਈਂ ਓਧਰੇ ਈ......ਟੇਸ਼ਨ 'ਤੇ ।

ਮੁੜਦਾ ਹੈ ਤੇਜ਼ੀ ਨਾਲ । ਦੋਵੇਂ ਹੱਥ ਗੰਦੀ ਪਤਲੂਨ ਵਿਚ ।

ਸੁਣ ਤਾਂ !

—ਕੀ ਏ ?......ਮੁੜਦਾ ਹੈ । ਤੇਜ਼ ।......ਜਲਦੀ ਦੱਸ । ਟੈਮ ਨਹੀਂ ਮੇਨੂੰ ਰੋਜ਼ੀ ।

—ਤੇਰਾ ਕੰਮ ਹੋ ਗਿਆ ਏ ਨਾ......?

ਦੇਖਦਾ ਹੈ ਚਾਰ ਚੁਫੇਰੇ । ਮੁੜ੍ਹਕਾ ਹੋਰ ਜ਼ਿਆਦਾ ।

—ਆਹੋ । ਪਰ ਤੂੰ ਦੌੜ ਜਲਦੀ ਨਾਲ । ਹਸੀਨਾ ਨੂੰ ਕਹਿ ਕੇ ਮੈਂ ਉਹਦਾ ਰਾਹ ਦੇਖ ਰਿਹਾ ਆਂ......ਟੇਸ਼ਨ 'ਤੇ । ਝੌਂਪੜੀ ਨੂੰ ਮਾਰ ਦੇਈਂ ਜੰਦਰਾ । ਆ ਜਾ ਜਲਦੀ ਨਾਲ......।

ਘੁੰਮ ਕੇ ਤੁਰ ਪੈਂਦਾ ਹੈ ਤੇਜ਼ੀ ਨਾਲ......ਦੂਜੇ ਪਾਸੇ......ਜਿੱਥੇ ਗੋਲ ਰੋਸ਼ਨੀਆਂ ਦੀ ਕਤਾਰ ਖ਼ਤਮ ਹੋ ਜਾਂਦੀ......ਜਿਥੇ ਹੁਣ ਕੁਝ ਦਿਖਾਈ ਨਹੀਂ ਦਿੰਦਾ । ਖੜ੍ਹੀ ਹੈ ਰੋਜ਼ੀ......ਗੁੰਮ ਸੁੰਮ......ਪੱਥਰ ਵਾਂਗ । ਆ ਰਹੇ ਹਨ ਲੋਕ......ਜਾ ਰਹੇ ਹਨ । ਹੋਰ ਆ ਰਹੇ ਹਨ ! ਸ਼ੁਰੂ ਹੋ ਗਈਆਂ ਮੋਟਰਾਂ । ਦੁੱਧ ਵਾਲੇ । ਪਾਵ ਵਾਲੇ । ਦੂਰ ਉੱਚੀਆਂ ਕਾਲੀਆਂ ਇਮਾਰਤਾਂ ਪਿਛੇ ਫੈਲ ਰਿਹਾ ਹੈ ਉਜਾਲਾ । ਤੁਰਨਾ ਸ਼ੁਰੂ ਕਰ ਦੇਂਦੀ ਹੈ ਰੋਜ਼ੀ......ਲੰਗੜਾਉਂਦੀ......ਘਸੀਟਦੀ......ਤੇਜ਼......ਹੋਰ ਤੇਜ਼......ਜਿੱਥੇ ਫੈਲੇ ਹੋਏ ਅਸਮਾਨ ਹੇਠਾਂ......ਫੈਲੀਆਂ ਹੋਈਆਂ ਹਨ ਝੌਂਪੜੀਆਂ ।

5

ਹੌਲੀ ਹੌਲੀ ਤੁਰ ਰਿਹਾ ਹੈ ਮਲਬਾਰੀ......ਚਾਹ ਵਾਲਾ। ਪਊਆ ਅਤੇ ਬਾਲਟੀ ਲਈ। ਕੋਈ ਆਵਾਜ਼ ਨਹੀਂ ਦੇਂਦਾ ਅੱਜ। ਚਲੀਆਂ ਗਈਆਂ ਅੱਜ ਸਾਰੀਆਂ ਦੀਆਂ ਸਾਰੀਆਂ। ਰਹਿ ਗਈਆਂ......ਪਾਰਬਤੀ......ਸਲਮਾ......ਨੈਨਾਂ। ਕਿੱਥੇ ਲੁਕੀਆਂ ਨੇ? ਦਿਸਦੀਆਂ ਨਹੀਂ ਕਿਧਰੇ। ਸਿਰਫ ਚੀਕ ਰਹੀ ਹੈ ਮੈਨਾ।......ਏ ਚਾ ਵਾਲਾ।......ਏ ਮਲਬਾਰੀ! ਸੁਣਦਾ ਕਿਉਂ ਨਹੀਂ? ਪੈਸੇ ਲੈ..... ਉਧਾਰ ਨਹੀਂ ਮੰਗਦੀ......।

ਇਧਰ ਦੀਆਂ ਝੌਂਪੜੀਆਂ ਵਿਚ ਖ਼ਾਮੋਸ਼ੀ। ਚਟਾਈਆਂ ਦੇ ਦਰਵਾਜ਼ਿਆਂ ਉੱਪਰ ਚੜ੍ਹੀਆਂ ਨੇ ਕੁੰਡੀਆਂ। ਉੱਧਰਲੀਆਂ ਝੌਂਪੜੀਆਂ ਵਿਚ ਹਲਚਲ। ਬੈਠ ਕੇ ਟੱਟੀ ਕਰਦੇ ਹੋਏ ਬੱਚੇ। ਘੁਮਦੀਆਂ ਹੋਈਆਂ ਬੱਤਖਾਂ... ਨਾਲੀਆਂ ਕੋਲ। ਕੂੜੇ ਦੇ ਢੇਰ ਉੱਪਰ ਕੁਕੜੀਆਂ। ਊਂਘਦੇ ਹੋਏ ਲੋਕ। ਮੂੰਹ ਵਿਚ ਦਾਤਣ ਪਾਈ ਸੁੱਤੇ ਹੋਏ......ਰਹਿ ਰਹਿ ਕੇ ਜਾਗਦੇ ਹੋਏ। ਹਲੂਣ ਹਲੂਣ ਕੇ ਜਗਾਉਂਦੀ ਹੈ ਮੈਨਾ।......ਪੋਪਟ! ਏ......ਉਠ! ਕੰਮ 'ਤੇ ਨਹੀਂ ਜਾਣਾ ਤੂੰ?......ਏਹ ਫੜ ਚਾਹ।

ਜਾਗ ਕੇ ਪਾਸਾ ਪਰਤਦਾ ਹੈ......ਸੌਂ ਜਾਂਦਾ ਹੈ ਫਿਰ।

—ਰਾਜੂ! ਏ ਸਾਲਾ..... ਉਠ! ਦਿਨ ਚੜ੍ਹ ਆਇਐ......ਕਦੋਂ ਤਕ ਸੁੱਤਾ ਰਹੇਂਗਾ?

ਇਕ ਨੁੱਕਰ। ਗੰਦਾ ਸਟੋਵ। ਅਲਮੋਨੀਅਮ ਦੇ ਭਾਂਡੇ। ਦੂਜੀ ਨੁੱਕਰ। ਪਾਟੀਆਂ ਹੋਈਆਂ ਚਟਾਈਆਂ। ਮੈਲੇ ਬਿਸਤਰੇ। ਫਿਰ ਉਹੀ ਪੋਪਟ। ਉਹੀ ਰਾਜੂ।......ਕਿਉਂ? ਜਿਵੇਂ ਡਰ ਲਗ ਰਿਹਾ ਹੋਵੇ ਮੈਨਾ ਨੂੰ......ਇਕੱਲਿਆਂ। ਕਿਸ ਦਾ ਡਰ? ਥੱਕੀ ਹੋਈ ਆਵਾਜ਼ ...ਪੁਕਾਰਦੀ ਹੋਈ।......ਪੋਪਟ! ਏ! ਉਠ ਵੀ ਨਾ। ਕੰਮ 'ਤੇ ਨਹੀਂ ਜਾਣਾ ਤੂੰ?

ਫਿਰ ਕਰਵਟ। ਇਕ ਝੁੰਜਲਾਹਟ।......ਸੌਣ ਵੀ ਦੇ ਮੈਨੂੰ। ਸੱਚ ਕਹਿੰਨਾ ਆਂ ਸੌਣ ਦੇ ਮੈਨੂੰ। ਨਹੀਂ ਜਾਣਾ ਕੰਮ 'ਤੇ।

ਫਿਰ ਉਹੀ ਡਰ। ਚੁੱਪ ਚਾਪ ਬੈਠ ਜਾਂਦੀ ਹੈ ਉਸੇ ਤਰ੍ਹਾਂ। ਦੇਖਦੀ ਰਹਿੰਦੀ ਹੈ ਸਾਹਮਣੇ......

ਇਕ ਟੱਕ। ਨਹੀਂ ਬੈਠੀ ਰਹਿ ਸਕਦੀ। ਕੀ ਕਹਿ ਰਿਹਾ ਸੀ ਰਾਜੂ?......ਦੂਰ! ਬੜੀ ਦੂਰ! ਖਾਣਾ ਮਿਲਦਾ ਏ ਢਿੱਡ ਭਰ ਕੇ। ਜਾਏਗਾ ਮੁਹੰਮਦ ਦੇ ਨਾਲ। ਨਹੀਂ ਰਹੇਗਾ ਏਥੇ।

ਰਾਜੂ ਤੂੰਹੀਓਂ ਉਠ। ਉਠ ਵੀ ਨਾ। ਪਾਵ ਲੈ ਕੇ ਆ। ਉਠ ਨਾ!

ਆਵਾਜ਼ ਵਿਚ ਥਕਾਵਟ ਹੋਰ ਵੀ ਜ਼ਿਆਦਾ। ਪਰ ਚੀਕ ਰਿਹਾ ਹੈ ਪੋਪਟ।......ਤੂੰ ਚੁੱਪ ਵੀ ਕਰ......ਕਿਉਂ ਸਿਰ ਖਾ ਰਹੀ ਏਂ? ਦਿਨ ਭਰ ਜਾਨ ਤੋੜ ਕੇ ਕੰਮ ਕੀਤਾ ਅਤੇ ਤੂੰ ਸਵੇਰੇ ਸਵੇਰੇ ਆ ਕੇ ਜਗਾ ਰਹੀ ਏਂ......।

ਘਬਰਾਉਂਦਾ ਹੋਇਆ ਜੀਅ। ਬੈਠ ਜਾਂਦੀ ਹੈ ਚੁੱਪ ਚਾਪ। ਹੁਣ ਕੋਈ ਚੀਕ ਰਿਹਾ ਹੈ ਬਾਹਰ। ਕੱਢ ਰਿਹਾ ਹੈ ਗਾਲ੍ਹਾਂ। ਵੱਟੇ ਮਾਰ ਰਿਹਾ ਹੈ ਕਿਸੇ ਨੂੰ। ਫੜਫੜਾ ਕੇ ਉਠ ਜਾਂਦੀਆਂ ਹਨ ਕੁਕੜੀਆਂ......ਬੱਤਖਾਂ।......ਨਹੀਂ! ਨਹੀਂ ਜਾਏਗਾ ਕੰਮ 'ਤੇ। ਫਿਰ ਆਵਾਜ਼ ਮਾਰਦੀ ਹੈ ਮੈਨਾ......ਏ! ਏ ਪੋਪਟ! ਉਠ ਨਾ! ਉਠ ਵੀ ਨਾ! ਉਠ! ਮੈਂ ਕਿਹਾ......ਉਠ!

ਖਿੱਝ ਕੇ ਉਠ ਬੈਠਦਾ ਹੈ। ਗਾਲ੍ਹਾਂ......ਬਹੁਤ ਸਾਰੀਆਂ। ਮਾਂ ਦੀਆਂ......ਭੈਣ ਦੀਆਂ......ਪਤਾ ਨਹੀਂ ਕਿਸ ਨੂੰ।......ਲੰਬੀਆਂ ਲੰਬੀਆਂ ਉਬਾਸੀਆਂ।......ਬੀੜੀ? ਬੀੜੀਆਂ ਕਿੱਥੇ ਨੇ ਮੇਰੀਆਂ? ਏ ਰਾਜੂ! ਕਿੱਥੇ ਨੇ ਬੀੜੀਆਂ? ਹਰ ਰੋਜ਼ ਪੀ ਜਾਂਦਾ ਏ ਸਾਲਾ...!

ਹੁਣ ਉਠ ਪਿਆ ਹੈ ਰਾਜੂ ਵੀ। ਉਬਾਸੀਆਂ 'ਤੇ ਉਬਾਸੀਆਂ। ਲਿਆ! ਚਾਹ ਲਿਆ! ਕਿੱਥੇ ਏ ਚਾਹ? ਫਿਰ ਜਾਣਾ ਪਵੇਗਾ ਕੰਮ 'ਤੇ। ਏਹਦੀ ਮਾਂ ਦੀ। ਹੱਡੀਆਂ ਤੁੜਾਉਣ ਵਾਲਾ ਕੰਮ ਏ ਸਾਲਾ! ਸਾਰਾ ਸਰੀਰ ਦੁਖਦਾ ਪਿਆ ਏ। ਉਪਰ ਚੜ੍ਹਨਾ......ਚਾਰ ਵਾਰੀ.. ...ਰੇਤ ਲੈਕੇ। ਸਾਲਾ ਠੇਕੇਦਾਰ। ਏਹਦੀ ਮਾਂ ਦੀ! ਕਿੱਥੇ ਏ ਚਾਹ? ਫੜਾ ਵੀ......।

ਹੱਥਾਂ ਨੂੰ ਮਰੋੜਦੇ ਹਨ ਲੋਕ। ਮੁੱਠੀਆਂ ਵਿਚ ਬੰਦ ਦਰਦ। ਝੌਂਪੜੀਆਂ ਵਿਚੋਂ ਲੰਘਦੀ ਦੂਰ ਚਲੀ ਗਈ ਹੈ ਪਗਡੰਡੀ! ਪਗਡੰਡੀ ਕਾਹਦੀ ਨਾਲੀ ਹੈ ਇਕ। ਗੰਦੇ ਪਾਣੀ ਦੇ ਨਾਲ ਇਨ-ਸਾਨਾਂ ਨੂੰ ਵੀ ਵਹਾਈ ਲਈ ਜਾਏਗੀ......ਇਕ ਸੜਕ ਦੇ ਕੋਲ। ਟੁੱਟੀ ਹੋਈ ਸੜਕ......ਜਿੱਥੇ ਦੌੜਦੇ ਹੋਏ ਆਦਮੀ ਸਿਰਫ ਉਪਰ ਦੇਖਦੇ ਹਨ......ਹੇਠਾਂ ਨਹੀਂ। ਜੋ ਦੌੜ ਨਹੀਂ ਸਕਦੇ...... ਫੁਟਪਾਥਾਂ ਉਪਰ ਡਿਗ ਕੇ ਢੇਰੀ ਹੋ ਜਾਂਦੇ ਹਨ। ਢੇਰਾਂ ਨਾਲ ਭਰੀ ਹੋਈ ਪਾਈਪਾਂ ਦੀ ਕਤਾਰ। ਅਜੇ ਵੀ ਜ਼ਿੰਦਾ ਹੈ ਮਰੀਅਮ ਦਾ ਕਾਲਾ ਬੱਚਾ। ਦੇਖਦੀ ਜਾਂਦੀ ਹੈ ਉਸ ਨੂੰ। ਚੁੱਪ ਨਹੀਂ ਰਹਿ ਸਕਦੀ। ਬੋਲੀ ਜਾਂਦੀ ਹੈ ਉਹੀ ਗੱਲ ਵਾਰ ਵਾਰ।......ਕਿਹੋ ਜਿਹਾ ਮੁੰਡਾ ਏ ਸਾਲਾ! ਜ਼ਰਾ ਪਰੇ ਹੋਵੇ ਕਿ ਰੋਣਾ ਸ਼ੁਰੂ......ਚੀਕੀ ਜਾਂਦਾ ਏ......ਜਿਵੇਂ ਜਾਨ ਨਿਕਲ ਰਹੀ ਹੋਵੇ। ਕਿਉਂ ਆਇਆ ਏਂ ਏਧਰ? ਏ! ਮੈਂ ਕਿਹਾ ਸੀ ਤੈਨੂੰ ਆਉਣ ਲਈ? ਆਇਆ ਏਂ ਤਾਂ ਹੁਣ ਚੁਪ ਕਿਉਂ ਨਹੀਂ ਹੁੰਦਾ? ਆਹੋ!

ਪਰ ਚੁੱਪ ਹੋ ਜਾਂਦੀ ਹੈ ਅਚਾਨਕ। ਤੱਕਦੀ ਰਹਿੰਦੀ ਹੈ। ਕਿਸੇ ਨੇ ਨਹੀਂ......ਪਾਰਬਤੀ ਨੇ ਕਿਹਾ ਸੀ।......ਨਹੀਂ ਆਇਆ ਜ਼ਿੰਦਾ ਰਹਿਣ ਲਈ ਏਹ ਬੱਚਾ। ਮਰ ਜਾਏਗਾ ਆਪਣੇ ਆਪ। ਤੂੰ ਕਿਉਂ ਚਿੰਤਾ ਕਰਦੀ ਏਂ? ਦੇਖਦੀ ਰਹਿੰਦੀ ਹੈ ਲਗਾਤਾਰ। ਛੋਟੇ ਛੋਟੇ ਹੱਥ। ਛੋਟੇ ਛੋਟੇ ਪੈਰ।

ਹੋਰ ਛੋਟੇ। ਹੋਰ ਵੀ ਛੋਟੇ। ਅਤੇ ਬਾਹਰ ਸੜਕ ਉੱਪਰ......ਵੱਡਾ ਸ਼ਹਿਰ। ਫਿਰ ਇਕ ਮੋਟਰ। ਫਿਰ ਮੋਟਰਾਂ। ਫਿਰ ਰੌਲਾ! ਫਿਰ ਮੋਟਰ। ਬੱਸਾਂ। ਦੌੜਦੀ ਹੋਈ ਦੁਨੀਆਂ। ਪਾਈਪ ਦੇ ਅੰਦਰ... ਖਾਮੋਸ਼ੀ। ਸਿਰਫ ਆਪਣੇ ਆਪ ਨਾਲ ਬੋਲਦੀ ਹੋਈ ਮਰੀਅਮ ਦੀ ਆਵਾਜ਼।......ਏ! ਸੁਣਨਾ ਪਿਆ ਏਂ ਨਾ? ਤੂੰ ਨਾ ਆਉਂਦਾ......ਤਾਂ ਤੇਰਾ ਵੀ ਭਲਾ ਸੀ ਅਤੇ ਮੇਰਾ ਵੀ।......ਮੈਨੂੰ...... ਮੈਨੂੰ ਪਤਾ ਏ......ਤੂੰ ਰਹੇਂਗਾ ਨਹੀਂ......ਤੁਰ ਜਾਏਂਗਾ। ਚਲ ਇਹ ਠੀਕ ਵੀ ਏ। ਪਰ ਤੂੰ ਆਇਆ ਕਿਉਂ ਸੈਂ। ਹੁਣ ਤੂੰ ਜਾਏਂਗਾ......ਹੋ ਜਾਏਂਗਾ ਰੱਬ ਨੂੰ ਪਿਆਰਾ। ਕੀ ਕਹੇਂਗਾ ਉਹਨੂੰ ... ਰੱਬ ਨੂੰ? ਕਿ ਤੇਰੀ ਅੰਮਾਂ ਬਹੁਤ ਖਰਾਬ ਏ......ਹੈ ਨਾ? ਇਹੀ ਕਹੇਂਗਾ ਤੂੰ? ਏ ਸਾਲਾ! ਬੋਲ ਵੀ! ਇਹੋ ਹੀ ਕਹੇਂਗਾ ਨਾ ਤੂੰ......?

ਜਵਾਬ ਨਹੀਂ ਦੇਂਦਾ ਛੋਟਾ ਆਦਮੀ। ਖੁਲ੍ਹੀਆਂ ਅੱਖਾਂ ਦੇ ਸਾਹਮਣੇ ਇਕ ਖਾਲੀਪਣ। ਕੋਲੋਂ ਲੰਘੀ ਜਾ ਰਿਹਾ ਹੈ ਸ਼ਹਿਰ......ਆਵਾਜ਼ਾਂ ਦਾ ਸ਼ਹਿਰ ......ਦੌੜਦਾ ਹੋਇਆ। ਪਾਈਪ ਦੇ ਅੰਦਰ ......ਉਹੀ ਖਾਮੋਸ਼ੀ। ਆਪਣੇ ਆਪ ਨਾਲ ਗੱਲਾਂ ਕਰਦੀ ਹੋਈ ਆਵਾਜ਼। ਕੁਝ ਨਾ ਸੁਣਨ ਵਾਲਾ ਨੰਨ੍ਹਾ ਆਦਮੀ।......ਸੁਣ ਵੇ! ਸੁਣਦਾ ਏਂ ਨਾ? ਨਹੀਂ..... ਇੰਜ ਨਾ ਕਹੀਂ ਰੱਬ ਨੂੰ। ਤੇਰੀ ਅੰਮਾਂ ਲਈ......ਹੋਰ ਕੋਈ ਰਾਹ ਨਹੀਂ। ਕੀ ਸਮਝਿਆ? ਕੋਈ ਰਸਤਾ ਨਹੀਂ। ਸੱਚ ਕਹਿੰਨੀ ਆਂ ਮੈਂ। ਰੱਬ ਨੂੰ ਪਤਾ ਏ......ਝੂਠ ਨਹੀਂ ਬੋਲਦੀ। ਮੈਨੂੰ ਆਪ ਨੂੰ ਨਹੀਂ ਪਤਾ ਕਿ ਕੀ ਕਰਾਂ ਮੈਂ। ਕਿੱਥੇ ਜਾਵਾਂ!......ਹਾਂ ਸੁਣ! ਆਪਣੀ ਅੰਮਾਂ ਨੂੰ ਵੀ ਲੈ ਚਲ ਆਪਣੇ ਨਾਲ। ਦਿਲੋਂ ਕਹਿੰਦੀ ਆਂ। ਮੈਨੂੰ ਲੈ ਚਲ। ਮੈਂ ਚਲਾਂਗੀ ਤੇਰੇ ਨਾਲ। ਸੁਣਦਾ ਏਂ ਨਾ? ਸੱਚੀਂ! ਹੱਸਦਾ ਏਂ! ਹੱਸ਼ ਲੈ! ਹੱਸ਼ਦਾ ਏ ਬਦਮਾਸ਼! ਮੇਰੀ ਗੱਲ ਸੁਣ ਕੇ ਹੱਸਦਾ ਏਂ! ਹੱਸ ਲੈ! ਹੱਸ ਲੈ......

ਉਹੀ ਆਵਾਜ਼ਾਂ ਦਾ ਸ਼ਹਿਰ। ਤੇਜ਼। ਹੋਰ ਤੇਜ਼। ਮੋਟਰਾਂ ਹੀ ਮੋਟਰਾਂ। ਬੱਸਾਂ। ਫਿਰ ਉਹੀ ਪਾਈਪ......ਖਾਮੋਸ਼......।

ਉੱਚਾਈ ਉੱਪਰ......ਰੇਲ ਦੀਆਂ ਪਟੜੀਆਂ। ਤਿਲਕਣ ਭਰੀ ਜ਼ਮੀਨ ਵਿਚ ਤੰਗ ਰਸਤੇ ......ਨਾਲੀਆਂ ਵਾਂਗ। ਕੂੜੇ ਦੇ ਢੇਰ ਅਤੇ ਝੌਂਪੜੀਆਂ। ਵਾਰ ਵਾਰ ਚਾਰ ਚੁਫੇਰੇ ਦੇਖਦੀ ਹੈ ਰੋਜ਼ੀ। ਕਿਧਰੇ ਕੋਈ ਸੁਣ ਤਾਂ ਨਹੀਂ ਰਿਹਾ।

ਸੱਚੀਂ ਹਸੀਨਾ ਬਾਈ! ਤੂੰ ਚਲ......ਹੁਣੇ ਚਲ। ਏਸ ਵਿਚ ਕੋਈ ਹਰਜ ਨਹੀਂ......।

ਨਹੀਂ! ਕਹਿ ਦੇ ਓਹਨੂੰ। ਨਹੀਂ ਜਾਵਾਂਗੀ ਮੈਂ। ਚੋਰੀ ਦੇ ਮਾਲ ਦਾ ਰੋਹਬ ਪਾਂਦਾ ਏ ਮੇਰੇ 'ਤੇ।

—ਪਰ!......ਹੱਕੀ ਬੱਕੀ ਰਹਿ ਜਾਂਦੀ ਹੈ ਰੋਜ਼ੀ। ਓ......ਓਹ......ਤੇਰਾ ਰਾਹ ਦੇਖਦਾ ਪਿਆ ਏ ਓਧਰ। ਤੇਰੇ ਵਾਸਤੇ ਈ ਤਾਂ ਸਭ ਕੁਝ ਕੀਤਾ ਏ......।

ਮੈਨੂੰ ਪਤਾ ਏ ਉਸ ਕੀ ਕੀਤਾ ਏ ਮੇਰੇ ਵਾਸਤੇ!......ਗੁੱਸੇ ਵਿਚ ਅੱਥਰੂ ਨਿਕਲ ਆਉਣਗੇ ਹਸੀਨਾ ਦੇ।......ਮੈਂ ਉਹਦੀ ਸ਼ਕਲ ਨਹੀਂ ਦੇਖਣੀ......ਉਸੇ ਮੇਰੀ ਜ਼ਿੰਦਗੀ ਬਰਬਾਦ ਕੀਤੀ ਏ......!

ਉੱਪਰ ਪਟੜੀਆਂ ਉਤੋਂ ਲੰਘ ਜਾਂਦੀ ਹੈ ਰੇਲ ਗੱਡੀ। ਸਾਰੀਆਂ ਆਵਾਜ਼ਾਂ ਗੁਆਚ ਜਾਂਦੀਆਂ ਹਨ ਇਕ ਆਵਾਜ਼ ਵਿਚ। ਨਹੀਂ ਮੰਨੇਗੀ ਸਾਂਵਲੀ ਹਸੀਨਾ। ਨਹੀਂ ਜਾਏਗੀ ਉਸ ਆਦਮੀ ਕੋਲ ਜਿਸ ਦਾ ਕੋਈ ਭਰੋਸਾ ਨਹੀਂ......ਜਿਸ ਬੰਨ੍ਹਾਈਆਂ ਸਨ ਬਹੁਤ ਸਾਰੀਆਂ ਉਮੀਦਾਂ। ਇਕ ਵੀ ਪੂਰੀ ਨਹੀਂ ਕੀਤੀ। ਇਕ ਟੱਕ ਜ਼ਮੀਨ ਵੱਲ ਦੇਖਦੀ ਰਹਿੰਦੀ ਹੈ ਹਸੀਨਾ। ਜਿਵੇਂ ਟਪਕ ਪੈਣਗੇ ਅੱਥਰੂ......ਅਤੇ ਚਿੱਕੜ ਬਣ ਜਾਣਗੇ ਧਰਤੀ ਉੱਪਰ।

ਹੌਲੀ ਹੌਲੀ ਬੋਲੀ ਜਾਂਦੀ ਹੈ ਰੋਜ਼ੀ।......ਝੂਠ ਸਮਝੀਂ ਏਂ ਹਸੀਨਾ ਬਾਈ! ਕੌਣ ਕਿਸੇ ਦੀ ਜ਼ਿੰਦਗੀ ਬਰਬਾਦ ਕਰਦਾ ਏ! ਜ਼ਿੰਦਗੀ ਤਾਂ ਮੁਢੋਂ ਈ ਬਰਬਾਦ ਸੀ। ਸਾਨੂੰ ਲਗਦਾ ਏ ਕਿ ਏਸ ਆਦਮੀ ਨੇ ਬਰਬਾਦ ਕੀਤੀ ਏ ਜਾਂ ਉਸ ਆਦਮੀ ਨੇ। ਕੀ ਸਮਝੀ ਏਂ?

ਚੀਕਦੀ ਹੈ ਹਸੀਨਾ......ਪਰ ਮੈਨੂੰ ਕਿਉਂ ਝੂਠੇ ਲਾਰੇ ਲਾਏ ਕਿ ਤੇਰੇ ਲਈ ਇਹ ਕਰਾਂਗਾ ਉਹ ਕਰਾਂਗਾ..... ਕਿ ਬਹੁਤ ਪੈਸੇ ਮੇਰੇ ਕੋਲ। ਤੈਨੂੰ ਖੋਲੀ ਲੈ ਕੇ ਦਿਆਗਾ। ਕਿਸੇ ਗੱਲ ਦੀ ਤਕਲੀਫ ਨਹੀਂ ਹੋਣ ਦਿਆਂਗਾ। ਸਾਲਾ ਝੂਠਾ! ਝੂਠ ਕੇ ਬੋਲ ਕੇ ਵਿਆਹ ਕੀਤਾ ਮੇਰੇ ਨਾਲ......।

ਫਿਰ ਰੋ ਪਵੇਗੀ ਸ਼ਾਇਦ। ਖੇਡ ਰਿਹਾ ਹੈ ਅਮਜਦ......ਕੂੜੇ ਦੇ ਢੇਰ ਉਪਰ! ਰੋਜ਼ੀ... ...ਬਹੁਤ ਸਮਝਦਾਰ ਹੋ ਗਈ ਹੈ ਇਕ ਦਮ।

ਨਹੀਂ ਏਹ ਗੱਲ ਨਹੀਂ ਹਸੀਨਾ ਬਾਈ। ਤੂੰ ਜੱਬਾਰ ਨਾਲ ਵਿਆਹ ਨਾ ਕਰਦੀ......ਤਾਂ ਵੀ ਇਹੋ ਕੁਛ ਹੋਣਾ ਸੀ। ਹੋਰ ਭਾਵੇਂ ਮੰਦਾ ਹਾਲ ਹੋ ਜਾਂਦਾ! ਇਹ ਕਿਸ ਨੂੰ ਪਤਾ ਏ।

ਹੁਣ ਸੱਚ ਮੁੱਚ ਰੋ ਰਹੀ ਹੈ ਹਸੀਨਾ। ਤ੍ਰਿਪ ਤ੍ਰਿਪ ਟਪਕ ਰਹੇ ਹਨ ਅੱਥਰੂ। ਕਾਹਲੀ ਨਾਲ ਸਾਫ ਕਰਦੀ ਹੈ ਨੱਕ। ਸੰਭਾਲਦੀ ਹੈ ਆਪਣੇ ਆਪ ਨੂੰ।......ਹੋ ਜਾਂਦਾ ਤਾਂ ਹੋ ਜਾਂਦਾ। ਪਰ ਮੈਨੂੰ ਇਹੋ ਜਿਹੀਆਂ ਝੂਠੀਆਂ ਆਸਾਂ ਤਾਂ ਨਾ ਹੁੰਦੀਆਂ। ਇਕ ਵੇਲੇ......ਲੈ ਜਾ ਅਸਮਾਨ ਤਕ। ਦੂਜੇ ਵੇਲੇ......ਐਸਾ ਸੁੱਟੇਗਾ ਹੇਠਾਂ......ਕਿ ਖਾਣ ਨੂੰ ਵੀ ਨਹੀਂ ਨਸੀਬ ਹੁੰਦਾ। ਨਹੀਂ...... ਮੈਂ ਨਹੀਂ ਜਾਣਾ ਉਹਦੇ ਕੋਲ......।

ਅੱਥਰੂ ਨਹੀਂ ਰੁਕਦੇ। ਕੀ ਕੀ ਯਾਦ ਆਈ ਜਾ ਰਿਹਾ ਹੈ। ਸਭ ਆ ਰਿਹਾ ਹੈ। ਆ ਆ ਕੇ ਰੁਲਾ ਰਿਹਾ ਹੈ। ਅੱਖਾਂ ਨਹੀਂ ਉਠਦੀਆਂ ਉਪਰ। ਕੱਚੀ ਜ਼ਮੀਨ ਗਿੱਲੀ ਹੋਈ ਜਾ ਰਹੀ ਹੈ। ਦੇਖੀ ਜਾਂਦੀ ਹੈ ਰੋਜ਼ੀ......ਦੂਰ ਪਰੇ ਬੈਠੀ। ਬੋਲੀ ਜਾਂਦੀ ਹੈ ਹਸੀਨਾ......ਦੋ ਦੋ ਦਿਨ...... ਤਿੰਨ ਤਿੰਨ ਦਿਨ ਖਾਣਾ ਨਹੀਂ ਜੁੜਿਆ ਮੈਨੂੰ। ਜੋ ਥੋੜ੍ਹਾ ਬਹੁਤ ਜੁੜਿਆ ਵੀ......ਉਹ ਏਸ ਮੁੰਡੇ ਨੂੰ ਖਵਾ ਦਿੱਤਾ। ਨਹੀਂ! ਮੈਂ ਨਹੀਂ ਜਾਣਾ ਓਹਦੇ ਕੋਲ। ਓਹੀ ਹਾਲ ਫਿਰ ਕਰੇਗਾ ਉਹ ਮੇਰਾ......।

ਪੱਪਟ ਬੀੜੀ ਪੀਂਦਾ ਹੈ। ਸਾਹਮਣੇ ਦੇਖਦਾ ਹੈ।......ਮੈਨਾ! ਮੈਨਾ! ਅੱਜ ਮੈਨੂੰ ਫਿਰ ਸੁਫਨਾ ਆਇਆ......।

ਮੈਨਾ ਫੇਰ ਲੈਂਦੀ ਹੈ ਮੂੰਹ। ਫਿਰ ਉਹੋ ਸੁਫਨੇ ਦੀ ਕਹਾਣੀ......ਬਾਰ ਬਾਰ। ਖੰਦ ਨਹੀਂ ਹੋਣੀ ਸੁਫਨਿਆਂ ਦੀ ਕਹਾਣੀ। ਨਹੀਂ! ਨਹੀਂ ਸੁਣੇਗੀ।

—ਤੂੰ ਸੁਣ ਤਾਂ ਸਹੀ ਇਕ ਵਾਰ!

—ਨਹੀਂ!

ਖਾਮੋਸ਼ੀ।

—ਅੱਛਾ ਰਾਜੂ! ਤੂੰਹੀਉਂ ਸੁਣ ਮੇਰਾ ਸੁਫਨਾ!

—ਆਹੋ ਆਹੋ ਬਾਪੂ! ਮੈਂ ਸੁਣਾਂਗਾ! ਮੈਨੂੰ ਸੁਣਾ!

ਸੁਫਨਾ ਸੁਣਾ ਰਿਹਾ ਹੈ ਰਾਜੂ ਨੂੰ। ਦੇਖੀ ਜਾਂਦਾ ਹੈ ਮੈਨਾ ਵੱਲ।

—ਇਕ ਆਦਮੀ ਹੈ। ਸਾਧੂ ਸੰਤ ਜਾਪਦਾ ਹੈ। ਮੈਨੂੰ ਕਹਿਣ ਲਗਾ......ਪੱਪਟ! ਹੁਣ ਬਦਲੇਗੀ ਤੇਰੀ ਤਕਦੀਰ। ਨਵਾਂ ਕੰਮ ਚਾਲੂ ਕਰ ਦੇ ਹਾਜੀ ਮਲੰਗ ਬਾਬਾ ਦਾ ਨਾਂ ਲੈ ਕੇ। ਲਾਭ ਹੋਏਗਾ। ਬੋਤ ਲਾਭ ਹੋਏਗਾ......।

ਨਹੀਂ ਰਿਹਾ ਜਾਂਦਾ ਮੈਨਾ ਕੋਲੋਂ। ਚੀਕਦੀ ਹੈ......ਤੂੰ ਕੰਮ 'ਤੇ ਨਹੀਂ ਜਾਣਾ ਤਾਂ ਸਾਫ ਸਾਫ ਦੱਸ ਦੇ......।

—ਏਹ ਕਦ ਕਿਹਾ ਏ ਮੈਂ? ਕੰਮ 'ਤੇ ਜਾਣਾ ਏ ਮੈਂ। ਸਿਰਫ ਆਪਣਾ ਸੁਫਨਾ ਸੁਣਾ ਰਿਹਾ ਆਂ ਮੈਂ ਹੋਰ ਤਾਂ ਕੁਛ ਨਹੀਂ......।

ਅਤੇ ਹੁਣ ਰਾਜੂ ਵੀ ਸੁਣਾ ਰਿਹਾ ਹੈ ਸੁਫਨਾ।......ਓਹ......ਓਹ ਜਿਹੜੀ ਗੱਡੀ ਜਾਂਦੀ ਏ ਨਾ ਓਧਰ......ਵਿਹਾਰ ਵਾਲੇ ਪਾਸੇ......ਓਸ ਉਪਰ ਬੈਠੇ ਆਂ ਅਸੀਂ ਸਾਰੇ ਮੁੰਡੇ। ਮੈਂ... ਮੰਮਦ......ਦੂਸਰੇ ਮੁੰਡੇ ਵੀ। ਦੂਰ......ਬੜੀ ਦੂਰ......ਇਕ ਟੇਸ਼ਨ ਏ ਓਧਰ। ਉਥੇ ਖਾਣਾ ਮਿਲਦਾ......ਢਿੱਡ ਭਰ ਕੇ। ਪੈਸੇ ਵੀ ਮਿਲਦੇ ਹਨ ਮੈਨੂੰ ਹਰ ਰੋਜ਼ ਉਥੋਂ ਦਾ ਸੁਪਨਾ ਆਉਂਦਾ ਪਿਛੋਂ ਪਤੈ ਮੈਂ ਕੀ ਦੇਖਿਆ......?

ਖਿੱਝਦੀ ਹੈ ਮੈਨਾ......ਪਰ ਜਾਰੀ ਰਹਿੰਦੀ ਹੈ ਸੁਫਨਿਆਂ ਦੀ ਕਹਾਣੀ। ਪਿਤ੍ਰੇ ਪੁੱਤਰ ਸੁਣਦੇ ਰਹਿੰਦੇ ਹਨ ਇਕ ਦੂਜੇ ਦਾ ਸੁਫਨਾ......।

ਲੱਤਾਂ ਘਸੀਟਦੀ ਲੰਗੜਾਉਂਦੀ ਹੋਈ ਪਟੜੀਆਂ ਉਤੇ ਤੁਰੀ ਜਾ ਰਹੀ ਹੈ ਰੋਜ਼ੀ। ਸਟੇਸ਼ਨ ਦੀ ਭੀੜ ਵਿਚ ਨੁੱਕਰ ਵਿਚ ਸਹਿਮਿਆ ਖੜੋਤਾ ਹੈ ਜੱਬਾਰ। ਬੀੜੀ ਉਪਰ ਬੀੜੀ। ਦੂਰ ਸਾਰੀਆਂ ਪਟੜੀਆਂ ਮਿਲ ਕੇ ਇਕ ਹੋ ਗਈਆਂ ਹਨ। ਸਿੰਗਲਾਂ ਦੇ ਖੰਭੇ ਚਿਪਕ ਗਏ ਹਨ ਉਸ ਪੁਲ ਨਾਲ ਜਿਸ ਉਪਰ ਦੌੜਦੀਆਂ ਹੋਈਆਂ ਮੋਟਰ ਗੱਡੀਆਂ ਦੇ ਉਪਰਲੇ ਸਿਰੇ ਦਿਖਾਈ ਦੇਂਦੇ ਹਨ। ਮੁੜ ਮੁੜ ਲੰਘ ਰਹੀਆਂ ਹਨ ਰੇਲ ਗੱਡੀਆਂ। ਇਧਰੋਂ-ਉਧਰ, ਓਧਰੋਂ ਇਧਰ।......ਆਉਂਦੀ ਹੈ ਰੋਜ਼ੀ। ਅਤੇ ਚਲੀ ਜਾਂਦੀ ਹੈ। ਇਧਤ੍ਰੋਂ ਓਧਰ। ਓਧਰੋਂ ਇਧਰ, ਜਿਥੇ ਘੁੰਮ ਰਿਹਾ ਹੈ ਜੱਬਾਰ। ਪੁੱਛਦਾ ਹੈ ਫੁਸ ਫੁਸਾ ਕੇ......ਕੀ ਕਹਿੰਦੀ ਏਂ?

ਡਰੀ ਹੋਈ ਆਵਾਜ਼ ਵਿਚ ਝਾਕਦੀ ਹੈ ਚਾਰ ਚੁਫੇਰੇ।......ਨਹੀਂ ਆਉਂਦੀ। ਮੈਂ ਬੜਾ ਕਿਹਾ......।

ਸੁੱਟ ਦੇਂਦਾ ਹੈ ਹੱਥਲੀ ਬੀੜੀ। ਦੰਦ ਪੀਹ ਕੇ ਇਕ ਗਾਲ੍ਹ ਅੰਦਰੇ ਹੀ ਅੰਦਰ।...... ਏਹ ਸਾਲੀ ਮਰਵਾਏਗੀ ਮੈਨੂੰ।

ਕੁਝ ਸੁਣਾਈ ਨਹੀਂ ਦਿੰਦਾ ਪਲੇਟ ਫਾਰਮ ਦੀਆਂ ਆਵਾਜ਼ਾਂ ਵਿਚ। ਇਕ ਲੋਕਲ ਆ ਰਹੀ ਹੈ। ਇਕ ਜਾ ਰਹੀ ਹੈ।......ਰੋਜ਼ੀ! ਦੋ ਤਿੰਨ ਆਦਮੀ ਮੈਨੂੰ ਇਥੇ ਖੜੋਤਾ ਦੇਖ ਗਏ ਨੇ......ਭਲਾ ਕੀ!

ਚਾਰੋਂ ਪਾਸੇ ਦੇਖਣਾ ਰੋਜ਼ੀ ਦਾ। ਉਹੀ ਡਰ। ਉਹੀ ਘਬਰਾਹਟ।......ਤੂੰ ਇੰਜ ਕਰ ਜੱਬਾਰ......ਚਲਾ ਜਾ ਹੁਣੇ ਈ......।

ਪਰ ਰੌਲਾ ਬਹੁਤ ਹੈ। ਦੌੜਦੀਆਂ ਹੋਈਆਂ ਗੱਡੀਆਂ ਨਾਲ ਦੌੜਦੇ ਹੋਏ ਕੁਲੀ। ਸਵਾਰੀਆਂ ਦਾ ਸਮਾਨ ਫੜਨ ਦੀ ਦੌੜ ਵਿਚ। ਕੀ ਕਹਿ ਰਹੀ ਹੈ ਰੋਜ਼ੀ? ਆਵਾਜ਼ਾਂ ਵਿਚ ਗੁਆਚ ਗਈ ਇਕ ਆਵਾਜ਼। ਗੁੰਮ ਸੁੰਮ ਹੋ ਜਾਂਦਾ ਹੈ ਜੱਬਾਰ। ਫਿਰ ਬੋਲਣ ਲਗਦਾ ਹੈ ਆਪਣੇ ਆਪ ਨਾਲ।......ਹੁਣ ਤਕ ਤਾਂ ਮੈਂ ਕਿੱਥੇ ਦਾ ਕਿੱਥੇ ਪਹੁੰਚ ਜਾਣਾ ਸੀ।.. .. ਫਿਰ ਹੋ ਜਾਂਦਾ ਹੈ ਗੁੰਮ ਸੁੰਮ।......ਇਹ ਸਾਲਾ ਦੌਲਤ! ਤੈਨੂੰ ਨਹੀਂ ਪਤਾ ਰੋਜ਼ੀ......ਦੌਲਤ ਨੂੰ ਦੋ ਪਈਆਂ......ਤਾਂ ਸਭ ਕੁਝ ਤੋਤੇ ਵਾਂਗੂੰ ਬੋਲ ਪਏਗਾ। ਸਮਝੀ......?

ਚਲਾ ਗਿਆ ਪੋਪਟ ਕੰਮ 'ਤੇ। ਲੈ ਗਿਆ ਰਾਜੂ ਨੂੰ ਵੀ। ਫਿਰ ਇਕੱਲੀ ਰਹਿ ਗਈ ਮੈਨਾ। ਡਰ ਘੱਟ ਨਹੀਂ ਹੁੰਦਾ ਅਜੇ ਵੀ। ਕੌਣ ਹੈ? ਜੋ ਆ ਕੇ ਵਾਰ ਵਾਰ ਡਰਾ ਜਾਂਦਾ ਹੈ ਕੋਈ। ਕੋਈ ਨਹੀਂ ਹੈ। ਸਿਰਫ ਕੁੱਤੇ ਦੌੜ ਰਹੇ ਹਨ ਕਿਸੇ ਕੁੱਤੇ ਦੇ ਪਿਛੇ। ਉਹੋ ਸਭ ਕੁਛ। ਕੁਕੜੀਆਂ। ਬਤਖਾਂ। ਚਿੱਕੜ। ਗੰਦਗੀ। ਜਹਾਜ਼। ਪਾਣੀ। ਮਛੇਰੇ। ਮੱਛੀਆਂ। ਕਿਹਦੇ ਕੋਲ ਜਾਏ? ਸਭ ਨਾਲ ਲੜ ਚੁਕੀ ਹੈ। ਕੋਈ ਨਹੀਂ। ਵਾਪਸ ਮੁੜਨਾ ਪੈਂਦਾ ਹੈ। ਖਾਲੀ ਝੋਂਪੜੀ। ਇਕ ਟੁੱਟੀ ਬਹੁਕਰ। ਸਾਫ ਕਰਦੀ ਹੈ ਝੋਂਪੜੀ ਨੂੰ। ਖਾਲੀ ਹੋ ਗਈ ਝੱਜਰ! ਖਤਮ ਹੋ ਗਿਆ ਪਾਣੀ। ਟੁੱਟਾ ਹੋਇਆ ਪਾਈਪ। ਫੁਹਾਰਿਆਂ ਵਿਚ ਨਹਾਉਂਦੇ ਹੋਏ ਨੰਗੇ ਮੁੰਡੇ। ਚਿੱਕੜ ਵਿਚ ਹੱਫਦੇ ਹੋਏ ਸੂਰ......।

ਫਿਰ ਆ ਰਹੀਆਂ ਹਨ ਗੱਡੀਆਂ। ਫਿਰ ਜਾ ਰਹੀਆਂ ਹਨ। ਇਕ ਬੋਲਦਾ ਹੋਇਆ ਲਾਊਡ ਸਪੀਕਰ। ਬੋਲਦੀਆਂ ਹੋਈਆਂ ਕਈ ਆਵਾਜ਼ਾਂ। ਕਈ ਆਵਾਜ਼ਾਂ ਗੁਜ਼ਰ ਰਹੀਆਂ ਕਈਆਂ ਆਵਾਜ਼ਾਂ ਨਾਲ। ਜੱਬਾਰ ਅਤੇ ਰੋਜ਼ੀ। ਚੁੱਪ ਹਨ ਦੋਵੇਂ। ਕੁਛ ਦਿਖਾਈ ਨਹੀਂ ਦੇਂਦਾ। ਸਿਰਫ ਗੱਡੀਆਂ ਲੰਘਦੀਆਂ ਜਾਂਦੀਆਂ ਹਨ।

—ਮੈਂ ਪੁੱਛਾਂ?

—ਕੀ? ਉੱਚੀ ਬੋਲ!

—ਮੈਂ ਪੁੱਛਾਂ? ਮੈਂ ਚਲਾਂ ਉਧਰ? ਜਾ ਕੇ ਸਮਝਾਵਾਂ ਉਹਨੂੰ?

—ਨਾ ਨਾ !......ਹੱਥ ਨਾਲ ਇਸ਼ਾਰਾ ਕਰਦੀ ਹੈ।......ਉਧਰ ਨਾ ਜਾਈਂ ਤੂੰ। ਸਾਰਿਆਂ ਨੂੰ ਪਤਾ ਲਗ ਜਾਵੇਗਾ।

ਬੈਠ ਜਾਂਦਾ ਹੈ ਚੁੱਪ ਚਾਪ ਜ਼ਮੀਨ ਉਤੇ। ਕਤਾਰਾਂ ਲਗੀਆਂ ਹਨ ਪਿਸ਼ਾਬ-ਘਰ ਵਿਚ। ਟੱਟੀਆਂ ਦੇ ਦਰਵਾਜ਼ਿਆਂ ਉਤੇ। ਆਵਾਜ਼ ਦੇ ਰਿਹਾ ਹੈ ਜਮਾਂਦਾਰ......ਚਲ ਬਈ ਜਲਦੀ !... ...ਨਿਕਲ ਵੀ......।

ਉਠ ਖੜਾ ਹੁੰਦਾ ਹੈ ਜੱਬਾਰ।......ਨਹੀਂ। ਮੈਂ ਜਾਵਾਂਗਾ ਉਧਰ ਉਹਨੂੰ ਲੈ ਕੇ ਈ ਜਾਵਾਂਗਾ ਇਧਰੋਂ। ਇਹ ਸਭ ਕੁਝ ਕੀਤਾ ਕਿਹਦੇ ਵਾਸਤੇ।

—ਸੁਣ ਤਾਂ ! ਸੁਣ ਵੀ।......ਲੰਗੜਾਉਂਦੀ ਹੋਈ ਆਵਾਜ਼ ਮਾਰਦੀ ਹੈ ਮਗਰੋਂ। ਨੇੜੇ ਆ ਜਾਂਦੀ ਹੈ।......ਤੂੰ ਨਾ ਜਾ ਉਧਰ। ਸੱਚ ਕਹਿੰਦੀ ਆਂ। ਮੈਂ ਚਲੀ ਜਾਂਦੀ ਆਂ ਇਕ ਵਾਰ ਹੋਰ ਕਹਿੰਦੀ ਆਂ ਉਸਨੂੰ। ਨਾ ! ਨਾ ! ਤੂੰ ਮੇਰੀ ਗੱਲ ਮੰਨ ਜਾ। ਤੂੰ ਨਾ ਜਾ। ਇਕ ਵਾਰ ਹੋਰ ਜਾਣ ਦੇ ਮੈਨੂੰ......।

ਪਲ ਭਰ ਚੁੱਪ ਚਾਪ ਦੇਖਦਾ ਰਹਿੰਦਾ ਹੈ ਜੱਬਾਰ।......ਅੱਛਾ ਤੂੰਹੀਓਂ ਇਕ ਵਾਰ ਜਾ ਹੋਰ। ਨਹੀਂ ਆਏਗੀ ਤਾਂ ਸਾਲੀ ਨੂੰ ਧੂਹ ਕੇ ਲਿਆਵਾਂਗਾ ਮੈਂ। ਉਹਦੇ ਬਿਨਾਂ ਨਹੀਂ ਜਾਵਾਂਗਾ ਏਧਰੋਂ . ...

"ਕਾਏ ਗ ਸ਼ਖੂ ss ! ਜਾਏ ਗ ਸਖੂ ss !" ਗਾ ਰਿਹਾ ਹੈ ਕੁਲੀ। ਇਕ ਵੀ ਚਕਰ ਨਹੀਂ ਮਿਲਿਆ ਸਵੇਰ ਤੋਂ। ਵਰਦੀ ਵਾਲੇ ਕੁਲੀ ਅਗੇ ਗਿੜਗਿੜਾ ਰਿਹਾ ਹੈ ਬਿਨਾਂ ਵਰਦੀ ਵਾਲਾ। ......ਇਕ......ਸਿਰਫ ਇਕ ਬੋਝ ਚੁੱਕ ਲੈਣ ਦੇ ਮੈਨੂੰ। ਸਵੇਰ ਦਾ ਕੁਝ ਨਹੀਂ ਖਾਧਾ......।

ਚੀਕਦਾ ਹੈ ਵਰਦੀ ਵਾਲਾ......ਨਹੀਂ ਖਾਧਾ ਤਾਂ ਜਾ......ਢੱਠੇ ਖੂਹ ਵਿਚ ਡਿੱਗ। ਏਥੇ ਮੈਂ ਕੀ ਖਾ ਲਿਆ ਏ......।

ਆਖਰੀ ਵਾਰੀ ਤੁਰ ਪੈਂਦੀ ਹੈ ਰੋਜ਼ੀ ਪਟੜੀਆਂ ਉਪਰ ਸ਼ਰੀਰ ਘਸੀਟਦੀ ਹੋਈ। ਹੁਣ ਆ ਰਹੀ ਗੱਡੀ। ਹੱਟ ਜਾਂਦੀ ਹੈ। ਫਿਰ ਤੁਰਨ ਲਗਦੀ ਹੈ। ਫਿਰ ਗੱਡੀ। ਫਿਰ ਹੱਟ ਜਾਂਦੀ ਹੈ। ਫਿਰ ਤੁਰਨ ਲਗਦੀ ਹੈ। ਸਿੰਗਲਾਂ ਦੇ ਖੰਭੇ ਅਤੇ ਪੁਲ ਦੀ ਕੰਧ। ਦੂਰੋਂ ਦੇਖਦਾ ਰਹਿੰਦਾ ਹੈ ਜੱਬਾਰ.......।

ਮੁੜ ਆਇਆ ਪੋਪਟ। ਕੀ ਹੋਇਆ ? ਇਕ ਡਰ......ਦੂਰ ਚਲਾ ਗਿਆ ਸੀ ਜੋ ਥੋੜ੍ਹੀ ਦੇਰ ਲਈ। ਅਚਾਨਕ ਮੁੜ ਆਇਆ ਹੈ। ਪਾਟੀਆਂ ਅੱਖਾਂ ਨਾਲ ਦੇਖਦੀ ਹੈ ਮੈਨਾ। ਕੁਝ ਨਹੀਂ ਪੁੱਛਦੀ। ਕੁਛ ਨਹੀਂ ਬੋਲਦੀ। ਕੁਝ ਨਹੀਂ ਬੋਲਦਾ ਪੋਪਟ ਵੀ। ਆ ਕੇ ਬੈਠ ਜਾਂਦਾ ਹੈ ਚੁੱਪ ਚਾਪ। ਸਭ ਕੁਝ ਚੁੱਪ ਚਾਪ।

—ਏਹ ਸਾਲਾ ਰਾਜੂ ! ਫਿਰ ਚਲਾ ਗਿਆ ਏ ਮੁੰਡਿਆਂ ਨਾਲ......।

ਪਰ ਚੁੱਪ ਹੈ ਮੈਨਾ। ਅਤੇ ਅਚਾਨਕ ਬੋਲਣ ਲਗਦੀ ਹੈ।......ਆ ਗਿਆ ਨਾ ਤੂੰ ! ਮੈਨੂੰ ਪਹਿਲਾਂ ਵੀ ਪਤਾ ਸੀ ਕਿ ਤੂੰ ਵਾਪਸ ਮੁੜ ਆਏਂਗਾ......।

ਚੁੱਪ ਹੈ ਪੋਪਟ। ਇਕ ਅਣਜਾਣਿਆ ਡਰ ਆਪਣੇ ਆਪ ਹੋ ਗਿਆ ਖਤਮ। ਜ਼ੋਰ ਨਾਲ

ਬੋਲਦੀ ਹੈ......ਕੰਮ 'ਤੇ ਨਹੀਂ ਨਾ ਗਿਆ ਤੂੰ !

ਚੁੱਪ ਰਹਿੰਦਾ ਹੈ। ਅਤੇ ਬੋਲਦਾ ਹੈ।......ਮੇਰੀ ਗੱਲ ਤਾਂ ਸੁਣ ! ਮੈਂ ਸੱਚ ਕਹਿੰਦਾ ਆਂ ਸੁਫਨਾ ਆਇਆ ਮੈਨੂੰ ਅੱਜ ਰਾਤ ਨੂੰ। ਏਹ ਸੁਫਨਾ ਝੂਠਾ ਨਹੀਂ ਹੋਏਗਾ......ਮੈਂ ਸੱਚ ਕਹਿੰਦਾ ਆਂ ਮੈਨਾਂ ! ਹੁਣ ਮੈਨੂੰ ਕੋਈ ਹੋਰ ਕੰਮ ਕਰਨਾ ਪਏਗਾ......ਇਸ ਕੰਮ ਵਿਚ ਕੁਝ ਨਹੀਂ ਪਿਆ। ਮੁਫਤ 'ਚ ਹੱਡੀਆਂ। ਬਸ......।

ਹੁਣ ਦੋਵੇਂ ਚੁਪ ਹਨ। ਫਿਰ ਬੋਲਦਾ ਹੈ......ਪੈਸੇ ਵੀ ਕਿਹੜੇ ਮਿਲਦੇ ਨੇ ! ਖਾ ਪੀ ਕੇ ਬਰਾਬਰ। ਜਿਵੇਂ ਦਾ ਤਿਵੇਂ ਹੀ। ਕੋਈ ਫਾਇਦਾ ਨਹੀਂ।

ਹੁਣ ਚੀਕਦੀ ਹੈ ਜ਼ੋਰ ਨਾਲ।......ਤੂੰ......ਮੈਨੂੰ ਫਾਲਤੂ ਈ ਸਮਝ ਰੱਖਿਆ ਏ ? ਬੋਲ ? ਬੋਲ ਵੀ ਹੁਣ......ਮੈਂ ਫਾਲਤੂ ਅਤੇ ਤੂੰ ਵੱਡਾ ਲਾਟ ਸਾਬ੍ਹ। ਤੇਰੀ ਹੱਡੀਆਂ ਬੜੀਆਂ ਸੁਹਲ ਨੇ। ਮੇਰਾ ਸਰੀਰ ਤਾਂ ਸਰੀਰ ਈ ਨਹੀਂ ਨਾ। ਬੋਲ ਮਰ ਵੀ ! ਚੁੱਪ ਕਿਉਂ ਏ ?

ਇਕ ਵਾਰ ਦੇਖਦਾ ਹੈ ਚਾਰ ਚੁਫੇਰੇ। ਸ਼ੁਰੂ ਕਰ ਦੇਂਦਾ ਹੈ ਬੋਲਣਾ।......ਚੀਕ ਨਾ ; ਮੈਂ ਜੋ ਕਹਿੰਦਾ ਆਂ......ਧਿਆਨ ਨਾਲ ਸੁਣ। ਕੰਮ ਤੋਂ ਨਹੀਂ ਘਬਰਾਉਂਦਾ ਮੈਂ। ਪਰ ਏਹ ਕੰਮ ! ਏਹਦੀ ਮਾਂ ਦੀ......। ਕੋਈ ਫਾਇਦਾ ਵੀ ਏ ਇਹਦਾ ? ਕੀ ਕੀ ਸੋਚਿਆ ਸੀ ਮੈਂ ! ਇਹ ਕਰਾਂਗਾ ! ਉਹ ਕਰਾਂਗਾ। ਆਪਣੇ ਏਹ ਦਿਨ ਨਹੀਂ ਰਹਿਣਗੇ। ਅਸੀਂ ਵੀ ਆਰਾਮ ਨਾਲ ਜੀਆਂਗੇ ਰਾਜਾ ਸੇਠ ਵਾਂਗ। ਇਹ ਸਭ ਕਿੰਜ ਭੁੱਲ ਕੇ ਰੇਤ ਦੀ ਟੋਕਰੀ ਢੋਆਂ ਮੈਂ ? ਰੋਜ਼ ਰੋਜ਼ ਉਹੀਓ ! ਕੋਈ ਫੈਦਾ ਨਹੀ।......ਨਹੀਂ ਹੁੰਦਾ ਮੈਥੋਂ। ਜੋ ਸੋਚਿਆ ਸੀ ਉਹ ਸਭ ਭੁਲ ਜਾਵਾਂ ? ਤੇ ਕੀ ਸੋਚ ਕੇ ਜ਼ਿੰਦਾ ਰਹਾਂ ? ਤੈਨੂੰ ਆਈ ਮੇਰੀ ਗੱਲ ਸਮਝ ਵਿਚ ? ਕਿਵੇਂ ਜ਼ਿੰਦਾ ਰਹਾਂ ? ਇਹੀ ਸਮਝ ਨਹੀਂ ਆਉਂਦੀ ਮੈਨੂੰ......।

ਆਵਾਜ਼ ਮਾਰ ਰਹੀ ਹੈ ਰੋਜ਼ੀ......ਹਸੀਨਾ ਬਾਈ ! ਹਸੀਨਾ ਬਾਈ ! ਇਕ ਵਾਰ...... ਸਿਰਫ ਇਕ ਵਾਰ ਮੇਰੀ ਗੱਲ ਸੁਣ ਲੈ। ਤੂੰ ਜਲਦੀ ਕਰ। ਮੈਂ ਤੇਰੇ ਪੈਰੀਂ ਪੈਂਦੀ ਆਂ। ਉਹਨੂੰ ਇਕ ਮੌਕਾ ਤਾਂ ਦੇ ਹੋਰ। ਨਹੀਂ ਤਾਂ ਉਹ ਇਥੋਂ ਜਾਏਗਾ ਨਹੀਂ। ਫੜਿਆ ਜਾਏਗਾ। ਸੱਚ ਕਹਿੰਨੀ ਆਂ......।

ਚੀਕ ਰਹੀ ਹੈ ਮੈਨਾ। ਕੱਢੀ ਜਾ ਰਹੀ ਹੈ ਗਾਲ੍ਹਾਂ। ਪਰ ਚੁਪ ਕਰਾ ਦੇਂਦਾ ਹੈ ਪੋਪਟ।...... ਨਹੀਂ ਮੈਨੂੰ ਸਿਰਫ ਇਕ ਚਾਂਸ ਹੋਰ ਦੇ......ਬੱਸ ਇਕੋ ਹੀ। ਆਖਰੀ ਵਾਰ। ਤੇਰੀ ਸਹੁੰ ਆਖਰੀ ਵਾਰ......।

ਚੀਕਦੀ ਹੈ ਮੈਨਾ......! ਹਰਾਮਜ਼ਾਦੇ ! ਦੱਸ ਕਿਉਂ ਲਿਆਇਆ ਸੈਂ ਮੈਨੂੰ ਏਥੇ ? ਕਿ ਹੁਣ ਹੋਰ ਚਾਂਸ ਨਹੀਂ ਮੰਗਾਂਗਾ......।

—ਨਹੀਂ ! ਆਖਰੀ ਚਾਂਸ ! ਆਪਣੀ ਸਹੁੰ ! ਤੇਰੀ ਸਹੁੰ ! ਆਪਣੇ ਬੱਚੇ ਦੀ ਸਹੁੰ ! ਆਖਰੀ ਵਾਰ। ਦੁਬਾਰਾ ਫਿਰ ਨਹੀਂ ਮੰਗਾਂਗਾ......!

ਪਰ ਖੜੀ ਹੈ ਹਸੀਨਾ ਚੁੱਪ ਚਾਪ। ਅਤੇ ਰੋਜ਼ੀ ਹੱਫੀ ਬੋਲੀ ਜਾਂਦੀ ਹੈ।......ਤੂੰ ਮੁੰਡੇ ਨੂੰ

ਲੈ ਕੇ ਹੁਣੇ ਈ ਚਲੀ ਜਾ ਹਸੀਨਾ ਬਾਈ ! ਓਹ ਤੈਨੂੰ ਉਥੇ ਰੱਖੇਗਾ......ਏਥੇ ਮੇਰੀ ਤਾਂ......ਤੇਰੀ ਜ਼ਿੰਦਗੀ ਬਰਬਾਦ ਹੋ ਜਾਏਗੀ । ਸੱਚ ਕਹਿੰਦੀ ਆਂ ਮੈਂ । ਅਜੇਹੀ ਬਰਬਾਦ ਹੋਏਗੀ ਕਿ ਪੁੱਛ ਨਾ । ਤੂੰ ਚਲੀ ਜਾ ਹਸੀਨਾ ਬਾਈ ! ਉਹਦੇ ਨਾਲ ਰਹਿ......ਇਸੇ ਵਿਚ ਈ ਤੇਰੀ ਭਲਾਈ ਏ । ਹੁਣ ਹੋਰ ਨਾ ਜ਼ਿਦ ਕਰ । ਹੁਣ ਪੈਸੇ ਹਨ ਉਹਦੇ ਕੋਲ । ਤੂੰ......ਤੇਰਾ ਮੁੰਡਾ..... ਸੁਖੀ ਰਹੋਗੇ ।

ਹਸੀਨਾ ਦੇਖਦੀ ਰਹਿੰਦੀ ਹੈ ਜ਼ਮੀਨ ਵੱਲ । ਮੰਨ ਜਾਏਗੀ । ਚਲੀ ਜਾਏਗੀ । ਰੋਜ਼ੀ ਡਿੱਗ ਪਏਗੀ ਜ਼ਮੀਨ ਉਤੇ । ਬੇਹੋਸ਼ ਹੋ ਜਾਏਗੀ । ਮਰ ਜਾਏਗੀ। ਪਰ ਬੋਲੀ ਤੁਰੀ ਜਾਏਗੀ......।

—ਮੇਰੀ ਗੱਲ ਸੁਣ ਮੈਨਾ ! ਓ ਮੈਨਾ ! ਮੇਰੀ ਗੱਲ ਸੁਣ ਨਾ । ਮੈਂ ਅੱਜ ਜਲਦੀ ਭਲਾ ਕਿਉਂ ਆ ਗਿਆ ਆਂ ! ਹਾਜੀ ਸੇਠ ਦਾ ਕਾਰਿੰਦਾ ਬਲਸਾੜ ਜਾਏਗਾ । ਉਥੋਂ ਮਾਲ ਲਿਆਉਣ । ਬਲਸਾੜ......ਵਾਪੀ......ਬੰਬਈ । ਮੈਂ ਜਾਵਾਂਗਾ ਉਹਦੇ ਨਾਲ । ਬਸ ਇਕ ਚਾਂਸ ! ਤੇਰੀ ਸਹੁੰ ! ਆਖਰੀ ਚਾਂਸ ! ਰਾਜੂ ਦੀ ਸਹੁੰ । ਏਧਰ ਗੱਡੀ ਸਲੋ (ਹੌਲੀ) ਹੋਈ..... ਝਟ ਉਤਰ ਪੈਣਾ ! ਦੂਜੀ ਗੱਡੀ ਸਲੋ ਹੋਈ......ਤਾਂ ਉਹਨੂੰ ਫੜਣਾ । ਫਿਰ ਸਲੋ ਹੋਈ..... ਛੱਡ ਦੇਣਾ । ਫਿਰ ਫੜਨੀ ਲੋਕਲ । ਜਦ ਲੋਕਲ ਸਲੋ ਹੋਈ......ਮਾਲ ਸੁੱਟਣਾ ਅਤੇ ਕੁੱਦ ਪੈਣਾ । ਬੱਸ ਮਾਲ ਚੁੱਕਿਆ ਅਤੇ ਘਰ ਨੂੰ ਵਾਪਸੀ । ਇਕ ਚਾਂਸ ! ਆਖਰੀ । ਬਸ ਇਹਦੇ ਪਿਛੋਂ ਹੋਰ ਨਹੀਂ......।

ਪਰ ਪਾਗਲ ਹੋ ਜਾਏਗੀ ਮੈਨਾ । ਗਾਲ੍ਹਾਂ ਨਿਕਲਦੀਆਂ ਹਨ......ਅਤੇ ਰੁੱਕ ਜਾਂਦੀਆਂ ਹਨ । ਡਰ ਲਗ ਰਿਹਾ ਸੀ । ਖਤਮ ਹੋ ਗਿਆ । ਜੋ ਸੀ......ਉਹੀ ਹੈ । ਹੁਣ ਕਾਹਦਾ ਡਰਨਾ । ਕਿਹਦੇ ਕੋਲੋਂ ਡਰਨਾ ? ਬਾਹਰ ਨਿਕਲ ਜਾਂਦੀ ਹੈ ਝੌਂਪੜੀ 'ਚੋਂ......ਜਿਥੇ ਸੂਰਜ ਢਲ ਰਿਹਾ ਹੈ...... ਇਕ ਦੁਪਹਿਰ ਸ਼ਾਮ ਬਣੀ ਜਾ ਰਹੀ ਹੈ ।......

ਸ਼ੁਰੂ ਹੋ ਗਈ ਨਵੀਂ ਜ਼ਿੰਦਗੀ......ਸ਼ਾਮ ਦੇ ਵੇਲੇ । ਤਿਆਰ ਹੋ ਰਿਹਾ ਹੈ ਪੱਪਟ । ਨਿਕਲ ਜਾਏਗਾ ਹੁਣੇ ਹੀ ਸੁਫਨਿਆਂ ਦੀ ਤਲਾਸ਼ ਵਿਚ । ਬਲਸਾੜ......ਵਾਪੀ......ਬੰਬਈ । ਆਖਰੀ ਚਾਂਸ ਜੋ ਲੈ ਜਾਏਗਾ ਨਵੀਂ ਦੁਨੀਆਂ ਵਿਚ । ਫਿਰ ਪੁਰਾਣੀ ਦੁਨੀਆ ਰਹਿ ਜਾਏਗੀ ਪਿਛੇ । ਕੰਧ ਦੇ ਉਸ ਪਾਰ ਸਫੇਦ ਰੋਸ਼ਨੀ......ਡਰ ਕੇ ਆ ਜਾਏਗੀ ਇਸ ਪਾਰ । ਰੋਜ਼ੀ ਦੇਖ ਰਹੀ ਹੈ ਰਾਹ । ਹਸੀਨਾ ਬੰਨ ਰਹੀ ਹੈ ਪੱਟਲੀ । ਸਭ ਲੋਕ ਬੰਨ੍ਹ ਰਹੇ ਹਨ । ਚਲੇ ਜਾਣਗੇ ਉਸ ਪਾਰ । ਪੱਟਲੀਆਂ ਕੱਛਾਂ ਵਿਚ ਦੇਈ । ਸ਼ੁਰੂ ਕਰ ਦੇਣਗੇ ਨਵੀਂ ਜ਼ਿੰਦਗੀ......ਨਵਾਂ ਵਕਤ । ਕਦੀ ਵਾਪਸ ਮੁੜ ਕੇ ਨਹੀਂ ਦੇਖਣਗੇ ਇਸ ਪਾਸੇ......ਜਿੱਥੇ ਕਦੀ ਸੀ ਪੁਰਾਣਾ ਵਕਤ......ਨਰਕ ਭਰੀ ਜ਼ਿੰਦਗੀ । ਜਾ ਰਹੇ ਹਨ ਪੱਟਲੀਆਂ ਦੱਬੀ......ਜਿਥੇ ਇਕ ਸਵੇਰ ਹੈ......ਉਜਾਲਾ ਹੈ......ਜਿਥੇ ਚਮਕਦੀ ਹੈ ਖੂਬਸੂਰਤ ਧਰਤੀ ।

ਅਮਜਦ ! ਲੈ ਮੂੰਹ ਪੂੰਝ ਲੈ । ਸਾਫ ਸੁਥਰੇ ਕਪੜੇ ਪਾ ਲੈ । ਹਸੀਨਾ ਬਾਈ ! ਠੀਕ ਕਰ ਲੈ ਵਾਲ । ਧੋ ਲੈ ਮੂੰਹ ।

ਕਪੜੇ ਗੰਦੇ ਹਨ । ਕੋਈ ਗੱਲ ਨਹੀਂ । ਆਉਣ ਵਾਲੀ ਸਫੇਦ ਰੋਸ਼ਨੀ ਵਿਚ ਚਮਕ ਪੈਣਗੇ ਆਪਣੇ ਆਪ ।

ਜਦ ਇਸ ਪਾਸੇ ਝੁਕਦਾ ਜਾਂਦਾ ਹੈ ਸ਼ਾਮ ਦਾ ਸੂਰਜ......ਤਾਂ ਉਸ ਪਾਸੇ ਫੈਲਦੀ ਜਾਂਦੀ ਹੈ ਰੌਸ਼ਨੀ । ਰੇਲ ਦੀਆਂ ਪਟੜੀਆਂ ਉਤੇ ਤੁਰੀ ਜਾ ਰਿਹਾ ਹੈ ਕਾਫ਼ਲਾ । ਘਸੀਟਦੀ ਤੁਰੀ ਜਾ ਰਹੀ ਹੈ ਰੋਜ਼ੀ......ਕੱਛ ਵਿਚ ਪੱਟਲੀ ਦੱਬੀ । ਵਾਰ ਵਾਰ ਅਮਜਦ ਨੂੰ ਸੰਭਾਲਦੀ ਹੈ ਹਸੀਨਾ । ਦੂਰ ਪਿਛੇ......ਅੱਗੇ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਹੈ ਪੱਪਟ । ਫਿਰ ਆਉਂਦੀ ਹੈ ਗੱਡੀ। ਫਿਰ ਹੱਟ ਜਾਂਦਾ ਹੈ ਕਾਫਲਾ ਉਨ੍ਹਾਂ ਕਿਨਾਰਿਆਂ ਤਕ ਜਿਥੇ ਫੈਲੀ ਹੋਈ ਹੈ ਗੰਦਗੀ । ਫਿਰ ਲੰਘ ਜਾਂਦੀ ਹੈ ਗੱਡੀ । ਫਿਰ ਤੁਰਨ ਲਗਦਾ ਹੈ ਕਾਫਲਾ ਪਟੜੀਆਂ ਉਪਰ ।

ਪਾਸ ਆ ਗਿਆ ਪੱਪਟ ।......ਕੀ ਹਾਲ ਏ ਹਸੀਨਾ ਬਾਈ ? ਤੇਰਾ ਰੋਜ਼ੀ ? ਕਿਧਰ ਜਾ ਰਹੀਆਂ ਓ ਤੁਸੀਂ ?

ਚੁਪ ਰਹਿੰਦੀ ਹੈ ਹਸੀਨਾ । ਬੁਰਾ ਲਗਦਾ ਹੈ ਰੋਜ਼ੀ ਨੂੰ ।......ਜਿੱਥੇ ਤੂੰ ਚਲਿਆ ਏਂ ।

ਫਿਰ ਆ ਰਹੀ ਹੈ ਲੋਕਲ । ਫਿਰ ਹੱਟ ਕੇ ਖੜਾ ਹੋ ਜਾਂਦਾ ਹੈ ਕਾਫ਼ਲਾ ।

ਹੁਣ ਨਜ਼ਦੀਕ ਆ ਗਈਆਂ ਹਨ ਆਵਾਜ਼ਾਂ......ਲਾਊਡ ਸਪੀਕਰ । ਆਉਣ ਵਾਲੀਆਂ ਗੱਡੀਆਂ । ਆਉਣ ਵਾਲੀਆਂ ਆਵਾਜ਼ਾਂ । ਜਾਣ ਵਾਲੀਆਂ ਆਵਾਜ਼ਾਂ । ਜ਼ਿਹਨ ਵਿਚ ਲਹਿ ਜਾਣ ਵਾਲਾ ਰੌਲਾ । ਘੰਟੀਆਂ ਅਤੇ ਸੀਟੀਆਂ । ਪਾਖਾਨਿਆਂ ਦੇ ਦਰਵਾਜ਼ਿਆਂ ਉਪਰ ਅਜੇ ਤਕ ਚੀਕਦਾ ਹੋਇਆ ਜਮਾਂਦਾਰ ।......ਕਾਏ ਗ ਸਖੂ ss ! ਕਾਏ ਗ ਸਖੂ ss ! ਇਕ ਡੱਬੇ 'ਚੋਂ ਉਤਰ ਰਿਹਾ ਹੈ ਆਦਮੀ । ਨਾਲ ਹੈ ਟਰੰਕ ! ਖਿਨਾਂ ਵਰਦੀ ਵਾਲੇ ਨੂੰ ਬੁਲਾ ਰਿਹਾ ਹੈ ਵਰਦੀ ਵਾਲਾ । ......ਏ ਏ ! ਲੈ ਚੁਕ ਏਹਨੂੰ । ਮੈਨੂੰ ਵੀ ਸਵੇਰ ਦਾ ਕੁਝ ਨਹੀਂ ਲੱਭਾ ! ਪਰ ਜਾ ! ਤੂੰਹੀਓਂ ਚੁੱਕ ਲੈ ਏਹ ਬੋਝ । ਹਾਂ ! ਜਾ ਜਾ ! ਲੈ ਲੈ । ਸੱਚ ਕਹਿੰਦਾ ਆਂ ਮੈਂ ।......ਫਿਰ ਗਾਉਣ ਦੀ ਆਵਾਜ਼ .....''ਕਾਏ ਗ ਸਖੂ ss ! ਕਾਏ ਗ ਸਖੂ ss .....!''

ਅਲੱਗ ਖੜੀ ਹੋ ਗਈ ਹੈ ਹਸੀਨਾ। ਬੋਲੇਗੀ ਨਹੀਂ ਜੱਬਾਰ ਨਾਲ। ਪਰ ਲੱਤਾਂ ਨਾਲ ਚੰਬੜ ਕੇ ਗੋਦੀ ਵਿਚ ਚੜ੍ਹ ਗਿਆ ਹੈ ਅਮਜਦ । ਜੱਬਾਰ ਦੇਖਦਾ ਹੈ ਰੋਜ਼ੀ ਵੱਲ । ਅੱਖਾਂ ਵਿਚ ਜੋ ਹੈ......ਬੋਲ ਕੇ ਦੱਸ ਨਹੀਂ ਸਕਦਾ ।

—ਰੋਜ਼ੀ ! ਤੂੰ ਮੇਰੀ ਬਹੁਤ ਮਦਦ ਕੀਤੀ ਏ ! ਮੈਂ ਕਦੀ ਵੀ ਨਹੀਂ ਭੁਲਾਂਗਾ । ਹੁਣੇ ਹੀ ਜਾਣਾ ਏ ਮੈਂ ਜਲਦੀ ਜਲਦੀ । ਏਥੇ ਕੁਝ ਗੜਬੜ ਲਗਦੀ ਏ ।

ਕੁਝ ਦੇਣ ਦੀ ਕੋਸ਼ਿਸ਼ ਕਰਦਾ ਹੈ । ਨੋਟ । ਦੇਖਦੀ ਰਹਿੰਦੀ ਹੈ ਰੋਜ਼ੀ । ਚੱਕਰ ਆ ਰਹੇ ਹਨ । ...ਕਿਥੇ ਜਾਏਂਗਾ ਤੂੰ ? ਕਲਿਆਣ ਵਾਲੇ ਪਾਸੇ ! ਉਧਰ ਘਾਟੀ ਵਿਚ ਮੁੰਡੇ ਨੂੰ ਮਿਲੀਂ । ਉਸੇ ਚੰਦੂ ਨੂੰ ਜਿਸ ਨੇ ਫੋਟੋ ਖਿਚਵਾਈ ਸੀ ਮੇਰੇ ਨਾਲ ਬੈਠ ਕੇ । ਮੇਰੇ ਕੋਲ ਏ ਉਹ ਫੋਟੋ । ਉਹਨੂੰ ਆਉਣ ਨੂੰ ਕਹੀਂ । ਮੈਂ ਰਾਹ ਦੇਖਾਂਗੀ ਉਹਦਾ । ਕਹੀਂ......ਮੈਨੂੰ ਲੈ ਜਾਵੇ ਏਧਰੋਂ ! ਮੈਨੂੰ......!

ਕੌਣ ਚੰਦੂ ? ਕਿਹਦਾ ਚੰਦੂ ? ਗੁਆਚ ਗਿਆ ਹੰਗਾਮੇ ਵਿਚ । ਏਥੇ......ਉਥੇ...... ਵਿਚਕਾਰ । ਇਕ ਆਵਾਜ਼ ਜੋ ਸੁਣਾਈ ਨਹੀਂ ਦੇਂਦੀ । ਕਿੰਨੀ ਦੇਰ ਬਾਅਦ ? ਪੰਦਰਾਂ ਮਿੰਟਾਂ

ਬਾਅਦ ਜਾਵੇਗੀ ਗੱਡੀ। ਪੰਦਰਾਂ ਮਿੰਟਾਂ ਬਾਅਦ ਸ਼ੁਰੂ ਹ ਜਾਏਗੀ ਨਵੀਂ ਜ਼ਿੰਦਗੀ। ਨਵਾਂ ਪੰਨਾ। ਸਾਫ-ਸੁਥਰਾ। ਪੁਰਾਣਿਆਂ ਨਾਲੋਂ ਵੱਖਰਾ।

ਪਰ ਕੌਣ ਹਨ ਇਹ ਲੋਕ ? ਕਿਥੋਂ ਆ ਗਏ ਅਚਾਨਕ ? ਸਾਦੇ ਕਪੜੇ। ਚਾਰੇ ਪਾਸਿਉਂ। ਅਮਜਦ ਮਚਲ ਰਿਹਾ ਹੈ ਗੋਦੀ ਵਿਚ। ਮਿੱਠੀ ਗੋਲੀ। ਪਰ ਜੱਬਾਰ......ਦੇਖ ਰਿਹਾ ਹੈ ਸਾਰਿਆਂ ਨੂੰ। ਰੋਜ਼ੀ ਨੇ ਨਹੀਂ ਦੇਖਿਆ। ਹਸੀਨਾ ਨੇ ਨਹੀਂ ਦੇਖਿਆ। ਨਵੀਂ ਜ਼ਿੰਦਗੀ ਵਲ ਲੈ ਜਾਣ ਵਾਲੀ ਗੱਡੀ ਲੇਟ ਹੋ ਗਈ। ਹੁਣ ? ਹੈ ਕਿਧਰੇ ਕੋਈ ਰਸਤਾ ? ਨਹੀਂ। ਚਾਰ ਚੁਫੇਰੇ ਰਸਤਿਆਂ ਉਪਰ ਖੜੇ ਹਨ। ਘੂਰ ਰਹੇ ਹਨ ਜੱਬਾਰ ਨੂੰ।

ਸੁਕ ਗਿਆ ਹੈ ਖ਼ੂਨ। ਜਾਂ ਪਸੀਨਾ ਬਣ ਕੇ ਵਗਣ ਲਗ ਪਿਆ ਹੈ। ਪਾਟ ਜਾਏਗਾ ਦਿਲ ਧੜਕਣਾਂ ਨਾਲ। ਨਵੀਂ ਜ਼ਿੰਦਗੀ ਅਚਾਨਕ ਖਿਲਰ ਗਈ ਪਟੜੀਆਂ ਉਪਰ। ਕਿੰਨੀਆਂ ਹੀ ਰੇਲ ਗੱਡੀਆਂ ਲੰਘ ਗਈਆਂ ਉਪਰੋਂ ! ਪਰ ਰੋਜ਼ੀ ਅਜੇ ਵੀ ਬੋਲੀ ਜਾ ਰਹੀ ਹੈ।......ਚੰਦੂ ! ਓਹ ਘਾਟੀ ਵਾਲਾ ਮੁੰਡਾ। ਰੋ ਰਿਹਾ ਹੈ ਅਮਜਦ। ਮਿੱਠੀ ਗੋਲੀ। ਕਿਸੇ ਨੂੰ ਨਹੀਂ ਪਤਾ......ਸਭ ਕੁਝ ਖਤਮ ਹੋ ਗਿਆ। ਲਾਊਡ ਸਪੀਕਰਾਂ ਦੀਆਂ ਕਈ ਕਈ ਆਵਾਜ਼ਾਂ। ਪਾਖਾਨਿਆਂ ਦੇ ਬਾਹਰ ਚੀਕਦਾ ਹੋਇਆ ਜਮਾਂਦਾਰ। ਸਭ ਖਾਮੋਸ਼ ਹੋ ਗਏ ਹਨ। ਕੁਝ ਸੁਣਾਈ ਨਹੀਂ ਦੇ ਰਿਹਾ ਹੁਣ। ਹਿਲਦੇ ਦੌੜਦੇ ਬੁੱਤ ਦਿਖਾਈ ਦੇਂਦੇ ਹਨ ਸਿਰਫ। ਹੈ ਕੋਈ ਰਸਤਾ ? ਕਿ ਅਮਜਦ ਨੂੰ ਖੜਾ ਕਰ ਦੇਵੇ ਪਲੇਟਫਾਰਮ ਉਪਰ। ਸਭ ਨੂੰ ਛੱਡ ਦੇਵੇ ਏਥੇ ਹੀ ਅਤੇ ਦੌੜ ਜਾਵੇ। ਦੂਰ......ਬਹੁਤ ਦੂਰ। ਦੂਰੋਂ ਆ ਰਹੀ ਹੈ ਗੱਡੀ। ਨਹੀਂ। ਜਾ ਰਹੀ ਹੈ। ਜੋ ਆਉਣ ਵਾਲੀ ਲਗਦੀ ਹੈ......ਜਾਣ ਵਾਲੀ ਹੁੰਦੀ ਹੈ।

ਪਰ ਰੋਜ਼ੀ ਬੋਲੀ ਜਾਂਦੀ ਹੈ ਵਾਰ ਵਾਰ......ਚੰਦੂ ਦੀ ਗੱਲ। ਘਾਟੀ ਵਾਲਾ ਮੁੰਡਾ। ਫੋਟੋ ਖਿਚਵਾਈ। ਆਏਗਾ। ਲੈ ਜਾਏਗਾ ਇਕ ਦਿਨ......।

—ਰੋਜ਼ੀ ! ਰੋਜ਼ੀ !

—ਕੀ ਕਿਹਾ ਏ ਤੂੰ ? ਉੱਚੀ ਬੋਲ।

ਬਹੁਤ ਦੇਰ ਤੋਂ ਦੇਖ ਰਿਹਾ ਆਂ ਮੈਂ ਇਨ੍ਹਾਂ ਲੋਕਾਂ ਨੂੰ। ਪਰ ਹੁਣ......ਪਤਾ ਲਗ ਗਿਆ ਏ ਮੈਨੂੰ......।

ਅਚਾਨਕ ਚੁੱਪ ਹੋ ਜਾਂਦੀ ਹੈ ਰੋਜ਼ੀ। ਡਰੀਆਂ ਅੱਖਾਂ ਨਾਲ ਦੇਖਦੀ ਹੈ ਚਾਰੇ ਪਾਸੇ।...... ਤੂੰ......ਤੂੰ......ਅਮਜਦ ਨੂੰ ਛੱਡ ਦੇ ਏਥੇ।......ਦੌੜ ਜਾ ਜਲਦੀ ਨਾਲ......।

ਬੇਚੈਨੀ ਨਾਲ ਦੇਖਦਾ ਹੈ ਚਾਰ ਚੁਫੇਰੇ।

ਨਹੀਂ ! ਦੌੜਾਂਗਾ ਨਹੀਂ ! ਦੌੜਾਂਗਾ......ਤਾਂ ਸਭ ਖਤਮ ਹੋ ਜਾਏਗਾ। ਇਕ ਹੀ ਰਸਤਾ ਏ। ਤੂੰ ਹਸੀਨਾ ਨੂੰ ਬੁਲਾ ਏਧਰ......।

ਪਰ ਆਵਾਜ਼ ਨਹੀਂ ਨਿਕਲਦੀ ਰੋਜ਼ੀ ਦੇ ਮੂੰਹ 'ਚੋਂ। ਘਸੀਟ ਕੇ ਤੁਰਦੀ ਹੈ। ਸੈਨਤ ਨਾਲ

ਬੁਲਾਉਂਦੀ ਹੈ ਹਸੀਨਾ ਨੂੰ। ਸਾਰੇ ਰੌਲੇ ਵਿਚਕਾਰ ਇਕ ਸਰਸਰਾਹਟ ਆਸ ਪਾਸ। ਆ ਗਈ ਹਸੀਨਾ। ਖੜੀ ਹੋ ਗਈ ਮੂੰਹ ਘੁੰਮਾ ਕੇ।

ਹਸੀਨਾ !......ਉਨ੍ਹਾਂ ਅੱਖਾਂ ਨਾਲ ਦੇਖ ਰਿਹਾ ਹੈ ਜੱਬਾਰ, ਜਿਨ੍ਹਾਂ ਵਿਚ ਅਚਾਨਕ ਖਾਲੀ ਹੋ ਗਿਆ ਸਭ ਕੁਝ।......ਹਸੀਨਾ ! ਆਪਣੀ ਗੱਡੀ ਲੇਟ ਹੋ ਗਈ। ਸਮਝੀ ਭਲਾ ? ਵਾਪਸ ਮੁੜ ਜਾ। ਹੁਣ ਨਹੀਂ ਅਸੀਂ ਜਾ ਸਕਦੇ ਕਿਧਰੇ ਵੀ......।

ਪਹਿਲੀ ਵਾਰ ਦੇਖਦੀ ਹੈ ਹਸੀਨਾ। ਬੋਲਦੀ ਕੁਝ ਨਹੀਂ।

—ਵਾਪਸ ਮੁੜ ਜਾ ਤੂੰ। ਮੇਰੇ ਸਹੁਰੇ ਆ ਗਏ ਨੇ......ਮੈਨੂੰ ਲਿਜਾਉਣ ਲਈ।......ਤੂੰ ਮੁੜ ਜਾ ਵਾਪਸ। ਲੈ ਜਾ ਅਮਜਦ ਨੂੰ।......ਪਰ ਇਕ ਗੱਲ ਦੱਸ ਦਿਆਂ ਮੈਂ......ਛੇਤੀ ਵਾਪਸ ਆਵਾਂਗਾ। ਤੈਥੋਂ ਹੋ ਸਕਿਆ ਤਾਂ ਰਾਹ ਦੇਖੀਂ ਮੇਰਾ। ਜਦੋਂ ਤਕ ਮਾਲ ਦਾ ਪਤਾ ਨਹੀਂ ਲਗੇਗਾ ......ਇਹ ਲੋਕ ਕੁਝ ਨਹੀਂ ਵਿਗਾੜ ਸਕਣਗੇ ਮੇਰਾ। ਅਤੇ ਮਾਲ ਦਾ ਪਤਾ ਇਨ੍ਹਾਂ ਨੂੰ ਕਦੀ ਵੀ ਨਹੀਂ ਲਗਣ ਦਿਆਂਗਾ ਮੈਂ......ਸਹੁੰ ਅਮਜਦ ਦੀ ਮੈਨੂੰ। ਮਾਰ ਲੈਣ ਜਿੰਨਾ ਵੀ ਮਾਰ ਸਕਦੇ ਨੇ......।

ਅਤੇ ਫਿਰ ਦੇਖਦਾ ਹੈ ਚਾਰ ਚੁਫੇਰੇ। ਅਤੇ ਫਿਰ ਸ਼ੁਰੂ ਕਰ ਦੇਂਦਾ ਹੈ ਬੋਲਣਾ......ਬਸ ਇਕੋ ਹੀ ਗੱਲ ਮੰਨ ਲੈ ਮੇਰੀ। ਉਧਰ ਨਾ ਜਾਈਂ। ਕਿਧਰ ? ਓਹ ਜੋਗੇਸਰੀ ਫੋਗੇਸਰੀ। ਉਹ... ਓਹ ਫਰੀਦਨ ਤੈਨੂੰ ਰੰਡੀ ਬਣਾ ਦੇਏਗੀ। ਸਮਝੀ ?......ਹੋਰ ਕੀ ਕਹਾਂ ਤੈਨੂੰ।...... ਏਧਰ ਈ ਰਹੀਂ। ਮੇਰਾ ਰਾਹ ਦੇਖੀਂ। ਛੁਟਦਿਆਂ ਈ......ਪਹੁੰਚ ਜਾਵਾਂਗਾ ਤੇਰੇ ਕੋਲ।

ਅਤੇ ਹਸੀਨਾ ਦੀਆਂ ਕਾਲੀਆਂ ਕਾਲੀਆਂ ਅੱਖਾਂ ਵਿਚ......ਆ ਜਾਂਦੀਆਂ ਹਨ ਲਾਲ ਚੰਗਿਆੜੀਆਂ। ਚੁੱਪ। ਅਤੇ ਫਿਰ ਟੁੱਟ ਜਾਂਦੀ ਹੈ ਚੁੱਪ !

—ਏਹ ਵੀ ਤਾਂ ਦੱਸ ਜਾ ਕਿ ਕੀ ਖਾਵਾਂ। ਉਦੋਂ ਤਕ ? ਅਤੇ ਏਸ ਮੁੰਡੇ ਨੂੰ ਕੀ ਖੁਆਵਾਂ ?

ਖਿੱਚ ਕੇ ਫੜ ਲੈਂਦੀ ਹੈ ਅਮਜਦ ਨੂੰ।......ਛੁਟਦਿਆਂ ਈ ਆਵਾਂਗਾ ਤੇਰੇ ਕੋਲ ! ਵੱਡਾ ਆਇਆ ਆਉਣ ਵਾਲਾ ! ਹਵਾ ਖਾ ਕੇ ਜ਼ਿੰਦਾ ਰਹਾਂਗੀ ਨਾ ਉਦੋਂ ਤਕ ਮੈਂ !

ਮੁੜਦੀ ਹੈ ਰੋਜ਼ੀ ਵੱਲ।......ਮੈਨੂੰ ਤਾਂ ਪਹਿਲਾਂ ਈ ਪਤਾ ਸੀ ਕਿ ਇਹੋ ਕੁਛ ਹੋਣਾ ਏ... ...ਏਸੇ ਲਈ ਨਹੀਂ ਸਾਂ ਆਉਂਦੀ ਮੈਂ......।

ਅਤੇ ਪੋਟਲੀ ਨੂੰ ਦਬਾਉਂਦੀ ਹੈ ਮਜ਼ਬੂਤੀ ਨਾਲ। ਅਤੇ ਅਮਜਦ ਦਾ ਹੱਥ ਖਿੱਚਦੀ ਹੈ ਜ਼ੋਰ ਨਾਲ। ਅਤੇ ਤੁਰਨਾ ਸ਼ੁਰੂ ਕਰ ਦੇਂਦੀ ਹੈ ਪਟੜੀਆਂ ਵੱਲ......ਜਿਥੇ ਦੂਰ ਸਭ ਕੁਝ ਮਿਲ ਕੇ ਇਕ ਹੋ ਜਾਂਦਾ ਹੈ।

ਇਕ ਟੱਕ ਦੇਖਦਾ ਰਹਿੰਦਾ ਹੈ ਜੱਬਾਰ। ਦੇਖਦੀ ਰਹਿੰਦੀ ਹੈ ਰੋਜ਼ੀ। ਦੂਰ ਚਲੀ ਜਾ ਰਹੀ ਹੈ ਹਸੀਨਾ। ਨੰਨ੍ਹੇ ਅਮਜਦ ਨੂੰ ਘਸੀਟਦੀ ਹੋਈ।

ਅਤੇ ਦੂਜੇ ਪਾਸਿਉਂ ਆ ਗਏ ਹਨ ਦੂਜੇ ਲੋਕ। ਪੁਲੀਸ ਦੇ ਹਵਾਲਦਾਰ......ਅਫਸਰ।

ਰੇਲ-ਪੁਲੀਸ ਦੇ ਹਵਾਲਦਾਰ। ਸਾਦੇ ਕਪੜੇ ਖੜੇ ਹੋ ਗਏ ਹਨ ਘੇਰ ਕੇ......ਇਕ ਦਮ ਕੋਲ। ਸਾਰਿਆਂ ਲੋਕਾਂ ਵਿਚਕਾਰ ਘਿਰਿਆ ਖੜਾ ਹੈ ਇਕੱਲਾ ਆਦਮੀ। ਡਰਿਆ ਹੋਇਆ। ਕੀ...... ਕੀ ਗੱਲ ਏ ?......ਕੀ ਚਾਹੁੰਦੇ ਓ......?

ਅੱਗੇ ਵਧਦੇ ਹਨ ਦੋ ਹਵਾਲਦਾਰ। ਇਕ ਗਾਲ੍ਹ।......ਹੁਣੇ ਪਤਾ ਲਗ ਜਾਊਗਾ ਕਿ ਕੀ ਚਾਹੀਦਾ ਏ ਸਾਨੂੰ ! ਏਧਰ ਚਲ ! ਭੈਣ ਦਾ ਯਾਰ......!

ਅਚਾਨਕ......ਅੱਖਾਂ ਵਿਚ ਖ਼ੂਨ। ਚੀਕਦਾ ਹੈ ਜੱਬਾਰ......ਸਾਲਾ ! ਘਸੀਟਦਾ ਕਿਉਂ ਏਂ ?

ਸਾਲਾ ! ਹਵਾਲਦਾਰ ਨੂੰ। ਇਕ ਵਾਰ ਅਫਸਰਾਂ ਨਾਲ ਨਜ਼ਰਾਂ ਮਿਲਾਉਂਦੇ ਹਨ ਹਵਾਲ-ਦਾਰ......।......ਇਕ......ਦੋ ਤਿੰਨ ! ਮੂੰਹ ਭਾਰ ਡਿੱਗ ਪੈਂਦਾ ਹੈ ਜੱਬਾਰ। ਖਿੱਚ ਕੇ ਉਠਾਉਂਦੇ ਹਨ ਦੋ ਹਵਾਲਦਾਰ। ਭੀੜ ਹੋ ਗਈ ਜਮ੍ਹਾਂ। ਮੂੰਹ ਵਿਚ ਭਰ ਗਿਆ ਚਿੱਕੜ। ਥੁੱਕ ਰਿਹਾ ਹੈ......ਥੂ—ਥੂ। ਕੱਢ ਰਿਹਾ ਹੈ ਗਾਲ੍ਹਾਂ ਹਵਾਲਦਾਰਾਂ ਨੂੰ।......ਮਾਂ ਦੇ ਯਾਰੋ ! ਸਾਲਿਓ ! ਇਕੱਲੇ ਆਦਮੀ ਨੂੰ ਮਾਰਦੇ ਓ। ਹਿੰਮਤ ਏ......ਤਾਂ ਆ ਜਾਓ 'ਕੱਲੇ ਨਾਲ 'ਕੱਲਾ ! ਮਾਂ......ਕੇ ਰੱਖ ਦਿਆਂਗਾ ਇਕ ਇਕ ਦੀ......।

ਘਸੀਟਦੇ ਹੋਏ ਲਈ ਜਾ ਰਹੇ ਹਨ ਹਵਾਲਦਾਰ। ਬਹੁਤ ਰੌਲਾ। ਬਹੁਤ ਭੀੜ। ਘਸੀਟਦੀ ਹੋਈ ਨਜ਼ਰ ਘੁਮਾਉਂਦਾ ਹੈ ਚਾਰ ਚੁਫੇਰੇ। ਕਿੱਥ ਗਈ ਰੋਜ਼ੀ ? ਕਿੱਥੇ ਗਈ ਹਸੀਨਾ ? ਗੁਆਚ ਗਏ ਭੀੜ ਵਿਚ ਸਾਰੇ। ਸਿਗਨਲ ਅਤੇ ਪੁਲ ਦੇ ਕੋਲ......ਇਕ ਵਿਚ ਮਿਲ ਗਿਆ ਸਭ ਕੁਛ। ਪਲੇਟਫਾਰਮ ਅਤੇ ਚਾਹ ਦੀ ਦੁਕਾਨ। ਸਫੇਦ ਕਪੜਿਆਂ ਵਾਲਾ ਸਾਹਬ। ਅਤੇ ਚੋਰ ਨੂੰ ਦੇਖਣ ਵਾਲੀ ਭੀੜ। ਹੋਰ ਕੁਝ ਨਹੀਂ। ਤੁਰੀ ਜਾ ਰਿਹਾ ਹੈ ਘਸੀਟਦਾ ਹੋਇਆ। ਪਾਟੀ ਜਾ ਰਹੇ ਹਨ ਪੁਰਾਣੇ ਕਪੜੇ। ਮਿੱਟੀ ਅਤੇ ਚਿੱਕੜ......ਥੁੱਕ ਅਤੇ ਪੀਕ......ਲਿਬੜਦੇ ਜਾ ਰਹੇ ਹਨ ਘਸੀਟਦੀ ਹੋਈ ਜ਼ਿੰਦਗੀ ਨਾਲ।

ਆ ਗਈ ਗੱਡੀ ਹੁਣ। ਭੱਜ ਭੱਜ ਕੇ ਚੜ੍ਹ ਗਏ ਲੋਕ। ਰਹਿ ਗਿਆ ਸਟੇਸ਼ਨ।

ਹੋ ਗਈ ਸ਼ਾਮ......ਨਵੀਂ ਜ਼ਿੰਦਗੀ ਦੀ। ਬਲ ਪਏ ਚਰਾਗ......ਨਵੀਂ ਰੋਸ਼ਨੀ ਦੇ। ਕਿੱਥੋਂ ਚਲ ਕੇ ਕਿੱਥੇ ਪਹੁੰਚ ਗਏ ਲੋਕ।......ਸਟੇਸ਼ਨ ਅਤੇ ਬਾਜ਼ਾਰ। ਅੱਗੇ ਘਸੀਟ ਰਹੇ ਹਵਾਲਦਾਰ। ਪਿੱਛੋਂ ਧੱਕਾ ਮਾਰਨ ਵਾਲੇ ਹਵਾਲਦਾਰ। ਅਤੇ ਬਾਰ ਬਾਰ ਡਿੱਗਦਾ ਹੋਇਆ ਆਦਮੀ। ਘਸੀਟੇ ਜਾਣ ਦੇ ਵਿਚਕਾਰ...... ਗਾਲ੍ਹ ਕੱਢਣ ਦਾ ਮੌਕਾ ਵੀ ਨਹੀਂ।

ਅਤੇ ਇਕ ਆਖਰੀ ਧੱਕਾ। ਅਤੇ ਪੁਲੀਸ ਸਟੇਸ਼ਨ ਦੇ ਡਿਊਟੀ ਰੂਮ ਦੇ ਫਰਸ਼ ਉਪਰ ਡਿੱਗ ਕੇ ਉਠਣ ਦੀ ਕੋਸ਼ਿਸ਼ ਕਰਦਾ ਹੈ ਜੱਬਾਰ। ਸਾਹਮਣੇ ਡਿਊਟੀ ਅਫਸਰ। ਅਟੈਨਸ਼ਨ ਹੋ ਕੇ ਸਲੂਟ ਮਾਰ ਰਹੇ ਹਨ ਹਵਾਲਦਾਰ। ਕੰਧਾਂ। ਟੰਗੀਆਂ ਹੋਈਆਂ ਹੱਥਕੜੀਆਂ। ਬਦਮਾਸ਼ਾਂ ਦੀਆਂ ਫੋਟੋਆਂ। ਉਸ ਪਾਸੇ ਬਹੁਤ ਵੱਡੀ ਤਸਵੀਰ..... ਬਾਪੂ ਦੀ। ਇਸ ਪਾਸੇ ਬਹੁਤ ਵੱਡੀ ਤਸਵੀਰ......ਚਾਚੇ ਦੀ।

ਬੋਲ ਰਿਹਾ ਹੈ ਡਿਊਟੀ ਇਨਸਪੈਕਟਰ......ਕਿਉਂ ਓਏ ਗਾਂਡੂਆ ! ਤੂੰ ਫੇਰ ਆ ਗਿਆ ਏਂ ਏਧਰ !

ਹੱਫ ਰਿਹਾ ਹੈ। ਸਾਹ ਵਿਚ ਸਾਹ ਨਹੀਂ ਆਉਂਦਾ......ਆਵਾਂ ਨਾ ਤਾਂ......ਕੀ ਕਰਾਂ ? ਮੇਰੀ ਔਰਤ ਏਧਰ......ਮੇਰਾ ਬੱਚਾ ਏਧਰ...... ਮੈਂ ਹੋਰ ਕਿੱਥੇ ਜਾਵਾਂ ?

ਕੁਝ ਕਹਿ ਰਿਹਾ ਹੈ ਹਵਾਲਦਾਰ। ਤਿਊੜੀਆਂ ਪੈ ਰਹੀਆਂ ਹਨ ਡਿਊਟੀ-ਇਨਸਪੈਕਟਰ ਦੀਆਂ।......ਅਤੇ ਤੂੰ ਹਵਾਲਦਾਰਾਂ ਉਪਰ ਹਮਲਾ ਕੀਤਾ ਏ ਨਾ ?

ਇਕ ਵਾਰ ਨਜ਼ਰ ਘੁਮਾਉਂਦਾ ਹੈ ਚਾਰ ਚੁਫੇਰੇ।......ਮੈਂ ਹਮਲਾ ਕਰਾਂਗਾ ? ਹਮਲਾ ਤਾਂ ਤੁਸੀਂ ਕਰਦੇ ਓ। ਤੁਹਾਡਾ ਟੈਮ ਏ......ਮੇਰਾ ਟੈਮ ਨਹੀਂ। ਜਦੋਂ ਮੇਰਾ ਟੈਮ ਆਊ...... ਮੈਂ ਵੀ ਕਰਾਂਗਾ ਹਮਲਾ। ਛਡਾਂਗਾ ਨਹੀਂ......।

ਇਕ ਹੋਰ ਇਨਸਪੈਕਟਰ ਨਿਕਲ ਆਇਆ ਹੈ ਅੰਦਰੋਂ।......ਮਾਂ ਦੇ ਯਾਰਾ। ਉਧਰ ਚੋਰੀ ਕਰਕੇ ਆਇਐਂ......ਏਧਰ ਜ਼ਬਾਨ ਚਲਾਉਣਾ ਏਂ। ਇਕ ਧਰਾਂਗਾ ਮੂੰਹ 'ਤੇ......।

—ਮੂੰਹ ਸੰਭਾਲ ਕੇ ਗੱਲ ਕਰਨਾ ਸਾਬ੍ਹ ! ਮੈਂ ਚੋਰ......ਤੁਸੀਂ ਲੋਕ ਵੱਡੇ ਸ਼ਾਹੂਕਾਰ ਆ ਗਏ। ਸਭ ਤੋਂ ਵੱਡੇ ਚੋਰ ਤਾਂ..... ਤੁਸੀਂ ਲੋਕ ਓ।

ਇਕ ਥੱਪੜ ਪੈਂਦਾ ਹੈ ਮੂੰਹ 'ਤੇ। ਚੀਕਦਾ ਹੈ......ਹਾਂ......ਹਾਂ ਤੁਸੀਂ ਲੋਕ ਚੋਰ ਓ......ਵੱਡੇ ਚੋਰ। ਤੁਸੀਂ ਚੋਰ......ਤੁਹਾਡੇ ਸਾਬ੍ਹ ਚੋਰ......ਤੁਹਾਡੇ ਮਨਿਸਟਰ ਚੋਰ।...... ਸਾਲਿਊ......ਦੂਜਿਆਂ ਦਾ ਮਾਲ ਖਾਂਦੇ ਓ......।

ਤਾੜ ! ਤਾੜ ! ਤਾੜ ! ਵੱਜੀ ਜਾ ਰਹੀਆਂ ਹਨ।......ਸਾਲਾ......ਮਾਂ......!

ਚੀਕ ਰਿਹਾ ਹੈ।..... ਤੁਸੀਂ ਲੋਕ ਮਾਂ .....!.....ਹਾਂ.....ਹਾਂ......ਮੈਂ ਕਵਾਂਗਾ ......ਤੁਸੀਂ ਲੋਕ ਮਾਂ......ਓ !......ਤੁਸੀਂ ਸਾਲੇ ਕੁੱਤੇ ! ਜਿਹੜਾ ਟੁੱਕਰ ਪਾਵੇ......ਉਹਦੇ ਪੈਰ ਚੱਟੋਗੇ......।

ਆਏ ਹਨ ਬਾਹਰੋਂ ਕੁਝ ਲੋਕ। ਡਿਪਟੀ ਇਨਸਪੈਕਟਰ ਦਾ ਇਸ਼ਾਰਾ। ਵੱਡੇ ਹਵਾਲਦਾਰ ਦੀ ਆਵਾਜ਼......ਅੰਦਰ ਸੁੱਟੋ ਸਾਲੇ ਨੂੰ।

ਘਸੀਟ ਕੇ ਲਈ ਜਾ ਰਹੇ ਹਨ ਹਵਾਲਦਾਰ ਦੂਜੇ ਪਾਸੇ। ਬਾਪੂ ਦੀ ਤਸਵੀਰ ਥੱਲੇ ਸੱਜੀਆਂ ਹਨ ਰਾਈਫਲਾਂ......ਸੰਗੀਨਾਂ......ਇਕ ਧੱਕਾ। ਫਿਰ ਸੰਭਲਦਾ ਹੈ ਡਿਗਦਾ ਡਿਗਦਾ। ......ਤਲਾਸ਼ੀ ਲਓ ਏਹਦੀ !

ਤਲਾਸ਼ੀ ਲੈ ਰਹੇ ਹਨ ਟਿਮਟਿਮਾਉਂਦੇ ਉਜਾਲੇ ਵਿਚ। ਹੱਥ......ਪੈਰ......ਮੂੰਹ...... ਜੇਬ......ਬੁਰਸ਼ਟ......ਪੈਂਟ......ਬਦਬੂ। ਬਾਰ੍ਹਾਂ ਰੁਪਏ......ਭਾਨ। ਜਮ੍ਹਾਂ। ਲੱਕ ਨਾਲ ਬੱਧੀ ਹੈ ਪੁਰਾਣੀ ਪੇਟੀ।

—ਖੋਲ੍ਹ ਇਸ ਨੂੰ।......ਚੀਕਦਾ ਹੈ ਹਵਾਲਦਾਰ।

ਪੈਂਟ ਦਾ ਇਕ ਵੀ ਬਟਨ ਨਹੀਂ, ਪੇਟੀ ਆਸਰੇ ਅਟਕੀ ਹੈ।

—ਨਹੀਂ ! ਏਹ ਪੇਟੀ ਲਾਹਾਂਗਾ ਤਾਂ ਪੈਂਟ ਕਿੰਜ ਬੰਨ੍ਹਾਂਗਾ ?

—ਨਹੀਂ......ਨਹੀਂ ਲਾਹ ਏਹਨੂੰ......ਏਹ ਨਹੀਂ ਜਾ ਸਕਦੀ ਅੰਦਰ......।

ਲਾਹ ਲਈ ਗਈ ਲੱਕ ਵਾਲੀ ਪੇਟੀ। ਦੋਵਾਂ ਹੱਥਾਂ ਨਾਲ ਫੜੀ ਹੋਈ ਹੈ ਪੈਂਟ।

—ਚਲ। ਉਸ ਪਾਸੇ...... ।

ਫਿਰ ਧੱਕਾ। ਇਕ ਹੱਥ ਨਾਲ ਪੈਂਟ ਸੰਭਾਲਦਾ ਹੈ......ਦੂਜੇ ਨਾਲ ਆਪਣੇ ਆਪ ਨੂੰ। ਫਿਰ ਧੱਕਾ। ਫਿਰ ਧੱਕਾ। ਫਿਰ ਧੱਕਾ। ਸਹਾਰਾ ਕੰਧ ਦਾ.. ...ਜ਼ਮੀਨ ਦਾ। ਆ ਗਈ ਹਵਾਲਾਤ। ਚੀਕਦਾ ਹੈ ਹਵਾਲਦਾਰ......ਮੁਨਸ਼ੀ ! ਸੁੱਟ ਅੰਦਰ ਸਾਲੇ ਨੂੰ......।

ਕਿੰਨੀ ਦੇਰ ਹੋ ਗਈ ਇਥੇ ਖਲੋਤਿਆਂ। ਘਸੀਟ ਕੇ ਸੁੱਟ ਦਿੱਤਾ ਗਿਆ ਅੰਦਰ। ਬੰਦ ਹੋ ਗਿਆ ਸੀਖਾਂ ਵਾਲਾ ਦਰਵਾਜ਼ਾ। ਉੱਥੇ ਖੜਾ ਹੈ......ਉਸੇ ਤਰ੍ਹਾਂ......ਦੋਵਾਂ ਹੱਥਾਂ ਨਾਲ ਪੈਂਟ ਨੂੰ ਫੜੀ। ਸਾਹਮਣੇ ਤੂਸੇ ਹੋਏ ਹਵਾਲਾਤ ਦੇ ਕਮਰੇ। ਜਿਵੇਂ ਸਾਰਾ ਸ਼ਹਿਰ ਡੱਕਿਆ ਹੋਵੇ ਅੰਦਰ...।

ਹਸੀਨਾ......ਅਮਜਦ......ਘਸੀਟਦੀ ਹੋਈ ਰੋਜ਼ੀ......ਸਭ ਚਲੇ ਗਏ। ਬੱਦਲ ਨਹੀਂ ਆਏ ਅਜੇ ਤਕ। ਹੁਣ ਨਹੀਂ ਆਉਣਗੇ। ਜਾਂ ਆ ਜਾਣਗੇ। ਪਰ ਹੁਣ ਕੋਈ ਫਰਕ ਨਹੀਂ। ਹੁੰਮਸ ਦੀ ਦੁਨੀਆਂ ਵਿਚ ਅੱਧਨੰਗੇ ਆਦਮੀਆਂ ਦੀ ਭੀੜ..... ਟਿਮਟਿਮਾਉਂਦੀਆਂ ਬੱਤੀਆਂ ਥੱਲੇ। ਸੀਖਾਂ ਚਾਰ ਚੁਫੇਰੇ। ਇਕ ਰੌਲਾ। ਇਕ ਭਿੰਨਭਿਨਾਹਟ। ਬੋਲ ਰਿਹਾ ਹੈ ਕੋਈ। ਕੌਣ ? ਕੀ ਕਹਿ ਰਿਹਾ ਹੈ ?......ਓਧਰ ਕਿਉਂ ਖੜ੍ਹਾ ਏਂ ਰਾਹ ਵਿਚ ? ਏਧਰ ਈ ਆ ਜਾ......।

ਦੋਵਾਂ ਹੱਥਾਂ ਨਾਲ ਪੈਂਟ ਫੜੀ ਢੂੰਡ ਰਿਹਾ ਹੈ ਜਗ੍ਹਾ ਆਪਣੇ ਲਈ। ਏਧਰ ਭੱਤੇ ਵਾਲੀ ਕਤਾਰ। ਓਧਰ ਗਾਣੇ ਗਾ ਰਹੇ ਹਨ ਹਵਾਲਾਤੀ। ਅਤੇ ਉਧਰ ਪੱਤੇ..... ਇਕ ਇਕ ਬੀੜੀ ਦੀ ਬਾਜ਼ੀ। ਹੋਰ ਅੱਗੇ .....ਚਰਸ ਦੇ ਦਮ। ਪੁੱਛ ਰਿਹਾ ਹੈ ਕੋਈ... . ਕਿਉਂ ਫੜਿਆ ਏ ਤੈਨੂੰ ?

ਜਵਾਬ ਨਹੀਂ ਦਿੰਦਾ। ਅਖੀਰ ਤਕ ਚਲਾ ਜਾਂਦਾ ਹੈ। ਟੱਟੀ ਵਿਚ ਬੈਠਦਾ ਖੰਘਦਾ ਹੈ ਕੋਈ। ਮੁੜਦਾ ਹੈ ਜੱਬਾਰ। ਕਿੱਥੇ ਹੈ ਜਗ੍ਹਾ ? ਕਿਧਰੇ ਵੀ ਨਹੀਂ। ਕੋਈ ਰੱਸੀ ! ਕੋਈ ਧਾਗਾ ! ਲੱਕ ਨਾਲ ਬੰਨ੍ਹ ਲਵੇ......ਤਾਂ ਜੋ ਹੱਥਾਂ ਦਾ ਛੁਟਕਾਰਾ ਹੋ ਜਾਏ।

ਨਹੀਂ। ਕਿਧਰੇ ਕੁਝ ਨਹੀਂ।......ਕੋਈ ਹੱਥ ਹਿਲਾ ਰਿਹਾ ਹੈ ਸਾਹਮਣਿਉਂ। ਕੌਣ ? ਨੱਥੂ ? ਸਾਲਾ ਏਹ ਵੀ ਅੰਦਰ......ਨੱਥੂ ਚੀਕ ਰਿਹਾ ਹੈ......ਆ ! ਏਧਰ ਈ ਆ ਜਾ ! ਕਿਉਂ ਬਈ ਜੱਬਾਰ ! ਕਦੋਂ ਆਇਆ ਤੂੰ ? ਮੈਂ ਤਾਂ ਦੇਖਿਆ ਈ ਨਹੀਂ ਤੈਨੂੰ..... !

ਗਾਣਾ ਚਲ ਰਿਹਾ ਹੈ ਉੱਚੀ ਉੱਚੀ।

—ਬੋਲ ਨਾ ਜੱਬਾਰ ! ਚੋਰੀ ਵਿਚ ਫੜਿਆ ਏ ਤੈਨੂੰ ?

—ਚੋਰੀ ਵਿਚ ਨਹੀਂ ਫੜਣਗੇ ਤਾਂ ਹੋਰ ਸ਼ਾਹੂਕਾਰੀ ਵਿਚ ਫੜਣਗੇ !

ਬਹੁਤ ਖੁਸ਼ ਹੈ ਨੱਥੂ।......ਮੈਨੂੰ ਵੀ ਏਸੇ ਚੱਕਰ ਵਿਚ......ਮਿਲਾ ਹੱਥ......।

ਹੱਥ ਅੱਗੇ ਵਧਾਉਂਦਾ ਹੈ ਨੱਥੂ......ਪਰ ਨਹੀਂ ਮਿਲਾਉਂਦਾ ਜੱਬਾਰ।

—ਮੇਰੀ ਪੈਂਟ।......ਕੁਝ ਹੈ ਤਾਂ ਦੇ ਬੰਨ੍ਹਣ ਨੂੰ।

—ਬੰਨ੍ਹਣ ਵਾਸਤੇ ?...... ਲੈ ਮੇਰਾ ਪਰਨਾ ਬੰਨ੍ਹ ਲੈ ਹੁਣ। ਪਿਛੋਂ ਲੱਭ ਲਈਂ ਕੁਝ ਹੋਰ। ਬੈਠ ਨਾ। ਖੜਾ ਕਿਉਂ ਏਂ ? ਚੰਗਾ ਹੋ ਗਿਆ ਤੂੰ ਆ ਗਿਆ ਅੰਦਰ।......ਹੁਣ ਦੱਸ। ਕਿਧਰ ਚੱਕਰ ਚਲਾਇਆ ਈ ?......ਦੱਸ ਵੀ ਨਾ ਕਿਧਰ ਮਾਰਿਆ ਈ ਹੱਥ ?

ਮਜਬੂਰ ਹੋਇਆ ਬੋਲੀ ਜਾਂਦਾ ਹੈ ਜੱਬਾਰ। ਅਤੇ ਚੁੱਪ ਹੋ ਜਾਂਦਾ ਹੈ।

ਚੀਕਦਾ ਹ ਨੱਥੂ......ਏਹੀ ਤਾਂ ਤੁਸਾਂ ਲੋਕਾਂ ਦੀ ਗਲਤੀ ਏ। ਤੁਸੀਂ ਸੋਚਦੇ ਹੋ ਕਿ ਸਮਗਲਰਾਂ ਦੇ ਘਰ ਚੋਰੀ ਕਰਾਂਗੇ ਤਾਂ ਉਹ ਪੁਲੀਸ ਨੂੰ ਰਿਪੋਰਟ ਨਹੀਂ ਕਰਨਗੇ। ਪਰ ਮੈਂ ਸਾਰਿਆਂ ਨੂੰ ਏਹੀ ਕਹਿੰਦਾ ਆਂ......ਹੋਰ ਕਿਧਰੇ ਵੀ ਚੋਰੀ ਕਰ ਲਓ ਪਰ ਸਮਗਲਿੰਗ-ਦਾਰੂ ਦਾ ਧੰਦਾ ......ਰੰਡੀ ਬਾਜ਼ੀ......ਏਧਰ ਕਦੀ ਵੀ ਭੁਲ ਕੇ ਨਾ ਆਉ। ਨਹੀਂ ਤਾਂ ਪੁਲੀਸ ਵਾਲੇ ਮਾਰ-ਮਾਰ ਧੂੰ ਕੱਢ ਦੇਣਗੇ। ਕਦੀ ਨਹੀਂ ਛੱਡਣਗੇ। ਕਿਉਂ ਠੀਕ ਹੈ ਨਾ ? ਓ ਬਈ ਤੈਨੂੰ ਪਤਾ ਤਾਂ ਏ ਕਿ ਕਿਉਂ ਨਹੀਂ ਛੱਡਣਗੇ। ਏਧਰ ਤਾਂ ਪੁਲੀਸ ਰਾਹੀਂ ਸਭ ਕੁਝ ਚਲਦਾ ਏ। ਪਰ ਤੁਹਾਨੂੰ ਲੋਕਾਂ ਨੂੰ ਅਕਲ ਨਹੀਂ। ਸਾਲਾ......ਏਧਰ ਈ ਆ ਮਰਨਗੇ। ਕਿੰਨਾ ਵੀ ਸਮਝਾ ਲਓ।......ਅੱਛਾ ਏਹ ਤਾਂ ਦੱਸ......ਮਾਲ ਮਿਲਿਆ ਏ ਕਿ ਨਹੀਂ ? ਓ ਤੈਨੂੰ ਨਹੀਂ ......ਪੁਲੀਸ ਨੂੰ। ਪੁਲੀਸ ਨੂੰ ਮਾਲ ਮਿਲ ਗਿਆ ਕਿ ਨਹੀਂ ?...... ਨਹੀਂ।......ਆਪਾਂ ਕੋਲੋਂ ਤਾਂ ਨਹੀਂ ਮਾਰ ਖਾਧੀ ਜਾਂਦੀ। ਏਧਰ ਸਾਬ੍ਹ ਨੇ ਹੱਥ ਚੁੱਕਿਆ ਮਾਰਨ ਲਈ......ਓਧਰ ਮੈਂ ਸਭ ਬੱਕ ਦਿੱਤਾ। ਸਭ। ਕਿੱਥੇ ਕਿੱਥੇ ਚੋਰੀ ਕੀਤੀ......ਕਿੱਥੇ ਮਾਲ ਰੱਖਿਆ......ਸਭ ਕੁਝ। ਇੰਨੀ ਬੁਰੀ ਤਰ੍ਹਾਂ ਮਾਰਦੇ ਨੇ ਕਿ ਪੁੱਛ ਈ ਨਾ। ਚੰਗੇ ਭਲਿਆਂ ਦੇ ਪਸ਼ਾਬ ਨਿਕਲ ਜਾਂਦੇ ਨੇ। ਸੁਲੇਮਾਨ ਨੂੰ ਪਛਾਣਦਾ ਏ ਤੂੰ ? ਓਹੀ ਸੁਲੇਮਾਨ...... ਮਾਤਾ ਦੇ ਦਾਗ ਵਾਲਾ। ਏਥੇ ਈ ਸੀ। ਚਾਰ ਦਿਨ ਹੋਏ ਹਸਪਤਾਲ ਲੈ ਕੇ ਗਏ ਸਨ ਉਹਨੂੰ। ਪੁੱਛਦੇ ਸਨ......ਮਾਲ ਕਿੱਥੇ ਈ .....ਬੋਲਦਾ ਈ ਨਹੀਂ ਸੀ। ਇੰਨਾ ਮਾਰਿਆ ਉਹਨੂੰ ਇਨ੍ਹਾਂ ਸਾਲਿਆਂ ਨੇ......ਛਾਤੀ ਉੱਪਰ ਬੈਠ ਬੈਠ ਕੇ......ਕਿ ਖੂਨ ਦੀਆਂ ਉਲਟੀਆਂ ਲਗ ਗਈਆਂ ਉਹਨੂੰ। ਗਿਆ ਕੰਮ ਤੋਂ ਹਮੇਸ਼ਾ ਲਈ......।

ਜੱਬਾਰ .....ਬੰਦ ਕਰ ਲੈਂਦਾ ਹੈ ਅੱਖਾਂ। ਸਾਹਮਣੇ ਹਨੇਰਾ ਹੈ। ਹਨੇਰੇ ਵਿਚ ਚਲ ਰਹੇ ਹਨ ਲੋਕ। ਲੋਕਾਂ ਦੀਆਂ ਅੱਖਾਂ ਵਿਚ ਮਘ ਰਹੇ ਹਨ ਅੱਗ ਦੇ ਗੋਲੇ। ਬੋਲੀ ਜਾ ਰਿਹਾ ਹੈ ਨੱਥੂ......ਦੋ ਸਾਲ ਚਾਰ ਸਾਲ ਅੰਦਰ ਜਾਣਾ ਠੀਕ। ਪਰ ਇਨ੍ਹਾਂ ਲੋਕਾਂ ਦੀ ਮਾਰ ਖਾਣੀ ਬੁਰੀ . ...।

ਦੋ ਸਾਲ......ਚਾਰ ਸਾਲ। ਏਨਾ ਲੰਮਾ ਸਮਾਂ। ਕਿੱਥੇ ਜਾਏਗੀ ਹਸੀਨਾ ? ਕਿੱਥੇ ਜਾਏਗਾ ਅਮਜਦ ? ਨਹੀਂ। ਅੱਖਾਂ ਖੋਲ੍ਹ ਦੇਂਦਾ ਹੈ ਜੱਬਾਰ। ਧੁੰਦਲੀ ਰੋਸ਼ਨੀ।

ਗਾਣਾ ਖ਼ਤਮ ਹੋ ਗਿਆ ਗਾਉਣ ਵਾਲਿਆਂ ਦਾ। ਪੈ ਰਹੀਆਂ ਹਨ ਅਵਾਜ਼ਾਂ।

—ਬਜਰੰਗ ਬਲੀ .... ਤੋੜ ਦੁਸ਼ਮਣ ਦੀ ਨਲੀ।

—ਯਾ ਮਾਲਕ ! ਭੇਜ ਕਿਸੇ ਕਵਾਲ ਨੂੰ ਅੰਦਰ। ਟੈਮ ਪਾਸ ਨਹੀਂ ਹੁੰਦਾ ਮਾਲਕਾ......।

ਹੋ ਜਾਏ ! ਇਕ ਚਿਲਮ ਹੋਰ......।

ਧੀਮੀ ਜਿਹੀ ਆਵਾਜ਼ ਵਿਚ ਪੱਛਦਾ ਹੈ ਜੱਬਾਰ......ਮਰ ਜਾਏਗਾ ਸੁਲੇਮਾਨ ? ਬਚੇਗਾ ਨਹੀਂ ?

ਜੇਬਾਂ ਟਟੋਲਦਾ ਹੈ ਨੱਥੂ ।......ਏਥੇ ? ਪੁਲੀਸ ਵਾਲਿਆਂ ਕੋਲ ? ਓ ਏਥੇ ਮਰ ਗਿਆ ਤਾਂ ਇਨ੍ਹਾਂ ਦਾ ਕੰਮ ਕਿਵੇਂ ਚਲੂ ? ਏਥੋਂ ਤਾਂ ਬਚ ਕੇ ਈ ਜਾਊ । ਹਸਪਤਾਲ ਪੁਚਾ ਕੇ ਛੱਡ ਦੇਣਗੇ । ਪਰ ਉੱਥੇ ਜਾ ਕੇ ਮਹੀਨਾ ਦੋ ਮਹੀਨਾ......ਬੱਸ ।......ਲਿਆ ਕੱਢ । ਬੀੜੀ ਹੈ ਤੇਰੇ ਪਾਸ ?

ਨਹੀਂ ਹੈ ।.....ਆ ਗਿਆ ਭੱਤੇ ਵਾਲਾ । ਖਤਮ ਹੋ ਗਈਆਂ ਮਹਿਫਲਾਂ । ਉਠ ਉਠ ਕੇ ਆ ਰਹੇ ਹਨ । ਥਾਲੀਆਂ......ਗਲਾਸ । ਨੰਗੇ । ਅੱਧਨੰਗੇ । ਅਖੀਰ ਤਕ ਪਹੁੰਚ ਗਈ ਕਤਾਰ । ਪਰ ਆ ਰਹੀ ਹੈ ਇਕ ਬੋ......ਅੰਤਾਂ ਦੀ ਭੈੜੀ । ਚੀਕ ਰਹੇ ਹਨ ਸਾਰੇ ।......ਕੱਢੋ ਸਾਲਿਆਂ ਨੂੰ......ਹਟਾਓ ਏਥੋਂ......।

ਹਟ ਪਰੇ ਸਾਲਾ ! ਤੂੰ ਕਿਉਂ ਆ ਕੇ ਖੜਾ ਹੋ ਗਿਆ ਏਂ ਏਥੇ ?

— ਚਲ ਓਏ ! ਤੂੰ ਵੀ ਹੱਟ ਪਰੇ । ਦੂਰ ।

—ਏ ਸਾਲੇ ! ਤੂੰ ਵੀ ...!

ਕਤਾਰ 'ਚੋਂ ਨਿਕਲ ਕੇ ਅਲੱਗ ਖੜੇ ਹੋ ਗਏ ਹਨ ਚਾਰੇ .....। ਗਰਮੀ ਦੀ ਬੀਮਾਰੀ ਵਾਲੇ । ਬੋ ਅੰਤਾਂ ਦੀ ਬਰੀ । ਇਕ ਮੁੰਡਾ । ਦੂਜਾ ਬੁੱਢਾ । ਤੀਜਾ ਅਤੇ ਚੌਥਾ ! ਸ਼ਰਮਾਏ ...ਸਿਰ ਝੁਕਾਈ ਖੜੇ ਹਨ ਅਲੱਗ । ਰਹਿੰਦੇ ਹਨ ਅਲੱਗ ਅਲੱਗ । ਪਰ ਭੁੱਖ ਬਹੁਤ ਤੇਜ਼ । ਖੜੇ ਹੋ ਗਏ ਕਤਾਰ ਵਿਚ । ਹੁਣ ਜ਼ਰਾ ਪਰੇ ਹੱਟ ਕੇ ਖੜੇ ਹਨ । ਜਦ ਸਾਰੇ ਲੈ ਹਟਣਗੇ ...ਤਦ ਮਿਲੇਗਾ ਖਾਣਾ ।

ਪਰ ਸਿਰਫ ਖਾਣਾ ਹੀ ਨਹੀਂ ਵੰਡ ਰਿਹਾ ਭੱਤੇ ਵਾਲਾ । ਚਰਸ ਦੀਆਂ ਪੁੜੀਆਂ...... ਗਾਂਜੇ ਦੀਆਂ......ਠਰੇ ਦਾ ਪਊਆ । ਸਰਕਾਈ ਜਾਂ ਰਿਹਾ ਹੈ ਹੌਲੀ ਹੌਲੀ । ਦੋ ਰੁਪਏ ਦੇ ਭੱਤੇ ਵਿਚ......ਖਾਣਾ ਨਹੀਂ ਖਾਂਦੇ ਕਈ । ਸਿਰਫ ਪੀਂਦੇ ਹਨ ਚਰਸ .....ਗਾਂਜਾ......ਦਾਰੂ ।

ਵਧਦੀ ਜਾਂਦੀ ਰਾਤ ਵਿਚ ਚੁੱਪ ਹੋਈ ਜਾਂਦੇ ਹਨ । ਚੁੱਪ ਚਾਪ...... ਗਾਣੇ ਨਹੀਂ ਗਾਉਂਦੇ । ਚਰਸ ਅਤੇ ਗਾਂਜੇ ਦੇ ਦਮ । ਦਾਰੂ ਦੇ ਘੁੱਟ । ਹੌਲੀ ਹੌਲੀ ਖਾਂਦੇ ਹਨ ਇਕ ਰੋਟੀ......ਜਾਂ ਦੋ ਰੋਟੀਆਂ । ਜਾਂ ਭਾਤ ਇੱਕ ਮੁੱਠੀ । ਜਾਂ ਦੋ । ਗਾਲ੍ਹਾਂ ਕੱਢਦਾ ਹੈ ਕੋਈ ਭੱਤੇ ਵਾਲੇ ਨੂੰ ।.....ਸਾਲਾ ਗਾਂਡੂ ਦਾਰੂ ਪਿਆਉਂਦਾ ਏ ਜਾਂ ਪਾਣੀ !

ਹਨੇਰੇ ਕੋਨੇ ਵਿਚ ਜੱਬਾਰ......ਕੁਝ ਖਾਂਦਾ ਹੈ ।......ਕੁਝ ਨਹੀਂ । ਪਰ ਖਾਈ ਜਾਂਦਾ ਹੈ ਨੱਥੂ । ਅਤੇ ਬੋਲੀ ਜਾਂਦਾ ਹੈ ।..... ਰਾਤ ਨੂੰ ਬਾਰਾਂ ਵਜੇ ਤੋਂ ਬਾਅਦ ਫੈਂਟਾ ਚਾੜ੍ਹਦੇ ਨੇ । ਪਰ ਮੈਂ ਦੱਸ ਦਿਆਂ......ਇਹ ਗ਼ਲਤੀ ਏ ਤੇਰੀ । ਅੜੀ ਨਾ ਕਰੀਂ ...ਦੱਸ ਦੇ ਮਾਲ ਕਿੱਥੇ ਏ......।

ਮਾਲ !......ਜੱਬਾਰ ਦੀ ਧੀਮੀ ਅਵਾਜ਼ ।......ਇਹਨਾਂ ਦੀ ਮਾਂ ਦੀ......। ਮਾਲ ਨਾ ਮੈਂ ਦੱਸਿਆ......ਚਾਹੇ ਜਾਨ ਚਲੀ ਜਾਏ ।

ਖਾਂਦੇ ਖਾਂਦੇ ਰੁਕ ਜਾਂਦਾ ਹੈ ਨੱਥੂ ।......ਤੂੰ ਸਾਲਾ ਉੱਲੂ ਦਾ ਉੱਲੂ ਈ ਰਹੇਂਗਾ । ਕਦੀ ਸੁਧਰੇਂਗਾ ਵੀ । ਓਹ......ਦੌਲਤ ਨਾ ਦੱਸ ਦੇਊ ਕਿ ਮਾਲ ਕਿੱਥੇ ਏ ?

ਦੌਲਤ ਗਿਆ ਚੁਲ੍ਹੇ ਵਿਚ । ਉਹਦੇ ਨਾਲ ਮੇਰਾ ਕੋਈ ਸਰੋਕਾਰ ਨਹੀਂ । ਮੇਰਾ ਮਾਲ ਕਿੱਥੇ ਏ......ਏਹ ਨਾ ਲਗਾ ਪਤਾ ਉਨ੍ਹਾਂ ਨੂੰ......ਮੈਂ ਦੱਸ ਦੇਣਾ ਆਂ ।

ਪਰ ਜੱਬਾਰ ! ਇਕ ਸੁਫਨਾ ਘੁੰਮ ਰਿਹਾ ਹੈ । ਕਾਲੀਆਂ ਰਾਤਾਂ ਦਾ ਸੁਫਨਾ । ਡਰਦਾ ਹੈ ਉਜਾਲਿਆ ਕੋਲੋਂ । ਗਾਇਬ ਹੋ ਜਾਂਦਾ ਹੈ ਅਚਾਨਕ । ਨਹੀਂ ਆਉਂਦਾ ਮੁੜ ਕੇ ਅਤੇ ਫਿਰ ਆ ਜਾਂਦਾ ਹੈ ।

—ਕੀ ਵਜਿਆ ਹੋਊ ਇਸ ਵੇਲੇ ?

—ਕੀ ਪਤਾ !......ਖਾਣਾ ਖਤਮ ਕਰ ਦੇਂਦਾ ਹੈ ਨੱਥੂ ।......ਤੂੰ ਇੰਜ ਕਰ ਜੱਬਾਰ ! ਸੌਂ ਜਾ ਥੋੜ੍ਹਾ ਚਿਰ । ਰਾਤ ਭਰ ਜਗਾਉਣਗੇ ਇਹ ਸਾਲੇ......।

ਠੀਕ ਹੈ । ਉਥੇ ਹੀ ਲੇਟ ਜਾਂਦਾ ਹੈ । ਅੱਖਾਂ ਬੰਦ ਕਰਦਾ ਹੈ ਖੋਲ੍ਹਦਾ ਹੈ । ਫਿਰ ਬੰਦ ਕਰ ਲੈਂਦਾ ਹੈ । ਥਕਾਵਟ ਅਤੇ ਨੀਂਦ ਦੀ ਘੂਕੀ ।......ਇਕ ਭੀੜ ਤੁਰੀ ਜਾ ਰਹੀ ਹੈ । ਲਾਠੀਆਂ । ਡੰਡੇ । ਛੁਰੇ । ਚਾਕੂ ।......ਭਾਈ ਮੇਰੀ ਗੱਲ ਤਾਂ ਸੁਣੋ ।......ਨਹੀਂ । ਕੋਈ ਨਹੀਂ ਪੁਛੇਗਾ । ਮਾਰੀ ਜਾਣਗੇ ਸਭ । ਚੀਕੀ ਜਾਏਗਾ ਜੱਬਾਰ......ਮੈਂ ਹਸੀਨਾ ਨਾਲ ਨਿਕਾਹ ਕਰਾਂਗਾ । ਕਰਾਂਗਾ......। ਪਰ ਨਹੀਂ ਮੰਨਦੇ......ਨਹੀਂ ਰੁਕਦੇ ਲੋਕ, ਅਤੇ ਹੁਣ......ਮਾਰ ਰਹੇ ਹਨ ਅਮਜਦ ਨੂੰ ਵੀ ।...... ਖੋਲ੍ਹ ਦੇਂਦਾ ਹੈ ਅੱਖਾਂ । ਕੀ ਹੈ ਸਾਹਮਣੇ ? ਦਿੱਕਤ ਹੁੰਦੀ ਹੈ ਦੇਖਣ ਵਿਚ । ਇਕ ਟਿਮਟਿਮਾਉਂਦਾ ਹੋਇਆ ਬਲਬ......ਅਤੇ ਆਵਾਜ਼ਾਂ । ਤਾਸ਼ ਖੇਡ ਰਹੇ ਹਨ ਜਾਂ ਕਹਾਣੀਆਂ ਸੁਣਾ ਰਹੇ ਹਨ ਆਪਣੀਆਂ ਆਪਣੀਆਂ ।......ਨੱਥੂ ਬੈਠਾ ਹੈ ਕੋਲ ।

—ਕੀ ਹੋਇਆ ਈ ਓਏ ? ਸੁੱਤਾ ਨਹੀਂ ਤੂੰ ?

—ਸੁੱਤਾ ਸਾਂ ।......ਕੀ ਟੈਮ ਹੋਇਐ ?

—ਟੈਮ ਨੂੰ ਛੱਡ । ਮੈਂ ਇਕ ਗੱਲ ਦੱਸਾਂ ਤੈਨੂੰ ?

—ਕੀ ?......ਉਠ ਕੇ ਬੈਠ ਜਾਂਦਾ ਹੈ ।

ਕੁਝ ਦੇਰ ਸੋਚਦਾ ਹੈ ਨੱਥੂ ।......ਤੂੰ ਵੀ ਉਂਜ ਈ ਕਰ ਜਿਵੇਂ ਸਾਰੇ ਕਰਦੇ ਨੇ ।......ਮੈਂ ਵੀ ਇੰਜ ਕੀਤਾ ਸੀ ਇਕ ਵਾਰ......।

—ਕੀ ਕੀਤਾ ਸੀ ?

ਆਪਣਾ ਪਿਸ਼ਾਬ ਹੈ ਨਾ......ਆਪਣਾ ਪਿਸ਼ਾਬ......ਦੂਜੇ ਦਾ ਨਹੀਂ......ਭਲਾ ਕੀ ! ਉਸ ਵਿਚ ਚਾਰ-ਮੀਨਾਰ ਦਾ ਤਮਾਖੂ......ਨਹੀਂ ਤਾਂ ਬੀੜੀ ਦਾ ਤਮਾਖੂ......ਘੋਲ ਲੈ......ਅਤੇ ਪੀ ਜਾ ਸਾਰੇ ਦਾ ਸਾਰਾ । ਕਿੰਨਾਂ ਈ ਮਾਰੋ..... ਆਪ ਨੂੰ ਕੁਝ ਪਤਾ ਨਹੀਂ ਲਗਦਾ । ਸੱਚ ਕਹਿੰਦਾ ਆਂ ਮੈਂ । ਏਹ ਸਾਰੇ ਇੰਜੇ ਈ ਕਰਦੇ ਨੇ । ਕਿਉਂ ਭਲਾ ? ਏਹ ਸਾਲੇ ਬੁਹਤ ਬੁਰਾ ਕੁੱਟਦੇ ਨੇ...... ਏਸੇ ਲਈ । ਏਥੇ ਦੋ ਤਿੰਨ ਇਨਸਪੈਕਟਰ ਬੜੇ ਹਰਾਮੀ ਨੇ । ਜਾਨ ਕੱਢ ਲੈਂਦੇ ਨੇ......।

ਕੋਈ ਜਵਾਬ ਨਹੀਂ ਦੇਂਦਾ ਜੱਬਾਰ । ਨੱਥੂ ਖਾਮੋਸ਼ । ਫਿਰ ਅਚਾਨਕ ਬੋਲਣ ਲਗਦਾ ਹੈ । ......ਜਦੋਂ ਤੈਨੂੰ ਆਵਾਜ਼ ਮਾਰੇਗਾ ਹਵਾਲਦਾਰ......ਤਾਂ ਓਧਰ ਪਿੱਛੇ ਚਲਾ ਜਾਈਂ । ਡੱਬਾ ਪਿਆ ਏ ਉਥੇ ਇਕ । ਉਸ ਵਿਚ ਪਿਸ਼ਾਬ ਕਰ ਲਈਂ । ਮੈਂ ਬੀੜੀਆਂ ਦਿੰਦਾ ਆਂ ਤੈਨੂੰ ਦੋ ਚਾਰ । ਤੋੜ ਕੇ ਉਸ ਵਿਚ ਪਾ ਲਈਂ ਅਤੇ ਪੀ ਜਾਈਂ । ਜ਼ਰਾ ਤੰਗੀ ਨਹੀਂ ਹੋਊ ਤੈਨੂੰ......ਸੱਚ ਕਹਿੰਦਾ ਆਂ ।

ਦੇਰ ਤਕ ਚੁੱਪ ਚਾਪ ਬੈਠਾ ਰਹਿੰਦਾ ਹੈ ਜੱਬਾਰ। ਬੋਲਦਾ ਹੈ ਫਿਰ।......ਪਿਸ਼ਾਬ ਵਿਸ਼ਾਬ ਗਿਆ ਮਾਂ ਦੀ......। ਹੁਣ ਤਾਂ ਜੋ ਹੋਊ......ਦੇਖੀ ਜਾਏਗੀ। ਜਾਂ ਇਸ ਪਾਰ ਜਾਂ ਉਸ ਪਾਰ......।

ਊਂਘਦੇ ਹੋਏ ਲੋਕਾਂ ਵਿਚ ਕਰਾਹ ਰਿਹਾ ਹੈ ਸਾਹਮਣੇ ਕੋਈ। ਦੇਖਦਾ ਰਹਿੰਦਾ ਹੈ ਜੱਬਾਰ। ਇਕ ਜ਼ਖਮ ਪੈਰ 'ਤੇ। ਸੜ ਗਲ ਰਿਹਾ ਹੈ। ਵਗ ਰਿਹਾ ਹੈ। ਆਵਾਜ਼ ਦਿੰਦਾ ਹੈ ਨੱਥੂ......ਬਈ ਆਉਂਦਾ ਆਂ। ਰੋਜ਼ ਹੁੰਦੀ ਏ ਸਾਲੇ ਨੂੰ ਦਰਦ।

ਜ਼ਖਮ ਵਾਲਾ ਸਰਕ ਕੇ ਆ ਜਾਂਦਾ ਹੈ ਕੋਲ। ਵਗ ਰਿਹਾ ਹੈ ਹੇਠਾਂ ਤਕ......ਪੀਕ ਅਤੇ ਖ਼ੂਨ। ਕਰਾਹ......ਫਿਰ ਇਕ ਵਾਰ। ਨੱਥੂ ਦੇ ਹੱਥਾਂ ਵਿਚ ਪੁਰਾਣਾ ਕਪੜਾ। ਹੌਲੀ ਹੌਲੀ ਪੂੰਝਦਾ ਹੈ। ਰਹਿ ਰਹਿ ਕੇ ਕਰਾਹੁੰਦਾ ਹੈ......ਲੱਤ ਖਿੱਚਦਾ ਹੈ। ਚੀਕਦਾ ਹੈ ਨੱਥੂ...... ਸਾਲਾ! ਲੱਤ ਤਾਂ ਸਿੱਧੀ ਰੱਖ।......ਜੱਬਾਰ ਨੂੰ......ਏਹ ਵੀ ਚੋਰ ਏ ਤੇਰੇ ਮੇਰੇ ਵਾਂਗ। ਬਈ ਸ਼ਰਮਾਉਂਦਾ ਕਿਉਂ ਏਂ? ਚੋਰੀ ਕੀਤੀ ਏ......ਕੋਈ ਗੁਨਾਹ ਤਾਂ ਨਹੀਂ ਕੀਤਾ। ਸਾਲਾ ਚੋਰੀ ਕਰ ਕੇ ਦੌੜਿਆ ਤਾਂ ਡਿੱਗ ਗਿਆ ਤਾਰ ਉੱਪਰ......ਉਥੋਂ ਨਿਕਲਿਆ......ਤਾਂ ਡਿਗ ਪਿਆ ਡੱਬੇ ਉੱਪਰ। ਠੀਕ ਈ ਨਹੀਂ ਹੁੰਦਾ ਇਹਦਾ ਜ਼ਖਮ। ਮੈਂ ਇਹਨੂੰ ਸਾਫ਼ ਕਰਦਾਂ ਹਰ ਰੋਜ਼।

ਦੇਖੀ ਜਾਂਦਾ ਹੈ ਵਗਦੇ ਹੋਏ ਜ਼ਖਮ ਨੂੰ।

—ਜੱਬਾਰ!

ਹਾਂ!

—ਹੁਣ ਸੌਂ ਜਾ ਤੂੰ......ਥੋੜ੍ਹਾ ਚਿਰ ਹੋਰ।

ਫਿਰ ਲੇਟ ਜਾਂਦਾ ਹੈ। ਅੱਖਾਂ ਬੰਦ। ਅੱਧੀ ਨੀਂਦ......ਅੱਧੀ ਘੂਕੀ। ਫ਼ਿਰ ਤੁਰਦੇ ਫਿਰਦੇ ਲੋਕ। ਬੋਲਦੇ ਹਨ। ਆਵਾਜ਼ ਸੁਣਾਈ ਨਹੀਂ ਪੈਂਦੀ। ਥਾਵਾਂ ਬਦਲਦੀਆਂ ਜਾਂਦੀਆਂ ਹਨ। ਹੁਣ......ਕਿਨਾਰਾ ਹੈ ਕਾਲੇ ਪੱਥਰਾਂ ਦੇ ਸਮੁੰਦਰ ਦਾ। ਹੁਣ......ਝੌਂਪੜੀ ਹੈ ਹਸੀਨਾ ਦੀ। ਹੁਣ......ਇਕ ਹੋਰ ਝੌਂਪੜੀ......ਜਿਥੇ ਪਿਆ ਹੈ ਸ਼ਹਿਰੋਂ ਬਾਹਰ ਕੱਢੇ ਜਾਣ 'ਤੇ। ਹੁਣ...... ਕਿੱਥੇ ਆ ਗਿਆ......ਪਤਾ ਨਹੀਂ। ਹਨੇਰਾ...... ਸਿਰਫ਼ ਹਨੇਰਾ......।

ਕੋਈ ਪੁਕਾਰ ਰਿਹਾ ਹੈ ਖੋਲ੍ਹ ਦੇਂਦਾਂ ਹੈ ਅੱਖਾਂ।......ਕੌਣ? ਨੱਥੂ?...... ਕੀ ਗੱਲ ਈ?

ਉਹੀ ਟਿਮਟਿਮਾਉਂਦੀ ਹੋਈ ਬੱਤੀ। ਝੁਕਿਆ ਖੜਾ ਹੈ ਨੱਥੂ......ਨਿੰਮ੍ਹੇ ਚਾਨਣ ਵਿਚ। ਫੁਸਫੁਸਾ ਰਿਹਾ ਹੈ...—ਜੱਬਾਰ! ਆਵਾਜ਼ਾਂ ਮਾਰ ਰਿਹਾ ਹੈ ਹਵਾਲਦਾਰ......।

ਉਠ ਕੇ ਬੈਠ ਜਾਂਦਾ ਹੈ। ਆਵਾਜ਼ਾਂ......ਹੁਣ ਸਾਫ਼ ਸੁਣਾਈ ਦੇ ਰਹੀਆਂ ਹਨ। ਲੜ ਰਹੇ ਹਨ ਖੇਡਣ ਵਾਲੇ। ਚੀਕ ਰਿਹਾ ਹੈ ਹਵਾਲਦਾਰ......ਸੀਖਾਂ ਦੇ ਉਸ ਪਾਰ......ਜੱਬਾਰ!...... ਜੱਬਾਰ!

ਵੱਜ ਚੁੱਕੇ ਹਨ ਬਾਰਾਂ! ਗੁਜ਼ਰ ਗਈ ਅੱਧੀ ਰਾਤ। ਫੁਸਫੁਸਾਈ ਜਾ ਰਿਹਾ ਹੈ ਨੱਥੂ......

ਅੱਖਾਂ ਵਿਚ ਖੌਫ਼।......ਜੱਬਾਰ! ਤੂੰ ਕਹੇਂ ਤਾਂ ਮੈਂ ਹੁਣੇ ਈ ਲੈ ਆਉਂਦਾ ਆਂ। ਓਧਰ ਜਾ ਕੇ ਪੀ ਲਈਂ। ਕੁਝ ਤਾਂ ਪਤਾ ਲੱਗੂ ਤੈਨੂੰ......।

ਨੀਂਦ ਗਾਇਬ। ਡਰ ਦੀ ਇਕ ਝੁਣਝੁਣੀ। ਚਾਰੇ ਪਾਸੇ ਪਸਰੇ ਹਨ ਸੌਣ ਵਾਲੇ। ਉਠ ਕੇ ਖੜਾ ਹੋ ਜਾਂਦਾ ਹੈ।......ਏਹਦੀ ਮਾਂ ਦੀ......ਦੇਖੀ ਜਾਊ ਜੋ ਹੋਏਗਾ......।

ਉਠ ਕੇ ਖੜਾ ਹੋ ਜਾਂਦਾ ਹੈ ਨੱਥੂ ਵੀ।......ਦੇਖ! ਕਹਿਣਾ ਮੰਨ ਜਾ ਮੇਰਾ। ਏਹ ਸਾਲੇ ਵੀ ਤਾਂ ਟੱਟੀ ਪਿਸ਼ਾਬ ਮੂੰਹ ਵਿਚ ਤੁੰਨਦੇ ਈ ਨੇ। ਪਿਛੋਂ......।

ਨਹੀਂ ਯਾਰ। ਜਾਂ ਇਸ ਪਾਰ......ਜਾਂ ਉਸ ਪਾਰ। ਇਨ੍ਹਾਂ ਦੀ ਮਾਂ ਦੀ......।

ਆਵਾਜ਼ ਆ ਰਹੀ ਹੈ ਫਿਰ......ਜੱਬਾਰ! ਏ ਸਾਲਾ ਜੱਬਾਰ!

ਚਾਰੇ ਪਾਸੇ......ਕੁਝ ਨਹੀਂ। ਸੀਖਾਂ ਅਤੇ ਕੰਧਾਂ। ਸੁੱਤੇ ਹੋਏ ਲੋਕਾਂ ਉੱਪਰੋਂ ਲੰਘਦਾ ਹੋਇਆ ਵੱਧੀ ਜਾ ਰਿਹਾ ਹੈ ਜੱਬਾਰ। ਨਾਲ ਨਾਲ ਤੁਰੀ ਜਾ ਰਿਹਾ ਹੈ ਨੱਥੂ ਵੀ। ਉਹੀ ਖੌਫ਼ ਅੱਖਾਂ ਵਿਚ। ......ਤੈਨੂੰ ਸਮਝਾਉਂਦਾ ਹਾਂ......ਦੱਸ ਦੇਈਂ ਕਿੱਥੇ ਏ ਮਾਲ।......ਸੱਚੀਂ! ਏਹ ਸਾਲੇ ਬੜੇ ਜ਼ਾਲਮ ਨੇ। ਸਮੱਗਲਰਾਂ ਦਾ ਮਾਲ...।

ਗੱਲ ਪੂਰੀ ਨਹੀਂ ਹੁੰਦੀ। ਖੁਲ੍ਹ ਜਾਂਦਾ ਹੈ ਸੀਖਾਂ ਵਾਲਾ ਦਰਵਾਜ਼ਾ। ਬਾਹਰ ਖੜੇ ਹਨ ਹਵਾਲਦਾਰ।......ਦਰਵਾਜ਼ਾ ਬੰਦ। ਸੀਖਾਂ ਨੂੰ ਫੜੀ ਖੜਾ ਹੈ ਨੱਥੂ। ਨਹੀਂ ਹੱਟਦਾ। ਚੀਕਦਾ ਹੈ ਹਵਾਲਦਾਰ......ਏ ਸਾਲੇ! ਦਰਵਾਜ਼ੇ ਤੋਂ ਪੰਜ ਫੁਟ ਪਰੇ ਖੜਾ ਰਹਿ......।

ਕਿਧਰੇ ਗੂੰਜ ਰਹੀ ਹੈ ਇਕ ਆਵਾਜ਼......ਏਹਦੀ ਮਾਂ ਦੀ! ਇਸ ਪਾਰ......ਜਾਂ ਉਸ ......ਪਾਰ।

ਟਿਮਟਿਮਾਉਂਦੀਆਂ ਬੱਤੀਆਂ ਪਿੱਛੇ ਰਹੀ ਜਾਂਦੀਆਂ ਹਨ। ਟੁਕੜਿਆਂ ਵਿਚ ਵੰਡਿਆ ਹਨੇਰਾ ......ਆਉਂਦਾ ਹੈ ਅਤੇ ਲੰਘ ਜਾਂਦਾ ਹੈ। ਪੌੜੀਆਂ। ਦਾਲਾਨ। ਕਮਰੇ। ਦਰਵਾਜ਼ੇ। ਖਾਮੋਸ਼ੀ। ਲੰਘਦੀ ਹੋਈ ਅੱਧੀ ਰਾਤ। ਊਂਘ ਰਿਹਾ ਹੈ ਡਿਊਟੀ ਹਵਾਲਦਾਰ। ਤਸਵੀਰਾਂ......ਵੱਡੀ ਅਤੇ ਛੋਟੀ......ਬਾਪੂ ਅਤੇ ਚਾਚੇ ਦੀਆਂ......ਮੁਸਕਰਾਉਂਦੀਆਂ ਹਨ। ਕਤਾਰਾਂ ਰਾਈਫਲਾਂ ਅਤੇ ਸੰਗੀਨਾਂ ਦੀਆਂ......ਖੜੀਆਂ ਹਨ ਚੁੱਪ ਚਾਪ।

ਖਾਮੋਸ਼ ਨੰਗਾ ਕਮਰਾ। ਸਾਦੇ ਕਪੜਿਆਂ ਵਿਚ ਹਵਾਲਦਾਰ......ਇਨਸਪੈਕਟਰ। ਬਹੁਤ ਹਰਾਮੀ......ਜ਼ਾਲਮ।...... ਲਾਲ ਅੱਖਾਂ। ਦੇਖਦਾ ਹੈ ਉਪਰੋਂ ਹੇਠਾਂ ਤਕ। ਆ ਕੇ ਖੜਾ ਹੋ ਜਾਂਦਾ ਹੈ ਸਾਹਮਣੇ......ਇਕਦਮ।......ਕਿਉਂ ਓਏ ਮਾਂ ਦਿਆ ਖਸਮਾ!......ਏ! ਏਧਰ ਤੱਕ। ਮੇਰੇ ਵੱਲ......। ਹੱਥਾਂ ਨਾਲ ਫੜ ਕੇ ਜ਼ਬਰਦਸਤੀ ਉਠਾ ਦੇਂਦਾ ਹੈ ਮੂੰਹ।......ਬਹੁਤ ਬੱਕਦਾ ਸੀ ਨਾ ਉਦੋਂ। ਗਾਲ੍ਹਾਂ ਕੱਢਦਾ ਸੀ!......ਤਾੜ!......ਹੁਣ ਬੋਲ। ਬੋਲ ਹੁਣ। ......ਤਾੜ!......ਬੋਲ! ਕਿੱਥੇ ਰੱਖਿਆ ਈ ਮਾਲ?......ਤਾੜ! ਕਿੱਥੇ ਰੱਖਿਆ ਈ ਮਾਲ ਕਾਨਜੀ ਸੇਠ ਦਾ?......ਤਾੜ!......ਕਿੱਥੇ?......ਤਾੜ......ਬੋਲ।......ਤਾੜ!

ਚਿੰਗਾੜੀਆਂ ਦੌੜਦੀਆਂ ਜਾਂਦੀਆਂ ਹਨ ਸਾਰੇ ਸਰੀਰ ਵਿਚ। ਪਰ ਥੰਮ੍ਹਿਆ ਹੋਇਆ ਹੈ

ਹਵਾਲਦਾਰਾਂ ਨੇ......ਦੋਵੇਂ ਪਾਸਿਉਂ......ਘੁੱਟ ਕੇ। ਚੀਕ ਰਿਹਾ ਹੈ ਜੱਬਾਰ।......ਮਾਲ? ਕਿਹੜਾ ਮਾਲ?......ਮੈਨੂੰ ਨਹੀਂ ਪਤਾ......।

ਪਲ ਭਰ ਰੁਕਿਆ। ਫਿਰ ਟੁੱਟ ਪਿਆ ਭੁੱਖੇ ਬਘਿਆੜ ਵਾਂਗ।

ਨਹੀਂ ਪਤਾ?......ਨਹੀਂ ਪਤਾ!......ਬੋਲ! ਨਹੀਂ ਪਤਾ?

ਬੂਟਾਂ ਦੇ ਠੁੱਡ। ਮੁੱਕਿਆਂ ਦੀ ਭਰਮਾਰ। ਇਥੋਂ ਮਾਰਦਾ ਹੈ......ਉੱਥੇ ਡਿੱਗ ਪੈਂਦਾ ਹੈ। ਏਧਰੋਂ ਓਧਰ......ਓਧਰੋਂ ਏਧਰ। ਸਾਰੇ ਕਮਰੇ ਵਿਚ ਚੁੱਕ ਚੁੱਕ ਮਾਰਦਾ ਹੈ। ਫਿਰ...ਤਾੜ... ਤਾੜ...ਤਾੜ! ਹਸੀਨਾ...ਅਮਜਦ...ਸੁਫਨੇ...ਘੁੰਮਦੇ ਹਨ ਅੱਖਾਂ ਅੱਗੇ ਭੰਬੂ-ਤਾਰੇ ਬਣ ਕੇ...... ਏਧਰੋਂ ਓਧਰ......ਓਧਰੋਂ ਏਧਰ।

ਹੁਣ ਠਹਿਰ ਜਾਂਦਾ ਹੈ ਸਾਹਬ। ਠਹਿਰ ਜਾਂਦੇ ਹਨ ਹਵਾਲਦਾਰ। ਜ਼ਮੀਨ ਉੱਤੇ ਚੁਫਾਲ ਡਿੱਗ ਪਿਆ ਹੈ ਜੱਬਾਰ। ਜੀਉਂਦਾ ਹੈ ਜਾਂ ਮਰ ਗਿਆ?

—ਚੁੱਕ ਸਾਲੇ ਨੂੰ।

ਚੁੱਕ ਕੇ ਖੜਾ ਕਰਦੇ ਹਨ ਹਵਾਲਦਾਰ।

—ਬੋਲ! ਅਜੇ ਇਰਾਦਾ ਨਹੀਂ ਬੋਲਣ ਦਾ?

ਕਪੜੇ ਹੋ ਗਏ ਤਾਰ ਤਾਰ। ਗੋਡਿਆਂ......ਕੂਹਣੀਆਂ......ਬੁਲ੍ਹਾਂ ਉੱਪਰ ਖੂਨ ਦੇ ਨਿਸ਼ਾਨ। ਆਵਾਜ਼ ਨਹੀਂ ਨਿਕਲਦੀ ਮੂੰਹ 'ਚੋਂ। ਪਾਟੀਆਂ ਹੋਈਆਂ ਅੱਖਾਂ ਵਿਚ ਪਰ......ਘ੍ਰਿਣਾ ਦੀਆਂ ਚਿਣਗਾਂ......।

ਚੀਕਦਾ ਹੈ ਇਨਸਪੈਕਟਰ......ਕਿੱਥੇ ਰੱਖਿਆ ਈ ਕਾਨਜੀ ਸੇਠ ਦਾ ਮਾਲ? ਚੇਨ...... ਘੜਿਆਲ......ਕੈਸ਼! ਬੋਲ! ਕਿ ਹੋਰ ਮਾਂਜਾ ਚਾੜ੍ਹੀਏ?......ਨਹੀਂ ਬੋਲੇਂਗਾ?......ਨਹੀਂ ਦੱਸਣਾ?......ਦੇਖਦਾ ਆਂ ਮੈਂ......ਕਿੰਜ ਨਹੀਂ ਦੱਸੇਂਗਾ ਤੂੰ! ਬੋਲਣ ਨਾ ਲਾ ਦਿੱਤਾ ਤਾਂ ਮੇਰਾ ਨਾਂ ਵਟਾ ਦਈਂ......ਹਵਾਲਦਾਰੀ ਛੱਡ ਦੇਵਾਂਗਾ।

ਰਾਤ ਦਾ ਲੰਘੀ ਜਾਣਾ......ਖਤਮ ਨਾ ਹੋਣਾ ਹਨੇਰੇ ਦਾ। ਆਦਮੀ ਦਾ ਇਨਕਾਰ ਕਰੀ ਜਾਣਾ......ਡੁਬੀ ਜਾ ਰਿਹਾ ਹੈ ਦਰਦ ਦੀ ਦੁਨੀਆਂ ਵਿਚ।......ਸੁੱਟ ਦਿੱਤਾ ਫੇਰ ਜ਼ਮੀਨ ਉੱਤੇ। ਹਵਾਲਦਾਰ......ਮਾਰ ਰਹੇ ਹਨ ਬੈਂਤ......ਡੰਡੇ......ਤਲੀਆਂ ਉੱਪਰ। ਕੰਬ ਕੰਬ ਜਾਂਦਾ ਹੈ ਜਿਸਮ। ਬੰਦ ਬੁਲ੍ਹਾਂ ਵਿਚ......ਸਿਰਫ ਚੀਸਾਂ ਨਿਕਲਦੀਆਂ ਹਨ। ਮੁੜ੍ਹਕੇ ਦੀਆਂ ਧਾਰਾਂ ਵਿਚ ਭਿੱਜਦਾ ਹੋਇਆ ਸਰੀਰ। ਡੁਬਦੇ ਹੋਏ ਸਾਹ।

ਹੁਣ?

—ਨਹੀਂ ਬੋਲੇਂਗਾ ਮਾਂ ਦਿਆ ਯਾਰਾ? ਦੇਖਦਾ ਆਂ ਕਿੰਨਾ ਚਿਰ ਨਹੀਂ ਬੋਲਦਾ......। ਹਵਾਲਦਾਰ! ਖੜਾ ਕਰ ਏਹਨੂੰ। ਕਰ ਦੇ ਨੰਗਾ......।

ਖੜਾ ਕਰ ਦਿੱਤਾ ਗਿਆ ਹੈ ਬਦੋ ਬਦੀ ਚੁੱਕ ਕੇ। ਪਰ ਖੜਾ ਨਹੀਂ ਰਹਿ ਸਕਦਾ ਹੁਣ।

ਹਵਲਦਾਰ ਥੰਮ੍ਹੀ ਖੜੇ ਹਨ ਦੋਵਾਂ ਪਾਸਿਆਂ ਤੋਂ। ਧੂਹ ਕੇ ਲਾਹ ਦਿੱਤੀ ਪੈਂਟ......ਤਾਰ ਤਾਰ ਬੁਰਸ਼ਟ...—ਡਿੱਗ ਪਈ ਭੁੰਜੇ।

ਸਾਹਮਣੇ ਖੜਾ ਹੈ ਨੰਗਾ ਆਦਮੀ। ਜ਼ਖ਼ਮੀ ਕੂਹਣੀਆਂ......ਲਹੂ ਵਗਦੇ ਗੋਡੇ।

ਦੇਖ! ਅਜੇ ਵੀ ਸੋਚ ਲੈ ਤੂੰ। ਸਮਝਾਉਂਦੇ ਆਂ ਆਖਰੀ ਵਾਰ। ਮੇਰੇ ਅੱਗੇ ਨਹੀਓਂ ਚਲਣਾ ਤੇਰਾ ਪਾਖੰਡ।......ਦੱਸ ਦੇ ਕਿੱਥੇ ਏ ਮਾਲ। ਮੈਂ ਕੁਝ ਨਹੀਂ ਕਹਾਂਗਾ......ਛੱਡ ਦਿਆਂਗਾ ਤੈਨੂੰ......।

ਪਰ ਚੁੱਪ ਖੜਾ ਹੈ ਨੰਗਾ ਆਦਮੀ। ਨੰਗੇ ਸਰੀਰ ਉੱਪਰ ਵਾਲ...ਮੈਲ...ਪਸੀਨਾ... ਖੂਨ...ਮਿੱਟੀ।

ਫਿਰ ਉਹੀ ਆਵਾਜ਼।......ਤੂੰ ਆਪ ਇਕੱਲੇ ਨੇ ਨਹੀਂ ਕੀਤੀ ਚੋਰੀ ...ਪਤਾ ਏ ਮੈਨੂੰ। ਓਹ ਸਾਲਾ ਦੌਲਤ ਲੈ ਗਿਆ ਸੀ ਤੈਨੂੰ......ਏਹ ਵੀ ਪਤਾ ਏ ਮੈਨੂੰ। ਵੱਡੇ ਸਾਹਿਬ ਨੂੰ ਕਹਿ ਕੇ ਛੁਡਾ ਦਿਆਂਗਾ ਤੈਨੂੰ......ਪਰ ਤੂੰ ਮਾਲ ਦੱਸ ਦੇ ਕਿੱਥੇ ਈ......।

ਪਰ ਚੁੱਪ ਚਾਪ ਖੜਾ ਰਹਿੰਦਾ ਹੈ ਨੰਗਾ ਆਦਮੀ। ਸਿਰਫ ਹੌਂਕਣ ਦੀ ਆਵਾਜ਼।

ਹੁਣ ਗਰਜਦਾ ਹੈ ਅਫ਼ਸਰ......ਨਹੀਂ ਬੋਲੇਂਗਾ ਤੂੰ? ਤੇਰੇ ਅੰਦਰ ਧੱਕ ਦਿਆਂਗਾ ਲੋਹੇ ਦਾ ਡੰਡਾ......ਯਾਦ ਰੱਖੀਂ।

ਹੁਣ ਬੋਲ ਰਿਹਾ ਹੈ ਨੰਗਾ ਆਦਮੀ......ਹੌਲੀ ਹੌਲੀ......ਬੁਲ੍ਹਾਂ ਵਿਚ। ਆਵਾਜ਼ ਸੁਣਾਈ ਨਹੀਂ ਦੇਂਦੀ। ਨੇੜੇ ਪਹੁੰਚ ਜਾਂਦੇ ਹਨ ਹਵਾਲਦਾਰ......ਸਾਹਬ। ਕੰਨ ਲਾ ਕੇ ਸੁਣਨ ਦੀ ਕੋਸ਼ਿਸ਼ ਕਰਦੇ ਹਨ। ਬੋਲ ਰਿਹਾ ਹੈ ਹੌਲੀ ਹੌਲੀ......ਤੁਸੀਂ ਲੋਕ ਗਾਂਡੂ ਓ......ਮਾਂ......।

ਅੱਖਾਂ ਵਿਚ ਚਿੰਗਾੜੀਆਂ। ਗੱਰਜਦਾ ਹੈ......ਹਵਾਲਦਾਰ!

—ਸਾਬ੍ਹ!

ਇਕ ਇਸ਼ਾਰਾ। ਅਤੇ ਫਿਰ ਪੱਟਕਾ ਦਿੱਤਾ ਜ਼ਮੀਨ 'ਤੇ। ਹੱਥਾਂ ਅਤੇ ਬਾਹਾਂ ਨੂੰ ਫੜਿਆ ਹੈ ਘੁੱਟ ਕੇ। ਵਿਛਾ ਕੇ ਚੌੜੀਆਂ ਕਰ ਦਿੱਤੀਆਂ ਲੱਤਾਂ।

—ਬੋਲ......ਬੋਲਣਾ ਏ ਕਿ ਨਹੀਂ?

ਹੁਣ ਫਿਰ ਇਕ ਆਵਾਜ਼......ਮਾਂ......।

—ਹਵਾਲਦਾਰ। ਧੱਕ ਦੇ ਏਹਦੇ ਚਿੱਤੜਾਂ ਵਿਚ ਡੰਡਾ......।

ਝੁਕਦਾ ਹੈ ਹਵਾਲਦਾਰ। ਅਚਾਨਕ......ਜ਼ੋਰ ਨਾਲ ਕੰਬ ਜਾਂਦਾ ਹੈ ਨੰਗਾ ਸਰੀਰ। ਅਚਾਨਕ......ਜ਼ੋਰ ਨਾਲ ਨਿਕਲਦੀ ਹੈ ਚੀਕ......ਕੰਧਾਂ ਅਤੇ ਦਰਵਾਜ਼ਿਆਂ ਨੂੰ ਹਿਲਾਉਂਦੀ ਹੋਈ। ਕਾਲੀ ਰਾਤ ਦੇ ਸੰਨਾਟੇ ਵਿਚ ਸਾਰੇ ਦਾ ਸਾਰਾ ਸਰੀਰ ਨਹਾਈ ਜਾਂਦਾ ਹੈ ਮੁੜ੍ਹਕੇ ਨਾਲ। ਬਲਦ ਵਾਂਗ ਹੌਂਕੀ ਜਾਂਦਾ ਹੈ ਆਦਮੀ।

—ਬੋਲ।......ਬੋਲਦਾ ਏਂ ਕਿ ਨਹੀਂ ਹੁਣ ਵੀ?

ਹੁਣ ਕੋਈ ਜਵਾਬ ਨਹੀਂ । ਸਿਰਫ ਖਾਮੋਸ਼ੀ ।

—ਹਵਾਲਦਾਰ !

ਸਾਬ੍ਹ !

ਫਿਰ ਚੀਕ......ਕੰਧਾਂ ਅਤੇ ਦਰਵਾਜ਼ਿਆਂ ਦੇ ਆਰ ਪਾਰ । ਫਿਰ ਮੁੜ੍ਹਕਾ......ਹਜ਼ਾਰਾਂ ਮਸਾਮਾਂ ਵਿਚ ਵਗਦਾ ਹੋਇਆ ।

ਖਾਮੋਸ਼ੀ......ਅਤੇ ਚੀਕਾਂ । ਖਾਮੋਸ਼ੀ......ਅਤੇ ਚੀਕਾਂ । ਲੰਘੀ ਜਾਂਦੀ ਹੈ ਰਾਤ ਏਸੇ ਤਰ੍ਹਾਂ ।

6

ਸਵੇਰ । ਦੂਜੀ ਸਵੇਰ । ਤੀਜੀ ਸਵੇਰ । ਅਤੇ ਚੌਥੀ ਸਵੇਰ । ਹੋਰ ਵੀ ਹਨ ਪਿਛੇ । ਕਿੱਥੋਂ ਤਕ ਚਲੀਆਂ ਗਈਆਂ ਹਨ......ਪਤਾ ਨਹੀਂ । ਪਰ ਨਹੀਂ ਆਏ ਬੱਦਲ ਅੱਜੇ ਤਕ । ਤੇਜ਼ ਧੁੱਪ ਅਤੇ ਸਾਫ-ਸੁਥਰਾ ਅਸਮਾਨ । ਸੂਰਾਂ ਦੇ ਬੱਚੇ ਬਾਹਰ ਨਹੀਂ ਨਿਕਲਦੇ । ਪਏ ਰਹਿੰਦੇ ਹਨ ਨਾਲੀਆਂ ਦੇ ਚਿੱਕੜ ਵਿਚ । ਅਤੇ ਨਾਲੀਆਂ ਦਾ ਘਾਟਾ ਨਹੀਂ—ਹਰ ਜਗ੍ਹਾ ਵਿਛੀਆਂ ਪਈਆਂ ਹਨ । ਤੁਰੇ ਜਾ ਰਹੇ ਹਨ ਲੋਕ ਉਸ ਪਾਸੇ ਜਿੱਥੇ ਚਿੱਕੜ ਹੈ......ਜੋ ਸੁਕਦਾ ਨਹੀਂ......ਖਾਲੀ ਅਸਮਾਨ ਥੱਲੇ । ਬੱਦਲ ਆਉਣ ਨਾ ਆਉਣ......ਚਿੱਕੜ ਜਿਉਂ ਦਾ ਤਿਉਂ ਰਹੇਗਾ ।...... ਚਾਹ ਦੇ ਖਾਲੀ ਭਾਂਡੇ ਕੋਲੋਂ......ਲੰਘੀ ਜਾ ਰਹੇ ਹਨ ਖੰਭੇ......ਜੋ ਸ਼ਾਇਦ ਕਦੀ ਆਦਮੀ ਸਨ । ਬਹੁਤ ਦੂਰ......ਦੂਰ......ਜਹਾਜ਼ਾਂ ਵਾਂਗ......ਜੋ ਡੁਬਦੇ ਨਹੀਂ...ਫਿਰ ਵੀ ਡੁਬੀ ਜਾ ਰਹੇ ਹਨ......ਦੁਪਹਿਰ......ਸ਼ਾਮ ਅਤੇ ਰਾਤ ਤਕ ।

ਰਾਜੂ ! ਰਾਜੂ ! ਉਠ ਅਤੇ ਚਲਾ ਜਾ ਕੂੜੇ ਦੇ ਢੇਰ ਉਪਰ......ਜਿੱਥੇ ਪਹੁੰਚ ਗਏ ਹਨ ਦੂਜੇ ਮੁੰਡੇ । ਦੇਖ ਰਹੇ ਹਨ ਰਾਹ ਲਿਜ਼ਲਿਜ਼ੀ ਜੂਠ ਦਾ ।......ਜਾਂ ਪੁਲ ਦੀਆਂ ਪੌੜੀਆਂ ਥੱਲੇ ਘੱਸੇ ਹੋਏ ਪੱਤਿਆਂ ਦਾ ਜੂਆ......ਵਕਤ ਦੇ ਨਾਲ ਨਾਲ......ਜ਼ਿੰਦਗੀ ਨੂੰ ਕੱਟੀ ਜਾ ਰਿਹਾ ਹੈ ।......ਰਾਜੂ !......ਜਾ ! ਲੈ ਕੇ ਆ ਕੁਝ......ਖਾਣ ਲਈ ।

ਕਿੱਥੇ ਚਲਾ ਗਿਆ ਰਾਜੂ ? ਦਿਖਾਈ ਨਹੀਂ ਦੇਂਦਾ । ਜਾਂ ਦਿਖਾਈ ਦੇਂਦਾ ਹੈ...... ਦੌੜਦੀਆਂ ਰੇਲ ਗੱਡੀਆਂ ਵਿਚ । ਵਾਰ-ਵਾਰ ਅੱਡਦਾ ਹੈ ਹੱਥ......ਗਿੜਗਿੜਾਉਂਦਾ...... ਭਿੱਖ ਮੰਗਦਾ......ਫਿਰ ਦੌੜਦਾ ਹੋਇਆ । ਪਰ ਫਿਰ ਰੁਕਦਾ ਹੋਇਆ......ਘੁੰਮ ਕੇ ਤੁਰਦਾ ਹੋਇਆ । ਹੱਥਾਂ ਵਿਚ ਕੰਘੇ ਕੰਘੀਆਂ......ਮਿੱਠੀਆਂ ਗੋਲੀਆਂ......ਪਾਲਸ਼......ਡੱਬੀਆਂ...... ਦਿਨ......ਦੁਪਹਿਰ......ਸ਼ਾਮ ।......ਨਹੀਂ ! ਚਲਾ ਗਿਆ......ਬਹੁਤ ਦੂਰ । ਇਕ

ਸਟੇਸ਼ਨ 'ਤੇ......ਜਿਥੇ ਕੋਈ ਨਹੀਂ ਜਾਣਦਾ......ਜਿੱਥੇ ਹੈ ਢੇਰ ਸਾਰਾ ਖਾਣਾ...... ਪੈਸਾ......।

ਰਾਤ......ਜਿੱਥੇ ਰੇਲ ਗੱਡੀਆਂ......ਨਹੀਂ । ਸਿਰਫ ਮੋਟਰਾਂ ਹਨ......ਦੌੜਦੀਆਂ ਜਾਂਦੀਆਂ ਹਨ ਖਾਲ੍ਹੀ ਪਾਈਪਾਂ ਕੋਲੋਂ। ਦੇਖਦੀ ਰਹਿੰਦੀ ਹੈ ਮਰੀਅਮ......ਕਾਲੇ ਚੀਥੜਿਆਂ ਵਿਚ ਲਪੇਟੇ ਹੋਏ ਰਾਜੂ ਨੂੰ......ਇਕ ਟੱਕ। ਕੀ ਕਰੇ ? ਕਿੱਥੇ ਜਾਏ ? ਸ਼ੂਕਦੀਆਂ ਮੋਟਰਾਂ ਨੇੜੇ ?......ਛਾਲਾ......ਬਦਮਾਸ਼ ! ਆ ਗਿਆ ਮਰਨ ਵਾਸਤੇ । ਇੰਜ ਚਲਾਂਦਾ ਏ ਹੱਥ ਪੈਰ......ਜਿਵੇਂ ਉਠ ਬੈਠੇਗਾ ਹੁਣੇ ਹੀ।......ਪਰ ਕੋਈ ਰਸਤਾ ਨਹੀਂ ਹੁਣ। ਨਿਕਲਣਾ ਪਏਗਾ ਬਾਹਰ। ਫਿਰ ਉਸੇ ਦੁਨੀਆਂ ਵਿਚ।......ਅਤੇ ਨਿਕਲ ਆਈ ਹੈ ਬਾਹਰ......ਜਿਥੇ ਬਹੁਤ ਵੱਡੀ ਭੀੜ ਅਤੇ ਤੇਜ਼ ਧੁੱਪ। ਇਕੱਠੇ ਕਰਦੀ ਹੈ ਫਟੇ ਪੁਰਾਣੇ ਟੁਕੜੇ......ਟਾਟ। ਬੰਨ੍ਹ ਦੇਂਦੀ ਹੈ ਪਾਈਪ ਦੇ ਦੋਵਾਂ ਮੂੰਹਾਂ ਉਪਰ। ਹੁਣ......ਬੰਦ ਹੈ ਪਾਈਪ। ਅੰਦਰ......ਪਿਆ ਹੈ ਕਾਲਾ ਆਦਮੀ। ਬਾਹਰ......ਦੌੜਦੀ ਹੋਈ ਦੁਨੀਆਂ ਵੱਲ ਝਾਕ ਰਹੀ ਹੈ ਮਰੀਅਮ। ਕੰਬ ਕੰਬ ਜਾਂਦੇ ਹਨ ਪੈਰ। ਡਿੱਗ ਪਏਗੀ ਲੜਖੜਾਉਂਦੀ ਹੋਈ । ਪਰ......ਡਿੱਗਣ ਤੋਂ ਪਹਿਲਾਂ ਸ਼ੁਰੂ ਕਰ ਦੇਵੇਗੀ ਤੁਰਨਾ। ਪਿੱਛੇ ਛੱਡ ਜਾਏਗੀ ਬੰਦ ਪਾਈਪ ਵਿਚ ਲੇਟੀ ਹੋਈ ਦੁਨੀਆਂ ਨੂੰ......।

ਫਿਰ ਰਾਤ......ਟਿਮਟਿਮਾਉਂਦੇ ਚਰਾਗਾਂ ਕੋਲ......ਸ਼ਰਾਬ ਦੇ ਦੌਰ। ਜਹਾਜ਼ਾਂ ਦੀਆਂ ਬਲਦੀਆਂ ਮਸ਼ਾਲਾਂ ਦੌੜਦੇ ਹੋਏ ਮਜ਼ਦੂਰ। ਕਬਾਬ ਅਤੇ ਪਕੌੜਿਆਂ ਦੀ ਹਵਾੜ......ਸ਼ਰਾਬੀਆਂ ਦੀ ਭੀੜ। ਉਹੀ ਗਾਲ੍ਹਾਂ...... ਅਜਨਬੀ ਦੇ ਨਾਂ। ਤ...ਤ ਤੇਰੀ ਭੈਣ ਦੀ.. ...! ਕ.. ਕ ਕੀ ਸਮਝਨੈਂ ਆਪਣੇ ਆਪ ਨੂੰ ? ਮ...ਮ ਮੇਰੇ ਘੰਟੇ ਨੂੰ...... ? ਨ੍ਹ ਨ੍ਹ ਨਈਂ ਮਿਲਦਾ...... ਨ ..ਨ ਨਾ ਮਿਲ .....।

ਕਿਥੇ ਗਈਆਂ ਰੰਡੀਆਂ ? ਕਿਥੇ ਚਲੀਆਂ ਗਈਆਂ ਪਾਰਬਤੀ .....ਨੈਨਾ......ਸਲਮਾ ? ਹਨੇਰੀਆਂ ਗਲੀਆਂ ਵਿਚ ਘੁੰਮਦੇ ਹੋਏ ਹਵਾਲਦਾਰ......ਬਚਾ ਜਾਂਦੇ ਹਨ ਸ਼ਰਾਬੀਆਂ ਨੂੰ...... ਘੜੇ ਵਾਲਿਆਂ ਨੂੰ। ਸਫੇਦ ਰੌਸ਼ਨੀ ਦੀ ਦੁਨੀਆਂ ਵਿਚ ਹੁਣ ਕੋਈ ਖਤਰਾ ਨਹੀਂ। ਨਹੀਂ ਆਏ ਖੱਦਲ ਅਜੇ ਤਕ। ਖਾਲ੍ਹੀ ਅਸਮਾਨ ਵੱਲ ਤੱਕਦਾ ਹੈ ਠੇਕੇਦਾਰ। ਚੀਕੀ ਜਾਂਦਾ ਹੈ......ਜਲਦੀ ! ਹੋਰ ਜਲਦੀ ! ਇਹ ਦੇ ਪਹਿਲਾ ਕਿ ਆ ਜਾਣ ਬੱਦਲ......ਪੈ ਜਾਏ ਚਿੱਕੜ......ਚਾਰੋਂ ਪਾਸੇ .... ਅੱਗੋਂ ਬੱਦਲਾਂ ਦ ਆਉਣ ਤਕ ਖਿੱਚੇ ਜਾਣ ਜਹਾਜ਼ਾਂ ਦੇ ਪਾਲ। ਖਤਮ ਹੋ ਜਾਏ ਵਕਤ ਦਾ ਕੰਮ।

ਫਿਰ ਸਵੇਰ। ਨਹੀਂ ਆਇਆ ਪੱਪਟ। ਕੁਝ ਨਹੀਂ ਖਾਣ ਲਈ । ਕਿੱਥੇ ਟਲਾ ਗਿਆ ਰਾਜੂ ?......ਨਹੀਂ। ਹੁਣ ਕੋਈ ਡਰ ਨਹੀਂ। ਜਿਥੋਂ ਤੁਰੇ ਸਨ......ਮੁੜ ਆਏ ਉਥੇ ਹੀ। ਸਾਥੀਆਂ ਝੌਂਪੜੀਆਂ ਵਿਚ ਘੁੰਮਦੀ ਹੈ ਮੈਨਾ। ਸਭ ਨਾਲ ਕਰਦੀ ਹੈ ਗੱਲਾਂ। ਇਕ ਹੀ ਗੱਲ...... ਸਾਲਾ ਪੱਪਟ ! ਨਿਕੰਮਾ ਨਿਕਲੇ। ਮਰੇ ਉੱਥੇ ਜਿੱਥੇ ਪਾਣੀ ਨਾ ਮਿਲੇ। ਸੁਫਨਾ ਆਉਂਦੇ ਸਾਲੇ ਨੂੰ

ਬਾਰ। ਚਾਂਸ ਮੰਗਦੈ। ਆਖਰੀ ਵਾਰ ਏਹਦੀ ਮਾਂ ਦੀ......ਜ਼ਿੰਦਗੀ ਤਬਾਹ ਕਰ ਦਿੱਤੀ ਏ ਮੇਰੀ......।

ਛੱਡ ਦਿੱਲਤਾ ਗਿਆ ਬਸ਼ੀਰਨ ਨੂੰ। ਬਾਕੀ ਨਹੀਂ ਛੱਡਿਆ ਕਿਸੇ ਨੂੰ। ਢਲਦੀ ਹੋਈ ਉਮਰ। ਪਹੁੰਚ ਗਈ ਬਸਤੀ ਵਿਚ ਕਿਸੇ ਤਰ੍ਹਾਂ। ਜਿਥੇ ਕੋਈ ਨਹੀਂ ਦਿਖਾਈ ਦੇਂਦਾ ਹੁਣ......ਮੈਨਾ ਦੇ ਸਿਵਾ। ਅਤੇ ਬੋਲਣ ਲਗਦੀ ਹੈ ਮੈਨਾ......ਕੀ ਹਾਲ ਏ ਬਸ਼ੀਰਨ ਬਾਈ। ਛੱਡ ਦਿਤਾ ਤੈਨੂੰ ! ਦੂਜੀਆਂ ਕਿੱਥੇ ਨੇ ?

ਪੁਰਾਣੀ ਲੜਾਈ ਖਤਮ। ਬੋਲ ਰਹੀ ਹੈ ਮੈਨਾ। ਕੋਲ ਆ ਜਾਂਦੀ ਹੈ ਬਸ਼ੀਰਨ......ਹੂੰ ! ਛੱਡ ਦਿੱਤਾ ਨੇ ਮੈਨੂੰ। ਬਾਕੀ ਸਾਰੀਆਂ ਨੂੰ ਨਹੀਂ ਛੱਡਿਆ। ਭੇਜ ਦਿੱਤਾ ਹੋਮ ਵਿਚ।......ਕੀ ਹਾਲ ਏ ਏਧਰ ਦਾ ? ਬਾਈ ਕੋਈ ਵੀ ਦਿਸਦੀ ਨਹੀਂ ਏਥੇ......!

ਹੱਸਦੀ ਹੈ ਮੈਨਾ।... ...ਲੈ ਗਏ ਸਭ ਨੂੰ ਫੜ ਕੇ। ਦੋ ਤਿੰਨ ਬਚ ਗਈਆਂ ਸਨ......ਨੱਸ ਗਈਆਂ ਇੱਥੋਂ।......ਆ ਨਾ ਬਸ਼ੀਰਨ ਬਾਈ। ਹੁਣ ਤਾਂ ਏਥੇ ਅਸੀਂ ਦੋਨੋਂ ਈ ਆਂ......ਬਾਕੀ ਸਭ ਚਲੇ ਗਏ।......ਓਹ ਪੱਪਟ ਏ ਨਾ......ਹਰਾਮੀ......ਜਿਉਂ ਗਿਆ ਏਧਰੋਂ ਮੁੜਿਆ ਈ ਨਹੀਂ। ਚਾਰ ਦਿਨ ਹੋ ਗਏ ਨੇ। ਸਾਲਾ ਮਾਂ......।

ਹੁਣ ਵੀ ਕੂੜੇ ਦੇ ਢੇਰ ਉਪਰ ਘੁੰਮ ਕੇ ਢੂੰਡ ਰਿਹਾ ਹੈ ਪਾਗਲ ਆਦਮੀ......ਕੁਛ ਵੀ ਤਾਂ ਨਹੀਂ ਮਿਲਦਾ। ਤੇਜ਼ ਧੁੱਪ ਵਿਚ ਹੌਲੀ ਹੌਲੀ ਰੀਂਗ ਰਹੀ ਰੇਜ਼ੀ......ਪੁਲ ਵੱਲ......ਜਿਥੇ ਬੈਠੀ ਹੋਈ ਕੋਹੜੀਆਂ ਦੀ ਭੀੜ ਮੰਗ ਰਹੀ ਹੈ ਭਿੱਖ .....ਚੀਕ ਰਹੀ ਹੈ ਲਗਾਤਾਰ। ਰੀਂਗਦੀ ਜਾ ਰਹੀ ਹੈ ਪਾਈਪਾਂ ਕੋਲੋਂ। ਪਾਈਪ ਦੇ ਹਨੇਰੇ ਵਿਚ......ਇਕੱਲਾ ਪਿਆ ਹੋਇਆ ਨੰਗਾ ਆਦਮੀ...... ਰੋ ਰਿਹਾ ਹੈ ਭੁੱਖ ਨਾਲ। ਆਵਾਜ਼ ਗੁੰਮ ਹੋ ਗਈ ਹੈ ਦੌੜਦੀਆਂ ਹੋਈਆਂ ਮੋਟਰਾਂ ਦੀ ਆਵਾਜ਼ ਵਿਚ। ਰੋਂਦਾ ਹੈ .....ਰੋਈ ਜਾਂਦਾ ਹੈ ਕੋਈ ਨਹੀਂ ਆਉਂਦਾ। ਅਤੇ ਰੋਈ ਜਾਂਦਾ ਹੈ। ਥੱਕ ਕੇ ਸੌਂ ਜਾਂਦਾ ਹੈ। ਜਾਗ ਕੇ ਫਿਰ ਰੋਣ ਲਗਦਾ ਹੈ। ਨੰਨ੍ਹੇ ਹੱਥ ਪੈਰ ਹਿਲਦੇ ਹਨ......ਥੱਕ ਕੇ ਡਿਗ ਪੈਂਦੇ ਹਨ। ਭੁੱਖ ਜਗਾ ਦੇਂਦੀ ਹੈ......ਥਕਾਵਟ ਸੁਆ ਦੇਂਦੀ ਹੈ । ਜਾਗ ਕੇ ਰੋਣਾ......ਥੱਕ ਕੇ ਸੌਂ ਜਾਣਾ। ਫਿਰ ਰੋਣਾ......ਸੌਂ ਜਾਣਾ। ਆਉਂਦਾ ਨਹੀਂ ਕੋਈ। ਸਿਰਫ ਲੰਘੀ ਜਾ ਰਿਹਾ ਹੈ ਸ਼ਹਿਰ ਕੋਲੋਂ ਕੋਲੋਂ।

ਫਿਰ ਰਾਤ। ਨਹੀਂ ਆਇਆ ਪੱਪਟ। ਕੁੱਤਿਆਂ ਦੇ ਝੁੰਡ ਲੜਦੇ ਹਨ......ਭੌਂਕਦੇ ਹਨ। ਪੱਥਰ ਮਾਰ ਕੇ ਅਲੱਗ ਕਰ ਦਿਤੇ ਜਾਂਦੇ ਹਨ। ਫਿਰ ਭਿੜ ਪੈਂਦੇ ਹਨ।

ਕਸਤੱਈਆ ਦੇ ਕੋਲ ਖੜੀ ਹੈ ਮੈਨਾ ।......ਇਕ ਨੌਟਾਕ......ਬੱਸ। ਦੇ ਦੇ ਨਾ ! ਸਭ ਚੁੱਕਾ ਦਿਆਂਗੀ ਤੇਰਾ। ਇਕ ਪੈਸਾ ਵੀ ਨਹੀਂ ਰਖਾਂਗੀ......।

ਫਿਰ ਗਾਲ੍ਹਾਂ......ਅਜਨਬੀ ਦੇ ਨਾਂ।

ਸਰਕਦੀ ਜਾਂਦੀ ਹੈ ਰਾਤ। ਲਗ ਗਈ ਹੈ ਹਵਾਲਦਾਰਾਂ ਦੀ ਡਿਊਟੀ। ਘੁੰਮ ਰਹੇ ਹਨ ਚਾਰ ਚੁਫੇਰੇ । ਪਾਈਪਾਂ ਦੇ ਹਨੇਰੇ ਵਿਚ ਦੱਬਕੀਆਂ ਪਈਆਂ ਹਨ ਮੈਨਾ ਅਤੇ ਬਸ਼ੀਰਨ । ਕੀ

ਕਰਨ ? ਕੁਝ ਪਤਾ ਨਹੀਂ । ਹੌਲੀ ਹੌਲੀ ਤੁਰੀ ਆ ਰਹੀ ਹੈ ਮਰੀਅਮ । ਚਲ ਨਹੀਂ ਹੁੰਦਾ ਕਮਜ਼ੋਰ ਲੱਤਾਂ ਨਾਲ ।

—ਕੀ ਕਰੀਏ ਹੁਣ ?......ਪੁੱਛ ਰਹੀ ਹੈ ਬਸ਼ੀਰਨ ।

—ਮੈਨੂੰ ਤਾਂ ਖੁਦ ਸਮਝ ਨਹੀਂ ਪੈਂਦਾ । ਆਪਾਂ ਜੇ ਓਸ ਪਾਸੇ ਵਲੋਂ ਨਿਕਲੀਆਂ......ਤਾਂ ਜ਼ਰੂਰ ਫੜ ਲੈਣਾ ਏ ਇਨ੍ਹਾਂ ਹਵਾਲਦਾਰਾਂ ਨੇ ।

—ਪਰ ਏਥੇ ਇੰਜ ਬੈਠਿਆਂ ਵੀ ਕਿੰਜ ਕੰਮ ਚਲੇਗਾ ?

ਆ ਕੇ ਬੈਠ ਜਾਂਦੀ ਹੈ ਮਰੀਅਮ ਨੇੜੇ ।......ਸੁਣਾ ਮੈਨਾ ?......ਤੇਰਾ ਕੀ ਹਾਲ ਏ ਬਸ਼ੀਰਨ ਬਾਈ ! ਕੀ ਕਰ ਰਹੀਆਂ ਓ ਤੁਸੀਂ ? ਇਨ੍ਹਾਂ ਹਵਾਲਦਾਰਾਂ ਨੇ ਤਾਂ ਹੱਟਣਾ ਈ ਨਹੀਂ ਏਥੋਂ ।

ਏਹੀ ਤਾਂ ਅਸੀਂ ਸੋਚ ਰਹੀਆਂ ਆਂ । ਹੁਣੇ ਈ ਖਤਮ ਹੋ ਜਾਣੀ ਏ ਮਜ਼ਦੂਰਾਂ ਦੀ ਦਿਹਾੜੀ । ਚਲੇ ਗਏ ਤਾਂ ਫਿਰ ਅਸੀਂ ਈ ਰਹਿ ਜਾਵਾਂਗੀਆਂ ਇਕੱਲੀਆਂ......।

ਸਾਹਮਣੇ......ਸਾਗਰ ਦੇ ਤੱਟ ਉਪਰ ਖਾਲੀ ਹੋ ਰਹੇ ਹਨ ਜਹਾਜ਼......ਬੱਦਲਾਂ ਦੇ ਆਉਣ ਤੋਂ ਪਹਿਲਾਂ ਪਹਿਲਾਂ ।

—ਮੈਂ ਦੱਸਾਂ ?......ਕੁਛ ਸੁਝ ਗਿਆ ਹੈ ਮਰੀਅਮ ਨੂੰ ।......ਏਹ ਜਿਹੜੇ ਪਾਈਪ ਹੈ ਨਾ......ਓਸ ਪਾਸੇ ਤਕ ਵਿਛੇ ਹੋਏ ਨੇ । ਆਪਾਂ ਇਨ੍ਹਾਂ ਦੇ ਅੰਦਰੋਂ ਅੰਦਰ ਈ ਨਿਕਲ ਜਾਵਾਂਗੇ ਓਧਰ......।

ਪਸੰਦ ਆ ਗਿਆ ਹੈ ਮੈਨਾ ਨੂੰ । ਪਰ ਸ਼ੱਕ ਹੈ ਬਸ਼ੀਰਨ ਨੂੰ ।.....ਉਸ ਪਾਈਪ ਅੰਦਰ ਤਾਂ ਆਦਮੀ ਰਹਿੰਦੇ ਨੇ ਨਾ......।

ਜਿਥੇ ਆਦਮੀ ਹੋਣਗੇ......ਉਥੋਂ ਆਪਾਂ ਬਾਹਰ ਹੋ ਚਲਾਂਗੀਆਂ । ਇਨੇ 'ਚ ਤਾਂ ਨਹੀਂ ਦੇਖ ਸਕਣਗੇ ਹਵਾਲਦਾਰ......।

ਹੁਣ ਠੀਕ ਹੈ । ਲੁਕ ਕੇ ਨਿਕਲੀਆਂ ਜਾ ਰਹੀਆਂ ਤਿੰਨੋਂ ਪਾਈਪਾਂ ਦੇ ਅਦਰੋਂ ਅੰਦਰ...... ਹਨੇਰੇ ਅਤੇ ਉਜਾਲਿਆਂ ਵਿਚਕਾਰ । ਤੁਰਿਆ ਨਹੀਂ ਜਾਂਦਾ ਮਰੀਅਮ ਕੋਲੋਂ । ਘਸੀਟਦੀ ਤੁਰੀ ਜਾ ਰਹੀ ਹੈ ਜਿਵੇਂ ਕਿਵੇਂ ।

ਵਿਹਲੇ ਹੋ ਗਏ ਜਹਾਜ਼ ਵਾਲੇ ਮਜ਼ਦੂਰ । ਹੁਣ ਹਨੇਰੇ ਵਿਚ ਖੜੀਆਂ ਹਨ ਤਿੰਨੇ । ਕਰ ਰਹੀਆਂ ਹਨ ਇਸ਼ਾਰੇ ਥਾਵਾਂ ਬਦਲ ਬਦਲ ਕੇ । ਦੇਖਦੇ ਹਨ ਮਜ਼ਦੂਰ......ਰੇੜ੍ਹੀਆਂ ਵੱਲ ਵੱਧਦੇ ਹੋਏ ।

ਹਨੇਰੇ ਪਾਈਪ ਵਿਚ......ਜਾਗ ਕੇ ਰੋ ਰਿਹਾ ਹੈ ਬੱਚਾ । ਰੋਈ ਹੀ ਜਾ ਰਿਹਾ ਹੈ...... ਲੰਘਦੀ ਹੋਈ ਰਾਤ ਦੇ ਨਾਲ ਨਾਲ ।

ਲੰਘਦੀ ਜਾਂਦੀ ਰਾਤ ਦੇ ਨਾਲ ਦਾਰੂ ਪੀ ਪੀ ਕੇ ਵਾਪਸ ਮੁੜ ਰਹੇ ਹਨ ਕੁਲੀ । ਹਨੇਰੇ ਕੋਨਿਆਂ ਵਿਚ ਬਣਾ ਰਹੇ ਹਨ ਭਾਅ । ਲੰਘਦੀ ਹੋਈ ਰਾਤ ਦੇ ਨਾਲ ਨਾਲ......ਪਏ ਜਾਂਦੇ

ਹਨ ਝੌਂਪੜੀਆਂ ਵਿਚ......ਪਾਈਪਾਂ ਵਿਚ......ਕਾਲੇ ਪੱਥਰਾਂ 'ਤੇ ।

ਲੰਘਦੀ ਹੋਈ ਰਾਤ......ਰੋਂਦੇ ਰੋਂਦੇ ਥੱਕ ਕੇ ਸੌਂ ਜਾਂਦਾ ਹੈ ਕਾਲਾ ਬੱਚਾ । ਗੁਜ਼ਰ ਗਈ ਰਾਤ......। ਨਹੀਂ ਆਈ ਨੀਂਦ ।......ਹੈ ਕੋਈ ਝੌਂਪੜੀ ਵਿਚ ? ਇਕੱਲੀ ਮੈਨਾ । ਕੋਈ ਨਹੀਂ । ਬੋਲ ਰਹੀ ਆਪਣੇ ਆਪ ਨਾਲ ।......ਕਦੋਂ ਆਏਗੀ ਰਾਤ ? ਕਦੋਂ ਹੋਏਗਾ ਸੁਫਨਾ ਪੂਰਾ......ਸੋਨੇ ਦਾ !......ਪੋਪਟ ! ਏ ਪੋਪਟ ! ਤੈਨੂੰ ਸੁਫਨਾ ਆਉਂਦੈ......ਮੈਨੂੰ ਵੀ ਆਉਂਦੈ । ਹੁਣ ਤਾ ਮੇਰਾ ਸੁਫਨਾ......ਇਕੋ ਈ ਸੁਫਨਾ । ਖੂਬ ਸੌਵਾਂ......ਸ਼ਾਮੀਂ ਈ ਸੌਂ ਜਾਵਾਂ...... ਰਾਤ ਭਰ ਸੌਵਾਂ । ਦੂਸਰੀ ਰਾਤ......ਫਿਰ ਸੌਵਾਂ ਰਾਤ ਭਰ । ਹੋਰ ਕੁਝ ਨਹੀਂ ਚਾਹੀਦਾ ਹੁਣ ਮੈਨੂੰ । ਰਾਜੂ ! ਪੋਪਟ......।

ਹੌਲੀ ਹੌਲੀ ਲਗ ਜਾਂਦੀ ਹੈ ਅੱਖ......।

ਫਿਰ ਸਵੇਰ । ਲੰਘਦਾ ਹੋਇਆ ਹਜੂਮ । ਘਸੀਟਦੀ ਹੋਈ ਰੋਜ਼ੀ । ਭਿੱਖ ਮੰਗਦੇ ਕੋਹੜੇ । ਪੋਪਟ ਨਹੀਂ ਆਇਆ । ਬੱਦਲ ਨਹੀਂ ਆਏ । ਚੜ੍ਹ ਰਹੀ ਹੈ ਧੁੱਪ ਖਾਲੀ ਝੌਂਪੜੀ ਵਿਚ...... ਇਕੱਲੀ ਪਈ ਮੈਨਾ । ਕੋਈ ਆਵਾਜ਼ ਨਹੀਂ । ਕੋਈ ਆਇਆ ਨਹੀਂ ।

ਅਚਾਨਕ......ਬਾਹਰ ਆਉਣ ਲਗਦੀਆਂ ਹਨ ਆਵਾਜ਼ਾਂ । ਵੱਧਦੀਆਂ ਜਾਂਦੀਆਂ ਹਨ । ਆ ਕੇ ਰੁਕ ਜਾਂਦੀਆਂ ਹਨ......ਝੌਂਪੜੀਆਂ ਦੇ ਸਾਹਮਣੇ । ਸੁਣਨ ਦੀ ਕੋਸ਼ਿਸ਼ ਕਰਦੀ ਹੈ । ਇਕ ਘੁਸਰ-ਮੁਸਰ । ਨਹੀਂ ਆਉਂਦੀ ਸਮਝ ਵਿਚ । ਫਿਰ ਕੋਈ ਆਵਾਜ਼ ਮਾਰਦਾ ਹੈ...... ਸਾਫ......ਸਪਸ਼ਟ ।......ਮੈਨਾ ! ਓ ਮੈਨਾ ! ਮੈਨਾ !

—ਕੌਣ ?......ਉਠਦੀ ਹੈ । ਨਿਕਲ ਆਉਂਦੀ ਹੈ ਝੌਂਪੜੀ 'ਚੋਂ ਬਾਹਰ ।

ਝੌਂਪੜੀ ਦੇ ਬਾਹਰ...... ਖੜੀ ਹੈ ਭੀੜ । ਸਾਰੀ ਦੁਨੀਆਂ । ਆਵਾਰਾ ਮੁੰਡੇ । ਗੰਨਿਆਂ । ਮਾਟੀਯਾ । ਅੰਨਾ । ਤਾਸ਼ ਵਾਲੇ । ਬੀੜੀ ਵਾਲੇ । ਜੂਠ ਖਾਣ ਵਾਲੇ । ਬਸ਼ੀਰਨ । ਮਲਬਾਰੀ । ਭਈਏ । ਹੀਜੜੇ ।

—ਕੀ ਏ ?......ਪੁੱਛਦੀ ਹੈ......ਹੈਰਾਨ ਡਰੀ ਹੋਈ ।

ਚੁੱਪ ਹੈ ਭੀੜ ।

—ਕੀ ਹੋਇਐ ? ਕਿਉਂ ਜੁੜੇ ਹੋਏ ਓ ਇੰਜ ?

ਬਸ਼ੀਰਨ ਕੋਲੋਂ ਪੁੱਛਦੀ ਹੈ । ਚੁੱਪ ਹੈ ਬਸ਼ੀਰਨ ।

ਸਾਹਮਣੇ ਆ ਗਿਆ ਹੈ ਹੀਜੜਾ.. ...ਇਮਲਾ ।.. ...ਡੂੰਢੀਓਂ ਏ ਨਾ ਮੈਨਾ ?

ਆਹੋ !

—ਓ ਪੋਪਟ......ਤੇਰਾ ਆਦਮੀ ਏ ?

—ਹਾਂ !

ਸੰਨਾਟਾ ਚਾਰੇ ਪਾਸੇ ।

ਇਕ ਵਾਰ ਦੇਖਦਾ ਹੈ ਚਾਰ ਚੁਫੇਰੇ......ਫਿਰ ਕਹਿ ਦੇਂਦਾ ਹੈ ਹੀਜੜਾ । ਉਹ ਕੱਟਿਆ

ਗਿਆ ਏ ਗੱਡੀ ਥੱਲੇ।......ਓਧਰ ਪਿਆ ਏ ਟੇਸ਼ਨ 'ਤੇ......।

ਉਨੀਂਦੀਆਂ ਅੱਖਾਂ। ਸਮਝ ਵਿਚ ਨਹੀਂ ਆਉਂਦਾ ਕੁਝ।......ਕੌਣ ਕੱਟਿਆਂ ਗਿਆ?

—ਪੱਪਟ।

—ਪੱਪਟ?

—ਹਾਂ......ਪੱਪਟ।

—ਪੱਪਟ ਕੱਟਿਆ ਗਿਆ ਲੋਕਲ ਥੱਲੇ?

ਹੁਣ......ਬਹੁਤ ਸਾਰੀਆਂ ਆਵਾਜ਼ਾਂ ਆ ਰਹੀਆਂ ਹਨ ਇਕੱਠੀਆਂ। ਟੁੱਟ ਗਈ ਖਾਮੋਸ਼ੀ।

—ਆਹੋ......ਪੱਪਟ।

—ਉਹੀ......ਪੱਪਟ......।

—ਪੱਪਟ ਕੱਟਿਆ ਗਿਆ ਲੋਕਲ ਥੱਲੇ।

—ਓਦਰ ਪਿਆ ਹੈ ਟੇਸ਼ਨ 'ਤੇ।

ਹੁਣ ਸਭ ਬੋਲ ਰਹੇ ਹਨ। ਕੌਣ ਬੋਲ ਰਿਹਾ ਹੈ? ਕਿਹਦੇ ਨਾਲ ਬੋਲ ਰਿਹਾ ਹੈ?

—ਹੈ ਨਾ! ਕਿੰਨਾ ਟੈਮ......ਟੇਸ਼ਨ 'ਤੇ ਈ ਪਿਆ ਰਿਹਾ ਸੀ। ਚੰਗਾ ਹੋ ਗਿਆ ਕਿ ਮੈਂ ਨਿਕਲੀ ਉਧਰੋਂ ਅਤੇ ਪਛਾਣ ਲਿਆ ਉਹਨੂੰ......।

ਮੈਂ ਤਾਂ ਪਹਿਲਾਂ ਈ ਪਛਾਣ ਲਿਆ ਸੀ ਓਹਨੂੰ......ਕਿ ਏਹ ਪੱਪਟ ਈ ਏ......ਦੂਜਾ ਹੋਰ ਕੋਈ ਨਹੀਂ......!

ਸ਼ਕਲ ਤੋਂ ਤਾਂ ਮੈਂ ਵੀ ਪਛਾਣਦੀ ਸਾਂ......ਪਰ ਏਹ ਨਹੀਂ ਸੀ ਪਤਾ ਕਿ ਕੌਣ ਥੱਲੇ ਆਇਐ......!

—ਸ਼ਕਲ ਵੀ ਤਾਂ ਕਿੰਜ ਹੋ ਗਈ ਸੀ!......ਸਭ ਖੂਨ ਈ! ਖੂਨ......!

ਉਹ ਮਾਸਟਰ ਕੀ ਕਹਿੰਦਾ ਸੀ! ਚਲਦੀ ਗੱਡੀ ਵਿਚੋਂ ਕੁਦ ਪਿਆ ਸੀ......ਉਧਰੋਂ ਦੂਜੇ ਪਾਸਿਉਂ ਆ ਗਈ ਲੋਕਲ।

—ਕਦੋਂ ਹੋਇਆ ਏਹ? ਸਵੇਰ ਵੇਲੇ?

—ਆਹੋ! ਇਹੀ ਕੋਈ ਨੌਂ ਦਸ ਵਜੇ ਦੇ ਕਰੀਬ। ਇਨ੍ਹਾਂ ਹੀਜੜਿਆਂ ਨੇ ਦੇਖਿਆ ਸੀ ਪਹਿਲਾਂ। ਨਹੀਂ ਤਾਂ ਪਤਾ ਈ ਨਹੀਂ ਸੀ ਲਗਣਾ।

ਆ ਗਿਆ ਬੱਦਲ ਦਾ ਇਕ ਟੁਕੜਾ......ਛਾ ਗਿਆ ਸੂਰਜ ਉਪਰ।

ਮੂੰਹ ਵਿਚੋਂ ਨਿਕਲਦੀ ਨਹੀਂ ਆਵਾਜ਼। ਅਚਾਨਕ ਆ ਗਿਆ ਢੇਰ ਸਾਰਾ ਮੁੜ੍ਹਕਾ। ਹੁਣ ਕੁਝ ਸੁਣਾਈ ਨਹੀਂ ਦੇਂਦਾ......ਦਿਖਾਈ ਨਹੀਂ ਦੇਂਦਾ। ਹਨੇਰਾ......ਹੀ ਹਨੇਰਾ।...... ਡਿੱਗਣ ਲਗਦੀ ਹੈ। ਦੌੜ ਕੇ ਥੰਮ੍ਹਦੀ ਹੈ ਬਸ਼ੀਰਨ।......ਸਿਰਫ ਬਸ਼ੀਰਨ ਦਿਖਾਈ ਦੇ ਰਹੀ ਹੈ ਹੁਣ। ਆ ਗਈ ਨੇੜੇ......ਅਤੇ ਥੰਮ੍ਹੀ ਖੜੀ ਹੈ।......ਪੱਪਟ......ਕੱਟਿਆ ਗਿਆ......

ਮਰ ਗਿਆ......।

ਬਾਰ ਬਾਰ ਕਹਿ ਰਹੀ ਹੈ ਬਸ਼ੀਰਨ। ਕੁਝ ਕੁਝ ਆ ਰਿਹਾ ਹੈ ਸਮਝ ਵਿਚ।......ਟੇਸ਼ਨ 'ਤੇ ਚਲ। ਨਹੀਂ ਤਾਂ ਉਹ ਲੋਕ ਓਧਰੋਂ ਭੇਜ ਦੇਣਗੇ ਲਾਸ਼ ਨੂੰ। ਬਹੁਤ ਮੁਸ਼ਕਿਲ ਹੋ ਜਾਏਗੀ ਫਿਰ। ਜਲਦੀ ਕਰ......।

ਅਤੇ ਅਚਾਨਕ......ਚੋਂਕ ਕੇ ਹੋਸ਼ ਵਿਚ ਆ ਜਾਂਦੀ ਹੈ ਮੈਨਾ।......ਕਿੱਥੇ ਏ?...... ਟੇਸ਼ਨ 'ਤੇ?

—ਆਹੋ!

ਅਤੇ ਅਚਾਨਕ ਤੁਰਨਾ ਸ਼ੁਰੂ ਕਰ ਦੇਂਦੀ ਹੈ। ਹੁਣ......ਤੁਰ ਨਹੀਂ ਰਹੀ......ਦੌੜ ਰਹੀ ਹੈ। ਸਾੜ੍ਹੀ ਏਧਰੋਂ ਓਧਰ। ਵਾਲ ਖੁਲ੍ਹੇ ਹੋਏ......ਹਵਾ ਵਿਚ ਉਡਦੇ ਹੋਏ। ਹੋਸ਼ ਨਹੀਂ। ਲਗਾਤਾਰ ਵਗੀ ਜਾ ਰਹੇ ਹਨ ਅੱਥਰੂ। ਪੂੰਝਣ ਦਾ ਵੀ ਵਕਤ ਨਹੀਂ। ਸਿਰਫ ਦੌੜੀ ਜਾਂਦੀ ਹੈ। ਪਿਛੇ ਪਿਛੇ ਭੱਜ ਰਿਹਾ ਹੈ ਝੁੰਡ......ਮੁੰਡੇ......ਚਾਹ ਵਾਲਾ......ਦੁੱਧ ਵਾਲਾ...... ਬਸ਼ੀਰਨ......।

ਝੌਂਪੜੀਆਂ ਵਿਚੋਂ ਨਿਕਲ ਨਿਕਲ ਕੇ ਪੁੱਛ ਰਹੀਆਂ ਹਨ ਔਰਤਾਂ......ਕੀ ਹੋਇਐ? ਕੌਣ ਹੈ ਏ?

ਚੀਕਦੇ ਹਨ ਦੌੜਦੇ ਹੋਏ ਮੁੰਡੇ......ਉਹਦਾ ਆਦਮੀ ਥੱਲੇ ਆ ਗਿਆ ਏ ਓਧਰ......।

ਪਟੜੀਆਂ ਉਪਰ ਏਧਰੋਂ ਓਧਰ।......ਏ ਸੰਭਲ ਕੇ! ਲੋਕਲ ਆ ਰਹੀ ਏ ਓਧਰੋਂ......।

ਕਦੋਂ ਆ ਗਈ ਬਸ਼ੀਰਨ......ਕਦੋਂ ਪਰੇ ਕਰ ਲਿਆ! ਕਦੋਂ ਆਈ ਲੋਕਲ......ਲੰਘ ਗਈ! ਕਦੋਂ ਦੌੜਨਾ ਸ਼ੁਰੂ ਕਰ ਦਿੱਤਾ ਫਿਰ ਦੁਬਾਰਾ। ਕਿੰਨੀ ਦੂਰ!......ਹੱਫ ਰਹੀ ਹੈ। ਦੌੜਦੀ ਜਾ ਰਹੀ ਹੈ......ਦੌੜਦੀ ਜਾ ਰਹੀ ਹੈ। ਚੀਕ ਰਹੀ ਹੈ ਬਸ਼ੀਰਨ ਪਿਛੇ ਪਿਛੇ......ਠੈਰ ਤਾਂ! ਠੈਰ ਤਾਂ ਜ਼ਰਾ!......ਹੌਲੀ ਚਲ।

ਪਰ ਨਹੀਂ ਸੁਣਦੀ ਮੈਨਾ। ਨਹੀਂ ਠਹਿਰਦੀ।......ਕਿੱਥੇ ਗਿਆ ਪੱਪਟ! ਮਰ ਗਿਆ! ਕਿੰਜ ਮਰ ਗਿਆ! ਨਹੀਂ......!

ਦੌੜਦੀ ਜਾਂਦੀ ਹੈ! ਲੋਕ......ਰੁਕ ਰੁਕ......ਘੁੰਮ ਘੁੰਮ......ਦੇਖ ਰਹੇ ਹਨ ਰੰਡੀ ਦਾ ਦੌੜਨਾ।

ਆ ਗਿਆ ਸਟੇਸ਼ਨ। ਬੇਸੁੱਧ......ਬਦਹਵਾਸ......ਚੜ੍ਹ ਗਈ ਪਲੇਟਫਾਰਮ ਉਤੇ। ਪਰ ਆਵਾਜ਼ਾਂ ਦੀ ਦੁਨੀਆਂ ਵਿਚ......ਨਹੀਂ ਲਗਦਾ ਕਿ ਕੋਈ ਮਰ ਗਿਆ ਹੋਵੇਗਾ। ਸੀਟੀਆਂ! ਸੀਟੀਆਂ ਵਿਚਕਾਰ ਭੱਜਦੀ ਹੋਈ ਭੀੜ। ਦੌੜਦੀਆਂ ਹੋਈਆਂ ਗੱਡੀਆਂ। ਕਿਥੇ......ਕੌਣ ਮਰਿਐ? ਕੋਈ ਨਹੀਂ। ਕਿਧਰ? ਕਿਸ ਪਾਸੇ? ਕਿੱਥੇ ਏ ਪੱਪਟ? ਵਗਦੇ ਅੱਥਰੂ...... ਬਦਹਵਾਸੀ। ਕੁਝ ਸੁਝਦਾ ਨਹੀਂ। ਕਿਸ ਨੂੰ ਪੁੱਛੇ? ਕੌਣ ਦੱਸੇਗਾ?......ਆ ਗਈ ਬਸ਼ੀਰਨ।

ਆ ਗਏ ਹੀਜੜੇ। ਆ ਗਿਆ ਮਲਬਾਰੀ......ਭਈਆ......।]

ਓਧਰ......ਓਸ ਪਾਸੇ......! ਚੀਕਦਾ ਹੈ ਹੀਜੜਾ।

ਪੂਰਾ ਕਾਫ਼ਲਾ ਪਹੁੰਚ ਜਾਂਦਾ ਹੈ ਦੂਜੇ ਪਾਸੇ......ਦਫਤਰ ਦੇ ਸਾਹਮਣੇ। ਸਭ ਤੋਂ ਅੱਗੇ ......ਹੱਫਦੀ ਹੋਈ ਔਰਤ। ਕਪੜੇ......ਵਾਲ......ਸਭ ਖਿੱਲਰੇ।......ਕਿੱਥੇ ਏ? ਏਥੇ ਤਾਂ ਕੋਈ ਨਹੀਂ......!

ਪੜ ਖੂਨ ਲਿਬੜਿਆ ਹੋਇਆ ਜ਼ਮੀਨ 'ਤੇ।......ਅੰਦਰੋਂ ਨਿਕਲ ਆਇਆ ਹੈ ਨੀਲੀ ਕਮੀਜ਼ ਵਾਲਾ। ਦੇਖ ਰਿਹਾ ਹੈ ਸਾਹਮਣੇ ਭੀੜ ਨੂੰ......ਇਕ ਬਦਹਵਾਸ ਔਰਤ ਨੂੰ। ਗੁੱਸੇ ਹੋ ਰਿਹਾ ਹੈ।......ਸਵੇਰ ਦੇ ਕਿੱਥੇ ਸੀ ਤੁਸੀਂ ਲੋਕ? ਸੁੱਤੇ ਹੋਏ? ਹੁਣੇ ਲੈ ਗਏ ਨੇ ਉਹਨੂੰ ...... ਓਧਰ......ਹਸਪਤਾਲ......ਮੁਰਦਾ ਘਰ ਵਿਚ......।

ਫਿਰ ਵੱਜ ਰਹੀਆਂ ਹਨ ਸੀਟੀਆਂ......ਏਧਰ......ਓਧਰ। ਫਿਰ ਭੱਜ ਨੱਠ। ਫਿਰ ਦੌੜ। ਫਿਰ ਆਵਾਜ਼ਾਂ......ਲਾਊਡ ਸਪੀਕਰ। ਏਧਰ ਘੱਟ......ਉਧਰ ਜ਼ਿਆਦਾ। ਉਧਰ ਘੱਟ...... ਏਧਰ ਜ਼ਿਆਦਾ......।

—ਲੈ ਗਏ ਓਹਨੂੰ?......ਬਸ਼ੀਰਨ ਦੀ ਆਵਾਜ਼।......ਹੁਣ ਉਧਰ ਜਾਣਾ ਪਵੇਗਾ ਉਹਨੂੰ ਲੈਣ?

ਲਾਸ਼ ਉਧਰੋਂ ਈ ਮਿਲੇਗੀ। ਏਧਰੋਂ ਨਹੀਂ ਮਿਲਣੀ......।

ਉਥੇ ਜ਼ਮੀਨ ਉਪਰ ਹੀ ਬੈਠ ਜਾਂਦੀ ਹੈ ਮੈਨਾ। ਚੀਕ ਰਹੀ ਹੈ......ਕਿਧਰ ਏ......ਕਿਧਰ ਏ ਰਾਜੂ? ਰਾਜੂ ਨੂੰ ਬੁਲਾਉ......ਹਾਏ! ਵੇ ਮੈਂ ਕੀ ਕਰਾਂ ਹੁਣ......ਕਿਧਰ ਜਾਵਾਂ......?

ਵਗੀ ਜਾ ਰਹੇ ਹਨ ਅੱਥਰੂ। ਸਮਝਾ ਰਹੀ ਹੈ ਬਸ਼ੀਰਨ......ਸਬਰ ਕਰ। ਸਬਰ ਤੋਂ ਕੰਮ ਲੈ। ਜੋ ਹੋਣਾ ਈ......ਸੋ ਹੋ ਗਿਆ ਏ......।

ਪਿੱਠ ਉਪਰ ਹੱਥ ਫੇਰਦੀ ਹੈ। ਹਟਕੋਰੇ ਭਰੀ ਜਾ ਰਹੀ ਹੈ ਮੈਨਾ। ਨਹੀਂ ਰੁਕਦੀਆਂ ਸਿਸਕੀਆਂ। ਰੁਕਣ ਲਗਦੀਆਂ ਹਨ......ਫਿਰ ਤੇਜ਼ ਹੋ ਜਾਂਦੀਆਂ ਹਨ......ਜ਼ੋਰ ਜ਼ੋਰ ਨਾਲ। ......ਕਿਧਰ ਗਿਆ?......ਛੱਡ ਗਿਆ ਮੈਨੂੰ।......ਧੋਖਾ ਦੇ ਗਿਆ ਫਿਰ।......ਕਿੱਥੇ ਜਾਵਾਂ ਵੇ......ਕੀ ਕਰਾਂ......ਹਾਏ ਵੇ!

ਘੇਰ ਕੇ ਖੜੀ ਹੈ ਭੀੜ। ਦੇਖ ਰਹੀ ਹੈ ਰੰਡੀ ਦਾ ਰੋਣਾ। ਇਕ ਹੀ ਆਵਾਜ਼......ਬਰ ਬਾਰ।......ਕਿੱਥੇ ਗਿਆ ਰਾਜੂ?......ਰਾਜੂ ਆਇਆ?......ਰਾਜੂ! ਬੁਲਾਓ ਉਹਨੂੰ......!

ਫਿਰ ਸਿਸਕੀਆਂ। ਅੱਖਾਂ ਸਾਹਮਣੇ ਝਿਲਮਿਲਾਉਂਦੀ ਦੁਨੀਆਂ। ਫਿਰ ਸੀਟੀਆਂ! ਸੀਟੀਆਂ! ਦੌੜਦੀਆਂ ਰੇਲ ਗੱਡੀਆਂ......।

ਬਹੁਤ ਦੇਰ ਹੋ ਗਈ। ਚਲੀ ਗਈ ਭੀੜ। ਚਲੇ ਗਏ ਮੁੰਡੇ......ਹੀਜੜੇ......ਮਲਬਾਰੀ ......ਭਈਆ। ਰਹਿ ਗਈ ਸਿਰਫ਼ ਬਸ਼ੀਰਨ। ਰੁਕ ਗਏ ਅੱਥਰੂ ਮੈਨਾ ਦੇ। ਨੱਕ ਸਾਫ ਕਰਦੀ

ਹੈ। ਅੱਖਾਂ ਪੂੰਝ ਲੈਂਦੀ ਹੈ। ਦੇਖਦੀ ਹੈ ਚਾਰ ਚੁਫੇਰੇ। ਨਵੇਂ ਸਿਰਿਉਂ ਪਛਾਣਨ ਦੀ ਕੋਸ਼ਿਸ਼ ਕਰਦੀ ਹੈ ਦੁਨੀਆਂ ਨੂੰ। ਸਮਝਾਈ ਜਾਂਦੀ ਹੈ ਬਸ਼ੀਰਨ।......ਕੀ ਕਰੀਏ ਬਾਬਾ! ਮੌਤ 'ਤੇ ਕੀਹਦਾ ਵੱਸ ਚਲਦੈ......!

ਜਿਵੇਂ ਪਾਗਲ ਹੋ ਗਈ ਹੋਵੇ ਮੈਨਾ।......ਬਸ਼ੀਰਨ ਬਾਈ! ਪਰ ਉਹ ਮਰ ਗਿਆ? ......ਇੰਜ ਕਿਵੇਂ ਮਰ ਗਿਆ?......ਇਕ ਦਮ। ਪਤਾ ਈ ਨਹੀਂ ਲਗਾ ਮੈਨੂੰ।......ਹੁਣ ......ਹੁਣ ਕੀ ਬਣੇਗਾ ਮੇਰਾ?......ਫਿਰ ਫਿੱਸ ਪੈਂਦੀ ਹੈ।

ਹਉਕਾ ਭਰਦੀ ਹੈ ਬਸ਼ੀਰਨ।......ਏਹੀ ਦਸਤੂਰ ਏ ਦੁਨੀਆ ਦਾ। ਕਿਸਦਾ ਜ਼ੋਰ ਚਲਦੈ ਮੌਤ 'ਤੇ......।

ਦੋ ਕੁਲੀ। ਨੀਲੀਆਂ ਅਤੇ ਲਾਲ ਕਮੀਜ਼ਾਂ। ਦੱਸ ਰਹੇ ਹਨ......ਕਿਵੇਂ ਮਰਿਆ ਪੋਪਟ। ......ਕੁਝ ਸਾਮਾਨ ਸੀ ਉਹਦੇ ਕੋਲ। ਚੋਰੀ ਦਾ। ਪਹਿਲਾਂ ਸਾਮਾਨ ਸੁੱਟਿਆ......ਫਿਰ ਆਪ ਕੁੱਦਿਆ......ਚਲਦੀ ਗੱਡੀ 'ਚੋਂ। ਉਧਰੋਂ ਆ ਗਈ ਦੂਜੀ ਗੱਡੀ ਲੋਕਲ।......ਏਥਰ ਚੁੱਕ ਕੇ ਜਦ ਲਿਆਂਦਾ ਸੀ......ਤਾਂ ਜਾਨ ਸੀ ਉਹਦੇ 'ਚ। ਪਾਣੀ ਮੰਗਦਾ ਸੀ ਬਾਰ ਬਾਰ। ਕਿਸੇ ਨਾ ਦਿੱਤਾ। ਕੌਣ ਦੇਂਦਾ? ਮਰ ਗਿਆ ਤਾਂ ਉਹਦੇ 'ਤੇ ਇਲਜ਼ਾਮ ਆਏਗਾ।......ਅੱਧਾ ਘੰਟਾ ਪਿਆ ਰਿਹਾ ਇਥੇ। ਪਿਛੋਂ ਮਰ ਗਿਆ। ਕੋਈ ਪਛਾਣਦਾ ਨਹੀਂ ਸੀ ਉਹਨੂੰ ਏਥੇ। ਪਿਛੋਂ ਹੀਜੜਿਆਂ ਦੇਖਿਆ ਤਾਂ......!

ਅੱਥਰੂ......ਤੇਜ਼ੀ ਨਾਲ......ਫਿਰ ਵੱਗੀ ਜਾ ਰਹੇ ਹਨ। ਸੰਭਾਲਦੀ ਹੈ......ਪਰ ਨਹੀਂ ਸੰਭਾਲ ਸਕਦੀ ਆਪਣੇ ਆਪ ਨੂੰ। ਅੰਦਰੋਂ ਉਠ ਉਠ ਹੋਲ ਪੈਂਦਾ ਹੈ। ਬਸ਼ੀਰਨ ਬਾਈ!...... ਬਸ਼ੀਰਨ ਬਾਈ......! ਨਹੀਂ......ਮੈਥੋਂ ਨਹੀਂ ਸੰਭਾਲਿਆ ਜਾਂਦਾ ਆਪਣੇ ਆਪ ਨੂੰ।...... ਬਸ਼ੀਰਨ ਬਾਈ!......ਏਹ ਪੋਪਟ!......ਪਾਣੀ ਵੀ ਨਹੀਂ ਮਿਲਿਆ ਨਿਖੱਤੇ ਨੂੰ।......ਹਾਏ ਵੇ! ਮੇਰਾ ਕਲੇਜਾ ਪਾਟਦੈ ਬਸ਼ੀਰਨ ਬਾਈ......।

ਫਿਰ ਉਹੀ......ਸਿਸਕੀਆਂ......ਗਲੇਡੂ। ਨਹੀਂ ਰੁਕਣਗੇ। ਫਿਰ ਸਮਝਾ ਰਹੀ ਹੈ ਬਸ਼ੀਰਨ।......ਨਹੀਂ......ਨਹੀਂ! ਰੋਣ ਦਾ ਟੈਮ ਨਹੀਂ ਏਹ! ਏਹ ਸੋਚ ਕਿ ਹੁਣ ਕੀ ਕਰੀਏ।......ਕਿਉਂ ਭਰਾਵਾਂ! ਹੁਣ ਕਿਵੇਂ ਕਰੀਏ?

ਦੇਖੀ ਜਾਂਦਾ ਹੈ ਨੀਲੀ ਕਮੀਜ਼ ਵਾਲਾ ਕੁਲੀ। ਲਾਲ ਕਮੀਜ਼ ਵਾਲਾ ਵੀ। ਮੈਨਾ......ਹੋ ਜਾਂਦੀ ਹੈ ਚੁੱਪ......ਜ਼ਬਰਦਸਤੀ। ਅੱਖਾਂ ਪੂੰਝ ਲੈਂਦੀ ਹੈ ਰਗੜ ਰਗੜ ਕੇ। ਨਹੀਂ ਰੋਏਗੀ ਹੁਣ। ......ਪੋਪਟ! ਏਹ ਤੂੰ ਕੀ ਕੀਤਾ......!

ਫਿਰ ਟੁੱਟ ਜਾਂਦਾ ਹੈ ਬੰਨ੍ਹ। ਵਹਿ ਪੈਂਦੀਆਂ ਹਨ......ਅੱਥਰੂਆਂ ਦੀਆਂ ਧਾਰਾਂ। ਨਹੀਂ ਸੰਭਲਿਆ ਜਾਂਦਾ......ਨਹੀਂ ਸੰਭਲਿਆ ਜਾਂਦਾ।......ਸੀਟੀਆਂ ਉਤੇ ਸੀਟੀਆਂ। ਗਡੀਆਂ ਹੀ ਗੱਡੀਆਂ......ਆਦਮੀ 'ਤੇ ਆਦਮੀ।

ਸਮਝਾ ਰਿਹਾ ਹੈ ਲਾਲ ਕਮੀਜ਼ ਵਾਲਾ।......ਓਧਰ ਏ ਹਸਪਤਾਲ......ਉਧਰੇ ਈ

ਜਾਣਾ ਪਏਗਾ। ਲਾਵਾਰਸ ਮੁਰਦਿਆਂ ਨੂੰ ਉਧਰ ਈ ਭੇਜ ਦੇਂਦੇ ਨੇ।......ਪਰ ਤੁਸੀਂ ਲਿਆਉਗੀਆਂ ਕਿਵੇਂ ?

ਚੁੱਪ ਹਨ ਦੋਵੇਂ । ਦੇਖ ਰਹੀਆਂ ਹਨ ਕੁਲੀ ਵੱਲ।......ਲਿਆਉਗੀਆਂ ਕਿਵੇਂ ! ਦੱਸੋ ਵੀ !

ਬੋਲ ਰਿਹਾ ਹੈ ਲਾਲ ਕਮੀਜ਼ ਵਾਲਾ।......ਪੰਜਾਹ ਰੁਪਏ ਭਰਣੇ ਪੈਣਗੇ......ਤਦ ਉਹ ਦੇਣਗੇ ਲਾਸ਼ ਨੂੰ......। ਇਹ ਕਾਨੂੰਨ ਹੈ......।

—ਪੰਜਾਹ ਰੁਪਏ !......ਦੇਖਦੀ ਰਹਿ ਜਾਂਦੀ ਹੈ ਬਸ਼ੀਰਨ।

ਪਰ ਬੋਲ ਰਿਹਾ ਹੈ ਨੀਲੀ ਕਮੀਜ਼ ਵਾਲਾ !......ਨਹੀਂ—ਨਹੀਂ । ਏਹ ਕਾਨੂਨ ਤਾਂ ਪਹਿਲਾਂ ਸੀ ਪਰ ਹੁਣ ਇਹ ਬਦਲ ਗਿਆ ਏ......।

—ਨਹੀਂ !......ਗੱਲ ਕੱਟ ਰਿਹਾ ਹੈ ਲਾਲ ਕਮੀਜ਼ ਵਾਲਾ।......ਮੈਨੂੰ ਤਾਂ ਪਤਾ ਏ। ਇਹੀ ਕਾਇਦਾ ਏ। ਰੇਲਵੇ ਨੂੰ ਪੰਜਾਹ ਰੁਪਏ ਦਈਏ......ਤਾਂ ਲਾਸ਼ ਨੂੰ ਦੇਣਗੇ ਉਹ ਲੋਕ। ਕਿਉਂ ! ਏਸ ਲਈ ਕਿ ਰੇਲਵੇ ਦੀਆਂ ਲਾਈਨਾਂ 'ਤੇ ਕੱਟਿਆ ਗਿਆ......ਏਸੇ ਲਈ ਈ ਨਾ......!

ਨੀਲੀ ਕਮੀਜ਼ ਵਾਲਾ ਨਹੀਂ ਮੰਨਦਾ।......ਨਹੀਂ—ਨਹੀਂ ! ਕਾਇਦਾ ਸੀ......ਮੈਨੂੰ ਵੀ ਪਤਾ ਏ। ਪਰ ਹੁਣ ਨਹੀਂ ਏ। ਗਰੀਬ ਲੋਕਾਂ ਕਰਕੇ ਬਦਲ ਦਿੱਤਾ ਏ ਇਹ ਕਾਨੂਨ। ਪਰ ਕਿੱਥੇ ਲੈ ਕੇ ਜਾਉਗੀਆਂ ਲਾਸ਼ ਨੂੰ ਤੁਸੀਂ ? ਮੁਰਦਾ-ਗੱਡੀ ਦਾ ਭਾੜਾ ਤਾਂ ਲਗੇਗਾ ਈ ਨਾ......।

ਹੁਣ ਵੀ......ਚੁੱਪ ਚਾਪ ਦੇਖ ਰਹੀਆਂ ਹਨ ਦੋਵੇਂ।

ਫਿਰ ਪੁੱਛ ਰਿਹਾ ਹੈ ਨੀਲੀ ਕਮੀਜ਼ ਵਾਲਾ......ਕੌਣ ਓ ਤੁਸੀਂ ? ਹਿੰਦੂ ਜਾਂ ਮੁਸਲਮਾਨ ? ......ਸਾੜੋਗੀਆਂ ਜਾਂ ਦਬਾਉਗੀਆਂ ?

ਅਤੇ ਹੁਣ ਵੀ......ਕੋਈ ਜਵਾਬ ਨਹੀਂ।

ਹੁਣ ਕਿਧਰੋਂ ਆ ਗਏ ਹਨ ਬੱਦਲ......ਬੱਦਲ ਹੀ ਬੱਦਲ। ਸ਼ੁਰੂ 'ਹੋ ਗਈ ਬੂੰਦਾ ਬਾਂਦੀ। ਬੁਝ ਗਿਆ ਦਿਨ। ਢਲਣ ਤੋਂ ਪਹਿਲਾਂ ਢਲਿਆ ਹੋਇਆ ਦਿਨ। ਬੁਝਣ ਤੋਂ ਪਹਿਲਾਂ ਬੁਝਿਆ ਹੋਇਆ ਚਰਾਗ।......ਸੁਕ ਗਏ ਅੱਥਰੂ। ਡਿੱਗ ਡਿੱਗ ਕੇ ਜਜ਼ਬ ਹੋ ਗਏ ਜ਼ਮੀਨ 'ਚ। ਖ਼ੂਨ ਦੇ ਨਿਸ਼ਾਨ......ਅਜੇ ਵੀ ਨਹੀਂ ਸੁਕੇ।

ਹੁਣ ਆ ਗਏ ਹਨ ਹੋਰ ਵੀ ਕਈ।..... ਨੀਲੀਆਂ ਕਮੀਜ਼ਾਂ ਅਤੇ ਲਾਲ ਕਮੀਜ਼ਾਂ ਵਾਲੇ। ਪਹਿਲਾਂ ਵੀ ਹੋ ਚੁੱਕਾ ਏ ਇੰਜ..... ਕਈ ਵਾਰ। ਸਮਝਾ ਰਹੇ ਹਨ। ਨਹੀਂ !......ਲਾਸ਼ ਨੂੰ ਏਧਰੋਂ ਲਿਜਾਉਣਾ ਸਾਡੇ ਤੁਹਾਡੇ ਵੱਸ ਦੀ ਗੱਲ ਨਹੀਂ !......ਚਾਰ ਨੰਬਰ ਦੀ ਬੱਸ ਜਾਂਦੀ ਏ ......ਓਧਰੇ ਈ ਕਿਤੇ ਹਸਪਤਾਲ ਏ। ਉਥੇ ਮੁਰਦਿਆਂ ਵਾਸਤੇ ਵੱਖਰਾ 'ਮਕਾਨ ਏ। ਉਧਰ ਜਾ ਕੇ ਜਿਹੜੇ ਬੰਦੇ ਉਥੇ ਕੰਮ ਕਰਦੇ ਨੇ......ਉਨ੍ਹਾਂ ਨੂੰ ਰੁਪਿਆ ਦੋ ਰੁਪਿਆ ਦਿਉ......ਅੰਦਰ ਜਾ ਕੇ

ਆਪਣੇ ਮਰਦ ਦਾ ਮੂੰਹ ਦੇਖਣ ਦਾ......ਨਮਸਕਾਰ......ਬੰਦਗੀ......ਜੋ ਤੁਹਾਡਾ ਧਰਮ ਹੋਏ, ਓਹ ਕਰੋ ਅਤੇ ਵਾਪਸ ਆ ਜਾਓ। ਹੋਰ ਕੋਈ ਲੋੜ ਨਹੀਂ......! ਹੁਣ ਰੋਣ ਨਾਲ ਕੁਝ ਨਹੀਂ ਹੋਣਾ। ਜੋ ਹੋ ਗਿਆ......ਸੋ ਹੋ ਗਿਆ । ਰੋਣਾ ਤਾਂ ਸਾਰੀ ਜ਼ਿੰਦਗੀ ਨਾਲ ਈ ਰਹਿਣਾ ਏ......।

ਚੁੱਪ......ਜ਼ਮੀਨ ਵੱਲ ਦੇਖਦੀ ਜਾਂਦੀ ਹੈ। ਹੌਲੀ ਹੌਲੀ......ਫਿਰ ਟੱਪਕਣ ਲਗਦੇ ਹਨ ਅੱਥਰੂ।

ਨਹੀਂ !......ਬੋਲ ਰਿਹਾ ਹੈ ਕੋਈ......ਨੀਲੀ ਕਮੀਜ਼ ਵਾਲਾ ਜਾਂ ਲਾਲ ਕਮੀਜ਼ ਵਾਲਾ। ......ਫਿਕਰ ਕਰਨ ਦੀ ਲੋੜ ਨਹੀਂ। ਉਧਰ ਪੈਸੇ ਵਾਲੇ ਲੋਕਾਂ ਨੇ ਧਰਮ ਅਰਥ ਬੰਦੋਬਸਤ ਕੀਤਾ ਹੋਇਐ......ਗਰੀਬ ਲੋਕਾਂ ਦਿਆਂ ਮੁਰਦਿਆਂ ਵਾਸਤੇ। ਜਿਹੜਾ ਤੁਹਾਡਾ ਧਰਮ ਹੋਵੇ......ਉਹਦੇ ਅਨੁਸਾਰ ਹੀ ਸਾਰਾ ਕਿਰਿਆ ਕਰਮ ਕਰਨਗੇ। ਹਿੰਦੂ ਹੋਏਗਾ ਤਾਂ ਹਿੰਦੂ ਲੋਕਾਂ ਦਾ ਧਰਮਖਾਤਾ ਉਹਦਾ ਮੁਰਦਾ ਸਾੜ ਦੇਏਗਾ। ਮੁਸਲਮਾਨ ਹੋਏਗਾ ਤਾਂ ਮੁਸਲਮਾਨਾਂ ਦਾ ਧਰਮਖਾਤਾ ਉਹਨੂੰ ਦਬਾ ਦੇਏਗਾ। ਤੁਹਾਨੂੰ ਫਿਕਰ ਕਰਨ ਦੀ ਕੋਈ ਲੋੜ ਨਹੀਂ।......ਪਰ ਹੁਣੇ ਹੁਣੇ ਚਲੇ ਜਾਓ...... ਨਹੀਂ ਤਾਂ ਰਾਤ ਪੈ ਜਾਏਗੀ। ਰੋਣਾ ਧੋਣਾ ਤਾਂ ਬਾਅਦ ਵਿਚ ਵੀ ਹੁੰਦਾ ਰਹੇਗਾ......।

ਖਾਲੀ ਜਹਾਜ਼......ਚਲੇ ਗਏ..... ਮੀਂਹ ਤੋਂ ਪਹਿਲਾਂ ਹੀ। ਵਕਤ ਲੰਘ ਗਿਆ। ਸਭ ਚਲੇ ਗਏ ਹੁਣ ! ਸਹਾਰਾ ਦੇ ਕੇ ਮੈਨਾ ਨੂੰ ਉਠਾਉਂਦੀ ਹੈ ਬਸ਼ੀਰਨ।

—ਮੈਨਾ ਬਾਈ ! ਰੋਣਾ ਬੰਦ ਕਰ ਹੁਣ। ਏਹ ਦੱਸ ਕਿ ਕਿੰਨੇ ਪੈਸੇ ਨੀ ਕੋਲ।

ਢਲਦੇ ਹੋਏ ਦਿਨ ਵਿਚ......ਹਿਸਾਬ ਲਗਾਉਂਦੀ ਹੈ ਮੈਨਾ।......ਕਲ੍ਹ ਦਾ ਇਕ ਰੁਪਿਆ ਹੋਏਗਾ। ਅਤੇ ਥੋੜ੍ਹੇ ਖੁਲ੍ਹੇ ਪੈਸੇ।......ਰਾਜੂ ! ਨਹੀਂ ਆਇਆ ਰਾਜੂ ?

—ਰਾਜੂ ਨੂੰ ਛੱਡ ਹੁਣ।......ਕੋਲ ਵੀ ਹਨ ਕਲ੍ਹ ਵਾਲੇ ਪੈਸੇ।......ਇਕ ਰੁਪਿਆ ਉਧਰ ਜਮਾਂਦਾਰ ਨੂੰ ਦੇਣਾ ਪੈਣਾ ਏ। ਅਤੇ ਆਉਣ ਜਾਣ ਦਾ ਬੱਸ ਦਾ ਭਾੜਾ। ਹੋ ਤਾਂ ਜਾਏਗਾ ਇੰਨੇ ਵਿਚ......ਪਰ ਵਾਪਸ ਆ ਕੇ ਜਲਦੀ ਧਰਾਕ ਫੜਨਾ ਪੈਣਾ ਏ। ਤਾਂ ਕਿਧਰੇ ਮਿਲੇਗਾ ਖਾਣਾ......।

ਬੱਸ ਸਟਾਪ......ਚਾਰ ਨੰਬਰ ਦਾ। ਢੇਰ ਕੂੜੇ ਦਾ। ਪਾਗਲ ਆਦਮੀ ਦੀ ਤਲਾਸ਼ ਜਾਰੀ। ਘੁੰਮ ਘੁੰਮ ਕੇ ਢੂੰਡ ਰਿਹਾ ਹੈ......ਜੋ ਨਹੀਂ ਮਿਲਦਾ। ਡੱਬੇ......ਜ਼ੰਗ......ਗੰਦ ਮੰਦ। ਲੱਭੀ ਜਾ ਰਿਹਾ ਹੈ ਗੁਆਚੀ ਜ਼ਿੰਦਗੀ। ਹਮੇਸ਼ਾ ਲੱਭਦਾ ਰਹੇਗਾ ਇੰਜੇ ਈ। ਹਾਰ ਨਹੀਂ ਮੰਨੇਗਾ......।

ਆ ਗਈ ਚਾਰ ਨੰਬਰ। ਸ਼ੁਰੂ ਹੋ ਗਿਆ ਸਫਰ......ਕਾਲੇ ਬੱਦਲਾਂ ਦੇ ਨਾਲ ਘੰਟੀਆਂ ਦਾ ਰੌਲਾ ਅਤੇ ਆਦਮੀਆਂ ਦੀਆਂ ਆਵਾਜ਼ਾਂ। ਖਿੜਕੀ ਦੇ ਉਸ ਪਾਰ ਘੁੰਮਦੀ ਹੋਈ ਦੁਨੀਆਂ। ਦੇਖਦੀ ਜਾਂਦੀ ਹੈ ਮੈਨਾ। ਝਿਲਮਿਲ ਅੱਥਰੂਆਂ ਦੇ ਪਾਰ......ਘੁੰਮਦੇ ਹਨ ਸੁਫਨੇ।......ਹੁਣ ਆਇਆ

ਪੱਪਟ। ਹੁਣ ਸ਼ੁਰੂ ਹੋ ਜ਼ਿੰਦਗੀ।......ਏਹ ਝੌਂਪੜੀਆਂ! ਏਹ ਗਲੀਆਂ। ਏਹ ਰਸਤੇ! ਇਹ... ਇਹ ਗਰਮੀਆਂ! ਇਹ ਬਰਸਾਤਾਂ!......ਏਹ ਚੋਂਦੇ ਛੱਪਰ!......ਏਹ ਆਦਮੀ! ਏਹ ਭੀੜ! ਏਹ ਬੱਚੇ! ਏਹ ਗੱਡੀਆਂ! ਇਹ ਬੱਦਲ!......ਜਦ ਕੋਈ ਨਹੀਂ ਸੀ ਅੱਗੇ ਪਿੱਛੇ......ਤਦ ਆਇਆ ਸੀ ਪੱਪਟ! ਉਠਾਉਣ ਵਾਲਿਆਂ ਨੇ ਫਾਇਦਾ ਉਠਾਇਆ......ਸੁੱਟ ਦਿੱਤਾ ਸੜਕ 'ਤੇ। ਚੁੱਕ ਲਿਆ ਪੱਪਟ ਨੇ।......ਫਿਕਰ ਨਾ ਕਰ ਤੂੰ। ਤੈਨੂੰ ਲਿਜਾ ਕੇ ਰੱਖਾਂਗਾ ਓਧਰ......ਬਹੁਤ ਚੰਗੀ ਤਰ੍ਹਾਂ।......ਝੂਠ ਨਹੀਂ ਬੋਲਦਾ। ਸੁਫਨੇ ਦੇਖਦਾ ਰਿਹਾ......ਭਰੋਸਾ ਕਰਦਾ ਰਿਹਾ ਹਰ ਸੁਫਨੇ 'ਤੇ......ਦੌੜਦੇ ਗਏ ਸੁਫਨੇ......ਪਿਛੇ ਪਿਛੇ ਪੱਪਟ। ਹੱਥ ਨਹੀਂ ਆਏ। ਭਟਕਦੇ ਰਹੇ ......ਬਰਸਾਤਾਂ ਵਿਚ। ਇਕ ਪਾਵ......ਇਕ ਚਾਹ......ਦੋ ਹਿੱਸੇ। ਹਰ ਕਦਮ......ਹਰ ਮੋੜ......ਸਮਝਾਉਂਦਾ ਰਿਹਾ ਬਾਰ ਬਾਰ।......ਫਿਕਰ ਨਾ ਕਰ......ਸੁਫਨੇ ਸੱਚ ਹੋਣਗੇ। ਮੰਨਦੀ ਰਹੀ......ਏਹ ਸਭ ਸੱਚ ਹੋਣਗੇ। ਹੌਲੀ ਹੌਲੀ......ਟੁੱਟਦਾ ਗਿਆ ਭਰੋਸਾ। ਭਰੋਸਾ ......ਪੱਪਟ ਦਾ......ਨਹੀਂ ਟੁੱਟਾ। ਜਦੋਂ ਟੁੱਟਾ......ਤਾਂ ਖ਼ੁਦ ਈ ਚਲਾ ਗਿਆ ਦੁਨੀਆ ਤੋਂ। ......ਆਖਰੀ ਚਾਂਸ।......ਬੱਸ ਦੀ ਖਿੜਕੀ......ਮੈਨਾ ਦਾ ਸਿਰ......ਟੱਪਕਦੇ ਹੋਏ ਅੱਥਰੂ ......ਟਿੱਪ ਟਿੱਪ। ਛਾ ਗਏ ਬੱਦਲ। ਜਾਰੀ ਹੈ ਬੂੰਦਾ ਬਾਂਦੀ। ਘੁੰਮਦੀ ਹੋਈ ਬੱਸ......ਘੁੰਮਦਾ ਹੋਇਆ ਸ਼ਹਿਰ। ਆਵਾਜ਼ ਨਹੀਂ। ਚੁਪ ਹਨ ਸਾਰੇ। ਹਨੇਰਿਆਂ ਵਿਚ ਦੌੜ ਰਹੇ ਹਨ...... ਚੁੱਪਚਾਪ। ਗੱਡੀਆਂ......ਬੇਆਵਾਜ਼।......ਪੱਪਟ......ਤੁਰ ਗਿਆ। ਕਿਵੇਂ ਤੁਰ ਗਿਆ ......ਬਿਗਾਨਿਆਂ ਵਾਂਗ! ਕਿਵੇਂ ਮਰ ਗਿਆ......ਕਿੰਜ ਹੋ ਗਿਆ ਇਹ ਸਭ ਕੁਝ......!

ਇਮਾਰਤਾਂ ਅਤੇ ਸੜਕਾਂ ਦੇ ਬਾਅਦ......ਆਦਮੀਆਂ ਅਤੇ ਆਦਮੀਆਂ ਤੋਂ ਬਾਅਦ...... ਹੁਣ ਖੜੀ ਹੈ ਬੱਸ। ਆਵਾਜ਼ ਦੇ ਰਹੀ ਹੈ ਬਸ਼ੀਰਨ। ਮੈਨਾ ਬਾਈ!......ਮੈਨਾ ਬਾਈ!...... ਉਠ ਵੀ!

ਬਹੁਤ ਦੇਰ ਤੋਂ ਆ ਰਹੀ ਹੈ ਆਵਾਜ਼। ਉਠ ਕੇ ਖੜੀ ਹੋ ਜਾਂਦੀ ਹੈ ਮੈਨਾ। ਬੱਸ ਦੇ ਬਾਹਰ......ਸਾਹਮਣੇ ਉਹੀ ਦੁਨੀਆ......ਬੇਆਵਾਜ਼ ਦੌੜਦੀ ਹੋਈ। ਭੂਰੇ ਪੱਥਰਾਂ ਦੀ ਇਮਾਰਤ ......ਹਸਪਤਾਲ। ਫੁੱਟਪਾਥ 'ਤੇ ਖੜੇ ਹਨ......ਲਾਵਾਰਸ ਮਰੀਜ਼। ਰਾਤ ਦੇ ਹਨੇਰੇ ਵਿਚ ਸੁੱਤੇ ਹੋਏ। ਫੁਟਪਾਥ 'ਤੇ......ਕਰ ਰਹੇ ਹਨ ਮੌਤ ਦਾ ਇੰਤਜ਼ਾਰ।

ਕਿਸੇ ਨੂੰ ਪੁੱਛਦੀ ਹੈ......ਇਸ਼ਾਰਾ ਕਰਦੀ ਹੈ ਬਸ਼ੀਰਨ।......ਏਧਰ ਇਸ ਪਾਸੇ।...... ਬਹੁਤ ਵੱਡੀ ਇਮਾਰਤ। ਬਹੁਤ ਵੱਡਾ ਸ਼ਹਿਰ। ਆਦਮੀ ਹੀ ਆਦਮੀ। ਮਰੀਜ਼ ਹੀ ਮਰੀਜ਼। ਬਿਸਤਰਿਆਂ ਉਪਰ। ਜ਼ਮੀਨ ਉਪਰ। ਹਰ ਜਗ੍ਹਾ। ਜ਼ਖਮ ਅਤੇ ਪੱਟੀਆਂ। ਦਰਦ ਅਤੇ ਕਰਾਹਟਾਂ। ਫਿਰ ਪੁੱਛਦੀ ਹੈ......ਫਿਰ ਇਸ਼ਾਰਾ ਕਰਦੀ ਹੈ ਬਸ਼ੀਰਨ......ਏਧਰ......ਇਸ ਪਾਸੇ......।

ਫਿਰ ਹੋਰ ਮਰੀਜ਼ਾਂ ਦੀ ਦੁਨੀਆ। ਬੈਂਚਾਂ ਉਪਰ ਬੈਠੇ......ਖੜੇ......ਤੁਰ ਰਹੇ...... ਕਤਾਰਾਂ ਵਿਚ ਖੜੇ......ਆਪਣੇ ਵਕਤ ਦਾ ਇੰਤਜ਼ਾਰ ਕਰ ਰਹੇ......ਵਾਰਡਾਂ ਅਤੇ ਜਨਰਲ

ਵਾਰਡਾਂ ਵਿਚ।......ਫਿਰ ਪੁੱਛਦੀ ਹੈ ਬਸ਼ੀਰਨ......ਫਿਰ ਇਸ਼ਾਰਾ......ਏਧਰ......ਇਸ ਪਾਸੇ......। ਫੁੱਲ ਅਤੇ ਪੱਤੀਆਂ......ਦਰਖਤ ਅਤੇ ਪੌਦੇ। ਸਫੇਦ ਚੋਗੇ। ਹੱਸਦੇ ਮੁੰਡੇ...... ਖਿੜਖਿੜਾਉਂਦੀਆਂ ਕੁੜੀਆਂ। ਹੋਰ ਅੱਗੇ।

ਵੱਡੀ ਇਮਾਰਤ ਤੋਂ ਵੱਖਰੀ......ਛੋਟੀ ਇਮਾਰਤ। ਇਕ ਇਜਲਾਸ......ਜੋ ਖਤਮ ਹੋ ਚੁੱਕਾ ਹੈ। ਟਹਿਲ ਰਹੇ ਹਨ ਸਿਪਾਹੀ।......ਏ! ਉਧਰ ਨਹੀਂ ਜਾਣਾ।...... ਓਧਰ ਨਹੀਂ......!

ਵੇ ਭਰਾਵਾ! ਸਾਡਾ ਇਕ ਆਦਮੀ ਓਧਰ ਗੱਡੀ ਥੱਲੇ ਆ ਕੇ ਮਰ ਗਿਆ ਸੀ......!

ਏਧਰ ਨਹੀਂ। ਓਧਰ......ਉਸ ਪਾਸੇ......!

ਏਧਰ......ਏਸ ਪਾਸੇ......ਕਤਾਰ ਲਗੀ ਹੈ। ਸਭ......ਖੜੇ ਹਨ ਚੁੱਪ ਚਾਪ। ਕੁਝ ਰੋ ਚੁੱਕੇ ਹਨ......ਕੁਝ ਰੋਣ ਵਾਲੇ ਹਨ। ਲਾਲ ਅੱਖਾਂ ਵਿਚ ਠਹਿਰੇ ਹੋਏ ਅੱਥਰੂਆਂ ਦੇ ਨਿਸ਼ਾਨ। ਥੱਕ ਗਈ ਹੈ ਮੈਨਾ। ਬੈਠ ਗਈ ਜ਼ਮੀਨ 'ਤੇ। ਭਟਕ ਰਹੀ ਹੈ ਬਸ਼ੀਰਨ......ਇਧਰੋਂ ਉਧਰ......ਸਾਰੇ ਪਾਸੇ।......ਏ ਭਰਾਵਾ! ਏ ਵੀਰਾ!

ਆ ਗਈ ਮੁੜ ਕੇ।......ਮੈਨਾ ਬਾਈ!......ਮੈਨਾ ਬਾਈ!......ਏਸ ਪਾਸੇ ਏ ...!

ਹੁਣ ਵਾਪਸ ਮੁੜ ਰਹੀਆਂ ਹਨ ਆਵਾਜ਼ਾਂ। ਹੁਣ......ਸੁਣਾਈ ਦੇਣ ਲਗ ਪਿਆ ਹੈ। ਕੀ ਕਹਿ ਰਹੀ ਹੈ ਬਸ਼ੀਰਨ......ਏਸ ਪਾਸੇ......! ਉਠ ਕੇ ਤੁਰ ਪੈਂਦੀ ਹੈ।......ਕਿਥੇ? ਇਮਾਰਤ ਦੇ ਪਿਛੇ। ਖੜਾ ਹੈ ਆਦਮੀ......ਖਾਕੀ ਕਪੜੇ। ਦੇਖ ਰਿਹਾ ਹੈ ਮੈਨਾ ਨੂੰ।......ਏਧਰ...... ਏਸ ਪਾਸੇ......!

ਹੱਥ ਫੜ ਕੇ ਸਮਝਾ ਰਹੀ ਹੈ ਬਸ਼ੀਰਨ......ਜਾ......ਤੂੰ ਜਾ ਵੀ! ਮੈਂ ਏਥੇ ਈ ਖੜੀ ਆਂ।......ਨਾ ਨਾ! ਨਾ ਰੋ। ਜੋ ਹੋਣਾ ਸੀ......ਉਹ ਤਾਂ ਹੋ ਈ ਗਿਆ ਏ। ਦੇਖ ਲੈ ਉਹਦਾ ਮੂੰ......ਅਤੇ ਮੁੜ ਆਈਂ......।

ਫਿਸ ਪਈ ਹੈ ਮੈਨਾ।......ਰਾਜੂ!......ਕਿੱਥੇ ਗਿਆ ਰਾਜੂ?......ਤੂੰ......ਤੂੰ...... ਮੇਰੇ ਨਾਲ ਚਲ ਬਸ਼ੀਰਨ ਬਾਈ!......ਹਾਏ ਵੇ ਰੱਬਾ!

ਹੱਫ ਗਈ ਹੈ ਮੈਨਾ। ਤੁਰ ਰਹੀ ਹੈ ਬਸ਼ੀਰਨ ਵੀ ਨਾਲ। ਖਾਕੀ ਕਪੜਾ......ਅੱਗੇ ਅੱਗੇ। ਲੰਮਾ ਸਾਰਾ ਬਰਾਂਡਾ......ਪੱਥਰਾਂ ਦਾ ਦਰਵਾਜ਼ਾ। ਖੋਲ੍ਹਦਾ ਹੈ।......ਅੰਦਰ......।

ਸਫੇਦ ਪੱਥਰਾਂ ਦਾ ਫਰਸ਼। ਇਕ ਹੋਰ ਦਰਵਾਜ਼ਾ......ਪੱਥਰ ਦਾ......ਅਤੇ ਅੰਦਰ......।

ਅਤੇ ਹੁਣ......ਸਾਹਮਣੇ......ਇਕ ਦੁਨੀਆ......ਮੁਰਦਿਆਂ ਦੀ। ਸਫੇਦ ਪੱਥਰ......ਫਰਸ਼ ਅਤੇ ਕੰਧਾਂ। ਬਹੁਤ ਉੱਚੇ ਰੋਸ਼ਨਦਾਨਾਂ ਦੀ ਤੇਜ਼ ਰੋਸ਼ਨੀ। ਚਲ ਰਹੀ ਹੈ ਇਕ

ਤੇਜ਼ ਮਸ਼ੀਨ......ਘਰਰ......ਘਰਰ......ਘਰਰ ।......ਬੋ......ਖਿੰਡੇ ਪਏ ਹਨ ਸਾਰੇ ਮੁਰਦੇ । ਏਥੇ......ਓਥੇ......ਚਾਰ ਚੁਫੇਰੇ......ਹਿੰਦੂ......ਮੁਸਲਮਾਨ......ਈਸਾਈ......ਜਵਾਨ......ਬੁੱਢੇ......ਔਰਤਾਂ । ਸਭ ਨੰਗੇ । ਏਧਰ......ਏਸ ਪਾਸੇ ਦਾੜ੍ਹੀਵਾਲਾ । ਨੇੜੇ ਹੀ......ਜਵਾਨ ਮੁੰਡਾ । ਸਾਹਮਣੇ......ਨੰਗੀ ਔਰਤ । ਭਾਰੀਆਂ ਲਮਕੀਆਂ ਹੋਈਆਂ ਛਾਤੀਆਂ......ਪੱਟਾਂ ਵਿਚਕਾਰ......ਜੰਮਿਆ ਹੋਇਆ ਖੂਨ । ਕਟਿਆ ਹੋਇਆ ਸਿਰ......ਪੈਰ......ਹੱਥ । ਪਾਟੀਆਂ ਹੋਈਆਂ ਅੱਖਾਂ......ਖੁਲ੍ਹੇ ਮੂੰਹ......ਨਿਕਲੇ ਹੋਏ ਦੰਦ । ਹੋਰ ਵੀ ਹਨ ਰੈਕਾਂ ਉਪਰ......ਤਖਤਿਆਂ ਉਪਰ......ਖਾਨਿਆਂ ਵਿਚ......ਹੜ ਵੀ ਹਨ ।

ਖਾਮੋਸ਼ੀ । ਸਿਰਫ ਆਵਾਜ਼......ਮਸ਼ੀਨ ਦੀ......ਘਰਰ......ਘਰਰ......। ਸਫੇਦ ਚਮਕਦਾਰ ਫਰਸ਼......ਜੰਮੇ ਹੋਏ ਖੂਨ ਦੇ ਨਿਸ਼ਾਨ ।

ਖਾਕੀ ਕਪੜਾ......ਹੁਣ ਬੋਲ ਰਿਹਾ ਹੈ ।......ਏਸ ਹਸਪਤਾਲ 'ਚ......ਅੱਜ ਕਲ ਬਹੁਤ ਮੁਰਦੇ ਆਉਂਦੇ ਨੇ......ਏਸ ਪਾਸੇ ਸ਼ਹਿਰ ਦੇ ਲਵਾਰਸ ਮੁਰਦੇ......।

ਇਕ ਇਕ ਖਾਨਾ......ਖਿੱਚੀ ਜਾਂਦਾ ਹੈ । ......ਨਹੀਂ......ਏਹ ਵੀ ਨਹੀਂ ;......ਏਹ ਵੀ ਨਹੀਂ......ਏ ਵੀ ਨਹੀਂ ।

ਸੁੱਤੇ ਹਨ ਲੋਕ......ਨਹੀਂ ਜਾਗਣਗੇ । ਖਾਮੋਸ਼ ਹੈ ਬਸ਼ੀਰਨ । ਖਾਮੋਸ਼ ਹੈ ਮੈਨਾ । ਸੁੱਕ ਗਏ ਅੱਥਰੂ । ਕਿਹੜੀ ਦੁਨੀਆ......ਕਿੱਥੇ ਏ ? ਥੱਕ ਕੇ......ਆ ਗਏ । ਕਿੱਥੇ ਗਿਆ ਪੋਪਟ ?.....ਖਾਨਿਆਂ ਨੂੰ ਖਿੱਚਦਾ ਹੈ......ਬੰਦ ਕਰਦਾ ਨਹੀਂ ਹੈ । ਪਾਸੇ ਦੇਖਦੀ ਜਾਂਦੀ ਹੈ ਮੈਨਾ । ਕਿੱਥੇ ਗਿਆ ? ਕਿੱਥੇ ਲੁਕ ਗਿਆ ਮੁਰਦਿਆਂ ਦੀ ਭੀੜ ਵਿਚ ?

ਬੋਲੀ ਜਾਂਦਾ ਹੈ ਖਾਕੀ ਕਪੜਾ ।......ਬਹੁਤ ਬੁਰਾ ਹਾਲ ਏ......ਜ਼ਰਾ ਪ੍ਰਬੰਧ ਨਹੀਂ ਏਥੇ ਠੀਕ ਤਰ੍ਹਾਂ ਰੱਖਣ ਦਾ । ਅਸੀਂ ਲੋਕ ਪਾ ਦੇਂਦੇ ਆਂ......ਰਸਤਿਆਂ 'ਤੇ......ਜ਼ਮੀਨ 'ਤੇ......ਕਿਧਰੇ ਵੀ......।

ਹੁਣ......ਦੇਖ ਲਿਆ ਹੈ ਮੈਨਾ ਨੇ । ਭੀੜ ਦੇ ਇਕ ਕੋਨੇ ਵਿਚ......ਉਹੀ ਕਾਲਾ ਹੱਥ......ਫੈਲਿਆ ਹੋਇਆ । ਖੁਲ੍ਹੀਆਂ ਤਲੀਆਂ । ਦੌੜ ਕੇ ਵੱਧ ਜਾਂਦੀ ਹੈ ਅੱਗੇ । ਦੱਬਿਆ ਪਿਆ ਹੈ ਹੇਠਾਂ......ਪਿਛੇ । ਦਿਸ ਰਿਹਾ ਹੈ ਸਰੀਰ......ਇਕ ਅੱਖ......ਹੱਥ......ਪਸਲੀਆਂ । ਆ ਗਿਆ ਖਾਕੀ ਵਾਲਾ......ਆ ਗਈ ਬਸ਼ੀਰਨ ।

ਪੁੱਛ ਰਿਹਾ ਹੈ ਖਾਕੀ ਵਾਲਾ......ਇਹ......ਹੇਠਾਂ ਵਾਲਾ ?

ਕੋਈ ਜ਼ਬਾਨ ਨਹੀਂ । ਖਾਮੋਸ਼ ਖੜੀ ਹੈ । ਪਰ ਹੌਲੀ ਹੌਲੀ......ਸ਼ੁਰੂ ਹੋ ਗਿਆ ਰੋਣਾ । ਕਿੱਥੇ ਆ ਗਿਆ ? ਡੁਸਕ ਰਹੀ ਹੈ । ਖਾਕੀ ਕਪੜਾ ਖਿੱਚ ਰਿਹਾ ਹੈ ਹੇਠੋਂ......ਵੱਖ ਕਰ ਰਿਹਾ ਹੈ

ਮੁਰਦਿਆਂ ਨਾਲੋਂ । ਹੌਲੀ ਹੌਲੀ......ਸਾਹਮਣੇ ਆ ਰਿਹਾ ਹੈ ਪੋਪਟ । ਵਾਲ......ਖੂਨ ਲਾਲ ਜਕੜੇ......ਕੰਨਾਂ ਤਕ ਲਿਬੜਿਆ ਸੁਕਾ ਖੂਨ । ਝਰੀਟਾਂ......ਜ਼ਖਮ । ਹੱਥ ਖੁਲ੍ਹੇ......ਅੱਖਾਂ ਖੁਲ੍ਹੀਆਂ । ਦੇਖ ਰਿਹਾ ਹੈ ਉਸ ਸੁਫਨੇ ਨੂੰ......ਜੋ ਦੌੜ ਰਿਹਾ ਹੈ ਅੱਗੇ ਅੱਗੇ ।......ਬੈਠ ਗਈ ਮੈਨਾ । ਸਾਰੇ ਨੰਗੇ ਸਰੀਰ ਉਪਰ......ਫੇਰ ਰਹੀ ਹੈ ਹੱਥ । ਰੋ ਰਹੀ ਹੈ ਫਰਨ ਫਰਨ । ਨਹੀਂ ਥੰਮ੍ਹਦਾ ਰੋਣਾ । ਮੁਰਦਿਆਂ ਦੀ ਦੁਨੀਆ ਵਿਚਕਾਰ......ਇਕ ਰੋਣਾ.. ...ਇਕ ਆਵਾਜ਼ ।......ਕਿੱਥੇ ਗਿਆ ਰਾਜੂ ।......ਰਾਜੂ......ਹੁਣ ਕੋਈ ਨਹੀਂ ਰੋਕਦਾ......ਕੋਈ ਨਹੀਂ ਸਮਝਾਉਂਦਾ ! ......ਪੋਪਟ ! ਫਿਰ......ਫਿਰ ਧੋਖਾ ਦੇ ਗਿਆ ਏ ਮੈਨੂੰ......!

ਖਾਕੀ ਕਪੜਾ । ਫੁਸਫੁਸਾ ਰਹੀ ਹੈ ਬਸ਼ੀਰਨ......ਕੀ ਕਰੋਗੇ ਤੁਸੀਂ ਲੋਕ ?......ਉਸ ਧਰਮ ਖਾਤੇ 'ਚੋਂ ਕਰੋਗੇ ਇਨ੍ਹਾਂ ਦਾ ਕੰਮ ?

ਪਰੇ ਚਲਾ ਗਿਆ ਹੈ ਖਾਕੀ ਵਾਲਾ !......ਸਿਰ ਹਿਲਾ ਰਿਹਾ ਹੈ ।......ਕਰਦੇ ਤਾਂ ਉਹੀਓ ਨੇ......ਪਰ ਏਥੇ ਤਾਂ ਢੇਰਾਂ ਦੇ ਢੇਰ ਮੁਰਦੇ ਨੇ......ਇੰਨਾਂ ਜਿਵੇਂ ਕਰ ਲੈਣਗੇ ਉਹ......ਇੰਨੇ ਪੈਸੇ ਕਿੱਥੇ ਨੇ ?

ਚੁੱਪ ਹੈ ਬਸ਼ੀਰਨ । ਜਾਰੀ ਹੈ ਸਿਸਕੀਆਂ ਦੀ ਆਵਾਜ਼ । ਫਿਰ ਪੁੱਛਦੀ ਹੈ......ਉਹ ਨਹੀਂ ਕਰਨਗੇ ਤਾਂ......ਇਨ੍ਹਾਂ ਦਾ ਕੀ ਬਣੂ ?

ਕੁਝ ਨਹੀਂ......ਬਣਨਾ ਕੀ ਏ ? ਏਥੇ ਜਿਹੜੇ ਮੁੰਡੇ ਕੁੜੀਆਂ ਪੜ੍ਹਣ ਆਉਂਦੇ ਨੇ......ਉਨ੍ਹਾਂ ਦੇ ਕੰਮ ਆ ਜਾਏਗਾ । ਹੱਡੀਆਂ ਦਾ ਮੁੱਲ ਈ ਬਹੁਤ ਜ਼ਿਆਦਾ ਏ ਅੱਜ ਕਲ੍ਹ । ਪੂਰੇ ਸਰੀਰ ਦਾ ਭਾਅ ਤਿੰਨ ਸੌਂ ਦੇ ਕਰੀਬ ਏ ।

ਮਸ਼ੀਨ ਦੀ ਆਵਾਜ਼......ਅਤੇ ਸਿਸਕੀਆਂ । ਸਭ ਖਾਮੋਸ਼ ਹਨ । ਬੋਲ ਰਿਹਾ ਹੈ ਖਾਕੀ ਵਾਲਾ......ਕਿੰਨੀ ਕੁ ਦੇਰ ਲਾਣੀ ਜੇ ? ਮੇਰੇ ਪਾਸ ਟਾਇਮ ਨਹੀਂ ਹੋਰ ।

ਚੁੱਪ ਹੈ......ਅਤੇ ਪਰੇਸ਼ਾਨ ਹੈ ਬਸ਼ੀਰਨ । ......ਮੈਨਾ ਬਾਈ ! ਸਲਾਮ......ਪ੍ਰਣਾਮ......ਜੋ ਕਰਨਾ ਈ......ਕਰ ਲੈ । ਆਪਾਂ ਨੂੰ ਵਾਪਸ ਪਹੁੰਚਦਿਆਂ ਵੀ ਬੜੀ ਦੇਰ ਲਗਣੀ ਏ ।......ਮੈਨਾ ਬਾਈ ! ਓ ਮੈਨਾ ਬਾਈ......ਸੁਣਿਐਂ ?

ਅੱਥਰੂ ਪੂੰਝ ਲੈਂਦੀ ਹੈ ਹੌਲੀ ਹੌਲੀ ਉਠ ਕੇ ਖੜੀ ਹੋ ਜਾਂਦੀ ਹੈ ਮੈਨਾ । ਸਲਾਮ ਨਹੀਂ......ਪ੍ਰਣਾਮ ਨਹੀਂ । ਦੇਖਦੀ ਰਹਿੰਦੀ ਹੈ ਚੁੱਪ ਚਾਪ ।

ਖਾਕੀ ਵਾਲੇ ਨੂੰ ਸਮਝਾ ਰਹੀ ਹੈ ਬਸ਼ੀਰਨ ।......ਭਰਾਵਾ । ਅਸੀਂ ਬਹੁਤ ਗਰੀਬ ਆਂ । .....ਤੂੰਹੀਓਂ ਇਹਦਾ ਠੀਕ ਕੰਮ ਕਰਵਾ ਦੇਈਂ ਅੱਲਾ ਤੇਰਾ ਭਲਾ ਕਰੇਗਾ......ਬਹੁਤ ਮਿਹਰਬਾਨੀ ਹੋਏਗੀ । ਬਹੁਤ ਅਸੀਸਾਂ ਦਿਆਂਗੀਆਂ ਤੈਨੂੰ ।......ਸੱਚ ਕਹਿੰਦੀ ਆਂ ......!

—ਠੀਕ ਹੈ ।......ਹੋ ਗਿਆ ਨਾ ਤੁਹਾਡਾ ਕੰਮ ਹੁਣ ? ਚਲੀਏ ?

— ਹਾਂ !

ਮੁੜ ਕੇ ਦੇਖਦੀ ਹੈ ਮੈਨਾ......ਇਕ ਮੁਰਦੇ ਨੂੰ । ਫਿਰ ਤੁਰ ਪੈਂਦੇ ਹਨ ਤਿੰਨੋਂ । ਲੰਘਣ ਲਗਦੇ ਹਨ ਉਸ ਦੁਨੀਆ 'ਚੋਂ......ਜਿੱਥੇ ਚਾਰ ਚੁਫੇਰੇ......ਖਿਲਰੇ ਪਏ ਹਨ ਮੁਰਦੇ ਹੀ ਮੁਰਦੇ। ਉਸ ਦੁਨੀਆ ਵਲ ਵਧਣ ਲਗਦੇ ਹਨ......ਜਿੱਥੇ......ਹੋਰ ਵੀ ਹਨ ਮੁਰਦੇ......।